*Published in Punjabi & English*

**Distributed in Toronto, Calgary, Vancouver, Winnipeg and Online Worldwide.**

Sarokaran Di Awaz

Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-11, ਅੰਕ-9, ਸਤੰਬਰ 2021 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਇਸ ਅੰਕ 'ਚ

ਮਹਾਂਅੰਦੋਲਨ, ਵੋਟ ਸਿਆਸਤ ਅਤੇ ਬਦਲ ਦਾ ਸਵਾਲ/2

ਇੱਕ ਰੋਜ਼ਾ ਪੁਸਤਕ ਮੇਲਾ 18 ਸਤੰਬਰ ਨੂੰ/3

ਕੈਨੇਡਾ ਅੰਦਰ 44-ਵੀਂ ਸੰਸਦ ਲਈ ਚੋਣਾਂ /4

ਪੰਜਾਬ ਵਿਧਾਨ ਸਭਾ ਚੋਣਾਂ ਅਤੇ ਭਾਜਪਾ /6

ਅਫਗਾਨਿਸਤਾਨ ਦੀ ਬਰਬਾਦੀ ਲਈ ਅਮਰੀਕਾ ਜ਼ਿੰਮੇਵਾਰ/8

ਧੋਖਾਧੜੀ ਦੇ ਮਾਮਲੇ ਅਤੇ ਔਰਤ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ/13

ਭਾਰਤ ਵਿਚ ਮੌਤਾਂ ਦਾ ਮਨਹੂਸ ਮੌਸਮ ਤੇਜ਼ੀ ਨਾਲ ਜਾਸੂਸੀ ਦੇ ਮੌਸਮ 'ਚ ਬਦਲਦਾ ਹੋਇਆ ਨਜ਼ਰ ਆ ਰਿਹਾ ਹੈ/18

ਪੁਲਾੜ ਦਾ ਸੈਰ-ਸਪਾਟਾ ਜਾਂ ਪੁਲਾੜ ਦਾ ਨਿੱਜੀਕਰਨ/20

ਕੌਮੀ ਸੁਰੱਖਿਆ ਦੇ ਨਾਂ ਹੇਠ ਮਜ਼ਦੂਰਾਂ ਦੇ ਮੂਲ 'ਚ ਅੰਗੂਠਾ/22

ਕਾਲੇ ਖੇਤੀ ਕਾਨੂੰਨਾਂ ਦੀ ਰਾਜਨੀਤਿਕ ਆਰਥਿਕਤਾ/28

ਰੰਗਮੰਚ ਦੇ ਸਿਰਮੌਰ ਗੁਰਸ਼ਰਨ ਸਿੰਘ ਨੂੰ ਯਾਦ ਕਰਦਿਆਂ/36

# ਤਾਲਿਬਾਨ ਦੇ ਅਫਗਾਨਿਸਤਾਨ ਵਿੱਚ ਕਬਜ਼ੇ ਦੇ ਕੀ ਮਾਅਨੇ ਹਨ ?

## *ਸਿੱਖਾਂ ਨੂੰ ਤਾਲੀਬਾਨ ਦੀ ਜਿੱਤ ਤੋਂ ਬਾਗੋ-ਬਾਗ ਹੋਣ ਦੀ ਨਹੀਂ, ਸਗੋਂ ਸਾਵਧਾਨ ਹੋਣ ਦੀ ਲੋੜ!*





ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਕੀ ਅਮਰੀਕਾ ਦਾ ਮੁਜਾਹਦੀਨਾਂ ਨੂੰ ਆਰਥਿਕ ਤੇ ਹਥਿਆਰਾਂ ਰਾਹੀਂ ਮੱਦਦ ਕਰਨਾ ਜ਼ਾਇਜ ਸੀ, ਕੀ ਤੁਹਾਨੂੰ ਇਸਦਾ ਪਛਤਾਵਾ ਹੈ ਕਿ ਮੁਜਾਹਦੀਨਾਂ ਦੀ ਮੱਦਦ ਕਰਕੇ ਤਾਲੀਬਾਨ, ਅਲ-ਕਾਇਦਾ ਵਰਗੇ ਇਸਲਾਮਿਕ ਅੱਤਵਾਦੀ ਗਰੁੱਪਾਂ ਨਾਲ਼ ਅਮਰੀਕਾ ਸਮੇਤ ਸਾਰੀ ਦੁਨੀਆਂ ਵਿੱਚ ਅੱਤਵਾਦ ਦਾ ਖਤਰਾ ਵਧਿਆ ? ਦੇ ਜਵਾਬ ਵਿੱਚ ਜ਼ਬਿਗਨਿਊ ਬਰਜ਼ਿਨਸਕੀ ਨੇ ਕਿਹਾ: 'ਕਾਹਦਾ ਪਛਤਾਵਾ ? ਇਹ ਗੁਪਤ ਕਾਰਵਾਈ ਉਸ ਸ਼ਾਨਦਾਰ ਪਲੈਨ ਦਾ ਹਿੱਸਾ ਸੀ, ਜਿਸ ਰਾਹੀਂ ਰੂਸੀਆਂ ਨੂੰ ਅਫਗਾਨ ਜਾਲ਼ ਵਿੱਚ ਫਸਾਇਆ ਗਿਆ ਸੀ। ਤੁਸੀਂ ਸੋਚਦੇ ਹੋ ਕਿ 'ਸਾਨੂੰ' ਪਛਤਾਵਾ ਹੋਵੇਗਾ ? ਜਿਸ ਦਿਨ ਸੋਵੀਅਤ ਫੌਜਾਂ ਨੇ ਅਫਗਾਨਿਸਤਾਨ ਦੀ ਸਰਹੱਦ ਪਾਰ ਕੀਤੀ ਸੀ, ਮੈਂ ਰਾਸ਼ਟਰਪਤੀ ਕਾਰਟਰ ਨੂੰ ਲਿਖਿਆ ਸੀ: 'ਸਾਨੂੰ ਸੋਵੀਅਤ ਯੂਨੀਅਨ ਨੂੰ 'ਵੀਅਤਨਾਮ ਯੁੱਧ' ਵਿੱਚ ਸਾਡੀ ਹੋਈ ਹਾਰ ਲਈ ਇੱਕੀਆਂ ਦੇ ਇਕੱਤੀ ਮੋੜਨ ਦਾ ਮੌਕਾ ਮਸਾਂ ਤਾਂ ਰੱਬ ਨੇ ਦਿੱਤਾ ਹੈ, ਇਸਨੂੰ ਗੁਆਈਏ ਨਾ ? (ਭਾਵ ਜਿਸ ਤਰ੍ਹਾਂ ਅਮਰੀਕਨ, ਵੀਅਤਨਾਮ ਯੁੱਧ ਵਿੱਚ ਫਸ ਗਏ ਸਨ ਤੇ ਨਾਮੋਸ਼ੀ ਭਰੀ ਹਾਰ ਰਾਹੀਂ 1975 ਵਿੱਚ ਅਮਰੀਕਨ ਫੌਜਾਂ ਨੂੰ ਆਪਣੇ ਹਜ਼ਾਰਾਂ ਫੌਜੀ ਮਰਾ ਕੇ ਨਿਕਲਣਾ ਪਿਆ ਸੀ, ਹੁਣ ਅਮਰੀਕਨ ਵੀ ਸੋਵੀਅਤ ਸੰਘ ਨੂੰ ਅਫਗਾਨਿਸਤਾਨ ਵਿੱਚ ਇਵੇਂ ਹੀ ਫਸਾਉਣਾ ਚਾਹੁੰਦੇ ਸਨ)। ਦਰਅਸਲ 10 ਸਾਲ ਮਾਸਕੋ ਨੂੰ ਅਸੀਂ ਮੁਸਲਿਮ ਮੁਜਾਹਦੀਨਾਂ ਰਾਹੀਂ ਲੁਕਵੇਂ ਯੁੱਧ ਵਿੱਚ ਅਜਿਹੇ ਸੰਘਰਸ਼ ਵੱਲ ਧੱਕ ਦਿੱਤਾ ਸੀ, ਜਿਸਨੇ ਸੋਵੀਅਤ ਫੌਜਾਂ ਵਿੱਚ ਨਿਰਾਸ਼ਤਾ ਅਤੇ ਅੰਤ ਸੋਵੀਅਤ ਸੰਘ ਟੁੱਟਣ ਦਾ ਕਾਰਨ ਬਣਿਆ।' ਇਹ ਪੁੱਛਣ ਤੇ ਕਿ ਦੁਨੀਆਂ ਨੂੰ ਖਤਰਾ 'ਅੱਤਵਾਦੀ ਤਾਲੀਬਾਨਾਂ' ਤੋਂ ਹੈ ਜਾਂ 'ਸੋਵੀਅਤ ਸੰਘ' ਤੋਂ ਸੀ, ਦੇ ਜਵਾਬ ਵਿੱਚ ਜ਼ਬਿਗਨਿਊ ਬਰਜ਼ਿਨਸਕੀ ਨੇ ਕਿਹਾ: 'ਵਿਸ਼ਵ ਦੇ ਇਤਿਹਾਸ ਲਈ ਭਲਾ ਅਹਿਮ ਖਤਰੇ ਦਾ ਮਹੱਤਵ ਕੀ ਸੀ ? ਇੱਕ ਖਿੱਤੇ ਵਿੱਚ ਮੁੱਠੀ ਭਰ ਤਾਲੀਬਾਨਾਂ ਦਾ ਉਭਾਰ ਜਾਂ ਸੋਵੀਅਤ ਕਮਿਉਨਿਸਟ ਸਾਮਰਾਜ ਦਾ ਅੰਤ ? ਦੁਨੀਆਂ ਦੇ ਦੋ ਚਾਰ ਖਿਤਿਆਂ ਵਿੱਚ ਕੁਝ ਧਾਰਮਿਕ ਜਨੂੰਨੀ ਮੁਸਲਮਾਨਾਂ ਦਾ ਉਭਾਰ ਜਾਂ ਯੂਰਪ ਦੇ ਦੇਸ਼ਾਂ ਈਸਟ ਜਰਮਨੀ, ਪੋਲੈਂਡ, ਚੈਕੋਸਲਵਾਕੀਆ, ਹੰਗਰੀ, ਰੋਮਾਨੀਆ, ਬਲਗਾਰੀਆ, ਅਲਬਾਨੀਆ ਆਦਿ ਵਿੱਚ ਲੋਕਾਂ ਦੀ ਕਮਿਉਨਿਸਟਾਂ ਦੀ ਮਨਹੂਸ ਜਕੜ ਤੋਂ ਮੁਕਤੀ ਅਤੇ ਸ਼ੀਤ ਯੁੱਧ ਦਾ ਅੰਤ ?'

ਉਪਰਲੇ ਵਿਚਾਰ ਜ਼ਬਿਗਨਿਊ ਬਰਜ਼ਿਨਸਕੀ ਨੇ ਫਰਾਂਸ ਦੇ ਇੱਕ ਮਸ਼ਹੂਰ ਹਫਤਾਵਾਰੀ ਨਿਊਜ਼ ਮੈਗਜ਼ੀਨ 'Le Nouvel Observateur' ਨੂੰ ਵਿੱਚ ਦਿੱਤੀ ਇੱਕ ਇੰਟਰਵਿਊ ਵਿੱਚ ਪ੍ਰਗਟ ਕੀਤੇ ਸਨ ਜਿਸਦਾ ਜ਼ਿਕਰ ਰੋਬਰਟਸ ਐਮ ਗੇਟਸ ਨੇ ਵੀ ਆਪਣੀ ਕਿਤਾਬ 'From the Shadows: The Ultimate Insider's Story of Five Presidents and How They Won the Cold War' ਵਿੱਚ ਵੀ ਕੀਤਾ ਹੈ। ਇਥੇ ਵਰਨਣਯੋਗ ਹੈ ਕਿ ਰੋਬਰਟਸ ਐਮ ਗੇਟਸ CIA ਦਾ ਮੁੱਖੀ ਸੀ, ਜਿਸਨੇ

(ਬਾਕੀ ਸਫ਼ਾ 42 'ਤੇ)

CONGRATULATIONS
TEAM OVER 650 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS



Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR® MLS® MULTIPLE LISTING SERVICE®
urban Real Estate Services Ltd.



ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
• Business Insurance
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
• ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE
Calgary AB T2E 6Z3





For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

Hans
Demolition & Excavating





* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4

SUPER VISA INSURANCE
PUNJAB INSURANCE INC.



Sherjang Singh Rana
416.910.9000

• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca



Sandeep Ahuja
416.660.1010



ਬੂਟਾ ਸਿੰਘ ਨਵਾਂਸ਼ਹਿਰ
94634-74342

# ਮਹਾਂਅੰਦੋਲਨ, ਵੋਟ ਸਿਆਸਤ ਅਤੇ ਬਦਲ ਦਾ ਸਵਾਲ






ਆਰ. ਐੱਸ. ਐੱਸ.-ਭਾਜਪਾ ਵੱਲੋਂ ਥੋਪੇ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਮਹਾ-ਅੰਦੋਲਨ ਦਾ ਜੋਸ਼ ਅਤੇ ਜਜ਼ਬਾ ਬਰਕਰਾਰ ਹੈ। ਪਿਛਲੇ ਮਹੀਨਿਆਂ 'ਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਵੱਖ-ਵੱਖ ਸੱਦਿਆਂ ਉੱਪਰ ਲਗਾਤਾਰ ਪ੍ਰਭਾਵਸ਼ਾਲੀ ਲਾਮਬੰਦੀ ਹੁੰਦੀ ਆ ਰਹੀ ਹੈ। ਦਿੱਲੀ ਦੀਆਂ ਹੱਦਾਂ ਉੱਪਰ ਮੋਰਚੇ 'ਚ ਕਿਸਾਨਾਂ ਦੀ ਚੋਖੀ ਗਿਣਤੀ ਬਣਾਈ ਰੱਖਣ ਲਈ ਪੰਜਾਬ ਅਤੇ ਹਰਿਆਣਾ ਤੋਂ ਕਿਸਾਨਾਂ ਦੇ ਕਾਫ਼ਲੇ ਲਗਾਤਾਰ ਸ਼ਾਮਿਲ ਹੋ ਰਹੇ ਹਨ। ਹੋਰ ਰਾਜਾਂ ਤੋਂ ਵੀ ਕਿਸਾਨ ਅੰਦੋਲਨ ਵਿਚ ਲਗਾਤਾਰ ਹਿੱਸਾ ਲੈ ਰਹੇ ਹਨ ਅਤੇ ਇਹ ਸਰਵ ਭਾਰਤੀ ਅੰਦੋਲਨ ਬਣ ਚੁੱਕਾ ਹੈ। ਅੰਦੋਲਨ ਨੂੰ ਲੰਮਾ ਖਿੱਚ ਕੇ ਸੰਘਰਸ਼ ਨੂੰ ਖਦੇੜਨ ਦਾ ਭਰਮ ਪਾਲ ਰਹੇ ਆਰ.ਐੱਸ.ਐੱਸ.-ਭਾਜਪਾ ਗੈਂਗ ਦੀ ਹਰ ਘਿਣਾਉਣੀ ਚਾਲ ਨਾਕਾਮ ਰਹੀ ਹੈ।

ਕੋਰੋਨਾ ਮਹਾਮਾਰੀ ਦੀ ਦੂਜੀ ਲਹਿਰ ਦੇ ਬਾਵਜੂਦ 26 ਮਈ ਨੂੰ ਦਿੱਲੀ ਮੋਰਚੇ ਦੇ ਛੇ ਮਹੀਨੇ ਪੂਰੇ ਹੋਣ 'ਤੇ 'ਕਾਲੇ ਝੰਡੇ ਲਹਿਰਾਓ' ਦਿਵਸ ਅਤੇ ਮੋਦੀ ਹਕੂਮਤ ਦੇ ਪੁਤਲੇ ਸਾੜਨ ਦੇ ਸੱਦੇ ਨੂੰ ਕਿਸਾਨਾਂ ਨੇ ਜੋਸ਼ੋ-ਖ਼ਰੋਸ਼ ਨਾਲ ਹੁੰਗਾਰਾ ਭਰਿਆ। 26 ਜੂਨ ਨੂੰ ਪੂਰੇ ਮੁਲਕ 'ਚ 'ਖੇਤੀ ਬਚਾਓ-ਲੋਕਤੰਤਰ ਬਚਾਓ' ਦਿਵਸ 'ਤੇ ਲੱਗਭੱਗ ਸਾਰੇ ਹੀ ਗਵਰਨਰ ਹਾਊਸਾਂ ਦੇ ਬਾਹਰ ਵਿਸ਼ਾਲ ਮੁਜ਼ਾਹਰੇ ਕਰਕੇ ਰਾਸ਼ਟਰਪਤੀ ਨੂੰ ਮੰਗ-ਪੱਤਰ ਭੇਜੇ ਗਏ। ਇਸ ਸੱਦੇ ਦੀ ਕੇਂਦਰੀ ਟਰੇਡ ਯੂਨੀਅਨਾਂ ਦੇ ਸਾਂਝੇ ਮੋਰਚੇ, ਖੇਤ ਮਜ਼ਦੂਰਾਂ, ਔਰਤਾਂ, ਨੌਜਵਾਨਾਂ, ਵਿਦਿਆਰਥੀਆਂ, ਵਪਾਰੀਆਂ ਦੀਆਂ ਜਥੇਬੰਦੀਆਂ ਨੇ ਵੀ ਸਰਗਰਮ ਹਮਾਇਤ ਕੀਤੀ। 22 ਜੁਲਾਈ ਤੋਂ 9 ਅਗਸਤ ਤੱਕ ਦਿੱਲੀ 'ਚ ਸਰਕਾਰੀ ਸੰਸਦ ਦੇ ਬਰਾਬਰ ਮੁਤਵਾਜ਼ੀ ਕਿਸਾਨ ਸੰਸਦ ਆਯੋਜਿਤ ਕਰਕੇ ਕਾਰਪੋਰੇਟ ਸਰਮਾਏਦਾਰੀ ਦੇ ਦਲਾਲ ਆਰ.ਐੱਸ.ਐੱਸ.-ਬੀ.ਜੇ.ਪੀ. ਦੀਆਂ ਦੇਸ਼ਧ੍ਰੋਹੀ ਨੀਤੀਆਂ ਦਾ ਪ੍ਰਭਾਵਸ਼ਾਲੀ ਤਰੀਕੇ ਨਾਲ ਵਿਰੋਧ ਕੀਤਾ ਗਿਆ ਜਿਸ ਵਿਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਰੋਜ਼ਾਨਾ ਚੁਣ ਕੇ ਭੇਜੇ ਜਾਂਦੇ 200 ਨੁਮਾਇੰਦਿਆਂ ਨੇ ਜਮਹੂਰੀ ਤਰੀਕੇ ਨਾਲ ਸੰਸਦ ਚਲਾ ਕੇ ਨਵਾਂ ਇਤਿਹਾਸ ਰਚਿਆ। ਕਿਸਾਨਾਂ, ਔਰਤਾਂ ਅਤੇ ਨੌਜਵਾਨਾਂ ਵੱਲੋਂ ਇਸ ਮੁਤਵਾਜ਼ੀ ਸੰਸਦ ਵਿਚ ਬਹੁਤ ਹੀ ਸੁਘੜ ਭੂਮਿਕਾ ਨਿਭਾਈ ਗਈ। ਉਨ੍ਹਾਂ ਨੇ ਖੇਤੀ ਕਾਨੂੰਨਾਂ ਅਤੇ ਜਿਣਸਾਂ ਦੇ ਭਾਅ ਤੈਅ ਕਰਨ ਦੀ ਸਰਕਾਰੀ ਧੋਖਾਧੜੀ ਦੇ ਬਖੀਏ ਉਧੇੜਦਿਆਂ ਤੱਥਾਂ ਅਤੇ ਅੰਕੜਿਆਂ 'ਤੇ ਆਧਾਰਿਤ ਠੋਸ ਵਿਚਾਰ ਚਰਚਾ ਕਰਕੇ ਇਹ ਦਿਖਾ ਦਿੱਤਾ ਕਿ ਕਾਲੇ ਕਾਨੂੰਨਾਂ ਅਤੇ ਐੱਮ.ਐੱਸ.ਪੀ. ਬਾਰੇ ਕਿਸਾਨ ਕਿੰਨੇ ਜਾਗਰੂਕ ਹਨ।

ਦਿੱਲੀ ਦੀਆਂ ਹੱਦਾਂ ਉੱਪਰ ਚਟਾਨ ਵਾਂਗ ਡੱਟੇ ਅੰਦੋਲਨ ਦੇ 9 ਮਹੀਨੇ ਪੂਰੇ ਹੋਣ 'ਤੇ 26-27 ਅਗਸਤ ਨੂੰ ਭਾਰਤ ਦੇ ਅਵਾਮ ਦੇ ਸਮੂਹ ਹਿੱਸਿਆਂ ਦੀ ਸਾਂਝੀ ਕਨਵੈਨਸ਼ਨ ਕੀਤੀ ਗਈ ਜਿਸ ਵਿਚ ਸੈਂਕੜੇ ਕਿਸਾਨ ਅਤੇ ਖੇਤ ਮਜ਼ਦੂਰ ਜਥੇਬੰਦੀਆਂ, 18 ਆਲ ਇੰਡੀਆ ਟਰੇਡ ਯੂਨੀਅਨਾਂ, 9 ਔਰਤ ਜਥੇਬੰਦੀਆਂ ਅਤੇ 17 ਵਿਦਿਆਰਥੀ ਅਤੇ ਨੌਜਵਾਨ ਜਥੇਬੰਦੀਆਂ ਦੇ 2000 ਤੋਂ ਵਧੇਰੇ ਨੁਮਾਇੰਦਿਆਂ ਨੇ ਹਿੱਸਾ ਲਿਆ। ਕਨਵੈਨਸ਼ਨ ਨੇ ਸੱਦਾ ਦਿੱਤਾ ਕਿ ਆਉਣ ਵਾਲੇ ਦਿਨਾਂ 'ਚ ਅੰਦੋਲਨ ਨੂੰ ਹੋਰ ਪ੍ਰਚੰਡ ਕੀਤਾ ਜਾਵੇਗਾ ਅਤੇ 25 ਸਤੰਬਰ ਨੂੰ ਮੁਕੰਮਲ ਭਾਰਤ ਬੰਦ ਰੱਖਿਆ ਜਾਵੇਗਾ। 5 ਸਤੰਬਰ ਨੂੰ ਮੁਜ਼ੱਫ਼ਰਨਗਰ (ਉੱਤਰ ਪ੍ਰਦੇਸ਼) ਵਿਖੇ ਵਿਸ਼ਾਲ 'ਕਿਸਾਨ ਮਹਾਂਪੰਚਾਇਤ' ਕਰਨ ਦਾ ਪ੍ਰੋਗਰਾਮ ਵੀ ਲਿਆ ਗਿਆ ਹੈ। ਉਮੀਦ ਹੈ ਕਿ ਇਹ ਰੈਲੀ ਮਹੰਤ ਅਦਿੱਤਿਆਨਾਥ ਦੀ ਹਕੂਮਤ ਦੀ ਫਾਸ਼ੀਵਾਦੀ ਦਹਿਸ਼ਤ ਨੂੰ ਤੋੜਨ 'ਚ ਕਾਮਯਾਬ ਹੋਵੇਗੀ ਅਤੇ ਇੱਥੇ ਵੀ ਬੜੀ ਤਾਦਾਦ 'ਚ ਮਜ਼ਦੂਰ ਕਿਸਾਨ ਰਾਮ ਰਾਜ ਦੇ ਨਾਂ 'ਤੇ ਖੇਡੀ ਜਾ ਰਹੀ ਭਗਵੀਂ ਫਿਰਕੂ ਸਿਆਸਤ ਦੀ ਕੀਲ ਤੋਂ ਬਾਹਰ ਆਉਣਗੇ।

ਪੰਜਾਬ ਵਿਚ ਪਿਛਲੇ ਦਿਨੀਂ ਮੋਰਚੇ ਵੱਲੋਂ ਨੈਸ਼ਨਲ ਹਾਈਵੇਅ ਦੇ ਜਲੰਧਰ-ਫਗਵਾੜਾ ਸੈਕਸ਼ਨ ਉੱਪਰ ਸੜਕੀ ਆਵਾਜਾਈ ਅਤੇ ਰੇਲਵੇ ਆਵਾਜਾਈ ਠੱਪ ਕਰ ਦਿੱਤੀ ਗਈ। ਕੈਪਟਨ ਸਰਕਾਰ ਨੂੰ ਗੰਨੇ ਦਾ ਭਾਅ 50 ਰੁਪਏ ਵਧਾਉਣਾ ਪਿਆ ਅਤੇ ਖੰਡ ਮਿੱਲਾਂ ਵੱਲੋਂ ਕਿਸਾਨਾਂ ਦੇ ਦੱਬੇ 200 ਕਰੋੜ ਰੁਪਏ ਜਾਰੀ ਕਰਵਾਉਣ ਬਾਰੇ ਚੁੱਪ ਤੋੜਨੀ ਪਈ। ਨਵਾਂਸ਼ਹਿਰ ਵਿਚ ਕਿਰਤੀ ਕਿਸਾਨ ਯੂਨੀਅਨ ਨੇ ਸ਼ੂਗਰ ਮਿੱਲ ਦੀਆਂ ਚੋਣਾਂ ਵਿਰੁੱਧ ਮੁਹਿੰਮ ਚਲਾ ਕੇ ਕਿਸਾਨਾਂ ਨੂੰ ਲਾਮਬੰਦ ਕੀਤਾ। ਜਿਸ ਦੇ ਦਬਾਓ ਹੇਠ ਕਾਂਗਰਸ ਅਤੇ ਅਕਾਲੀ ਦਲ ਦੇ ਆਗੂਆਂ ਨੂੰ ਚੋਣਾਂ ਵਿਚ ਹਿੱਸਾ ਨਾ ਲੈਣ ਦਾ ਐਲਾਨ ਪ੍ਰੈੱਸ ਕਾਨਫਰੰਸਾਂ ਕਰਕੇ ਕਰਨਾ ਪਿਆ ਅਤੇ ਚੋਣਾਂ ਅਣਮਿੱਥੇ ਸਮੇਂ ਲਈ ਅੱਗੇ ਪੈ ਗਈਆਂ।

ਇਸ ਅੰਦੋਲਨ ਨੇ ਸਿਰਫ਼ ਕਾਰਪੋਰੇਟ ਹਿਤੈਸ਼ੀ ਧਾੜਵੀ ਰਾਜ ਵਿਰੁੱਧ ਸੰਘਰਸ਼ ਦਾ ਬੇਮਿਸਾਲ ਇਤਿਹਾਸ ਹੀ ਨਹੀਂ ਰਚਿਆ, ਇਸ ਨੇ ਨਵੀਂਆਂ ਲੀਹਾਂ ਪਾ ਕੇ ਰਵਾਇਤੀ ਵੋਟ ਸਿਆਸਤ ਨੂੰ ਵੀ ਤਕੜੀ ਚੁਣੌਤੀ ਦਿੱਤੀ ਹੈ। ਬੀ.ਜੇ.ਪੀ. ਨੂੰ ਲਗਾਤਾਰ ਕਿਸਾਨ ਜਥੇਬੰਦੀਆਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਵਿਚ ਜਿੱਥੇ ਵੀ ਬੀ.ਜੇ.ਪੀ. ਆਗੂ ਕੋਈ ਇਕੱਠ ਕਰਨ ਦੀ ਕੋਸ਼ਿਸ਼ ਕਰਦੇ ਹਨ, ਉੱਥੇ ਕਿਸਾਨ ਇਕੱਠੇ ਹੋ ਕੇ ਭਗਵੇਂ ਟੋਲੇ ਨੂੰ ਖਦੇੜ ਦਿੰਦੇ ਹਨ। ਹਰਿਆਣੇ ਵਿਚ ਬੀ.ਜੇ.ਪੀ. ਅਤੇ ਇਸ ਦੇ ਭਾਈਵਾਲ ਦੁਸ਼ਿਅੰਤ ਚੌਟਾਲਾ ਗੈਂਗ (ਜੇ.ਜੇ.ਪੀ.) ਨੂੰ ਕਿਸਾਨਾਂ ਦੇ ਵਿਰੋਧ ਕਾਰਨ ਇਕੱਠਾਂ ਦੇ ਸਥਾਨ ਬਦਲਣੇ ਪੈ ਰਹੇ ਹਨ। ਅੱਜ ਤੋਂ ਇਕ ਸਾਲ ਪਹਿਲਾਂ ਸੱਤਾ ਦੇ ਹੰਕਾਰ 'ਚ ਗ੍ਰਸੇ ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਛੋਟੇ ਬੜੇ ਆਗੂ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਸੁਪਨੇ ਲੈ ਰਹੇ ਸਨ। ਹੁਣ ਅੰਦੋਲਨ ਦਾ ਦਬਾਓ ਇਸ ਕਦਰ ਹੈ ਕਿ ਉਨ੍ਹਾਂ ਨੂੰ ਮੀਟਿੰਗਾਂ ਵੀ ਲੁਕ-ਛਿਪ ਕੇ ਮੀਟਿੰਗਾਂ ਕਰਨੀਆਂ ਪੈ ਰਹੀਆਂ ਹਨ।

2022 ਦੀਆਂ ਵਿਧਾਨ-ਸਭਾ ਚੋਣਾਂ ਦੇ ਮੱਦੇਨਜ਼ਰ ਹਾਕਮ ਜਮਾਤੀ ਪਾਰਟੀਆਂ ਪੰਜਾਬ ਨੂੰ ਚੋਣ ਅਖਾੜਾ ਬਣਾਉਣ ਲਈ ਬੁਰੀ ਤਰ੍ਹਾਂ ਤਰਲੋਮੱਛੀ ਹੋ ਰਹੀਆਂ ਹਨ, ਲੇਕਿਨ ਅੰਦੋਲਨ ਨਾਲ ਬਣਿਆ ਮਾਹੌਲ ਉਨ੍ਹਾਂ ਨੂੰ ਪੂਰੀ ਤਰ੍ਹਾਂ ਖੁੱਲ੍ਹ ਕੇ ਸਰਗਰਮੀ ਕਰਨ ਦੀ ਇਜਾਜ਼ਤ ਨਹੀਂ ਦੇ ਰਿਹਾ। ਪਿੰਡਾਂ ਵਿਚ ਬੈਠੇ ਸਿਆਸੀ ਘੜੰਮ ਚੌਧਰੀ ਬੇਸ਼ਰਮੀ ਨਾਲ ਆਪਣੇ ਆਗੂਆਂ ਨੂੰ ਪਿੰਡਾਂ 'ਚ ਸੱਦ ਰਹੇ ਹਨ। ਭਾਵੇਂ ਸੰਯੁਕਤ ਕਿਸਾਨ ਮੋਰਚੇ ਦੇ ਬਲਵੀਰ ਸਿੰਘ ਰਾਜੇਵਾਲ ਅਤੇ ਹੋਰ ਮੁੱਖ ਆਗੂ ਵਾਰ-ਵਾਰ ਵਰਜ ਰਹੇ ਹਨ ਕਿ ਮੋਰਚੇ ਵੱਲੋਂ ਭਾਜਪਾ ਤੋਂ ਬਿਨਾਂ ਬਾਕੀ ਪਾਰਟੀਆਂ ਨੂੰ ਘੇਰਨ ਦਾ ਕੋਈ ਸੱਦਾ ਨਹੀਂ ਹੈ, ਲੇਕਿਨ ਪਿਛਲੇ ਦਿਨਾਂ ਤੋਂ ਮਾਲਵੇ 'ਚ ਕਿਸਾਨਾਂ ਵੱਲੋਂ ਸੁਖਬੀਰ ਬਾਦਲ ਨੂੰ ਘੇਰਨ ਅਤੇ ਸਵਾਲ ਕਰਕੇ ਲਾਜਵਾਬ ਕਰਨ ਦੀਆਂ ਲਗਾਤਾਰ ਵਾਪਰ ਰਹੀਆਂ ਘਟਨਾਵਾਂ ਲੋਕ ਵਿਰੋਧੀ ਸਿਆਸੀ ਗੈਂਗ ਵਿਰੁੱਧ ਆਮ ਲੋਕਾਂ ਅੰਦਰ ਖ਼ੌਲ ਰਹੇ ਵਿਆਪਕ ਰੋਹ ਦੀ ਝਲਕ ਪੇਸ਼ ਕਰਦੀਆਂ ਹਨ। ਮੱਕਾਰ ਸਿਆਸਤਦਾਨ ਮਹਾ-ਅੰਦੋਲਨ ਦੀ ਹਮਾਇਤ 'ਚ ਖੜ੍ਹੇ ਹੋਣ ਦਾ ਪੱਤਾ ਖੇਡ ਕੇ ਹਮਦਰਦੀ ਜਿੱਤਣ ਦੀ ਕੋਸ਼ਿਸ਼ ਕਰ ਰਹੇ ਹਨ। ਆਮ ਲੋਕ ਉਨ੍ਹਾਂ ਦੇ ਲੋਕ ਵਿਰੋਧੀ ਕਿਰਦਾਰ ਨੂੰ ਤਾਂ ਬਾਖ਼ੂਬੀ ਸਮਝਦੇ ਹਨ, ਲੇਕਿਨ ਉਹ ਅਜੇ ਆਪਣੇ ਮਸਲਿਆਂ ਦਾ ਹੱਲ ਚੋਣਾਂ ਰਾਹੀਂ ਸਰਕਾਰ ਬਦਲਣ 'ਚ ਦੇਖ ਰਹੇ ਹਨ। ਉਹ 'ਆਪ' ਸਮੇਤ ਇਨ੍ਹਾਂ ਪਾਰਟੀਆਂ ਦੇ ਮੁਫ਼ਤ ਬਿਜਲੀ ਅਤੇ ਹੋਰ ਖ਼ੈਰਾਤਾਂ ਦੇ ਵਾਅਦਿਆਂ ਨੂੰ ਲੋਕ ਹਿਤੈਸ਼ੀ ਸਮਝਦੇ ਹਨ ਜਿਨ੍ਹਾਂ ਦਾ ਮਨੋਰਥ ਬੁਨਿਆਦੀ ਮਸਲਿਆਂ ਤੋਂ ਧਿਆਨ ਹਟਾ ਕੇ ਲੁਭਾਉਣੇ ਨਾਅਰਿਆਂ ਰਾਹੀਂ ਸੱਤਾ ਉੱਪਰ ਕਾਬਜ਼ ਹੋਣਾ ਹੈ। ਉਹ ਕਾਰਪੋਰੇਟ ਗ਼ਲਬੇ ਵਾਲੇ ਆਰਥਕ ਮਾਡਲ ਨੂੰ ਪੂਰੀ ਤਰ੍ਹਾਂ ਰੱਦ ਕਰਾਉਣ ਲਈ ਸਮੁੱਚੇ ਹਾਕਮ ਜਮਾਤੀ ਕੋੜਮੇ ਨਾਲ ਗਹਿਗੱਚ ਲੰਮੇ ਸੰਘਰਸ਼ ਦੇ ਮਹੱਤਵ ਨੂੰ ਅਜੇ ਸਮਝ ਨਹੀਂ ਰਹੇ। ਪੰਜਾਬ ਦੀ ਜਵਾਨੀ ਧੜਾਧੜ ਬਦੇਸ਼ਾਂ ਨੂੰ ਭੱਜ ਰਹੀ ਹੈ ਪਰ ਇਨ੍ਹਾਂ ਪਾਰਟੀਆਂ ਕੋਲ ਨੌਜਵਾਨੀ ਨੂੰ ਪ੍ਰੇਰਿਤ ਕਰਕੇ ਪੰਜਾਬ ਦੀ ਤਰੱਕੀ, ਖ਼ੁਸ਼ਹਾਲੀ ਅਤੇ ਬਿਹਤਰੀ 'ਚ ਲਾਉਣ ਦਾ ਕੋਈ ਪ੍ਰੋਗਰਾਮ ਨਹੀਂ ਹੈ। ਸਾਰੇ ਹਾਕਮ ਜਮਾਤੀ ਧੜੇ ਲੋਕ ਵਿਰੋਧੀ ਆਰਥਕ ਮਾਡਲ ਨੂੰ ਲਾਗੂ ਕਰਨ ਲਈ ਇਕਮੱਤ ਹਨ ਅਤੇ ਇਨ੍ਹਾਂ ਸਭ ਦੀਆਂ ਨੀਤੀਆਂ ਇਸੇ ਮਾਡਲ ਉੱਪਰ ਆਧਾਰਿਤ ਹਨ। ਇਸ ਮਾਡਲ ਨੂੰ ਮੁਕੰਮਲ ਰੂਪ 'ਚ ਰੱਦ ਕੀਤੇ ਬ਼ਗੈਰ ਖੇਤੀ ਸੰਕਟ, ਬੇਰੋਜ਼ਗਾਰੀ, ਛੋਟੇ ਕਾਰੋਬਾਰਾਂ ਨੂੰ ਬਚਾਉਣ, ਸਰਕਾਰੀ ਹਸਪਤਾਲਾਂ 'ਚ ਮੁਫ਼ਤ ਇਲਾਜ ਅਤੇ ਮੁਫ਼ਤ ਪੜ੍ਹਾਈ, ਅਤੇ ਕੁਦਰਤ ਹਿਤੈਸ਼ੀ ਆਰਥਕ ਮਾਡਲ ਵਰਗੇ ਸਭ ਤੋਂ ਮਹੱਤਵਪੂਰਨ ਮੁੱਦੇ ਸਟੇਟ ਦੀਆਂ ਨੀਤੀਆਂ ਦਾ ਆਧਾਰ ਕਦੇ ਵੀ ਨਹੀਂ ਬਣਾਏ ਜਾਣਗੇ।

ਫਿਰ ਵੀ ਇਹ ਰੁਝਾਨ ਬਹੁਤ ਹੀ ਸਾਰਥਕ ਹੈ ਕਿ ਕਿਸਾਨਾਂ ਦੇ ਕਾਫ਼ਲੇ ਕਾਂਗਰਸੀਆਂ ਅਤੇ ਅਕਾਲੀ ਦਲੀਆਂ ਨੂੰ ਘੇਰ ਕੇ ਤਿੱਖੇ ਸਵਾਲ ਕਰ ਰਹੇ ਹਨ। ਇਹ ਬਦਲ-ਬਦਲ ਕੇ ਸਰਕਾਰਾਂ ਬਣਾਉਣ ਦਾ ਦੋਸਤਾਨਾ ਮੈਚ ਖੇਡਣ ਵਾਲਿਆਂ ਨੂੰ ਜਵਾਬਦੇਹ ਬਣਾਉਣ ਦੇ ਸੱਚੇ ਜਮਹੂਰੀ ਅਮਲ ਦਾ ਆਗਾਜ਼ ਹੈ। ਲੇਕਿਨ ਸਮੱਸਿਆ ਇਹ ਹੈ ਕਿ ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਕਿਸਾਨ ਜਥੇਬੰਦੀਆਂ ਦੀ ਇਸ ਮੁੱਦੇ ਉੱਪਰ ਇਕਜੁੱਟ ਸਮਝ ਨਾ ਹੋਣ ਕਾਰਨ ਇਹ ਵਿਰੋਧ ਬੱਝਵੀਂ ਮੁਹਿੰਮ ਨਹੀਂ ਬਣ ਰਿਹਾ। ਜਥੇਬੰਦੀਆਂ ਦਾ ਇਕ ਹਿੱਸਾ ਇਸ ਸਵਾਲ ਉੱਪਰ ਦ੍ਰਿੜ ਸਟੈਂਡ ਨਹੀਂ ਲੈਣਾ ਚਾਹੁੰਦਾ ਕਿ ਜਦ ਤੱਕ ਅੰਦੋਲਨ ਦੀ ਜਿੱਤ ਨਹੀਂ ਹੁੰਦੀ ਉਦੋਂ ਤੱਕ ਇਨ੍ਹਾਂ ਪਾਰਟੀਆਂ ਨੂੰ ਵਿਆਪਕ ਲੋਕ ਲਾਮਬੰਦੀ ਦੇ ਜ਼ੋਰ ਪੰਜਾਬ ਨੂੰ ਚੋਣ ਅਖਾੜਾ ਬਣਾਉਣ ਤੋਂ ਰੋਕਣਾ ਜ਼ਰੂਰੀ ਹੈ ਅਤੇ ਵਿਧਾਨ ਸਭਾ ਦੀਆਂ ਚੋਣਾਂ ਲਈ ਚੋਣ ਪ੍ਰਚਾਰ ਨਹੀਂ ਕਰਨ ਦਿੱਤਾ ਜਾਵੇਗਾ।

**(ਬਾਕੀ ਸਫ਼ਾ 41 'ਤੇ)**






**SARO KARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Sub Editor**
Randeep Singh
(India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Graphic Desinger**
Baljinder Singh
+91-92167-29598
akashdeep.1064@gmail.com

**Honorary Advisory Board**

Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Malkit Singh
Abbotsford (BC)


Narbhinder Singh (India)
(Punjab)
935-443-0211

Buta Singh Nawan Shahr
(Punjab)
946-347-4342
atoozed@gmail.com

Jaswant Zirakh (India)
(Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


# 'ਕਾਮਾਗਾਟਾ ਮਾਰੂ ਮੈਮੋਰੀਅਲ' ਦਾ ਅਪਮਾਨ ਕਰਨ ਦੀ ਨਿਖੇਧੀ !



ਕਨੇਡਾ ਭਰ ਵਿੱਚ ਪਿਛਲੇ ਕੁਝ ਸਮੇਂ ਤੋਂ ਨਸਲਵਾਦ ਦੀਆਂ ਘਟਨਾਵਾਂ ਵਿੱਚ ਭਾਰੀ ਵਾਧਾ ਹੋ ਰਿਹਾ ਹੈ। ਪਿਛਲੇ ਕੁਝ ਮਹੀਨਿਆਂ ਵਿੱਚ ਧਰਮ, ਰੰਗ ਜਾਂ ਨਸਲ ਕਰਕੇ ਕਈ ਵਿਅਕਤੀਆਂ ਤੇ ਨਸਲੀ ਹਮਲੇ ਕਰਨ ਦੀਆਂ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿੱਚ ਗਾਲ੍ਹਾਂ ਕੱਢਣ, ਭੱਦੀ ਸ਼ਬਦਾਵਾਲ਼ੀ ਵਰਤਣ ਤੋਂ ਇਲਾਵਾ ਸਰੀਰਕ ਹਮਲੇ ਕਰਨੇ ਸ਼ਾਮਲ ਹਨ। ਇਸੇ ਲੜੀ ਵਿੱਚ ਪਿਛਲੇ ਦਿਨੀਂ ਵੈਨਕੂਵਰ ਡਾਊਨ ਸਥਿਤ 'ਕਾਮਾਗਾਟਾ ਮਾਰੂ ਮੈਮੋਰੀਅਲ' ਤੇ ਇੱਕ ਵਿਅਕਤੀ ਵਲੋਂ ਲੋਕਾਂ ਸਾਹਮਣੇ ਪਿਸ਼ਾਬ ਕਰਨ ਅਤੇ ਨਸਲਵਾਦੀ ਸ਼ਬਦਾਵਲੀ ਨਾਲ਼ ਗਾਲ੍ਹਾਂ ਕੱਢਣ ਦੀ ਘਟਨਾ ਵਾਪਰੀ ਹੈ। ਇਥੇ ਯਾਦ ਰਹੇ ਕਿ ਬਸਤੀਵਾਦੀ ਹਾਕਮਾਂ ਵਲੋਂ ਨਸਲਵਾਦੀ ਸੋਚ ਅਧੀਨ 100 ਸਾਲ ਤੋਂ ਵੱਧ ਸਮਾਂ ਪਹਿਲਾਂ ਕਨੇਡਾ ਦੀ ਬੰਦਰਗਾਹ ਤੋਂ ਭਾਰਤੀਆਂ ਨਾਲ਼ ਭਰੇ ਜਹਾਜ਼ ਨੂੰ ਕਈ ਮਹੀਨੇ ਖੜ੍ਹੇ ਰੱਖਣ ਤੋਂ ਬਾਅਦ ਬੰਦਰਗਾਹ ਤੋਂ ਵਾਪਸ ਮੋੜ ਦਿੱਤਾ ਗਿਆ ਸੀ। ਕੁਝ ਸਾਲ ਪਹਿਲਾਂ ਕੈਨੇਡਾ ਸਰਕਾਰ ਵਲੋਂ ਭਾਰਤੀਆਂ ਨਾਲ਼ ਹੋਏ ਇਸ ਅਣਮਨੁੱਖੀ ਵਿਵਹਾਰ ਲਈ ਮੁਆਫੀ ਮੰਗਣ ਦੇ ਨਾਲ਼ ਉਨ੍ਹਾਂ ਯਾਤਰੀਆਂ ਦੀ ਯਾਦ ਵਿੱਚ ਇੱਕ ਮੈਮੋਰੀਅਲ ਸਥਾਪਤ ਕੀਤਾ ਗਿਆ ਸੀ। ਜਿਥੇ ਇਸ ਘਟਨਾ ਬਾਰੇ ਪੂਰਾ ਵੇਰਵਾ ਵੀ ਕੰਧ ਤੇ ਲਿਖਿਆ ਮਿਲਦਾ ਹੈ। ਅਸੀਂ ਹੇਠ ਲਿਖੀਆਂ ਸੰਸਥਾਵਾਂ ਜਿਥੇ ਇਸ ਨਸਲਵਾਦੀ ਘਟਨਾ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ, ਉਥੇ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਖਤ ਕਦਮ ਚੁੱਕੇ ਜਾਣ ਅਤੇ ਦੋਸ਼ੀਆਂ ਖਿਲਾਫ ਕਨੂੰਨੀ ਕਾਰਵਾਈ ਕੀਤੀ ਜਾਵੇ ਤਾਂ ਕਿ ਅਜਿਹੇ ਨਸਲਵਾਦੀ ਲੋਕ ਕਨੇਡਾ ਦਾ ਮਾਹੌਲ ਖਰਾਬ ਨਾ ਕਰਨ ਸਕਣ।

**ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ (ਕੈਲਗਰੀ)**
**ਸਿੱਖ ਵਿਰਸਾ ਇੰਟਰਨੈਸ਼ਨਲ (ਕੈਲਗਰੀ)**
**ਸਰੋਕਾਰਾਂ ਦੀ ਆਵਾਜ਼ (ਟਰਾਂਟੋ)**

## ਕਿਸਾਨਾਂ ਤੇ ਖੱਟਰ ਸਰਕਾਰ ਵਲੋਂ ਲਾਠੀਚਾਰਜ ਦੀ ਸਖਤ ਨਿੰਦਾ



ਜਿਸ ਤਰ੍ਹਾਂ ਸਭ ਨੂੰ ਪਤਾ ਹੀ ਹੈ ਕਿ ਪੰਜਾਬ ਸਮੇਤ ਸਾਰੇ ਸੂਬਿਆਂ ਦੇ ਕਿਸਾਨ ਪਿਛਲ਼ੇ 9 ਮਹੀਨਿਆਂ ਤੋਂ ਦਿੱਲੀ ਦੇ ਬਾਰਡਰਾਂ ਤੇ ਆਪਣੀਆਂ ਹੱਕੀ ਮੰਗਾਂ ਤੇ ਕਿਸਾਨ ਵਿਰੋਧੀ ਤਿੰਨ ਕਨੂੰਨਾਂ ਨੂੰ ਰੱਦ ਕਰਾਉਣ ਲਈ ਸੰਘਰਸ਼ ਕਰ ਰਹੇ ਹਨ। ਪਿਛਲੇ ਦਿਨੀਂ ਹਰਿਆਣੇ ਵਿੱਚ ਕਰਨਾਲ ਕੋਲ ਭਾਜਪਾ ਲੀਡਰਾਂ ਦਾ ਘਿਰਾਉ ਕਰਨ ਗਏ ਸ਼ਾਂਤਮਈ ਕਿਸਾਨਾਂ ਤੇ ਖੱਟਰ ਸਰਕਾਰ ਦੇ ਹੁਕਮਾਂ ਤੇ ਪੁਲਿਸ ਵਲੋਂ ਲਾਠੀ ਚਾਰਜ ਕਰਕੇ ਬੇਤਹਾਸ਼ਾ ਤਸ਼ੱਦਦ ਕੀਤਾ ਗਿਆ। ਜਿਸ ਵਿੱਚ ਦਰਜਨਾਂ ਕਿਸਾਨ ਬੁਰ੍ਹੀ ਤਰ੍ਹਾਂ ਜ਼ਖਮੀ ਹੋਏ ਹਨ। ਅਸੀਂ ਹੇਠ ਲਿਖੀਆਂ ਜਥੇਬੰਦੀਆਂ, ਜਿਥੇ ਕਿਸਾਨੀ ਸੰਘਰਸ਼ ਦੀ ਪੂਰਨ ਰੂਪ ਵਿੱਚ ਹਮਾਇਤ ਕਰਦੇ ਹਾਂ, ਉਥੇ ਸਰਕਾਰ ਵਲੋਂ ਸ਼ਾਂਤਮਈ ਤੇ ਨਿਹੱਥੇ ਕਿਸਾਨਾਂ ਤੇ ਕੀਤੇ ਗਏ, ਇਸ ਵਹਿਸ਼ੀ ਲਾਠੀਚਾਰਜ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਮੰਗ ਕਰਦੇ ਹਾਂ ਕਿ ਦੋਸ਼ੀ ਪੁਲਿਸ ਅਫਸਰਾਂ ਤੇ ਸਖਤ ਕਾਰਵਾਈ ਕੀਤੀ ਜਾਵੇ। ਇਸਦੇ ਨਾਲ਼ ਹੀ ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਕਿਸਾਨ ਵਿਰੋਧੀ ਕਾਲ਼ੇ ਕਨੂੰਨ ਵਾਪਿਸ ਲਏ ਜਾਣ ਤੇ ਕਿਸਾਨਾਂ ਦੀਆਂ ਮੰਗਾਂ ਮੰਨੀਆਂ ਜਾਣ।

**ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ (ਕੈਲਗਰੀ)**
**ਸਿੱਖ ਵਿਰਸਾ ਇੰਟਰਨੈਸ਼ਨਲ (ਕੈਲਗਰੀ)**
**ਸਰੋਕਾਰਾਂ ਦੀ ਆਵਾਜ਼ (ਟਰਾਂਟੋ)**

## ਇੰਡੋ-ਕਨੇਡੀਅਨਜ਼ ਅਤੇ ਇੰਟਰਨੈਸ਼ਨਲ ਵਿਦਿਆਰਥੀਆਂ ਦੀ ਏਅਰ ਲਾਈਨਾਂ ਵਲੋਂ ਲੁੱਟ ਦੀ ਨਿਖੇਧੀ !

ਅਸੀਂ ਪਿਛਲੇ ਕਈ ਸਾਲਾਂ ਤੋਂ ਪੰਜਾਬ ਤੋਂ ਕਨੇਡਾ ਆ ਰਹੇ ਅੰਤਰ ਰਾਸ਼ਟਰੀ ਵਿਦਿਆਰਥੀਆਂ ਦੀ ਵੱਖ-ਵੱਖ ਢੰਗਾਂ ਨਾਲ਼ ਹੁੰਦੀ ਲੁੱਟ ਬਾਰੇ ਮੁੱਦੇ ਉਠਾਉਂਦੇ ਰਹੇ ਹਾਂ। ਇਸੇ ਤਰ੍ਹਾਂ ਪਿਛਲੇ ਸਾਲ ਕੋਵਿਡ ਕਾਰਨ ਭਾਰਤ ਵਿੱਚ ਫਸੇ ਇੰਡੋ-ਕਨੇਡੀਅਨਜ਼ ਨੂੰ ਕਨੇਡਾ ਲਿਆਉਣ ਵਕਤ ਏਅਰ ਲਾਈਨਾਂ ਵਲੋਂ ਕੀਤੀ ਲੁੱਟ ਦਾ ਮੁੱਦਾ ਵੀ ਜ਼ੋਰਦਾਰ ਢੰਗ ਨਾਲ਼ ਉਠਾਇਆ ਸੀ। ਹੁਣ ਫਿਰ ਕੋਵਿਡ ਕਾਰਨ ਭਾਰਤ ਤੋਂ ਕਨੇਡਾ ਨੂੰ ਸਿੱਧੀਆਂ ਫਲਾਈਟਾਂ ਬੰਦ ਹੋਣ ਕਾਰਨ ਸਤੰਬਰ ਦੇ ਸੈਸ਼ਨ ਲਈ ਆਉਣ ਵਾਲ਼ੇ ਅੰਤਰ ਰਾਸ਼ਟਰੀ ਵਿਦਿਆਰਥੀਆਂ ਅਤੇ ਪਿਛਲੇ ਸਮੇਂ ਤੋਂ ਭਾਰਤ ਵਿੱਚ ਫਸੇ ਇੰਡੋ-ਕਨੇਡੀਅਨਜ਼ ਨੂੰ ਕਨੇਡਾ ਆਉਣ ਲਈ ਕਈ ਢੰਗ ਤਰੀਕੇ ਅਪਨਾਉਣੇ ਪੈ ਰਹੇ ਹਨ, ਜਿਸ ਕਰਕੇ ਏਅਰ ਲਾਈਨਾਂ ਲੋਕਾਂ ਦੀ ਮਜਬੂਰੀ ਦਾ ਫਾਇਦਾ ਉਠਾ ਕੇ ਟਿਕਟਾਂ ਦੀ ਕੀਮਤ 4-5 ਗੁਣਾਂ ਵੱਧ ਚਾਰਜ ਕਰ ਰਹੀਆਂ ਹਨ। ਸਾਡੇ ਭਾਈਚਾਰੇ ਦੇ ਅਨੇਕਾਂ ਐਮ. ਪੀ., ਐਮ. ਐਲ. ਏ., ਕੌਂਸਲਰ ਜਾਂ ਸਰਕਾਰਾਂ ਵਿੱਚ ਅਸਰ-ਰਸੂਖ ਵਾਲ਼ੇ ਵਿਅਕਤੀ ਹਨ, ਪਰ ਉਨ੍ਹਾਂ ਵਲੋਂ ਅਜਿਹੇ ਲੋਕ ਹਿਤੂ ਮਸਲਿਆਂ ਤੇ ਲੋਕਾਂ ਦੇ ਹੱਕ ਵਿੱਚ ਖੜ੍ਹਨਾ ਤਾਂ ਦੂਰ, ਕਦੇ ਕੋਈ ਬਿਆਨ ਤੱਕ ਵੀ ਨਹੀਂ ਦਿੱਤਾ ਜਾਂਦਾ। ਜਿਸ ਨਾਲ਼ ਆਮ ਲੋਕਾਂ ਦੀ ਲੁੱਟ ਬਦਸਤੂਰ ਜਾਰੀ ਹੈ। ਅਸੀਂ ਹੇਠ ਲਿਖੀਆਂ ਜਥੇਬੰਦੀਆਂ ਜਿਥੇ ਏਅਰ ਲਾਈਨਾਂ ਵਲੋਂ ਕੀਤੀ ਜਾ ਰਹੀ ਲੁੱਟ ਦੀ ਨਿੰਦਾ ਕਰਦੇ ਹਾਂ, ਉਥੇ ਸਰਕਾਰਾਂ ਤੋਂ ਮੰਗ ਕਰਦੇ ਹਾਂ ਕਿ ਜੇ ਲੋਕਾਂ ਨੂੰ ਵਿੰਗੇ-ਟੇਢੇ ਢੰਗਾਂ ਨਾਲ਼ ਕੈਨੇਡਾ ਵਿੱਚ ਆਉਣ ਦੀ ਇਜ਼ਾਜਤ ਦਿੱਤੀ ਜਾ ਰਹੀ ਹੈ ਤਾਂ ਫਿਰ ਸਿੱਧੇ ਢੰਗ ਨਾਲ਼ ਫਲਾਈਟਾਂ ਕਿਉਂ ਨਹੀਂ ਖੋਲੀਆਂ ਜਾ ਸਕਦੀਆਂ? ਕੀ ਸਰਕਾਰਾਂ ਦਾ ਆਪਣੇ ਨਾਗਰਿਕਾਂ ਦੇ ਹੱਕਾਂ ਦੀ ਰਖਵਾਲ਼ੀ ਕਰਨਾ ਫਰਜ਼ ਨਹੀਂ? ਕੀ ਅੰਤਰ ਰਾਸ਼ਟਰੀ ਵਿਦਿਆਰਥੀ, ਜੋ ਕਿ ਪਹਿਲਾਂ ਹੀ ਕਈ ਗੁਣਾਂ ਵੱਧ ਫੀਸਾਂ ਭਰ ਕੇ ਕਨੇਡਾ ਪਹੁੰਚਦੇ ਹਨ, ਉਨ੍ਹਾਂ ਨਾਲ਼ ਹੋ ਰਹੇ ਧੱਕਿਆਂ ਵੱਲ ਧਿਆਨ ਦੇਣਾ, ਸਰਕਾਰਾਂ ਦੀ ਜ਼ਿੰਮੇਵਾਰੀ ਨਹੀਂ? ਕੀ ਸਰਕਾਰਾਂ ਜਾਂ ਸਾਡੇ ਨੁਮਇੰਦੇ ਇਤਨੇ ਬੇਖਬਰ ਹਨ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਦੇਸ਼ ਵਿੱਚ ਕੀ ਹੋ ਰਿਹਾ ਹੈ? ਹੁਣ ਜਦੋਂ ਕਿ ਵੋਟਾਂ ਦਾ ਸੀਜ਼ਨ ਚੱਲ ਰਿਹਾ ਹੈ, ਸਾਡੀ ਆਮ ਜਨਤਾ ਨੂੰ ਅਪੀਲ ਹੈ ਕਿ ਵੋਟਾਂ ਵਿੱਚ ਖੜ੍ਹਨ ਵਾਲਿਆਂ ਜਾਂ ਪਹਿਲਾਂ ਹੀ ਚੁਣੇ ਹੋਏ ਨੁਮਾਇੰਦਿਆਂ ਨੂੰ ਸਵਾਲ ਕਰੋ ਕਿ ਜੇ ਉਨ੍ਹਾਂ ਨੇ ਲੋਕਾਂ ਦੇ ਹੱਕ ਵਿੱਚ ਹੀ ਨਹੀਂ ਖੜ੍ਹਨਾ ਜਾਂ ਲੋਕਾਂ ਦਾ ਕੋਈ ਮਸਲਾ ਹੀ ਹੱਲ ਨਹੀਂ ਕਰਨਾ ਤਾਂ ਫਿਰ ਕੀ ਉਹ ਸਾਡੇ ਨੁਮਾਇੰਦੇ ਬਣਨ ਜਾਂ ਸਾਡੀਆਂ ਵੋਟਾਂ ਦੇ ਹੱਕਦਾਰ ਹਨ?

**ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ (ਕੈਲਗਰੀ)**
**ਸਿੱਖ ਵਿਰਸਾ ਇੰਟਰਨੈਸ਼ਨਲ (ਕੈਲਗਰੀ)**
**ਸਰੋਕਾਰਾਂ ਦੀ ਆਵਾਜ਼ (ਟਰਾਂਟੋ)**


**ਇੱਕ ਰੋਜ਼ਾ ਪੁਸਤਕ ਮੇਲਾ**

18 ਸਤੰਬਰ 2021 ਸ਼ਨਿਚਰਵਾਰ ਨੂੰ

ਸਥਾਨ: ਡਾ. ਭੁੱਲਰ ਵਾਲੇ ਗਰੀਨ ਪਾਲਜ਼ੇ ਵਿੱਚ (ਲਵਲੀ ਸਵੀਟਸ ਦੇ ਨਾਲ)

ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ

Green Plaza 4818 Westwinds Dr NE, Calgary, AB T3J 3Z5



ਤੁਸੀਂ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਤੋਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਸਾਹਿਤਕ, ਸਮਾਜਿਕ, ਧਾਰਮਿਕ, ਰਾਜਨੀਤਕ, ਤਰਕਸ਼ੀਲ, ਸਿਹਤ ਸੰਬੰਧੀ, ਕਹਾਣੀਆਂ, ਨਾਵਲ ਆਦਿ ਲੈ ਸਕਦੇ ਹੋ। ਹੋਰ ਜਾਣਕਾਰੀ ਲਈ ਮਾਸਟਰ ਭਜਨ ਸਿੰਘ 403-455-4220 ਅਤੇ ਹਰਚਰਨ ਪਰਹਾਰ 403-681-8689 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਨੋਟ: ਪਾਠਕਾਂ ਦੀ ਮੰਗ 'ਤੇ ਬਹੁਤ ਸਾਰੀਆਂ ਨਵੀਂਆਂ ਅਤੇ ਸਟਾਕ ਵਿੱਚੋਂ ਖ਼ਤਮ ਪੁਰਾਣੀਆਂ ਕਿਤਾਬਾਂ ਦੀ ਸ਼ਿਪਮੈਂਟ ਸਾਡੇ ਕੋਲ ਪਹੁੰਚ ਚੁੱਕੀ ਹੈ।

**Shaheed Bhagat Singh Book Centre Calgary**

**Master Bhajan Singh: 403-455-4220**
**Harcharan Parhar: 403-681-8689**

**Reliance /Legal Group LLP**
FORMERLY KNOWN AS SINGH & PARTNERS LAW OFFICE

Commonwealth Centre
Unit 1101, 3961-52nd Ave.N.E.
Calgary, AB T3J 0J7

Barristers, Solicitors and Notary Public
Our law group practices in

IMMIGRATION
Applications for Family Class and APPEALS,
Skilled Workers, Investors,
Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

*20-ਸਤੰਬਰ, 2021*

# ਕੈਨੇਡਾ ਅੰਦਰ 44-ਵੀਂ ਸੰਸਦ ਲਈ ਚੋਣਾਂ

## *ਪੂੰਜੀਵਾਦੀ-ਕਾਰਪੋਰੇਟੀ ਤੇ ਸੱਜ-ਜਨੂੰਨੀ ਭਾਰੂ ਸੋਚ ਨੂੰ ਹਰਾਈਏ !*



ਜਗਦੀਸ਼ ਸਿੰਘ ਚੋਹਕਾ
91-9217997445
001-403-285-4208



ਉਤਰੀ ਅਮਰੀਕਾ ਦੇ ਖ਼ੂਬਸੂਰਤ ਦੇਸ਼ ਕੈਨੇਡਾ ਦੀ 44-ਵੀਂ ਸੰਸਦ ਲਈ ਮੱਧਕਾਲੀ ਚੋਣਾਂ ਦਾ ਧਮਾਕੇ ਨਾਲ ਐਲਾਨ ਹੋ ਗਿਆ। ਲਗਭਗ ਮਿਆਦ ਪੁੱਗਣ ਤੋਂ ਦੋ ਸਾਲ ਪਹਿਲਾ (16-ਅਕਤੂਰ, 2023) ਹੀ ਘੱਟ ਗਿਣਤੀ ਵਿੱਚ ਕਾਬਜ਼ ਧਿਰ ਲਿਬਰਲ ਪਾਰਟੀ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 15-ਅਗਸਤ, 2021 ਨੂੰ ਅਗਲੇ ਸੰਸਦੀ ਚੋਣਾਂ ਲਈ ਐਲਾਨ ਕਰ ਦਿੱਤਾ। ਚੋਣਾਂ ਸਬੰਧੀ 15-ਅਗਸਤ, 2021 ਤੋਂ ਪਹਿਲਾ ਹੀ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੇਸ਼ ਦੇ ਗਵਰਨਰ ਜਨਰਲ ਮੈਰੀ ਸਾਈਮਨ ਨੂੰ ਮਿਲ ਕੇ ਦੇਸ਼ ਦੀ ਸੰਸਦ ਭੰਗ ਕਰਨ ਅਤੇ ਮੱਧਕਾਲੀ ਚੋਣਾਂ ਕਰਾਉਣ ਦਾ ਫੈਸਲਾ ਕਰ ਲਿਆ ਸੀ। ਉਸੇ ਦਿਨ ਵੋਟਾਂ ਦਾ ਦਿਨ 20-ਸਤੰਬਰ 2021 ਵੀ ਤੈਅ ਕਰ ਦਿੱਤਾ ਗਿਆ, ਕਿਉਂਕਿ ਸੰਵਿਧਾਨ ਅਨੁਸਾਰ ਵੋਟਾਂ ਤੋਂ 36-ਦਿਨ ਪਹਿਲਾ ਚੋਣ ਕਮਿਸ਼ਨ ਵੱਲੋਂ ਚੋਣਾਂ ਕਰਾਉਣ ਲਈ ਪ੍ਰਵਾਨਗੀ ਦੇਣੀ ਹੁੰਦੀ ਹੈ। 43-ਵੀਆਂ ਸੰਸਦੀ ਚੋਣਾਂ ਜੋ 19-ਅਕਤੂਬਰ, 2019 ਨੂੰ ਹੋਈਆਂ ਸਨ, 'ਲਿਬਰਲ ਪਾਰਟੀ ਨੂੰ ਪੂਰਨ ਬਹੁਮਤ ਨਹੀਂ ਮਿਲਿਆ ਸੀ ਤੇ ਟਰੂਡੋ 15-ਸੀਟਾਂ ਦੇ ਅਸਾਨ ਬਹੁ-ਮੱਤ ਤੋਂ ਹੇਠਾਂ ਰਹਿ ਗਿਆ ਸੀ। ਘੱਟ ਬਹੁ-ਮਤ ਵਾਲੀ ਟਰੂਡੋ ਸਰਕਾਰ ਮੌਜੂਦਾ ਕੋਵਿਡ-19 ਮਹਾਮਾਰੀ ਦੇ ਕਾਲੇ ਛਾਏ ਹੇਠ ਰਾਜਸੀ ਲਾਹਾ ਲੈਣ ਲਈ ਸੰਸਦੀ ਚੋਣਾਂ ਕਰਾ ਰਹੀ ਹੈ, ਜਦ ਕਿ ਵਿਰੋਧੀ ਧਿਰਾ ਨਾ ਖੁਸ਼ ਹਨ।

ਆਉਣ ਵਾਲੀ 44-ਵੀਂ ਸੰਸਦ ਅੰਦਰ ਬਹੁਤ ਪ੍ਰਾਪਤ ਕਰਨ ਲਈ ਭਾਵੇਂ ਰਾਜਨੀਤਕ ਪਾਰਟੀਆਂ ਆਪੋ-ਆਪਣੀ ਜਿਤ ਲਈ ਜੋਰ-ਅਜ਼ਮਾਈ ਕਰਨ ਲਈ ਪੂਰੀ ਕੋਸ਼ਿਸ਼ ਵਿੱਚ ਜੁਟ ਗਈਆਂ ਹਨ। ਪਰ ਕਰੋਨਾ-19 ਮਹਾਮਾਰੀ, ਗੰਭੀਰ ਆਰਥਿਕ ਸੰਕਟ, ਮੂਲ ਵਾਸੀ ਤੇ ਪ੍ਰਵਾਸੀ ਲੋਕਾਂ ਦੇ ਮਸਲੇ, ਬੇਰੁਜ਼ਗਾਰੀ ਅਤੇ ਅਫਗਾਨੀ ਸਮੱਸਿਆਂ ਤੇ ਪ੍ਰਵਾਸ ਕਾਰਨ ਹਾਲ ਦੀ ਘੜੀ ਦੇਸ਼-ਵਾਸੀਆਂ ਅੰਦਰ ਚੋਣਾਂ ਲਈ ਕੋਈ ਬਹੁਤਾ ਉਤਸ਼ਾਹ ਨਹੀਂ ਦਿਸ ਰਿਹਾ ਹੈ। ਜਿੱਥੇ ਲਿਬਰਲ ਮੁੜ ਗੱਦੀ ਮੱਲਣ ਲਈ ਝਾਕ ਰਹੇ ਹਨ, ਮੁੱਖ ਵਿਰੋਧੀ ਟੋਰੀ (ਕੰਜ਼ਰਵੇਟਿਵ) ਪਾਰਟੀ ਲੀਡਰਸ਼ਿਪ ਪੱਖੋਂ ਕਮਜੋਰ ਦਿਸ ਰਹੀ ਹੈ। ਇਸ ਦੇ ਉਲਟ ਐਨ.ਡੀ.ਪੀ. ਅਤੇ ਬਲਾਕ ਕਿਊਬੇਕ ਦੋਨੋ ਪਾਰਟੀਆਂ ਆਪਣੀ ਦਿਖ ਸੁਧਾਰਨ ਲਈ ਕੁਝ ਆਸਵੰਦ ਦਿਸਦੀਆਂ ਨਜ਼ਰ ਆ ਰਹੀਆਂ ਹਨ। ਕੈਨੇਡਾ ਦੇ ਲੋਕਾਂ ਸਾਹਮਣੇ ਜੋ ਭੱਖਦੇ ਮੱਸਲੇ ਹਨ, ਉਨ੍ਹਾਂ ਦੇ ਹਲ ਲਈ ਬੀਤੇ ਦੋ ਸਾਲਾਂ ਦੌਰਾਨ ਜਸਟਿਨ ਟਰੂਡੋ ਦੀ ਕਾਰਗੁਜਾਰੀ ਕਿੰਨੀ ਕੁ ਸਾਰਥਿਕ ਰਹੀ ਹੈ ਵੀ ਸਾਹਮਣੇ ਆ ਜਾਵੇਗੀ? ਤਿੰਨ-ਸਾਲਾਂ ਲਈ ਕੋਵਿਡ-19 ਨਾਲ ਸਿੱਝਣ ਲਈ ਆਰਥਿਕਤਾ ਨੂੰ ਹੁਲਾਰਾ ਦੇਣ ਲਈ 100-ਮਿਲੀਅਨ ਕੈਨੇਡੀਅਨ ਡਾਲਰ, ਜੋ ਜੀ.ਡੀ.ਪੀ. ਦਾ 3-ਫੀ ਸਦ ਤੇ 4-ਫੀ ਸਦ ਬਣਦਾ ਹੈ, 'ਉਸ ਦਾ ਅਮਲ ਲੋਕਾਂ ਨੂੰ ਇਸ ਸੰਕਟ ਵਿੱਚੋਂ ਬਾਹਰ ਕੱਢਣ ਲਈ ਕਿੰਨਾ ਸਹਾਈ ਹੋਵੇਗਾ? ਇਸ ਤੋਂ ਬਿਨ੍ਹਾਂ ਕਈ ਹੋਰ ਮੁੱਦੇ ਵੀ ਹਨ ਜਿਨ੍ਹਾਂ ਨੂੰ ਮੁੱਖ ਰੱਖਦਿਆਂ ਲੋਕ ਇਨ੍ਹਾਂ 'ਤੇ ਚਰਚਾ ਵੀ ਕਰਨਗੇ? ਕੈਨੇਡਾ ਦੇ ਮੂਲ ਵਾਸੀ ਲੋਕਾਂ ਦੇ ਮਸਲੇ, ਉਨ੍ਹਾਂ ਦੇ ਬੱਚਿਆਂ ਅਤੇ ਲੜਕੀਆਂ ਦੇ ਸੱਭਿਆਚਾਰ ਦੇ ਨਰ-ਸੰਘਾਰ ਲਈ 'ਦੋਸ਼ੀ ਲੋਕਾਂ ਨੂੰ ਸਜ਼ਾ ਦੇਣ ਲਈ ਨਸਲਵਾਦ ਵਿਰੁਧ ਹਾਕਮਾਂ ਨੇ ਕੀ ਸਾਰਥਿਕ ਕਦਮ ਚੁੱਕੇ ਹਨ, ਵੀ ਚਰਚਾ 'ਚ ਰਹਿਣਗੇ?

ਭਾਵੇ ਟਰੂਡੋ ਨੇ ਮੱਧਕਾਲੀ ਚੋਣਾਂ ਦਾ ਐਲਾਨ ਕਰ ਦਿੱਤਾ ਹੈ, ਪਰ ਵਿਰੋਧੀ ਧਿਰਾਂ ਇਸ ਨੂੰ ਦੇਸ਼ ਲਈ ਮੰਦ ਭਾਗਾ ਦੱਸ ਰਹੀਆਂ ਹਨ। ਘੱਟ ਗਿਣਤੀ ਟਰੂਡੋ ਸਰਕਾਰ ਨੂੰ ਕਈ ਵਿਤੀ ਬਿਲ ਪਾਸ ਕਰਾਉਣ ਲਈ ਦੂਸਰੀਆਂ ਪਾਰਟੀਆ ਵੱਲ ਝਾਕਣਾ ਪੈਂਦਾ ਸੀ। ਕਰੋਨਾ ਕਾਲ ਦੌਰਾਨ ਲੋਕਾਂ ਨੂੰ ਦਿੱਤੀਆਂ ਸਹੂਲਤਾਂ ਦਾ ਸਿਆਸੀ ਲਾਹਾ ਲੈਣ ਲਈ ਟਰੂਡੋ ਵੱਗਦੀ ਗੰਗਾ 'ਚ ਹੱਥ ਧੋਣਾ ਚਾਹੁੰਦਾ ਹੈ, ਇਹ ਬਿਆਨ ਟੋਰੀ ਆਗੂ ਐਰਿਨ-ਓ-ਟੂਲ ਨੇ ਦਿੱਤਾ ਜਦ ਕਿ ਸਰਕਾਰ ਨੂੰ ਕਰੋਨਾ ਦੀ ਚੌਥੀ ਲਹਿਰ ਨਾਲ ਸਿੱਝਣ ਵੱਲ ਧਿਆਨ ਦੇਣਾ ਚਾਹੀਦਾ ਸੀ। ਪਿਛਲੇ ਦਿਨੀ ਹੋਏ ਚੋਣ ਸਰਵੇਖਣਾਂ ਵਿੱਚ ਲਿਬਰਲ ਪਾਰਟੀ ਦੀ ਭਾਵੇ ਚੜ੍ਹਤ ਦਿਖਾਈ ਗਈ ਹੈ, ਪਰ ਵਿਰੋਧੀ ਪਾਰਟੀਆਂ ਇਨ੍ਹਾਂ ਸਰਵੇਖਣਾਂ ਦਾ ਪਿਛੋਕੜ ਦੇਖ ਕੇ ਇਨ੍ਹਾਂ ਅਨੁਮਾਨਾਂ ਨੂੰ ਗਲਤ ਕਰਾਰ ਦੱਸ ਰਹੀਆਂ ਹਨ। ਦੇਸ਼ ਇਸ ਵੇਲੇ ਕੋਵਿਡ-19 ਦੀ ਮਹਾਂਮਾਰੀ ਕਾਰਨ ਕਰਜ਼ੇ ਨਾਲ ਵਿੰਨਿਆ ਹੋਇਆ ਹੈ। ਲੋਕਾਂ ਅਤੇ ਵਪਾਰੀਆਂ ਨੂੰ ਬਚਾਉਣ ਲਈ ਸਰਕਾਰ ਵੱਲੋ ਦਿੱਤੀ ਆਰਥਿਕ ਛੱਤਰੀ ਕਾਰਨ ਦੇਸ਼ ਕਰਜ਼ੇ ਹੇਠ ਆਇਆ ਹੋਇਆ ਹੈ। ਇਸ ਵੇਲੇ ਭਾਵੇ ਲਿਬਰਲ, ਟੋਰੀਆਂ ਨਾਲੋਂ ਅੱਗੇ ਚਲ ਰਹੇ ਹਨ, ਪਰ ਅੰਤਲੇ ਗੇੜ ਤਕ ਪੁੱਜਦੇ ਨਤੀਜਾ ਕੀ ਹੋਵੇਗਾ ਕੁਝ ਕਿਹਾ ਨਹੀਂ ਜਾ ਸਕਦਾ ? 338 ਦੇ ਹਾਊਸ ਅੰਦਰ ਅਗਲੀ ਸਰਕਾਰ ਬਣਾਉਣ ਲਈ ਜੇਤੂ ਧਿਰ ਨੂੰ 170 ਸੀਟਾਂ ਤੋਂ ਵੱਧ ਲੀਡ ਚਾਹੀਦੀ ਹੈ।

ਕੈਨੇਡਾ ਦੀ ਰਾਜਨੀਤੀ ਦੇ ਰਸਾਇਣਿਕ-ਵਿਗਿਆਨ ਤੇ ਵੀ ਇਕ ਝਾਤ ਮਾਰਨੀ ਜ਼ਰੂਰੀ ਹੈ। 43-ਵੀਂ ਸੰਸਦ ਦੀਆਂ 338 ਸੀਟਾਂ ਲਈ ਵੱਖ ਵੱਖ ਪਾਰਟੀਆਂ ਨੂੰ 21-ਅਕਤੂਬਰ, 2019 ਨੂੰ ਪਈਆ ਵੋਟਾਂ ਦੀ ਕਾਰਗੁਜ਼ਾਰੀ ਦਾ ਵਿਸ਼ਲੇਸ਼ਣ ਹੇਠਾਂ ਦਿੱਤਾ ਗਿਆ ਹੈ, ਉਸ ਨੂੰ ਵੀ ਧਿਆਨ ਵਿੱਚ ਰੱਖਣਾ ਪਏਗਾ ?

ਲੜੀ ਨੰ: ਪਾਰਟੀ ਆਗੂ ਪ੍ਰਾਪਤ ਸੀਟਾਂ ਹੁਣ ਸੀਟਾਂ ਵੋਟ ਫੀਸਦ ਪਾਰਟੀ ਦਾ ਨਾਂ

1) ਜਸਟਿਨ ਟਰੂਡੋ 157 155 33.12% ਲਿਬਰਲ ਪਾਰਟੀ

2) ਐਰਿਨ-ਓ-ਟੂਲ 121 119 34.34% ਕੰਜ਼ਰਵੇਟਿਵ (ਟੋਰੀ) ਪਾਰਟੀ

3) ਵਾਈ.ਐਫ.ਬਲੰਕਟ 32 32 7.63% ਬਲਾਕ ਕਿਊ ਬੇਕ

4) ਜਗਮੀਤ ਸਿੰਘ 24 24 15.98% ਐਨ.ਡੀ.ਪੀ.

5) ਅਨਾਮੀ ਪਾਲ 3 2 6.55% ਗਰੀਨ ਪਾਰਟੀ

(ਵਿਕੀ ਪੇਡੀਆ)

ਚੋਣ ਪ੍ਰਕਿਰਿਆ ਵੋਟਰ ਕੌਣ:

20-ਸਤੰਬਰ, 2021 ਨੂੰ ਕੈਨੇਡਾ ਦੀ 44-ਵੀਂ ਸੰਸਦ ਲਈ ਪੈ ਰਹੀਆਂ ਵੋਟਾਂ ਲਈ 18-ਸਾਲ ਦਾ ਬਾਲਗ ਜੋ ਕੈਨੇਡੀਅਨ ਸਿਟੀਜ਼ਨ ਹੋਵੇ, ਆਪਣੀ ਆਈ.ਡੀ. ਦਿਖਾ ਕੇ 20-ਸਤੰਬਰ, 2021 ਨੂੰ ਜਾਂ ਇਸ ਤੋਂ ਪਹਿਲਾਂ ਅਡਵਾਂਸ-10,11,12,13 ਸਤੰਬਰ, 2021 ਨੂੰ ਨੀਅਤ ਪੋਲਿੰਗ ਸਥਾਨ ਤੇ ਵੋਟ ਪਾ ਸਕਦਾ ਹੈ। (ਕੈਨੇਡਾ ਚੋਣ ਕਮਿਸ਼ਨ) ਕੈਨੇਡਾ ਅੰਦਰ ਦੋ ਹਾਊਸ ਹਨ, ਹਾਊਸ ਆਫ ਕਾਮਨ (ਲੋਕ ਸਭਾ) 338-ਮੈਂਬਰ ਅਤੇ ਸੈਨੇਟਰ 105-ਮੈਂਬਰ ਭਾਵ ਦੋ ਟਾਇਰ ਸਿਸਟਮ ਹੈ। ਦੇਸ਼ ਦਾ ਪ੍ਰਧਾਨ ਮੰਤਰੀ ਹਾਊਸ ਆਫ ਕਾਮਨ 'ਚ ਸਭ ਤੋਂ ਵੱਡੀ ਪਾਰਟੀ ਜਾਂ ਸਾਂਝਾ ਮੋਰਚਾ ਜਾਂ 170 ਸੀਟਾਂ ਦੀ ਬਹੁਮਤ ਵਾਲੀ ਪਾਰਟੀ ਵੱਲੋ ਬਣਦਾ ਹੈ। ਜਿਸ ਦਾ ਰਾਜ ਕਾਲ 4-ਸਾਲ ਹੁੰਦਾ ਹੈ। ਪਰ ਵਿਧਾਨਕ ਕਾਰਨਾਂ ਕਾਰਨ ਉਹ ਪਹਿਲਾ ਵੀ ਹੱਟ ਸਕਦਾ ਜਾਂ ਹਟਾਇਆ ਜਾ ਸਕਦਾ ਹੈ।

**ਕੈਨੇਡਾ ਦੀ ਆਰਥਿਕਤਾ**: 20-ਸਤੰਬਰ, 2021 ਨੂੰ ਕੈਨੇਡਾ ਅੰਦਰ ਹੋ ਰਹੀਆਂ ਮੱਧ-ਕਾਲੀ ਸੰਸਦ ਚੋਣਾਂ ਸਮੇਂ ਕੌਮਾਂਤਰੀ ਵਿਤੀ ਪੂੰਜੀ ਦੀ ਅਗਵਾਈ ਅਧੀਨ ਸਾਮਰਾਜੀ ਵਿਸ਼ਵੀਕਰਨ ਉਨ੍ਹਾਂ ਸਾਰੇ ਢੰਗ ਤਰੀਕਿਆਂ ਰਾਹੀਂ ਪੂੰਜੀ ਸੰਗ੍ਰਹਿ ਦੀ ਪ੍ਰਕਿਰਿਆ ਨੂੰ ਤੇਜ਼ ਕਰਨਾ ਜਾਰੀ ਰੱਖ ਰਿਹਾ ਹੈ। ਭਾਵੇਂ ਪੂੰਜੀ ਨੂੰ ਜ਼ੋਰ-ਜ਼ਬਰੀ ਹਥਿਆਉਣ ਰਾਹੀ ਸੰਗ੍ਰਹਿ ਕਰਨਾ ਹੈ। ਇਹ ਪ੍ਰਕਿਰਿਆ ਪੂੰਜੀਵਾਦੀ ਸ਼ੋਸ਼ਣ ਨੂੰ ਹੋਰ ਤੇਜ ਕਰ ਰਹੀ ਹੈ। ਜਿਸ ਦੇ ਫਲਸਰੂਪ ਆਰਥਿਕ ਨਾ-ਬਰਾਬਰੀਆਂ ਬੇਮਿਸਾਲ ਪੱਧਰ ਤਕ ਵੱਧ ਰਹੀਆਂ ਹਨ ਅਤੇ ਕੈਨੇਡਾ ਦੀ ਵੱਸੋ ਦੀ ਵਿਸ਼ਾਲ ਬਹੁ-ਗਿਣਤੀ ਦੀ ਗੁਰਬਤ ਵੱਧ ਰਹੀ ਹੈ। ਕਿਉਂਕਿ ਇਸ ਦੇ ਫਲਸਰੂਪ ਨਵ-ਉਦਾਰਵਾਦ ਖੁਦ ਹੀ ਸੰਕਟ ਵਿੱਚ ਧਸ ਰਿਹਾ ਹੈ। ਕੈਨੇਡਾ ਦੀ ਆਰਥਿਕਤਾ ਦਾ ਸੰਕਟ ਹੋਰ ਵੀ ਡੂੰਘਾ ਹੁੰਦਾ ਜਾਵੇਗਾ ਤੇ ਕੋਵਿਡ-19 ਕਾਰਨ ਇਸ ਦਾ ਭਾਰ ਲੋਕਾਂ ਤੇ ਪੈਣਾ ਲਾਜਮੀ ਹੋਵੇਗਾ। ਕੈਨੇਡਾ ਦੀ 3,81,10,901 ਆਬਾਦੀ (15-08-2021) ਵਿਚੋਂ 9-ਵਿਅਕਤੀਆਂ 'ਚ ਇਕ-ਕੈਨੇਡੀਅਨ ਗਰੀਬੀ ਦੀ ਰੇਖਾ ਤੋਂ ਹੇਠਾਂ, ਭਾਵ 11-ਫੀ ਸਦ ਲੋਕ ਗਰੀਬ ਹਨ। ਕੈਨੇਡਾ ਅੰਦਰ ਇਕ-ਘੰਟਾ ਦੀ ਉਜ਼ਰਤ 15-ਕੈਨੇਡੀਅਨ ਡਾਲਰ ਹੈ ਤੇ ਸਾਲਾਨਾ ਆਮਦਨ 60,000 ਡਾਲਰ ਘੱਟੋ ਘੱਟ ਚਾਹੀਦੀ ਹੈ। (18-08-2020)। ਇਸ ਵੇਲੇ 30-ਫੀਸਦ ਰਹਿ ਰਹੀਆਂ ਇਕੱਲੀਆਂ ਇਸਤਰੀਆਂ, 34-ਫੀ ਸਦ ਵਿਕਲਾਂਗ ਅਤੇ 16-ਫੀ ਸਦ ਸੀਨੀਅਰ ਕੈਨੇਡੀਅਨ ਗਰੀਬੀ ਨਾਲ ਜੂਝ ਰਹੇ ਹਨ। 1800-ਸਕੂਲਾਂ ਦੇ ਬੱਚਿਆਂ ਨੂੰ 66-ਮਿਲੀਅਨ ਭੋਜਨ ਪੈਕੇਟ ਦੇਣ ਦੀ ਲੋੜ ਪਈ। ਭਾਵ ਲੋਕੀ ਭੁੱਖ ਨਾਲ ਜੂਝ ਰਹੇ ਹਨ। (ਗਲੋਬਲ)।

44-ਵੀਂ ਸੰਸਦ ਦੀਆਂ ਚੋਣਾਂ ਦੌਰਾਨ 3.7 ਮਿਲੀਅਨ ਕੈਨੇਡੀਅਨ ਜਿਹੜੇ ਗਰੀਬੀ ਦੀ ਰੇਖਾ ਤੋਂ ਹੇਠਾਂ ਜੀਅ ਰਹੇ ਹਨ, 'ਉਨ੍ਹਾਂ ਦੀਆਂ ਸਿਹਤ ਸਬੰਧੀ ਸਹੂਲਤਾਂ ਲਈ, ਭੋਜਨ ਦੀ ਕਮੀ ਦੂਰ ਕਰਨ, ਆਮਦਨ ਦਾ ਪਾੜਾ ਘਟਾਉਣਾ, ਸਾਖਰਤਾ ਦਰ ਵਧਾਉਣ ਤੇ 5.0 ਫੀ ਸਦ ਕੈਨੇਡੀਅਨ ਜੋ ਘੋਰ ਗਰੀਬੀ 'ਚ ਰਹਿ ਰਹੇ

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE
For More Information Call:
HARCHARAN PARHAR
Cell: 403.681.8689 Email: parharinsurance@gmail.com www.parharinsurance.com



Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca

ਹਨ ਉਨ੍ਹਾਂ ਨੂੰ ਉੱਚਾ ਚੁੱਕਣ, ਤੇ ਸਿੱਖਿਆ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਵੋਟਾਂ ਮੰਗਣ ਲਈ ਆਉਣ ਵਾਲੇ ਸਿਆਸਤਦਾਨਾਂ ਤੋਂ ਉਨ੍ਹਾਂ ਦੀ ਪਿਛਲੀ ਕਾਰਗੁਜ਼ਾਰੀ ਸਬੰਧੀ ਸਵਾਲ ਜਰੂਰ ਪੁੱਛਣੇ ਬਣਦੇ ਹਨ? ਆਉਣ ਵਾਲੇ ਭਵਿੱਖ ਲਈ ਉਨ੍ਹਾਂ ਦੇ ਵਾਹਦੇ ਕੀ ਹੋਣਗੇ ਜਾਣਨਾ ਵੀ ਜਰੂਰੀ ਹੈ ? ਕੈਨੇਡਾ ਦੀ ਜੀ.ਡੀ.ਪੀ. 1.88 ਟ੍ਰੀ ਲੀਅਨ ਹੈ,ਜੋ ਰੈਂਕ ਵਿੱਚ 9-ਵੀ ਥਾਂ (2021) ਹੈ। ਭਾਵ ਕੈਨੇਡਾ, 'ਚੀਨ ਤੋਂ ਵੀ ਕਾਫੀ ਹੇਠਾਂ ਹੈ। ਵਾਧਾ ਦਰ 1.7 ਫੀ ਸਦ ਜੋ 2019 ਨੂੰ ਸੀ ਤੇ 6.1 ਫੀ ਸਦ (2021-ਕ) ਕਿਆਸੀ ਹੈ। ਪ੍ਰਤੀ ਜੀਅ ਸਲਾਨਾ ਆਮਦਨ 51,713 ਕੈਨੇਡੀਅਨ ਡਾਲਰ 2021-ਪੀ.ਪੀ.ਪੀ. ਹੈ (ਵਿਕੀ ਪੇਡੀਆ)। ਚੌਥਾ ਕੋਵਿਡ-19 ਫੈਲਣ ਦੀਆਂ ਸੰਭਾਵਨਾਵਾਂ ਬਣੀਆਂ ਹੋਈਆਂ ਹਨ ਤਾਂ ਅਜਿਹੇ ਹਲਾਤਾਂ ਅੰਦਰ ਦੇਸ਼ ਅੰਦਰ ਚੋਣਾਂ ਦੀ ਸਾਰਥਿਕਤਾ ਕਿੰਨੀ ਕੁ ਠੀਕ ਹੋਵੇਗੀ, ਇਸ ਦਾ ਫੈਸਲਾ ਵੀ ਵੋਟਰਾਂ ਨੂੰ ਕਰਨਾ ਪਏਗਾ? ਕੈਨਡਾ ਦੀ 3,81,10,901 (15-8-2021) ਦੀ ਵੱਸੋ ਵਿੱਚੋ ਪੰਜਾਬੀ 7-ਲੱਖ ਭਾਵ 2-ਫੀ ਸਦ ਤੇ ਸਿੱਖ 5-ਲੱਖ ਭਾਵ 1.4 ਸਦ ਸਨ। ਜਿਨ੍ਹਾਂ ਵਿੱਚੋਂ 13-ਸਿੱਖ ਐਂਪੀ ਲਿਬਰਲ, 4-ਐਂਪੀ ਟੋਰੀ ਤੇ ਇਕ-ਐਂਪੀ ਐਨ.ਡੀ.ਪੀ. ਭਾਵ ਕੁਲ 18-ਸੰਸਦ ਸਿੱਖ ਮੈਂਬਰ (12-ਮਰਦ + 6-ਇਸਤਰੀ) 43-ਵੀਂ ਸੰਸਦ ਲਈ ਚੁਣੇ ਗਏ ਸਨ। ਲੋਕਾਂ ਦੇ ਮੱਸਲੇ ਖਾਸ ਕਰਕੇ ਪ੍ਰਵਾਸ, ਪ੍ਰਵਾਸੀ ਵਿਦਿਆਰਥੀਆਂ ਅਤੇ ਸੁਪੰਨਸਰਸ਼ਿਪ ਸਬੰਧੀ ਜੋ ਮੁਸ਼ਕਲਾਂ ਹਨ ਉਨ੍ਹਾਂ ਦੇ ਹਲ ਲਈ ਸਾਡੇ ਉਪਰੋਕਤ ਸੰਸਦ ਕਿੰਨੇ ਕੁ ਸੁਹਿਰਦ ਰਹੇ, ਵੀ ਜਾਨਣਾ ਚਾਹੀਦਾ ਹੈ।

ਰਾਜਨੀਤਕ ਤੌਰ 'ਤੇ ਕੈਨੇਡਾ ਦੀ ਰਾਜਨੀਤੀ ਕਿਸ ਰੁੱਖ ਵੱਲ ਮੋੜਾ ਕੱਟੇਗੀ, ਵੀ ਜਾਨਣਾ ਜਰੂਰੀ ਹੈ। ਕੈਨੇਡਾ ਪੂੰਜੀਵਾਦੀ ਕਾਰਪੋਰੇਟੀ, ਪ੍ਰਵਾਸੀ ਗੋਰਿਆ ਦਾ ਪ੍ਰਣਾਇਆ ਹੋਇਆ ਦੇਸ਼ ਹੈ। 1867 ਤੋਂ ਇਹ ਦੋ ਪਾਰਟੀ ਸਿਸਟਮ ਵਾਲਾ ਪਾਰਲੀਮਾਨੀ ਜਮਹੂਰੀ ਦੇਸ਼ ਹੈ। ਜੋ ਕੇਂਦਰ ਤੋਂ ਸੱਜੇ ਪੱਖੀ ਹੈ, ਪਰ ਕਦੀ ਧੁਰ ਸੱਜੇ ਤੇ ਕਦੀ ਦਿਖ ਵੱਜੋ ਖੱਬੇ ਪੱਖੀ ਦਿਸਦਾ ਹੈ। ਸਾਮਰਾਜ ਨਾਲ ਡੱਟ ਕੇ ਖੜਾ, ਪੱਛਮੀ ਤੇ ਇਸਾਈਅਤ ਸੋਚ ਵਾਲਾ ਨਾਟੋ ਸੰਗ ਦ੍ਰਿੜਤਾ ਨਾਲ ਪੂੰਜੀਵਾਦੀ ਨਿਸ਼ਾਨੇ ਫੁੰਡਣ ਲਈ ਅੱਗੇ ਵੱਧਦਾ ਉਤਰੀ ਅਮਰੀਕਾ ਦਾ ਇਹ ਸੰਸਾਰ ਅੰਦਰ ਸਭ ਤੋਂ ਵੱਡਾ ਦੂਸਰਾ ਦੇਸ਼ ਹੈ। ਦੇਸ਼ ਅੰਦਰ 19-ਰਜਿਸਟਰਡ ਪਾਰਟੀਆਂ ਜਿਨ੍ਹਾਂ ਵਿੱਚੋਂ ਲਿਬਰਲ, ਟੋਰੀ, ਕਿਊਬੇਕ, ਐਨ.ਡੀ.ਪੀ. ਤੇ ਗਰੀਨ ਪਾਰਟੀ ਦੀ ਸੰਸਦ ਅੰਦਰ ਨੁਮਾਇੰਦਗੀ ਹੈ। ਬਾਕੀ 14-ਪਾਰਟੀਆਂ ਜਿਵੇਂ ਕਮਿਊਨਿਸਟ ਪਾਰਟੀ, ਫਰੀ ਪਾਰਟੀ, ਐਮ.ਐਲ.ਪਾਰਟੀ ਆਦਿ ਜਿਨ੍ਹਾਂ ਦਾ ਸੰਸਦ 'ਚ ਕੋਈ ਮੈਂਬਰ ਨਹੀਂ ਹੈ। ਪਰ ਧਾਰਾ 402, 410, 413, 414, 415 ਅਧੀਨ 19-ਡੀ ਰਜਿਸਟਰਡ ਪਾਰਟੀਆਂ ਵੀ ਹਨ ਜੋ ਰਾਜਨੀਤੀ ਵਿੱਚ ਹਿਸਾ ਲੈ ਸਕਦੀਆਂ ਹਨ। ਕਮਿਊਨਿਸਟ ਪਾਰਟੀ ਆਫ ਕੈਨੇਡਾ ਨੂੰ ਛੱਡ ਕੇ ਸਭ ਪਾਰਟੀਆਂ ਪੂੰਜੀਵਾਦੀ, ਕਾਰਪੋਰੇਟੀ ਸਜੇ ਪੱਖੀ ਤੇ ਕਈ ਨਸਲਵਾਦੀ ਸੋਚ ਵਾਲੀਆਂ ਪਾਰਟੀਆਂ ਹਨ। ਅੱਜ ਤੱਕ ਇਕ-ਦੋ ਵਾਰ ਨੂੰ ਛੱਡ ਕੇ 154 ਸਾਲਾਂ ਤੋਂ ਕੈਨੇਡਾ ਦੀਆਂ 43-ਵਾਰ ਹੋਈਆਂ ਸੰਸਦੀ ਚੋਣਾਂ ਅੰਦਰ, '25-ਵਾਰ ਲਿਬਰਲ ਅਤੇ 17-ਵਾਰ ਟੋਰੀ (ਕੰਜ਼ਰਵੇਟਿਵ) ਹੀ ਕੈਨੇਡਾ ਅੰਦਰ ਰਾਜਨੀਤੀ ਤੇ ਭਾਰੂ ਰਹੇ ਹਨ। ਰਾਜਨੀਤਕ ਤੌਰ 'ਤੇ ਇਹ ਸਪੱਸ਼ਟ ਹੈ, 'ਕਿ ਕੈਨੇਡਾ ਅੰਦਰ ਇਹ ਦੋਨੋ ਪਾਰਟੀਆਂ ਹੀ ਭਾਰੂ ਰਹੀਆਂ ਹਨ ਤੇ ਇਹ ਦੋਨੋ ਦੇਸ਼ ਦੇ ਲੋਕਾਂ ਦੀਆਂ ਦੁਸ਼ਵਾਰੀਆਂ ਲਈ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀਆਂ ਹਨ ?

ਕੈਨੇਡਾ ਅੰਦਰ ਸੰਵਿਧਾਨਕ ਤੌਰ 'ਤੇ ਭਾਵੇਂ ਹਰ ਇਕ ਨੂੰ ਬਰਾਬਰਤਾ, ਇਨਸਾਫ਼, ਬਹੁ ਸੱਭਿਆਚਾਰੀ-ਅਨੇਕਤਾ, ਬਹੁ-ਭਸ਼ਾਈ ਸਤਿਕਾਰ ਤੇ ਬਰਾਬਰਤਾ ਦੇ ਮੌਕੇ ਦੇਣ ਦੀ ਗੱਲ ਕਹੀ ਹੋਈ ਹੈ। ਇਸ ਦੀ ਪ੍ਰੋੜਤਾ ਲਈ ਸੰਯੁਕਤ ਰਾਸ਼ਟਰ ਅੰਦਰ ਦਸਤਖਤ (ਸਹੀ ਪਾਈ ਹੋਈ) ਵੀ ਕੀਤੇ ਹੋਏ ਹਨ। ਪਰ ਇਸ ਦੇਸ਼ ਦੇ ਮੂਲ ਵਾਸੀ ਜੋ ਅਸਲੀ ਵਾਰਸ ਅਤੇ ਮਾਲਕ ਹਨ ਜੋ ਅੱਜ ਥਾਂ-ਥਾਂ ਭਟਕ ਰਹੇ ਹਨ, ਉਨ੍ਹਾਂ ਨੂੰ ਹੱਕ ਦੇਣ ਤੋਂ ਹਾਕਮ ਪਿਛਲੇ 154 ਸਾਲਾਂ ਤੋਂ ਹੀ ਹੁਕਮ ਅਦੂਲੀ ਕਰਦੇ ਆ ਰਹੇ ਹਨ। ਕੈਨੇਡਾ ਦੀ ਰਾਜਨੀਤੀ ਅੰਦਰ ਵਾਰੋ-ਵਾਰੀ ਸਤਾ ਤੇ ਕਾਬਜ਼ ਹੋਣ ਵਾਲੇ ਲਿਬਰਲ ਤੇ ਟੋਰੀ ਸਦਾ ਹੀ ਆਪਣੀ ਭਾਰੂ ਪੂੰਜੀਵਾਦੀ ਕਾਰਪੋਰੇਟ-ਪੱਖੀ, ਸੱਜੇ ਤੇ ਇਸਾਈਅਤ ਪ੍ਰਭਾਵਤ ਵਾਲੀ ਰਾਜਨੀਤੀ ਜਰੀਏ ਨਸਲਵਾਦੀ ਹੈਂਕੜ ਰਾਹੀਂ ਮੂਲ ਵਾਸੀ ਲੋਕਾਂ ਦੇ ਸੱਭਿਆਚਾਰ, ਬੋਲੀ ਤੇ ਰਿਵਾਜ਼ ਦੇ ਖਾਤਮੇ ਲਈ ਸੀਖ ਭਾਰ ਖੜੇ ਹੋਏ ਪਏ ਹਨ। ਮੂਲ ਵਾਸੀ ਲੋਕਾਂ ਦੇ ਹਜ਼ਾਰਾਂ ਬੱਚਿਆਂ ਦੀ ਨਸਲਕੁਸ਼ੀ ਲਈ ਪਿਛਲੇ 150 ਸਾਲਾਂ ਤੋਂ ਰਿਹਾਇਸ਼ੀ ਸਕੂਲਾਂ ਅੰਦਰ ਜੋ ਤਾਂਡਵ ਨਾਚ ਇਸਾਈ ਸਕੂਲ ਦੇ ਪ੍ਰਬੰਧਕਾਂ ਵੱਲੋਂ ਖੇਡਿਆ ਜਾਂਦਾ ਰਿਹਾ, ਅੱਜ ਸਾਰਾ ਸੰਸਾਰ ਉਸ ਕਾਰੇ ਦੀ ਨਿੰਦਾ ਕਰ ਰਿਹਾ ਹੈ। ਪਰ ਕੈਨੇਡਾ ਦੇ ਰਾਜਸਤਾ ਤੇ ਕਾਬਜ਼ ਰਹੇ ਹਾਕਮ, 'ਗੁਨਾਹਗਾਰਾਂ ਨੂੰ ਸਜ਼ਾ ਦੇਣ ਨੂੰ ਤਿਆਰ ਨਹੀਂ ਸਨ। ਇਸੇ ਤਰ੍ਹਾਂ ਮੂਲਵਾਸੀ ਲੋਕਾਂ ਦੀਆਂ ਇਸਤਰੀਆਂ ਤੇ ਲੜਕੀਆਂ ਦੀ ਗੁੰਮਸ਼ੁਦਗੀ ਤੇ ਕਤਲਾਂ ਲਈ ਦੋਸ਼ੀ ਲੋਕਾਂ ਨੂੰ ਕੋਈ ਸਜ਼ਾਂ ਨਾ ਮਿਲਣੀ ਕਾਰਨ ਕੈਨੇਡਾ ਦੇ ਤਾਜ਼ਦਾਰਾਂ ਵਿਰੁਧ ਉਂਗਲੀਆਂ ਖੜ੍ਹੀਆ ਹੋ ਰਹੀਆਂ ਹਨ। "ਸਚਾਈ ਤੇ ਸਮਝੌਤਾ ਕਮਿਸ਼ਨ" ਦੀਆਂ ਸਿਫਾਰਿਸ਼ਾਂ ਦੀ ਅੱਜ ਤਕ ਅਮਲ ਵਿੱਚ ਕਾਰਵਾਈ ਨਾ ਹੋਣੀ, ਸਮੁੱਖੇ ਕੈਨੇਡੀਅਨ ਲੋਕਾਂ ਲਈ ਚਿੰਤਾ ਦਾ ਵਿਸ਼ਾ ਹੈ। ਇਨ੍ਹਾਂ ਸੰਸਦੀ ਚੋਣਾਂ ਅੰਦਰ ਮੂਲ ਵਾਸੀ ਲੋਕਾਂ ਦੇ ਮੱਸਲਿਆਂ ਦੇ ਹਲ ਲਈ ਆਵਾਜ਼ ਗੂੰਜਣੀ ਚਾਹੀਦੀ ਹੈ ਤੇ ਸਾਨੂੰ ਰਾਜਨੀਤਕ ਪਾਰਟੀਆਂ ਨੂੰ ਆਪਣੇ ਮੂੰਹ ਖੋਲ੍ਹਣ ਲਈ ਮਜਬੂਰ ਕਰ ਦੇਣਾ ਚਾਹੀਦਾ ਹੈ।

20-ਸਤੰਬਰ, 2021 ਨੂੰ ਕੈਨੇਡਾ ਅੰਦਰ ਹੋ ਰਹੀਆਂ ਮੱਧਕਾਲੀ ਚੋਣਾਂ ਅੰਦਰ ਆਪੋ ਆਪਣੀ ਝੰਡੀ ਗੱਡਣ ਲਈ ਸਾਰੀਆਂ ਰਾਜਨੀਤਕ ਪਾਰਟੀਆਂ ਨੇ ਜ਼ੋਰ-ਸ਼ੋਰ ਨਾਲ ਤਿਆਰੀਆਂ ਅਰੰਭ ਦਿੱਤੀਆਂ ਹਨ। ਲਿਬਰਲ ਧਿਰ ਬਹੁ-ਗਿਣਤੀ ਪ੍ਰਾਪਤ ਕਰਨ ਲਈ ਕਰੋਨਾ ਮਹਾਮਾਰੀ ਤੋਂ ਬਾਦ ਦੇਸ਼ ਚਲਾਉਣ ਲਈ ਨਵੀਂ ਸਰਕਾਰ ਦੇ ਗਠਨ ਲਈ ਮੌਕਾ ਮਿਲਣਾ ਚਾਹੀਦਾ ਹੈ। ਦੂਸਰੇ ਪਾਸੇ ਵਿਰੋਧੀ ਖੇਮੇ ਦਾ ਵਿਚਾਰ ਹੈ, 'ਕਿ ਇਸ ਸੰਕਟ ਦੌਰਾਨ ਅਡਵਾਂਸ ਚੋਣਾਂ ਕਰਾਉਣੀਆਂ ਲੋਕਾਂ ਉਪਰ 61-ਕਰੋੜ ਡਾਲਰ ਦਾ ਖਰਚਾ ਥੋਪਣਾ ਹੈ। ਜਦ ਕਿ 19-ਅਕਤੂਬਰ, 2019 ਵੇਲੇ 43-ਵੀਂ ਸੰਸਦ ਲਈ ਹੋਈਆਂ ਚੋਣਾਂ ਦੌਰਾਨ ਪਹਿਲਾ ਹੀ ਸਰਕਾਰੀ ਖਰਚਾ 52-ਕਰੋੜ ਡਾਲਰ ਆਇਆ ਸੀ। ਅੱਜ ਕੈਨੇਡਾ ਦੀ ਆਰਥਿਕਤਾ ਲੀਰੋ-ਲੀਰ ਹੋਈ ਪਈ ਹੈ। ਦੇਸ਼ ਅੰਦਰ ਅੰਦਰੂਨੀ ਹਾਲਤ ਅਤੇ ਵਿਦੇਸ਼ ਨੀਤੀ ਦੀ ਪਿੱਠ ਭੂਮੀ ਅੰਦਰ ਕੋਈ ਫਰਕ ਨਹੀਂ ਦਿਸਦਾ ਹੈ। ਇਸ ਵੇਲੇ ਪ੍ਰਵਾਸ, ਰੁਜ਼ਗਾਰ, ਮਕਾਨਾਂ ਦੀ ਸਮੱਸਿਆਂ, ਆਵਾਜਾਈ ਦੇ ਸਾਧਨਾਂ ਦੀ ਘਾਟ, ਕਰੋਨਾ ਕਾਰਨ ਹੋਏ ਸਿਖਿਆ ਅੰਦਰ ਨੁਕਸਾਨ, ਨਸ਼ੇ, ਨਫ਼ਰਤੀ ਈਰਖਾ 'ਤੇ ਬੇਗਾਨਗੀ, ਸਿਨੀਅਰਜ਼ ਤੇ ਇਸਤਰੀਆਂ ਦੇ ਮੱਸਲੇ ਆਦਿ ਜੋ ਪਹਿਲ ਮੰਗਦੇ ਸਨ। ਉਨ੍ਹਾਂ ਦੇ ਹਲ ਲਈ ਪਿਛਲੇ ਤੇ ਹੁਣ ਦੇ ਹਾਕਮਾਂ ਦੇ ਵੋਟਰਾਂ ਨਾਲ ਕੀਤੇ ਦਾਅਵਿਆਂ ਦੀਆਂ ਹਕੀਕਤਾਂ ਅਤੇ ਬਿਆਨ-ਬਾਜ਼ੀਆ ਰਾਹੀਂ ਕੀਤੇ ਵਾਅਦੇ, ਖੁਦ ਦੇ 'ਵਿਰੋਧਾਭਾਸ਼ ਵਿਚੋਂ ਅੱਜ ਝਲਕ ਰਹੇ ਹਨ। ਇਸ ਲਈ ਕੈਨੇਡਾ ਦੇ ਸੁਚੇਤ ਵੋਟਰਾਂ ਨੂੰ ਆਪਣਾ ਤੇ ਦੇਸ਼ ਦਾ ਭਵਿੱਖ ਸੰਵਾਰਨ ਲਈ ਆਪਣੀ ਸ਼ਕਤੀ ਆਪਣੇ ਯਤਨਾਂ ਤੇ ਸੰਗਠਨਾਂ ਰਾਹੀ ਪੈਦਾ ਕਰਕੇ ਆਪਣੀਆਂ ਸਮੱਸਿਆਵਾਂ ਦੇ ਹਲ ਲੱਭਣੇ ਚਾਹੀਦੇ ਹਨ। ਇਸ ਲਈ ਵੋਟ ਪਾਉਣ ਤੋਂ ਪਹਿਲਾ ਪੇਸ਼ ਮੁੱਦਿਆ ਦੇ ਸਨਮੁੱਖ ਹਾਕਮਾਂ ਦੀ ਜਵਾਬਦੇਹੀ, ਪਾਰਦਰਸ਼ਤਾ ਤੇ ਜ਼ਿੰਮੇਵਾਰੀ ਵੀ ਪਰਖਣੀ ਬਣਦੀ ਹੈ।

ਕਿਉਂਕਿ ਕੈਨੇਡਾ ਜੋ ਨਾਟੋ ਦਾ ਮਹਾਂਬਲੀ ਨੈਬ ਹੈ, ਜਿਹੜੀ ਸ਼ਕਤੀ ਦੁਨੀਆਂ ਅੰਦਰ ਸਮਾਜਵਾਦੀ ਲਹਿਰਾਂ ਨੂੰ ਕੁਚਲਣ ਵਾਲੀ ਸੰਸਥਾ ਸੀ। ਉਸ ਉਪਰ ਦੇਸ਼ ਦੀ 1-1.5 ਫੀ ਸਦ ਜੀ.ਡੀ.ਪੀ. ਖਰਚ ਰਿਹਾ ਹੈ, ਜਦ ਕਿ ਦੇਸ਼ ਦੀ ਗਰੀਬੀ ਤੋਂ ਹੇਠਾਂ ਰਹਿ ਰਹੀ 3.7 ਮਿਲੀਅਨ ਜਨਤਾ ਦੀ ਬਾਂਹ ਨਹੀਂ ਫੜੀ ਜਾ ਰਹੀ ਹੈ। ਮੂਲਵਾਸੀ ਲੋਕਾਂ ਦੀਆਂ 108-ਬਸਤੀਆਂ (ਬੈਂਡ), 32-ਭਾਈਚਾਰਿਆ ਦੀ ਭਲਾਈ ਲਈ 5-ਸਾਲਾਂ ਲਈ ਨਿਗੂਣਾ ਜਿਹਾ 18-ਬਿਲੀਅਨ ਡਾਲਰ ਬਜਟ ਰੱਖਿਆ ਗਿਆ ਹੈ। ਉਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਸਬੰਧੀ ਰਾਜ਼ 70-ਫੀ-ਸਦ ਕੈਨੇਡਾ ਦੇ ਲੋਕਾਂ ਤੋਂ ਛੁਪਾ ਕੇ ਰੱਖਿਆ ਜਾਂਦਾ ਰਿਹਾ ਹੈ। ਸੰਯੁਕਤ ਰਾਸ਼ਟਰ ਵੱਲੋਂ ਪਾਸ ਮੱਤਿਆ ਦੀ ਅੱਜੇ ਤਕ ਸਰਕਾਰ ਵੱਲੋ ਪੂਰੀ ਤਰ੍ਹਾਂ ਪਾਲਣਾ ਨਹੀਂ ਹੋ ਰਹੀ ਹੈ। ਕੌਮਾਂਤਰੀ ਪੱਧਰ ਤੇ ਦਹਿਸ਼ਤ ਗਰਦੀ ਦੀ ਰੋਕ ਲਈ ਜਲਵਾਯੂ ਦੀ ਸੰਭਾਲ ਲਈ ਪੈਰਿਸ ਸੰਧੀ ਨੂੰ ਸਰਗਰਮ ਕਰਾਉਣ ਲਈ ਪਹਿਲ ਕਦਮੀ, ਦੁਨੀਆਂ ਅੰਦਰ ਜੰਗ ਰੋਕਣ ਲਈ ਸੰਸਾਰ ਅਮਨ, ਕਿਊਬਾ ਦੀ ਆਰਥਿਕ ਘੇਰਾਬੰਦੀ ਖਤਮ ਕਰਾਉਣ ਤੇ ਦੁਨੀਆਂ ਅੰਦਰ ਗਰੀਬੀ ਦੇ ਖਾਤਮੇ ਲਈ ਯਤਨ ਅਤੇ ਪ੍ਰਵਾਸ ਸਮੱਸਿਆ ਦਾ ਹੱਲ ਕਰਨਾ, ਸੰਸਾਰ ਅੰਦਰ ਚਲ ਰਹੀਆਂ ਆਰਥਿਕ ਆਜ਼ਾਦੀ ਅਤੇ ਜਮਹੂਰੀਅਤ ਲਈ ਸੰਘਰਸ਼ਸ਼ੀਲ ਲੋਕਾਂ ਦੀ ਹਮਾਇਤ, ਗਰੀਬ ਦੇਸ਼ਾਂ ਦੀ 20- ਜੀ ਦੇਸ਼ਾਂ ਵੱਲੋ ਮਦਤ ਚੀਨ ਨਾਲ ਸਬੰਧ ਸੁਧਾਰਨੇ ਅਤੇ ਸੰਯੁਕਤ-ਰਾਸ਼ਟਰ ਅੰਦਰ ਕੈਨੇਡਾ ਵਲੋ ਸਾਰਥਿਕ ਰੋਲ ਅਦਾ ਨਾ ਕਰਨਾ ਆਦਿ ਮੁੱਦੇ ਹਨ। ਜਿਨ੍ਹਾਂ ਪ੍ਰਤੀ 2008 ਤੋਂ ਸਾਬਕਾ ਪ੍ਰਧਾਨ ਮੰਤਰੀ ਹਾਰਪਰ ਤੋਂ ਲੈ ਕੇ 2021 ਤੱਕ ਟਰੂਡੋ ਦੇ ਰਾਜ ਭਾਗ ਅੰਦਰ ਕੈਨੇਡਾ ਦੀਆਂ ਅੰਦਰੂਨੀ ਅਤੇ ਵਿਦੇਸ਼ੀ ਨੀਤੀਆਂ ਦਾ ਕੋਈ ਸਪਸ਼ਟ ਨਜ਼ਰੀਆਂ ਸਾਹਮਣੇ ਨਹੀਂ ਆ ਰਿਹਾ ਹੈ। ਏਹੀ ਕਾਰਨ ਹੈ, 'ਕਿ ਕਈ ਕੌਮਾਂਤਰੀ ਮੰਚਾਂ 'ਤੇ ਕੈਨੇਡਾ ਆਪਣਾ ਸਪਸ਼ਟ ਪੱਖ ਨਾ ਰੱਖਣ ਕਰਕੇ ਜਾਂ ਪਹਿਲ ਕਦਮੀ ਨਾ ਕਰਨ ਕਰਕੇ ਸੰਯੁਕਤ ਰਾਸ਼ਟਰ ਦੇ ਸਥਾਈ ਮੰਚਾਂ ਦਾ ਮੈਂਬਰ ਬਣਨ 'ਚ ਸਫਲ ਨਹੀਂ ਹੋ ਸਕਣਾ ਹੈ ?

ਯੂਰਪੀ ਬਸਤੀਵਾਦੀ ਸਮੁੰਦਰੀ ਲੁਟੇਰਿਆ ਨੇ ਕੈਨੇਡਾ ਦੀ ਧਰਤੀ 'ਤੇ 14-ਵੀਂ ਸਦੀ ਦੇ ਅੰਤ 'ਚ ਕਬਜ਼ਾ ਕਰਕੇ ਗੋਰੇ ਪ੍ਰਵਾਸੀਆਂ ਵੱਲੋਂ ਕੈਨੇਡਾ ਦੇਸ਼ ਵਸਾਇਆ ਸੀ, ਇਥੋਂ ਦੇ ਅਸਲੀ ਮੂਲਵਾਸੀ ਇਨੂਟ, ਮੇਟੀਜ਼, ਕਰੀ, ਇਰੋਕੁਈਜ਼, ਅਲਜੋਨ ਕੁਈਜ ਜਿਨ੍ਹਾਂ ਦੀ ਗਿਣਤੀ 16,73,780 ਹੀ ਰਹਿ ਗਈ ਹੈ ਜੋ ਕੈਨੇਡਾ ਦੀ ਕੁਲ ਵੱਸੋ ਦਾ 4.9 ਫੀ ਸਦ ਹਿੱਸਾ ਹੈ, ਅੱਜ ਹਾਸ਼ੀਏ ਤੇ ਧੱਕ ਦਿੱਤੇ ਹੋਏ ਹਨ। ਉਨ੍ਹਾਂ ਦੀਆਂ ਸਮੱਸਿਆਵਾਂ ਅੰਦਰ ਉਨ੍ਹਾਂ ਪ੍ਰਤੀ ਨਫਰਤ, ਲਿੰਗਕ ਵਿਤਕਰਾ ਤੇ ਸੱਭਿਆਚਾਰਕ ਨਸਲਕੁਸ਼ੀ ਦਾ ਵਰਤਾਰਾ ਅੱਜੇ ਵੀ ਜਾਰੀ ਹੈ। ਉਨ੍ਹਾਂ ਲੋਕਾਂ ਨੂੰ ਪੂਰਾ ਪੂਰਾ ਮਾਣ-ਸਤਿਕਾਰ ਦੇਣ ਅਤੇ ਹਰ ਤਰ੍ਹਾਂ ਦੀ ਬਰਾਬਰਤਾ ਦੇਣ ਬਾਦ ਹੀ ਕੈਨੇਡਾ ਦੀ ਸਮਰਿਧੀ ਵਲ ਕਦਮ ਪੁੱਟੇ ਨਹੀਂ ਜਾ ਸਕਦੇ ਹਨ! ਪ੍ਰਵਾਸ ਲਈ ਜਮਹੂਰੀ-ਕਰਨ ਵਾਲੀ ਪਾਲਸੀ ਦੀ ਮੰਗ, 'ਜਿਸ ਰਾਹੀ ਪ੍ਰਵਾਸੀ ਪੀ.ਆਰ. ਨੂੰ ਆਪਣੇ ਮਾਂ-ਬਾਪ, ਦਾਦਾ-ਦਾਦੀ, ਨਾਨਾ-ਨਾਨੀ ਨਾਲ ਸਥਾਈ ਜੋੜਨ ਦਾ ਹੱਕ ਬਹਾਲ ਹੋਣਾ ਚਾਹੀਦਾ ਹੈ। ਆਮ ਕੈਨੇਡੀਅਨ ਦੀ ਪਹੁੰਚ ਤਕ ਸਿਹਤ, ਸਿਖਿਆ ਅਤੇ ਮਕਾਨ ਪ੍ਰਾਪਤੀ ਬਣਾਉਣ ਲਈ ਸਰਕਾਰ ਵਲੋਂ ਲੋੜੀਂਦੇ ਤੇ ਫੌਰੀ ਕਦਮ ਚੁੱਕੇ ਜਾਣੇ ਚਾਹੀਦੇ ਹਨ। ਕੈਨੇਡਾ ਦੇ ਅੰਕੜਾ ਵਿਭਾਗ ਅਨੁਸਾਰ ਇਸ ਵੇਲੇ ਬਹੁਤ ਸਾਰੇ ਨਾਗਰਿਕਾਂ ਪਾਸ ਇਕੱਠੀ ਹੋਈ 10-ਹਜਾਰ ਡਾਲਰ ਦੀ ਪੂੰਜੀ ਵੀ ਨਹੀਂ ਹੁੰਦੀ ਜੋ ਐਮਰਜੈਂਸੀ ਦੌਰਾਨ ਖਰਚੀ ਜਾ ਸਕੇ। ਬੱਚਿਆਂ ਦੀ ਦੇਖ-ਭਾਲ, ਸਮਾਜਿਕ-ਸੁਰੱਖਿਆ, ਘੱਟੋ-ਘੱਟ ਉਜ਼ਰਤ, ਢੁੱਕਵੀ ਹੈਲਥ ਕੇਅਰ, ਸੀਨੀਅਰ ਦੀ ਦੇਖਭਾਲ, ਲਿੰਗਕ ਹਿੰਸਾ, ਨਸ਼ਿਆ ਦੀ ਲਾਹਨਤ ਆਦਿ ਅਜਿਹੇ ਮੁੱਦੇ ਹਨ, ਜੋ ਭਾਵੇਂ ਉਹ ਸੂਬਿਆ ਤੇ ਕੇਂਦਰ ਨਾਲ ਜੁੜੇ ਹੋਏ ਹਨ। ਪਰ ਉਨ੍ਹਾਂ ਦਾ ਨਿਪਟਾਰਾ ਕੇਂਦਰ ਵੱਲੋ ਮਿਲੇ ਫੰਡਾਂ ਰਾਹੀ ਹੀ ਹੁੰਦਾ ਹੈ। ਪਰ ਆਏ ਸਾਲ ਇਨ੍ਹਾਂ ਫੰਡਾਂ 'ਚ ਹੋ ਰਹੀ ਕਟੌਤੀ ਕਾਰਨ ਆਮ ਲੋਕਾਂ ਦੇ ਅਧਿਕਾਰਾਂ ਤੇ ਨੰਗਾ-ਚਿੱਟਾ ਹਮਲਾ ਹੋ ਰਿਹਾ ਹੈ। ਜਿਸ ਵਿਰੁਧ ਸਾਨੂੰ ਅਵਾਜ ਉਠਾਉਣੀ ਚਾਹੀਦੀ ਹੈ। ਆਮ ਜਨਤਾ 'ਤੇ ਦਰਜਨਾਂ ਤੋਂ ਵੱਧ ਕਿਸਮ ਦੇ ਟੈਕਸਾਂ ਦਾ ਬੋਝ ਪਾਇਆ ਜਾ ਰਿਹਾ ਹੈ, ਉਨ੍ਹਾਂ ਤੋਂ ਲੋਕਾਂ ਨੂੰ ਮੁਕਤ ਕਰਨਾ ਚਾਹੀਦਾ ਹੈ। ਲੋਕਾਂ ਲਈ ਪੇਸ਼ ਅਜਿਹੇ ਚੋਣ ਪੱਤਰ ਵਾਲੀ ਪਾਰਟੀ ਦੀ ਹੀ ਹਮਾਇਤ ਹੋਣੀ ਚਾਹੀਦੀ ਹੈ ਜੋ ਆਪਣੇ ਵਾਅਦਿਆਂ ਤੇ ਪੂਰਾ ਉਤਰੇ ?

ਕੈਨੇਡਾ ਦੇ ਸੁਚੇਤ ਵੋਟਰਾਂ ਅਤੇ ਕਿਰਤੀ ਜਮਾਤ ਨੂੰ ਦੇਸ਼ ਦੇ ਸਮੁੱਚੇ ਭਾਈਚਾਰੇ ਅੰਦਰ ਜਾ ਕੇ ਲੋਕ ਪੱਖੀ ਬਦਲ ਲਈ ਗੁਹਾਰ ਲਾਉਣੀ ਚਾਹੀਦੀ ਹੈ। ਕੈਨੇਡਾ ਦੀ 44-ਵੀਂ ਸੰਸਦ ਅੰਦਰ ਉਨ੍ਹਾਂ ਪਾਰਟੀਆਂ ਅਤੇ ਸਸਦਾਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ, ਜੋ ਸਾਮਰਾਜ ਵਿਰੋਧੀ, ਧਰਮ-ਨਿਰਪੱਖ ਅਤੇ ਸਮਾਜਵਾਦੀ ਪ੍ਰੰਪਰਾਵਾਂ ਨੂੰ ਅੱਗੇ ਵਧਾ ਸਕਣ। ਲੋਕ ਪੱਖੀ ਅਤੇ ਜਮਹੂਰੀ ਸ਼ਕਤੀਆਂ ਜਿਹੜੀਆਂ ਨਕਲੀ ਜਮਹੂਰੀਅਤ ਵਾਲੀ ਪਾਰਟੀ ਦੀ ਥਾਂ ਲੋਕਾਂ ਦੇ ਹੱਕ ਵਿੱਚ ਖੜ੍ਹਾਉਣ ਉਨ੍ਹਾਂ ਨੂੰ ਅੱਗੇ ਲਿਆਉਣਾ ਬਣਦਾ ਹੈ। ਕੈਨੇਡਾ ਅੰਦਰ ਜਿਹੜੀਆਂ ਵੀ ਰਾਜਨੀਤਕ ਪਾਰਟੀਆਂ ਜੋ ਨਵ-ਉਦਾਰੀਵਾਦੀ ਆਰਥਿਕ ਨੀਤੀਆਂ ਨੂੰ ਹਮਲਾਵਰੀ ਢੰਗ ਨਾਲ ਲਾਗੂ ਕਰਨ ਲਈ ਭਿੰਨ-ਭਿੰਨ ਰੂਪਾਂ 'ਚ, 'ਲੋਕ ਲਹਿਰਾਂ ਤੇ ਜਮਹੂਰੀਅਤ ਨੂੰ ਖੁੰਡਾ ਕਰਨ 'ਚ ਸਰਗਰਮ ਹਨ, ਉਨ੍ਹਾਂ ਨੂੰ ਮੂੰਹ ਨਹੀਂ ਲਾਉਣਾ ਚਾਹੀਦਾ ਹੈ। ਕੈਨੇਡਾ ਅੰਦਰ ਭਾਵੇ ਜਮਹੂਰੀ, ਲੋਕ ਪੱਖੀ ਅਤੇ ਖੱਬੇ ਪੱਖੀ ਸ਼ਕਤੀਆਂ ਕਮਜ਼ੋਰ ਹਨ, ਪਰ ਲੋਕ ਪੱਖੀ ਲਹਿਰਾਂ ਨੂੰ ਅੱਗੇ ਵਧਾਉਣ ਲਈ ਜਿਹੜੀ ਵੀ ਪਾਰਟੀ ਥੋੜ੍ਹਾ-ਬਹੁਤਾ ਲੋਕਾਂ ਦੀ ਬਾਂਹ ਫੜ੍ਹਦੀ ਹੈ, ਸਿਧੇ ਤੌਰ ਤੇ ਹਮਲਾਵਰੀ ਨਹੀਂ ਤੇ ਜਮਹੂਰੀਅਤ ਲਈ ਵੱਡਾ ਖਤਰਾ ਨਹੀਂ ਬਣਦੀ ਤੇ ਸੱਜ-ਪਿਛਾਂਖੜ ਨੂੰ ਹਰਾ ਸਕਦੀ ਹੈ, 'ਉਸ ਨੂੰ ਇਨ੍ਹਾਂ ਹਲਾਤਾਂ ਅੰਦਰ ਆਰਜੀ ਤੌਰ ਤੇ ਵਿਸਾਖੀ (ਸਹਾਰਾ) ਦਿੱਤੀ ਜਾ ਸਕਦੀ ਹੈ।

# ਕਾਨੂੰਨੀ ਮਾਹਿਰਾਂ ਵੱਲੋਂ ਬਰੈਂਪਟਨ ਦੇ ਸੀਟੀ ਇੰਸਪੈਕਟਰਾਂ ਦੁਆਰਾ ਘਰਾਂ ਵਿੱਚ ਚੈਂਕਿਗ ਦੇ ਨਾਮ ਤੇ ਕੀਤੀ ਜਾ ਰਹੀ ਜਬਰੀ ਐਂਟਰੀ ਗੈਰ-ਕਾਨੂੰਨੀ ਅਤੇ ਨਿੱਜਤਾ ਦੇ ਸੰਵਿਧਾਨਿਕ ਹੱਕ ਤੇ ਹਮਲਾ ਕਰਾਰ

ਬਰੈਂਪਟਨ, 18 ਅਗਸਤ (ਨਿੱਜੀ ਪੱਤਰ ਪ੍ਰੇਰਕ) : ਪਿਛਲੇ ਲੰਬੇ ਸਮੇਂ ਤੋਂ ਬਰੈਂਪਟਨ ਘਰਾਂ ਵਿੱਚ ਸਿਟੀ ਇੰਸਪੈਕਟਰਾਂ ਦੁਆਰਾ ਬਿਨਾਂ ਮਾਲਕਾਂ ਦੀ ਇਜਾਜ਼ਤ ਬਗੈਰ ਘਰਾਂ ਵਿੱਚ ਦਾਖਲ ਹੋਕੇ ਇੰਸਪੈਕਸ਼ਨ ਕੀਤੀ ਜਾ ਰਹੀ ਹੈ। ਹੈਰਾਨੀ ਵਾਲੀ ਗੱਲ ਹੈ ਕਿ ਇਹ ਇੰਸਪੈਕਟਰ ਘਰ ਵਿੱਚ ਦਾਖਲ ਹੋਣ ਲਈ ਸਥਾਨਕ ਕੋਰਟ ਦੇ ਸਰਚ ਵਾਰੰਟ ਦੇ ਬਗੈਰ ਹੀ ਘਰਾਂ ਵਿੱਚ ਦਾਖਲ ਹੋ ਰਹੇ ਹਨ। ਸ਼ਹਿਰ ਦੀਆਂ ਜਨਤਕ ਜੱਥੇਬੰਦੀਆਂ ਵੱਲੋਂ ਬਰੈਂਪਟਨ ਵਾਸੀਆਂ ਦੀ ਇਸ ਸਮੱਸਿਆ ਲਈ ਲਗਾਤਾਰ ਆਵਾਜ਼ ਉਠਾਈ ਜਾ ਰਹੀ ਹੈ ਅਤੇ ਇਸ ਨੂੰ ਰੋਕਣ ਲਈ ਮੰਗ ਕਰ ਚੁੱਕੇ ਹਨ। ਚਾਹੇ ਸਿਟੀ ਪ੍ਰਬੰਧਕ ਇਸ ਛਾਪੇਮਾਰੀ ਦੇ ਇਸ ਦਾਖਲੇ ਲਈ ਬਾਜਿੱਦ ਹਨ ਪਰ ਹੁਣ ਕਾਨੂੰਨੀ ਮਾਹਿਰਾਂ ਨੇ ਵੀ ਇਸ ਦਾਖਲੇ ਨੂੰ ਗੈਰ-ਕਾਨੂੰਨੀ ਅਤੇ ਕਿਸੇ ਸ਼ਹਿਰੀ ਦੀ ਨਿੱਜਤਾ ਦੇ ਸੰਵਿਧਾਨਿਕ ਹੱਕ ਤੇ ਹਮਲਾ ਕਿਹਾ ਹੈ।

ਪਿਛਲੇ ਹਫਤੇ ਸਿਟੀ ਦੇ ਉੱਚ ਅਧਿਕਾਰੀਆਂ ਤੇ ਨੁਮਾਇੰਦਿਆਂ ਦੀ ਮਿਉਂਸਪਲ ਅਤੇ ਹੋਮ ਅਫੇਅਰ ਮੰਤਰੀ ਸਟੀਵ ਕਲਾਰਕ ਨਾਲ ਹੋਈ ਮੀਟਿੰਗ ਵਿੱਚ ਵੀ ਸਿਟੀ ਕੌਂਸਲਰ ਬੋਮੈਨ ਨੇ ਬਗੈਰ ਕਿਸੇ ਕੋਰਟ ਵਾਰੰਟ ਜਾਂ ਬਗੈਰ ਘਰ ਮਾਲਿਕਦੀ ਇਜਾਜ਼ਤ ਦੇ ਘਰਾਂ ਵਿੱਚ ਚਲ ਰਹੀ ਸੱਕੀ ਉਸਾਰੀ ਨੂੰ ਚੈਕ ਕਰਨ ਦੇ ਮਕਸਦ ਲਈ ਘਰਾਂ ਵਿੱਚ ਦਾਖਲ ਹੋਣ ਦੀ ਮੰਗ ਰੱਖੀ ਜਿਸ ਨੂੰ ਮੰਤਰੀ ਨੇ ਬਿਲਕੁਲ ਖਾਰਜ ਕਰ ਦਿੱਤਾ। ਜਿਸ ਦਾ ਮਤਲਬ ਘਰ ਮਾਲਿਕ ਦੀ ਆਗਿਆ ਬਿਨਾਂ ਕਿਸੇ ਵੀ ਇੰਸਪੈਕਟਰ ਦੀ ਘਰ ਵਿੱਚ ਜਬਰੀ ਦਾਖਲਾ ਗੈਰ-ਕਾਨੂੰਨੀ ਹੀ ਰਹੇਗਾ

ਇਸ ਬਾਰੇ ਕਾਨੂੰਨ ਦੇ ਮਾਹਿਰ ਸਕਾਲਰ ਐਬੀ ਦੈਸਮਨ ਜੋਕਿ ਲਾਇਰ ਅਤੇ ਸਿਵਿਲ ਲਿਬਰਟੀ ਐਸੋਸੀਏਸਨ ਦੇ ਨੁਮਾਇਦੇ ਹਨ, ਨੇ ਵੀ ਕੌਂਸਲਰ ਬੋਮੈਨ ਦੇ ਅਦਾਲਤੀ ਵਾਰੰਟਲੈਸ ਅਤੇ ਘਰ ਮਾਲਿਕ ਦੀ ਆਗਿਆ ਬਿਨਾਂ ਕਿਸੇ ਵੀ ਅਧਿਕਾਰੀ ਦੁਆਰਾ ਚੈਂਕਿਗ ਲਈ ਦਾਖਲੇ ਦੇ ਏਜੰਡੇ ਨੂੰ ਗੈਰ-ਸੰਵਿਧਾਨਕ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਕੈਨੇਡਾ ਦਾ ਸੰਵਿਧਾਨ ਵਿੱਚ ਕਿਸੇ ਵੀ ਸਿਟੀਜਨ ਨੂੰ ਘਰਾਂ ਜਾਂ ਕਿਸੇ ਪ੍ਰਾਈਵੇਟ ਜਗ੍ਹਾ ਦੀ ਨਿੱਜਤਾ ਵਿੱਚ ਪੁਲਿਸ ਜਾਂ ਕਿਸੇ ਅਧੀਕਾਰੀ ਵੱਲੋਂ ਬੇਲੋੜੀ ਸਰਚ ਜਾਂ ਕਬਜ਼ੇ ਪ੍ਰਤੀ ਰੱਖਿਆ ਦਾ ਹੱਕ ਪ੍ਰਾਪਤ ਹੈ। ਕੋਈ ਵੀ ਪੀਸ ਅਫਸਰ ਜਾਂ ਪਬਲਿਕ ਅਫਸਰ ਲੋੜੀਂਦੀ ਅਰਜੀਆਂ ਦੇਕੇ ਕਾਨੂੰਨੀ ਤੌਰ 'ਤੇ ਕੋਰਟ ਤੋਂ ਸਰਚ ਵਾਰੰਟ ਲੈਕੇ ਦਾਖਲ ਹੋ ਸਕਦਾ ਹੈ ।

ਇੱਕ ਸਮਾਜ ਸੇਵਕ ਕੁਲਦੀਪ ਬੋਪਾਰਾਏ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਕੌਂਸਲਰ ਬੋਮੈਨ ਨੂੰ ਕਾਨੂੰਨੀ ਪ੍ਰਕਿਰਿਆ ਤੇ ਵੀ ਭਰੋਸਾ ਨਹੀਂ ਹੈ ਜੋ ਗੈਰ-ਕਾਨੂੰਨੀ ਤਰੀਕਿਆਂ ਨਾਲ ਸਿਟੀ ਇੰਸਪੈਕਟਰਾਂ ਨੂੰ ਲੋਕਾਂ ਨੂੰ ਪ੍ਰੇਸ਼ਾਨ ਕਰਨ ਦੀ ਖੁੱਲ੍ਹ ਦੇਣ ਦੀ ਮੰਗ ਕਰ ਰਿਹਾ ਹੈ। ਸੰਵਿਧਾਨ ਦੀਆਂ ਧਰਾਵਾਂ ਦੀ ਪ੍ਰਵਾਹ ਕੀਤੇ ਬਗੈਰ, ਪਿਛਲੇ ਸਾਲ ਅਕਤੂਬਰ ਵਿੱਚ ਬੋਮੈਨ ਨੇ ਸਿਟੀ ਦੀ ਮੀਟਿੰਗ ਵਿੱਚ ਮੋਸਨ ਪਾਸ ਕਰਨ ਦੀ ਮੰਗ ਰੱਖੀ ਸੀ। ਜਿਸ ਅਨੁਸਾਰ ਓਂਟਾਰੀਓ ਬਿਲਡਿੰਗ ਐਕਟ ਦੇ ਸੈਕਸ਼ਨ 16 ਵਿੱਚ ਸੋਧ ਕਰਕੇ ਇੰਸਪੈਕਟਰ ਨੂੰ ਸਰਚ ਕਰਨ ਦੇ ਵੱਧ ਅਧਿਕਾਰਾਂ ਦੀ ਮੰਗ ਰੱਖੀ ਤਾਂ ਕਿ ਉਹ ਰੀਜਨੇਬਲ ਗਰਾਂਉਡ ਤੇ ਕਿਸੇ ਵੀ ਘਰ ਨੂੰ ਰੈਂਟ ਤੇ ਦੇਣ ਦੇ ਮੰਤਵ ਨਾਲ ਕੀਤੀ ਜਾ ਰਹੀ ਸ਼ੱਕੀ ਉਸਾਰੀ ਨੂੰ ਚੈੱਕ ਕਰ ਸਕਣ, ਜੋਕਿ ਪਾਸ ਨਹੀਂ ਸੀ ਹੋਇਆ। ਉਸ ਤੋਂ ਬਾਅਦ ਕੁਝ ਇੰਸਪੈਕਟਰਾਂ ਵੱਲੋਂ ਬਿਨਾਂ ਕਿਸੇ ਸਰਚ ਵਾਰੰਟਾਂ ਦੇ ਚੈਂਕਿਗ ਦਾ ਸਿਲਸਿਲਾ ਸ਼ੁਰੂ ਹੋਇਆ। ਇਸ ਗੈਰ ਕਾਨੂੰਨੀ ਇੰਸਪੇਕਸਨਾਂ ਕਾਰਣ ਬਰੈਂਪਟ ਨਿਵਾਸੀਆਂ ਵਿੱਚ ਭਾਰੀ ਰੋਸ ਹੈ ।

ਕੁਝ ਜੱਥੇਬੰਦੀਆਂ ਦੇ ਨੁਮਾਇੰਦਿਆਂ ਨੇ ਕਿਹਾ ਕਿ ਇੰਨੇ ਲੰਬੇ ਚੱਕਰ ਵਿੱਚ ਪੈਣ ਦੀ ਬਜਾਏ, ਬੋਮੈਨ ਇਸ ਗੱਲ ਲਈ ਲੋਕਾਂਦੇ ਸਹਿਯੋਗ ਲੈ ਸਕਦਾ ਸੀ। ਕਿਉਂਕਿ ਬਹੁਤ ਘੱਟ ਹੀ ਮੌਕਾ ਹੋਵੇਗਾ ਜਿੱਥੇ ਘਰ ਮਾਲਿਕ ਨੇ ਇੰਸਪੈਕਸਨ ਲਈ ਸਿਟੀ ਨੂੰ ਇਨਕਾਰ ਕੀਤਾ ਹੋਵੇ। ਇਨਕਾਰ ਦੀ ਹਾਲਤ ਵਿੱਚ ਮਿਉਂਸਿਲੈਟੀ ਬਿਲਡਿੰਗ ਕੋਡ ਦੀ ਧਾਰਾ 1.4 ਦੀ ਵਰਤੋਂ ਕਰਕੇ ਕੋਰਟ ਤੋਂ ਉਸ ਘਰ ਲਈ ਸਰਚ ਵਾਰੰਟ ਮੰਗ ਸਕਦੀ ਹੈ। ਅਜਿਹੇ ਮੌਕੇ ਵਿੱਚੋਂ ਕੋਈ ਹੀ ਅਜਿਹਾ ਮੌਕਾ ਹੋਵੇਗਾ ਜਿਸ ਲਈ ਕੋਰਟ ਨੇ ਸਰਚ ਵਾਰੰਟ ਦੇਣ ਤੋਂ ਇਨਕਾਰ ਕੀਤਾ ਹੋਵੇ। ਜੇ ਕਾਨੂੰਨੀ ਤੌਰ 'ਤੇ ਇੰਸਪੈਕਸ਼ਨ ਦੀ ਕੋਈ ਪ੍ਰੇਸ਼ਾਨੀ ਨਹੀਂ ਤਾਂ ਫਿਰ ਇੰਸਰੈਕਟਰ ਕਾਨੂੰਨ ਦੇ ਦਾਇਰੇ ਵਿੱਚ ਕੰਮ ਕਰਨ ਲਈ ਕਿਓਂ ਇਨਕਾਰੀ ਹਨ । ਕਿਓਂ ਕੌਂਸਲਰ ਬੋਮੈਨ ਵੀ, ਇਨ੍ਹਾਂਗੈਰ-ਸੰਵਿਧਾਨਿਕ ਸੋਧਾਂ ਦੀ ਮੰਗ ਕਰਕੇ ਲੋਕਾਂ ਦੀ ਕਾਨੂੰਨੀ ਰੱਖਿਆ ਛੱਤਰੀ ਨੂੰ ਖਤਮ ਕਰਨ ਦੀ ਜਿੱਦ ਕਰੀ ਬੈਠਾ ਹੈ। ਕੁਝ ਵੀ ਹੈ ਲੋਕਾਂ ਨੂੰ ਹੁਣ ਲੋਕਾਂ ਨੂੰ ਆਪਣੇ ਚੁਣੇ ਹੋਏ ਕੌਂਸਲਰਾਂ ਨੂੰ ਪਰਖ ਦਾ ਸਮਾਂ ਹੈ।

# ਪੰਜਾਬ ਵਿਧਾਨ ਸਭਾ ਚੋਣਾਂ ਅਤੇ ਭਾਜਪਾ



ਨਰਿੰਦਰ ਸਿੰਘ ਢਿੱਲੋਂ
1 587 436 4032





ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਫਰਵਰੀ 2022 ਵਿੱਚ ਹੋਣ ਦੀ ਸੰਭਾਵਨਾ ਹੈ। ਸਾਰੀਆਂ ਰਾਜਨੀਤਕ ਪਾਰਟੀਆਂ ਨੇ ਪਿਛਲੇ ਕੁਝ ਸਮੇਂ ਤੋਂ ਚੋਣਾਂ ਦੀਆਂ ਤਿਆਰੀਆਂ ਵਿੱਢੀਆਂ ਹੋਈਆਂ ਹਨ। ਇਨ੍ਹਾਂ ਚੋਣਾਂ ਲਈ ਗੱਠਜੋੜ ਬਣਾਉਣ, ਛਲਾਵੇ ਰੂਪੀ ਚੋਣ ਵਾਅਦੇ ਕਰਨ, ਧਰਮ, ਜਾਤ ਆਦਿ ਤੇ ਆਧਾਰਤ ਨਾਅਰੇ ਅਤੇ ਮੁਫ਼ਤ ਸਹੂਲਤਾਂ ਦੇਣ ਦੇ ਨਾਅਰਿਆਂ ਦੀ ਦੌੜ ਸ਼ੁਰੂ ਹੋ ਚੁੱਕੀ ਹੈ। ਇਸ ਦੌੜ ਵਿੱਚ ਪੰਜਾਬ ਦੇ ਮੌਜੂਦਾ ਅਤੇ ਅਸਲ ਮੁੱਦੇ ਗਾਇਬ ਹੁੰਦੇ ਜਾ ਰਹੇ ਹਨ। ਜਿੱਥੇ ਬਾਕੀ ਪਾਰਟੀਆਂ ਚੋਣਾਂ ਦੀ ਤਿਆਰੀ ਵਿਚ ਮਸ਼ਰੂਫ ਹਨ। ਉਥੇ ਭਾਰਤੀ ਜਨਤਾ ਪਾਰਟੀ (ਭਾਜਪਾ) ਵੀ ਆਪਣੇ ਪਰ ਤੋਲ ਰਹੀ ਹੈ ।

ਭਾਜਪਾ ਦਾ ਅਕਾਲੀ ਦਲ ਨਾਲ ਗੱਠਜੋੜ 1997 ਤੋਂ ਲੈ ਕੇ ਹੁਣ ਤਕ ਚੱਲਦਾ ਰਿਹਾ ਹੈ ਅਤੇ ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਐੱਨ .ਡੀ .ਏ ਸਰਕਾਰ ਵਿੱਚ ਅਕਾਲੀ ਦਲ ਵੱਲੋਂ ਹਰਸਿਮਰਤ ਕੌਰ ਬਾਦਲ ਵਜ਼ੀਰ ਵੀ ਸੀ। ਪਿਛਲੇ ਸਮੇਂ ਕੇਂਦਰ ਸਰਕਾਰ ਵੱਲੋਂ ਤਿੰਨ ਖੇਤੀ ਕਾਨੂੰਨਾਂ ਦੇ ਆਰਡੀਨੈਂਸ ਜਾਰੀ ਕਰਨ ਦੀ ਮਿਤੀ ਤੋਂ ਲੈ ਕੇ ਪਾਰਲੀਮੈਂਟ ਵਿਚ ਬਿਲ ਪਾਸ ਹੋਣ ਕਰਕੇ ਕਾਨੂੰਨ ਬਣਾਉਣ ਤੱਕ ਅਕਾਲੀ ਦਲ ਵੱਲੋਂ ਇਨ੍ਹਾਂ ਤਿੰਨਾਂ ਕਾਨੂੰਨਾਂ ਦੀ ਜਨਤਕ ਹਮਾਇਤ ਕੀਤੀ ਗਈ ਲੇਕਿਨ ਜਦ 2020 ਵਿਚ ਕਿਸਾਨ ਜਥੇਬੰਦੀਆਂ ਨੇ ਇਨ੍ਹਾਂ ਕਾਨੂੰਨਾਂ ਵਿਰੁੱਧ ਸੰਘਰਸ਼ ਸ਼ੁਰੂ ਕਰ ਦਿੱਤਾ ਤਾਂ ਕਿਸਾਨਾਂ ਵਿਚ ਅਕਾਲੀ ਦਲ ਦਾ ਵਿਰੋਧ ਵਧਣ ਕਰਕੇ ਹਰਸਿਮਰਤ ਬਾਦਲ ਨੂੰ ਵਜ਼ੀਰੀ ਤੋਂ ਅਸਤੀਫਾ ਦੇਣਾ ਪਿਆ ਅਤੇ ਅਕਾਲੀ ਦਲ ਨੂੰ ਐਨ .ਡੀ .ਏ. ਵਿੱਚੋਂ ਵੀ ਬਾਹਰ ਆਉਣਾ ਪਿਆ। ਇਸ ਹਾਲਤ ਵਿੱਚ ਹੁਣ ਭਾਜਪਾ ਇਕੱਲੀ ਹੀ ਆ ਰਹੀਆਂ ਚੋਣਾਂ ਲਈ ਤਿਆਰੀਆਂ ਕਰ ਰਹੀ ਹੈ।

ਕੇਂਦਰ ਸਰਕਾਰ ਵੱਲੋਂ ਕਿਸਾਨ ਸੰਘਰਸ਼ ਪ੍ਰਤੀ ਅਪਣਾਏ ਨਾਂਹ ਪੱਖੀ ਵਤੀਰੇ ਕਾਰਨ ਅਤੇ ਕਈ ਭਾਜਪਾ ਲੀਡਰਾਂ ਵੱਲੋਂ ਕੀਤੀਆਂ ਗਈਆਂ ਭੜਕਾਊ ਟਿੱਪਣੀਆਂ ਕਾਰਨ ਵੈਸੇ ਤਾਂ ਸਾਰੇ ਦੇਸ਼ ਵਿੱਚ ਹੀ ਕਿਤੇ ਘੱਟ ਅਤੇ ਕਿਤੇ ਵੱਧ ਭਾਜਪਾ ਦਾ ਵਿਰੋਧ ਹੋ ਰਿਹਾ ਹੈ ਲੇਕਿਨ ਪੰਜਾਬ ਵਿੱਚ ਭਾਜਪਾ ਨੂੰ ਕਿਸਾਨਾਂ ਦੇ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੇ ਆਗੂਆਂ ਨੇ ਆਪਣੀਆਂ ਗੱਡੀਆਂ ਤੋਂ ਪਾਰਟੀ ਦੇ ਝੰਡੇ ਉਤਾਰ ਦਿੱਤੇ ਹਨ, ਬਾਹਰ ਅੰਦਰ ਜਾਣ ਲਈ ਪਹਿਲਾਂ ਕਿਸਾਨਾਂ ਦੇ ਵਿਰੋਧ ਦਾ ਖ਼ਿਆਲ ਕਰਨਾ ਪੈਂਦਾ ਹੈ ਅਤੇ ਮਾਸਕ ਪਾ ਕੇ ਆਪਣੀ ਪਛਾਣ ਲੁਕਾ ਕੇ ਜਾਣਾ ਪੈਂਦਾ ਹੈ। ਫਿਰ ਵੀ ਭਾਜਪਾ ਦੇ ਇਹ ਆਗੂ ਵਿਰੋਧ ਕਰ ਰਹੇ ਕਿਸਾਨਾਂ ਨੂੰ ਕਦੇ ਤਾਂ ਇਹ ਕਹਿੰਦੇ ਸਨ ਕਿ ਇਹ ਕੇਵਲ ਪੰਜਾਬ ਦੇ ਕਿਸਾਨ ਹਨ ਬਾਕੀ ਸਾਰੇ ਦੇਸ਼ ਦੇ ਕਿਸਾਨ ਖੇਤੀ ਕਾਨੂੰਨਾਂ ਤੇ ਖ਼ੁਸ਼ ਹਨ। ਜਦ ਦੇਸ਼ ਦੇ ਬਾਕੀ ਰਾਜਾਂ ਵਿੱਚ ਭਾਜਪਾ ਦੀ ਥੂ ਥੂ ਹੋਣ ਲੱਗ ਪਈ ਤਾਂ ਫਿਰ ਇਹ ਕਹਿੰਦੇ ਰਹੇ ਕਿ ਇਹ ਕਿਸਾਨ ਹੀ ਨਹੀਂ ਅਤੇ ਹੁਣ ਕਦੇ ਇਹ ਕਹਿੰਦੇ ਹਨ ਕਿ ਇਹ ਕਾਂਗਰਸ ਅਤੇ ਆਪ ਪਾਰਟੀ ਦੇ ਗੁੰਡੇ ਹਨ ਕਦੇ ਅਤਿਵਾਦੀ, ਖਾਲਿਸਤਾਨੀ 'ਨਕਸਲੀ, ਕਮਿਊਨਿਸਟ, ਮਾਓਵਾਦੀ, ਪਾਕਿਸਤਾਨ ਅਤੇ ਕਦੇ ਚੀਨ ਨਾਲ ਜੋੜਨ ਦੀਆਂ ਊਲ ਜਲੂਲ ਗੱਲਾਂ ਕਰਦੇ ਹਨ। ਪਾਰਟੀ ਆਗੂਆਂ ਦੇ ਕਿਸਾਨਾਂ ਪ੍ਰਤੀ ਮਾੜੇ ਵਿਵਹਾਰ ਕਾਰਨ ਅਤੇ ਮਾਮਲੇ ਨੂੰ ਠੀਕ ਢੰਗ ਨਾਲ ਨਾ ਨਜਿੱਠਣ ਕਾਰਨ ਭਾਜਪਾ ਦੇ ਬਹੁਤ ਸਾਰੇ ਵਰਕਰ ਅਤੇ ਨੇਤਾ ਪਾਰਟੀ ਤੋਂ ਬਾਹਰ ਹੋ ਗਏ ਹਨ ਜਿਨ੍ਹਾਂ ਵਿੱਚ ਅੰਮ੍ਰਿਤਸਰ ਤੋਂ ਸਾਬਕਾ ਮੰਤਰੀ ਅਨਿਲ ਜੋਸ਼ੀ ਅਤੇ ਭਾਜਪਾ ਦੇ ਸਾਬਕਾ ਸਪੋਕਸਮੈਨ ਅਤੇ ਪ੍ਰਮੁੱਖ ਆਗੂ ਮਲਵਿੰਦਰ ਸਿੰਘ ਕੰਗ ਵੀ ਸ਼ਾਮਲ ਹਨ। ਪਠਾਨਕੋਟ ਤੋਂ ਮਾਸਟਰ ਮੋਹਨ ਲਾਲ ਸਾਬਕਾ ਮੰਤਰੀ ਅਤੇ ਹੋਰ ਬਹੁਤ ਸਾਰੇ ਆਗੂ ਪਾਰਟੀ ਦਾ ਜਨਤਕ ਵਿਰੋਧ ਕਰ ਰਹੇ ਹਨ ਅਤੇ ਕਿਸਾਨਾਂ ਨਾਲ ਹਮਦਰਦੀ ਪ੍ਰਗਟ ਕਰ ਰਹੇ ਹਨ। ਇਨ੍ਹਾਂ ਆਗੂਆਂ ਦਾ ਵਿਚਾਰ ਹੈ ਕਿ ਪਾਰਟੀ ਦੇ ਲੀਡਰਾਂ ਨੂੰ ਕਿਸਾਨ ਮਾਮਲਿਆਂ ਦੀ ਸਮਝ ਹੀ ਨਹੀਂ ਅਤੇ ਇਹ ਮਾਮਲਾ ਹੱਲ ਕਰਨ ਲਈ ਪਾਰਟੀ ਸੰਜੀਦਾ ਵੀ ਨਹੀਂ। ਭਾਜਪਾ ਦੇ ਵਿਰੁੱਧ ਲੋਕਾਂ ਦਾ ਗੁੱਸਾ ਹੋਣ ਕਰਕੇ ਪਿੱਛੇ ਜਿਹੇ ਹੋਈਆਂ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਲਈ ਭਾਜਪਾ ਨੂੰ ਲੋੜੀਂਦੇ ਉਮੀਦਵਾਰ ਵੀ ਨਹੀਂ ਲੱਭੇ ਸਨ ਅਤੇ ਜੋ ਲੱਭੇ ਉਨ੍ਹਾਂ ਵਿਚੋਂ ਵੀ ਕਈਆਂ ਨੇ ਪਾਰਟੀ ਨਿਸ਼ਾਨ 'ਤੇ ਚੋਣ ਲੜਨ ਤੋਂ ਨਾਂਹ ਕਰ ਦਿੱਤੀ ਸੀ ਜਿਸ ਕਰਕੇ ਪਾਰਟੀ ਦੀ ਇਨ੍ਹਾਂ ਚੋਣਾਂ ਵਿੱਚ ਕਾਰਗੁਜ਼ਾਰੀ ਬਹੁਤ ਮਾੜੀ ਰਹੀ ਸੀ। ਭਾਜਪਾ ਆਗੂ ਅਤੇ ਸਾਬਕਾ ਮੰਤਰੀ ਸੁਰਜੀਤ ਕੁਮਾਰ ਜਿਆਣੀ ਜੋ ਪਹਿਲਾਂ ਬੜੇ ਜ਼ੋਰ ਸ਼ੋਰ ਨਾਲ ਕਿਸਾਨਾਂ ਦੇ ਹੱਕ ਵਿੱਚ ਬੋਲਦਾ ਸੀ, ਕੇਂਦਰੀ ਲੀਡਰਾਂ ਨਾਲ ਮਿਲਣ ਤੋਂ ਬਾਅਦ ਉਸ ਨੇ ਆਪਣੀ ਬੋਲੀ ਹੀ ਬਦਲ ਲਈ। ਜਿਆਣੀ ਅਤੇ ਹਰਜੀਤ ਸਿੰਘ ਗਰੇਵਾਲ ਦੀ ਤਲਖ਼ ਕਲਾਮੀ ਨੇ ਕਿਸਾਨਾਂ ਵਿੱਚ ਗੁੱਸਾ ਹੋਰ ਵਧਾ ਦਿੱਤਾ ਜਿਸ ਦਾ ਖਮਿਆਜਾ ਹੇਠਲੇ ਵਰਕਰਾਂ ਨੂੰ ਵੀ ਭੁਗਤਣਾ ਪੈ ਰਿਹਾ ਹੈ।

2022 ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਭਾਜਪਾ ਸਮਝਦੀ ਹੈ ਕਿ ਸ਼ਹਿਰਾਂ ਵਿਚ ਹਿੰਦੂ ਵੋਟ ਉਨ੍ਹਾਂ ਦਾ ਆਧਾਰ ਹੈ। ਹੁਣ ਉਹ ਆਰਐੱਸਐੱਸ ਦੀ ਅਗਵਾਈ ਵਿਚ ਕੰਮ ਕਰਦੀ ਰਾਸ਼ਟਰੀ ਸਿੱਖ ਸੰਗਤ ਰਾਹੀਂ ਪਿੰਡਾਂ ਵਿੱਚ ਦਾਖਲ ਹੋਣ ਦੇ ਯਤਨ ਵਿੱਚ ਹੈ। ਇਸ ਵੇਲੇ ਪਿੰਡਾਂ ਵਿੱਚ ਭਾਜਪਾ ਦਾ ਜਿਨ੍ਹਾਂ ਵਿਰੋਧ ਹੈ ਉਸ ਤੋਂ ਖ਼ਤਰਾ ਪੈਦਾ ਹੁੰਦਾ ਹੈ ਕਿ ਕੋਈ ਅਣਸੁਖਾਵੀਂ ਘਟਨਾ ਵੀ ਵਾਪਰ ਸਕਦੀ ਹੈ ਜਿਸ ਨਾਲ ਅਮਨ ਕਾਨੂੰਨ ਦੀ ਸਮੱਸਿਆ ਪੈਦਾ ਹੋ ਸਕਦੀ ਹੈ। ਭਾਜਪਾ ਆਗੂਆਂ ਵੱਲੋਂ ਕਿਸਾਨ ਅੰਦੋਲਨ ਵਿਰੁੱਧ ਉਪਰੋਕਤ ਘਟੀਆ ਦੂਸ਼ਣਬਾਜ਼ੀ ਅਜੇ ਵੀ ਜਾਰੀ ਹੈ। ਭਾਜਪਾ ਲੀਡਰ ਕਿਸਾਨ ਸੰਘਰਸ਼ ਨੂੰ ਫਿਰਕੂ ਰੰਗਤ ਦਿੰਦਿਆਂ ਟੇਢੇ ਢੰਗ ਨਾਲ ਅਤਿਵਾਦੀਆਂ ਨਾਲ ਜੋੜ ਕੇ ਲੋਕਾਂ ਅਤੇ ਵਿਸ਼ੇਸ਼ ਤੌਰ 'ਤੇ ਹਿੰਦੂ ਭਾਈਚਾਰੇ ਵਿੱਚ ਖੌਫ ਦਾ ਮਾਹੌਲ ਪੈਦਾ ਕਰਕੇ ਰੱਖਣਾ ਚਾਹੁੰਦੇ ਹਨ ਤਾਂ ਜੋ ਚੋਣਾਂ ਵਿੱਚ ਵੋਟਾਂ ਬਟੋਰੀਆਂ ਜਾ ਸਕਣ। ਇਸ ਕੁਕਰਮ ਲਈ ਮੀਡੀਏ ਦਾ ਖਰੀਦਿਆ ਜਾਂ ਡਰਿਆ ਹੋਇਆ ਇੱਕ ਹਿੱਸਾ ਵੀ ਭਾਜਪਾ ਦਾ ਸਾਥ ਦੇ ਰਿਹਾ ਹੈ।

ਪੰਜਾਬ ਵਿੱਚ ਆਪਣੀ ਸਥਿਤੀ ਮਜਬੂਤ ਕਰਨ ਲਈ ਜਿੱਥੇ ਭਾਜਪਾ ਦੂਜੀਆਂ ਪਾਰਟੀਆਂ ਵਿੱਚੋਂ ਲੀਡਰ ਖਿੱਚਣ ਦੇ ਆਹਰ ਵਿੱਚ ਹੈ ਉੱਥੇ ਵਿਸ਼ੇਸ਼ ਵਿਅਕਤੀ, ਬੁੱਧੀਜੀਵੀ, ਲੇਖਕ, ਕਲਾਕਾਰ, ਵਕੀਲ, ਰਿਟਾਇਰਡ ਅਫਸਰ, ਡਾਕਟਰ ਜਾਂ ਵਿਦਵਾਨ ਆਦਿ ਅਤੇ ਵਿਸੇਸ ਤੌਰ 'ਤੇ ਸਿੱਖ ਚਿਹਰਿਆਂ ਨੂੰ ਆਪਣੇ ਵਿੱਚ ਸ਼ਾਮਲ ਕਰਕੇ ਆਪਣੇ ਪੱਖ ਵਿੱਚ ਵਾਤਾਵਰਨ ਪੈਦਾ ਕਰਕੇ ਸਾਬਤ ਕਰਨਾ ਚਾਹੁੰਦੀ ਹੈ ਕਿ ਸਿੱਖ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਬਹੁਤ ਖ਼ੁਸ਼ ਹਨ। ਇਹ ਜਰੂਰੀ ਨਹੀਂ ਕਿ ਇਨ੍ਹਾਂ ਸਭ ਨੂੰ ਚੋਣ ਵੀ ਲੜਾਈ ਜਾਵੇ। ਇਸੇ ਕਰਕੇ ਚਰਚਾ ਹੈ ਕਿ ਦੂਜੀਆਂ ਪਾਰਟੀਆਂ ਦੇ ਕੁਝ ਨਾਰਾਜ਼ ਨੇਤਾ ਵੀ ਭਾਜਪਾ ਦੇ ਸੰਪਰਕ ਵਿਚ ਹੋ ਸਕਦੇ ਹਨ। ਇਸ ਮੁਹਿੰਮ ਵਿਚ ਭਾਵੇਂ ਅਜੇ ਤੱਕ ਭਾਜਪਾ ਨੂੰ ਸਫਲਤਾ ਨਹੀਂ ਹੋ ਰਹੀ ਅਤੇ ਕੁਝ ਇਕ ਆਧਾਰ ਰਹਿਤ ਅਤੇ ਗੈਰ ਮਹੱਤਵ ਵਾਲੇ ਚਿਹਰੇ ਜਿਨ੍ਹਾਂ ਦੀ ਹੋਰ ਕਿਤੇ ਵੁੱਕਤ ਨਹੀਂ ਸੀ ਉਹ ਹੀ ਭਾਜਪਾ ਵਿੱਚ ਸ਼ਾਮਲ ਹੋਏ ਹਨ।

ਭਾਜਪਾ ਕੋਲ ਪੰਜਾਬ ਵਿੱਚ ਚੋਣ ਹਲਕਾ ਪੱਧਰ ਦੇ ਇੱਕਾ ਦੁੱਕਾ ਨੂੰ ਛੱਡ ਕੇ ਕੋਈ ਸਿੱਖ ਚਿਹਰੇ ਵੀ ਨਹੀਂ ਹਨ ਜੋ ਲੀਡਰਸ਼ਿਪ ਲਈ ਚਿੰਤਾ ਦਾ ਵਿਸ਼ਾ ਹੈ। ਉਂਜ ਵੀ ਅਕਾਲੀ ਦਲ ਦੇ ਪ੍ਰਕਾਸ਼ ਸਿੰਘ ਬਾਦਲ, ਕਾਂਗਰਸ ਦੇ ਨਵਜੋਤ ਸਿੰਘ ਸਿੱਧੂ ਜਾਂ ਕੈਪਟਨ ਅਮਰਿੰਦਰ ਸਿੰਘ ਵਰਗੇ ਵੱਡੇ ਸਿਆਸੀ ਕੱਦ ਵਾਲੇ ਨੇਤਾਵਾਂ ਵਾਂਗ ਇਨ੍ਹਾਂ ਕੋਲ ਕੋਈ ਨੇਤਾ ਨਹੀਂ ਹਨ। ਪਤਾ ਲੱਗਾ ਹੈ ਕਿ ਪਿਛਲੇ ਦਿਨੀਂ ਹਾਈ ਕਮਾਨ ਨੇ ਪੰਜਾਬ ਦੇ ਭਾਜਪਾ ਲੀਡਰਾਂ ਨੂੰ ਦਿੱਲੀ ਵਿਖੇ ਸੱਦ ਕੇ ਚੋਣ ਲੜਨ ਦੀ ਨੀਤੀ ਤੇ ਵਿਚਾਰ ਕਰਦਿਆਂ ਹਰ ਚੋਣ ਹਲਕੇ ਵਿੱਚ ਤਿੰਨ ਚਾਰ ਸੌ ਵਰਕਰਾਂ ਦੀ ਭਾਲ ਕਰਨ ਅਤੇ ਸਿੱਖ ਚਿਹਰਿਆਂ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਦਾ ਆਦੇਸ਼ ਦਿੱਤਾ ਸੀ। ਇਹ ਵੀ ਚਰਚਾ ਹੈ ਕਿ ਭਾਜਪਾ ਦੇ ਪੰਜਾਬ ਯੂਨਿਟ ਨੇ ਕੇਂਦਰੀ ਲੀਡਰਸ਼ਿਪ ਤੋਂ ਮੰਗ ਕੀਤੀ ਸੀ ਕਿ ਕੇਂਦਰ ਸਰਕਾਰ ਇਕ ਕਿਤਾਬਚਾ ਛਪਵਾ ਕੇ ਪੰਜਾਬ ਵਿੱਚ ਵੰਡਣ ਲਈ ਦੇਵੇ ਜੋ ਹਰ ਚੋਣ ਹਲਕੇ ਵਿੱਚ ਘੱਟੋ ਘੱਟ 150 ਸਿੱਖ ਪਰਿਵਾਰਾਂ ਵਿੱਚ ਘੱਟੋ ਘੱਟ ਜ਼ਿਲ੍ਹਾ ਪੱਧਰ ਦੇ ਪਾਰਟੀ ਨੇਤਾ ਆਪ ਜਾ ਕੇ ਵੰਡਣ ਤੇ ਫੋਟੋਆਂ ਸੋਸਲ ਮੀਡੀਆ ਤੇ ਅਪਲੋਡ ਕੀਤੀਆਂ ਜਾਣ ਤਾਂ ਕਿ ਇਹ ਪ੍ਰਭਾਵ ਦਿੱਤਾ ਜਾ ਸਕੇ ਕਿ ਕਿਸਾਨ ਅਤੇ ਵਿਸੇਸ ਤੌਰ 'ਤੇ ਸਿੱਖ ਭਾਜਪਾ ਦੇ ਵਿਰੁੱਧ ਨਹੀਂ ਹਨ। ਉਨ੍ਹਾਂ ਸਲਾਹ ਦਿੱਤੀ ਸੀ ਕਿ ਕਿਤਾਬਚੇ ਵਿੱਚ ਨਰਿੰਦਰ ਮੋਦੀ ਦੇ ਸਿੱਖਾਂ ਨਾਲ ਸੁਖਾਵੇਂ ਸਬੰਧ ਪ੍ਰਗਟ ਕੀਤੇ ਜਾਣ, 1984 ਦੇ ਸਿੱਖ ਵਿਰੋਧੀ ਕਤਲੇਆਮ ਵਿੱਚ ਕਾਂਗਰਸ ਦਾ ਰੋਲ, ਕਰਤਾਰਪੁਰ ਲਾਂਘਾ, 2019 ਵਿੱਚ ਗੁਰੂ ਨਾਨਕ ਦੇਵ ਜੀ ਪ੍ਰਕਾਸ਼ ਪੁਰਬ ਦੀ 550ਵੀਂ ਵਰ੍ਹੇਗੰਢ ਮਨਾਉਣ ਆਦਿ ਦਾ ਵਰਣਨ ਕੀਤਾ ਹੋਣਾ ਚਾਹੀਦਾ ਹੈ।

ਭਾਵੇਂ ਭਾਜਪਾ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਤਿਆਰੀ ਕਰ ਰਹੀ ਹੈ ਪਰ ਖੇਤੀ ਕਾਨੂੰਨਾਂ ਵਿਰੁੱਧ ਕਿਸਾਨਾਂ ਦੇ ਚੱਲਦੇ ਸੰਘਰਸ਼ ਕਰਕੇ ਉਨ੍ਹਾਂ ਲਈ ਸਥਿਤੀ ਸੌਖੀ ਨਹੀਂ ਹੈ। ਉਹ ਇਸ ਚੋਣ ਨੂੰ ਆਪਣੀ ਸ਼ਕਤੀ ਵਧਾਉਣ ਲਈ ਵੀ ਵਰਤਣਾ ਚਾਹੁੰਦੀ ਹੈ। ਜਿੱਥੇ ਭਾਜਪਾ ਔਖੀ ਸਥਿਤੀ ਵਿਚ ਹੈ ਉਥੇ ਭਾਜਪਾ ਆਗੂਆਂ ਦਾ ਕਹਿਣਾ ਹੈ ਕਿ ਉਨ੍ਹਾਂ ਤੋਂ ਵੱਖ ਹੋਣ ਦਾ ਖਮਿਆਜ਼ਾ ਅਕਾਲੀ ਦਲ ਨੂੰ ਭਾਜਪਾ ਨਾਲੋਂ ਵੱਧ ਭੁਗਤਣਾ ਪਵੇਗਾ ਪ੍ਰੰਤੂ ਬਹੁਜਨ ਸਮਾਜ ਪਾਰਟੀ ਨਾਲ ਸਮਝੌਤਾ ਕਰਕੇ ਅਕਾਲੀ ਦਲ ਨੇ ਆਪਣੀ ਸਥਿਤੀ ਵਿਚ ਕੁਝ ਕੁ ਸੁਧਾਰ ਕਰ ਲਿਆ ਹੈ। ਭਾਜਪਾ ਨੂੰ ਅਜੇ ਚੋਣ ਸਮਝੌਤੇ ਲਈ ਕੋਈ ਧਿਰ ਨਹੀਂ ਮਿਲੀ। ਉਹ ਸੁਖਦੇਵ ਸਿੰਘ ਢੀਂਡਸਾ ਨਾਲ ਸਮਝੌਤਾ ਕਰਨਾ ਚਾਹੁੰਦੇ ਹਨ ਪਰ ਕਿਸਾਨ ਸੰਘਰਸ਼ ਦੇ ਚਲਦਿਆਂ ਢੀਂਡਸਾ ਇਹ ਨਹੀਂ ਕਰ ਸਕਦੇ।

ਦੂਸਰੀਆਂ ਪਾਰਟੀਆਂ ਵਾਂਗ ਭਾਜਪਾ ਵੀ ਦਲਿਤ ਪੱਤਾ ਖੇਡਣ ਦੇ ਯਤਨ ਵਿੱਚ ਹੈ ਭਾਵੇਂ ਕਿ ਵਿਚਾਰਧਾਰਕ ਤੌਰ 'ਤੇ ਇਹ ਦਲਿਤ ਵਿਰੋਧੀ ਹੈ ਜਿਸ ਦੀਆਂ ਦੇਸ਼ ਭਰ ਵਿਚ ਕਈ ਮਿਸਾਲਾਂ ਹਨ। ਇਸ ਮੰਤਵ ਲਈ ਉਨ੍ਹਾਂ ਕੋਲ ਸੋਮ ਪ੍ਰਕਾਸ਼ ਕੇਂਦਰੀ ਮੰਤਰੀ ਜੋ ਹੁਸ਼ਿਆਰਪੁਰ ਤੋਂ ਮੈਂਬਰ ਪਾਰਲੀਮੈਂਟ ਹਨ ਅਤੇ ਸਾਬਕਾ ਮੰਤਰੀ ਵਿਜੇ ਸਾਂਪਲਾ ਜੋ ਐੱਸ.ਸੀ. ਕਮਿਸ਼ਨ ਦੇ ਚੇਅਰਮੈਨ ਹਨ ਦੇ ਦਲਿਤ ਚਿਹਰਿਆਂ ਦੀ ਵਰਤੋਂ ਕਰਨ ਦਾ ਯਤਨ ਕਰ ਰਹੀ ਹੈ ਪ੍ਰੰਤੂ ਫਿਰ ਵੀ ਭਾਜਪਾ ਦਾ ਧਿਆਨ ਸਿੱਖ ਵੋਟਰਾਂ ਤੇ ਕੇਂਦਰਤ ਹੈ।

ਵੈਸੇ ਤਾਂ ਸਮੂਹ ਪੰਜਾਬੀਆਂ ਪਰ ਵਿਸੇਸ ਤੌਰ 'ਤੇ ਸਿੱਖਾਂ ਦੇ ਮਨ ਵਿੱਚ ਮਲੇਰਕੋਟਲੇ ਦੇ ਮੁਸਲਮਾਨ ਭਾਈਚਾਰੇ ਪ੍ਰਤੀ ਬਹੁਤ ਸਤਿਕਾਰ ਹੈ। ਪੰਜਾਬ ਵਿੱਚ ਵੱਖ ਵੱਖ ਫ਼ਿਰਕੇ ਦੇ ਲੋਕਾਂ ਦੀ ਭਾਈਚਾਰਕ ਸਾਂਝ ਬਹੁਤ ਪੱਕੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਮੁਗਲ ਹਾਕਮ ਵੱਲੋਂ ਨੀਂਹਾਂ ਵਿਚ ਚਿਣਨ ਦੇ ਫੈਸਲੇ ਦਾ ਉਸ ਸਮੇਂ ਦੇ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਨ ਨੇ ਵਿਰੋਧ ਕੀਤਾ ਸੀ। ਉਸ ਸਮੇਂ ਤੋਂ ਪੰਜਾਬੀਆਂ ਵੱਲੋਂ ਮਲੇਰਕੋਟਲੇ ਦੇ ਮੁਸਲਮਾਨਾਂ ਦਾ ਵਿਸੇਸ਼ ਸਤਿਕਾਰ ਕੀਤਾ ਜਾਂਦਾ ਹੈ। ਪੰਜਾਬ ਸਰਕਾਰ ਨੇ ਇਸ ਸ਼ਰਧਾ ਅਤੇ ਭਾਈਚਾਰਕ ਏਕਤਾ ਵਜੋਂ ਮਾਲੇਰਕੋਟਲਾ ਨੂੰ ਜ਼ਿਲ੍ਹਾ ਬਣਾਉਣ ਦਾ ਫੈਸਲਾ ਕੀਤਾ ਹੈ ਪਰ ਭਾਜਪਾ ਨੇ ਆਪਣੀ ਫ਼ਿਰਕੂ ਨੀਤੀ ਦਾ ਪ੍ਰਗਟਾਵਾ ਕਰਦਿਆਂ ਪਹਿਲਾਂ ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆ ਨਾਥ ਨੇ ਇਸ ਦਾ ਵਿਰੋਧ ਕੀਤਾ ਸੀ ਤੇ ਫਿਰ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਵੀ ਵਿਰੋਧ ਕੀਤਾ ਸੀ ਜਦ ਕਿ ਧਰਮ ਅਤੇ ਜਾਤ ਆਧਾਰਿਤ ਗ਼ੈਰਕਾਨੂੰਨੀ ਕਾਰਜ ਵਿਧੀ ਅਤੇ ਮੰਦਭਾਗੀ ਘਟਨਾਵਾਂ ਸਭ ਤੋਂ ਵੱਧ ਯੂ.ਪੀ. ਵਿਚ ਹੋ ਰਹੀਆਂ ਹਨ। ਭਾਜਪਾ ਸ਼ਾਸਤ ਦੂਸਰੇ ਰਾਜਾਂ ਵਿੱਚ ਵੀ ਫ਼ਿਰਕੂ ਹਿੰਸਾ ਦੀਆਂ ਮੁਸਲਮਾਨਾਂ ਅਤੇ ਦਲਿਤਾਂ ਵਿਰੁੱਧ ਅਕਸਰ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ।

ਭਾਜਪਾ ਵਿਰੁੱਧ ਪੰਜਾਬ ਦੇ ਲੋਕਾਂ ਵਿਚ ਗੁੱਸਾ ਹੋਣ ਦੇ ਬਾਵਜੂਦ ਭਾਜਪਾ ਦੀ ਮੁਹਿੰਮ ਨੂੰ ਹਲਕੇ ਵਿੱਚ ਨਹੀਂ ਲਿਆ ਜਾ ਸਕਦਾ। ਉਸ ਦਾ ਕੁਝ ਲੋਕਾਂ ਵਿੱਚ ਪੱਕਾ ਠੱਕਾ ਆਧਾਰ ਹੈ ਜਿਨ੍ਹਾਂ ਵੱਲੋਂ ਹਰ ਸਥਿਤੀ ਵਿੱਚ ਭਾਜਪਾ ਨਾਲ ਖੜ੍ਹਾ ਰਹਿਣ ਦੀ ਸੰਭਾਵਨਾ ਹੈ ਲੇਕਿਨ ਚੋਣ ਮੁਹਿੰਮ ਵਿੱਚ ਭਾਜਪਾ ਨੂੰ ਲੋਕਾਂ ਵਿੱਚ ਬਹੁਤ ਸਾਰੀਆਂ ਗੱਲਾਂ ਦਾ ਜੁਆਬ ਦੇਣਾ ਪਵੇਗਾ ਜਿਸ ਨਾਲ ਉਹਦੀ ਸਥਿਤੀ ਲੋਕਾਂ ਵਿੱਚ ਹਾਸੋਹੀਣੀ ਹੋ ਸਕਦੀ ਹੈ। ਰੋਜ਼ਾਨਾ ਖਾਣ ਵਾਲੀਆਂ ਚੀਜ਼ਾਂ ਜਿਵੇਂ ਆਟਾ, ਦਾਲਾਂ, ਖੰਡ, ਚਾਵਲ, ਤੇਲ, ਘਿਓ ਆਦਿ ਅਤੇ ਵਰਤੋਂ ਵਾਲੀਆਂ ਚੀਜ਼ਾਂ ਜਿਵੇਂ ਪੈਟਰੋਲ, ਡੀਜ਼ਲ, ਰਸੋਈ ਗੈਸ ਆਦਿ ਦੀਆਂ ਕੀਮਤਾਂ ਅਸਮਾਨ ਛੋਹ ਰਹੀਆਂ ਹਨ ਜਿਸ ਕਰਕੇ ਆਮ ਲੋਕਾਂ ਦਾ ਜੀਣਾ ਔਖਾ ਹੋ ਗਿਆ ਹੈ ਪਰ ਪ੍ਰਧਾਨ ਮੰਤਰੀ ਅਤੇ ਭਾਜਪਾ ਦੇ ਦੂਜੇ ਲੀਡਰ ਇਸ ਉੱਤੇ ਮੂੰਹ ਖੋਲ੍ਹਣ ਲਈ ਤਿਆਰ ਨਹੀਂ ਹਨ। ਪਾਠਕਾਂ ਨੂੰ ਯਾਦ ਹੋਵੇਗਾ ਕਿ ਸਿਟੀਜ਼ਨ ਸੋਧ ਐਕਟ ਨੇ ਘੱਟ ਗਿਣਤੀਆਂ ਅਤੇ ਵਿਸੇਸ ਤੌਰ 'ਤੇ ਮੁਸਲਮਾਨ ਭਾਈਚਾਰੇ ਵਿਰੁੱਧ ਭਾਜਪਾ ਦੇ ਨਫਰਤ ਦੇ ਮਨਸੂਬਿਆਂ ਨੂੰ ਬੇਪਰਦ ਕਰ ਦਿੱਤਾ ਹੈ। ਭਾਜਪਾ ਦੇਸ਼ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਕਾਲਾਬਾਜ਼ਾਰੀ, ਕਿਸਾਨਾਂ ਅਤੇ ਮਜਦੂਰਾਂ ਦੀਆਂ ਮੁਸ਼ਕਲਾਂ ਆਦਿ ਮੁੱਦਿਆਂ ਨੂੰ ਹੱਲ ਕਰਨ ਦੀ ਬਜਾਏ ਇਨ੍ਹਾਂ ਦੇ ਹੱਲ ਕਰਨ ਦੀ ਮੰਗ ਕਰਨ ਵਾਲਿਆਂ ਦੇ ਵਿਰੁੱਧ ਨਫਰਤ ਅਤੇ ਅਸਹਿਣਸ਼ੀਲਤਾ ਦੀ ਰਾਜਨੀਤੀ ਕਰ ਰਹੀ ਹੈ। ਜਾਮੀਆ ਮਿਲੀਆ ਯੂਨੀਵਰਸਿਟੀ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਆਦਿ ਵਿਚ ਜੋ ਘਟਨਾਵਾਂ ਵਾਪਰੀਆਂ ਉਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਇਹ ਘਟਨਾਵਾਂ ਵਾਪਰਨ ਦਾ ਦੋਸ਼ ਵੀ ਭਾਜਪਾ ਉਤੇ ਹੀ ਲੱਗਦਾ ਹੈ। ਸ਼ਾਹੀਨ ਬਾਗ ਵਿਚ ਨਾਗਰਿਕਤਾ ਸੋਧ ਐਕਟ ਦਾ ਵਿਰੋਧ ਕਰ ਰਹੇ ਲੋਕਾਂ ਉੱਤੇ ਭਾਜਪਾ ਆਗੂਆਂ ਨੇ ਪੁਲੀਸ ਦੀ ਹਾਜ਼ਰੀ ਵਿੱਚ ਨੰਗੇ ਚਿੱਟੇ ਰੂਪ ਵਿੱਚ ਹਿੰਸਕ ਕਾਰਵਾਈਆਂ ਦਾ ਪ੍ਰਗਟਾਵਾ ਕੀਤਾ। ਇਨ੍ਹਾਂ ਘਟਨਾਵਾਂ ਦਾ ਭਾਜਪਾ ਕੀ ਜੁਆਬ ਦੇਵੇਗੀ।

ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖ ਰੂਹ ਨੂੰ ਖਤਮ ਕਰਦਿਆਂ ਦੇਸ਼ ਦੇ ਫੈਡਰਲ ਢਾਂਚੇ ਤੇ ਵੀ ਹਮਲੇ ਕੀਤੇ ਜਾ ਰਹੇ ਹਨ। ਭਾਜਪਾ ਨਿਆਂਪਾਲਿਕਾ, ਚੋਣ ਕਮਿਸ਼ਨ, ਪੁਲੀਸ, ਵਿਜੀਲੈਂਸ, ਸੀਬੀਆਈ, ਐੱਨ.ਆਈ.ਏ, ਇਨਫੋਰਸਮੈਂਟ ਡਾਇਰੈਕਟੋਰੇਟ ਆਦਿ ਕਾਰਜਪਾਲਕਾ ਅਤੇ ਮੀਡੀਆ ਅਦਾਰਿਆਂ ਵਿੱਚ ਡਰ ਦਾ ਮਾਹੌਲ ਪੈਦਾ ਕਰਕੇ ਇਨ੍ਹਾਂ ਦਾ ਸਿਆਸੀਕਰਨ ਕਰ ਰਹੀ ਤਾਨਾਸ਼ਾਹੀ ਵੱਲ ਵਧਦੀ ਜਾਪ ਰਹੀ ਹੈ। ਦੇਸ਼ ਦੀ ਪਾਰਲੀਮੈਂਟ ਚੱਲ ਨਹੀਂ ਰਹੀ। ਮੌਜੂਦਾ ਮੌਨਸੂਨ ਸੈਸ਼ਨ ਵਿੱਚ ਕੁੱਝ ਮੈਂਬਰਾਂ ਵੱਲੋਂ ਬਾਰ ਬਾਰ ਕੰਮ ਰੋਕੂ ਮਤੇ ਦੇਣ ਤੋਂ ਬਾਅਦ ਕਿਸੇ ਮਤੇ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਚਰਚਾ ਅਧੀਨ ਕੇਵਲ ਤਿੰਨ ਮੁੱਦੇ ਮੁੱਖ ਸਨ। ਕਿਸਾਨ ਖੇਤੀ ਬਿੱਲ, ਮੈਗਾਸਸ ਜਸੂਸੀ ਮਾਮਲਾ ਅਤੇ ਮਹਿੰਗਾਈ। ਅਸਲ ਵਿਚ ਭਾਜਪਾ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਆਪਣੇ 'ਮਨ ਕੀ ਬਾਤ' ਸੁਣਾਉਣਾ ਚਾਹੁੰਦੀ ਹੈ ਲੋਕਾਂ ਦੇ ਮਨ ਕੀ ਬਾਤ ਸੁਣਨਾ ਨਹੀਂ ਚਾਹੁੰਦੀ। ਇਨ੍ਹਾਂ ਤਿੰਨਾਂ ਮੁੱਦਿਆਂ ਉੱਤੇ ਸਰਕਾਰ ਕਿਸੇ ਬਹਿਸ ਲਈ ਤਿਆਰ ਨਹੀਂ ਹੋਈ। ਵਿਰੋਧੀ ਪਾਰਟੀਆਂ ਵੱਲੋਂ ਬਹਿਸ ਦੀ ਮੰਗ ਕਰਦਿਆਂ ਅਜਲਾਸ ਵਿਚ ਰੌਲਾ ਰੱਪਾ ਪੈਂਦਾ ਰਿਹਾ ਤੇ ਅਜਲਾਸ ਦੋ ਦਿਨ ਪਹਿਲਾਂ ਹੀ ਖਤਮ ਕਰ ਦਿੱਤਾ। ਪਾਰਲੀਮੈਂਟ ਦੇ ਸੰਚਾਲਨ ਵਿਚ ਆਈ ਖੜੋਤ ਨੂੰ ਤੋੜਨ ਲਈ ਪ੍ਰਧਾਨ ਮੰਤਰੀ ਨੇ ਇੱਕ ਵਾਰ ਵੀ ਦਖ਼ਲਅੰਦਾਜ਼ੀ ਨਹੀਂ ਕੀਤੀ। ਜੋ ਬਿੱਲ ਪਾਸ ਕੀਤੇ ਗਏ, ਸਵਾਏ ਓ.ਬੀ.ਸੀ. ਬਿੱਲ ਦੇ ਜਿਸ ਬਾਰੇ ਮਾਮੂਲੀ ਜਿਹੀ ਬਹਿਸ ਹੋਈ ਅਤੇ ਅਪੋਜ਼ੀਸ਼ਨ ਪਾਰਟੀਆਂ ਨੇ ਵੀ ਇਸ ਬਿੱਲ ਦਾ ਸਮਰਥਨ ਕੀਤਾ, ਬਾਕੀ ਬਿਲ ਬਿਨਾਂ ਕਿਸੇ ਵਿਚਾਰ ਵਟਾਂਦਰੇ ਤੋਂ ਰੌਲੇ ਰੱਪੇ ਵਿੱਚ ਹੀ ਪਾਸ ਕੀਤੇ ਗਏ ਇਸ ਤਰ੍ਹਾਂ ਭਾਜਪਾ ਦੀ ਅਗਵਾਈ ਵਾਲੀ ਐੱਨ.ਡੀ.ਏ. ਸਰਕਾਰ ਨੇ ਪਾਰਲੀਮੈਂਟ ਨੂੰ ਵੀ ਮਜ਼ਾਕ ਬਣਾ ਦਿੱਤਾ ਹੈ। ਇਸ ਤੋਂ ਇਹੋ ਪ੍ਰਭਾਵ ਮਿਲਦਾ ਹੈ ਕਿ ਸਰਕਾਰ ਨੂੰ ਲੋਕ ਰਾਏ ਦੀ ਕੋਈ ਕਦਰ ਨਹੀਂ। ਚੋਣ ਮੁਹਿੰਮ ਵਿੱਚ ਇਨ੍ਹਾਂ ਗੱਲਾਂ ਦਾ ਭਾਜਪਾ ਲੀਡਰਾਂ ਨੂੰ ਜੁਆਬ ਦੇਣਾ ਪਵੇਗਾ। ਕਾਰਪੋਰੇਟ ਘਰਾਣਿਆਂ ਨੂੰ ਛੋਟਾਂ ਦਿੱਤੀਆਂ ਜਾ ਰਹੀਆਂ ਹਨ, ਆਮ ਲੋਕਾਂ ਤੇ ਟੈਕਸ ਲਾਏ ਜਾ ਰਹੇ ਹਨ। ਇਲੈਕਟ੍ਰੋਲ ਬਾਂਡ ਦੇ ਨਾਂ ਤੇ ਚੋਣਾਂ ਸਮੇਂ ਰਿਸ਼ਵਤ ਨੂੰ ਕਾਨੂੰਨੀ ਰੂਪ ਦਿੱਤਾ ਗਿਆ ਹੈ।

ਇਸ ਨਾਂ ਤੇ ਭਾਜਪਾ ਨੂੰ ਪੈਸੇ ਦੇਣ ਵਾਲੇ ਕਾਰਪੋਰੇਟਾਂ ਨਾਲ ਸਾਂਝ ਪੱਕੀ ਹੋ ਰਹੀ ਹੈ। ਭਾਜਪਾ ਦੀ ਅਗਵਾਈ ਵਿੱਚ ਮੋਦੀ ਸਰਕਾਰ ਰੇਲਵੇ, ਪੈਟਰੋਲੀਅਮ ਅਦਾਰੇ, ਹਵਾਈ ਅੱਡੇ, ਏਅਰ ਇੰਡੀਆ ਆਦਿ ਸਰਕਾਰੀ ਅਦਾਰੇ ਵੇਚਣ ਤੇ ਲੱਗੀ ਹੋਈ ਹੈ।

ਕੋਰੋਨਾ ਦੀ ਦੂਜੀ ਲਹਿਰ ਵਿੱਚ ਕੇਂਦਰ ਸਰਕਾਰ ਦੀ ਸਿਹਤ ਸੇਵਾਵਾਂ ਪ੍ਰਤੀ ਪੋਲ ਖੁੱਲ੍ਹ ਗਈ ਹੈ। ਵੱਡੀ ਗਿਣਤੀ ਵਿੱਚ ਲੋਕ ਕੋਰੋਨਾ ਵੈਕਸੀਨ ਲਈ ਤਰਸਦੇ ਅਤੇ ਆਕਸੀਜਨ ਦੀ ਘਾਟ ਕਰਕੇ ਜ਼ਿੰਦਗੀ ਤੋਂ ਹੱਥ ਧੋ ਬੈਠੇ। ਗੰਗਾ ਨਦੀ ਵਿੱਚ ਤਰਦੀਆਂ ਤੇ ਕੰਢਿਆਂ ਤੇ ਦੱਬੀਆਂ ਲਾਸ਼ਾਂ ਵੇਖ ਕੇ ਵੀ ਕੇਂਦਰ ਸਰਕਾਰ ਨੇ ਨਮੋਸ਼ੀ ਮਹਿਸੂਸ ਨਹੀਂ ਕੀਤੀ। ਕੋਰੋਨਾ ਨਾਲ ਮੌਤਾਂ ਦਾ ਸਰਕਾਰੀ ਅੰਕੜਾ ਵੀ ਘਟਾ ਕੇ ਪੇਸ਼ ਕਰਨ ਦੀ ਚਰਚਾ ਹੈ।

ਸਰਕਾਰ ਨੂੰ ਪਰਦੇ ਪਿੱਛੇ ਚਲਾਉਣ ਅਤੇ ਪਾਰਦਰਸ਼ਤਾ ਤੋਂ ਦੂਰ ਰੱਖਣ ਨਾਲ ਦੇਸ਼ ਨਹੀਂ ਚੱਲ ਸਕਦਾ। ਭਾਜਪਾ ਸਿਆਸੀ ਮਤਭੇਦਾਂ ਨੂੰ ਦੇਸ਼ ਧ੍ਰੋਹ ਦਾ ਨਾਂ ਦੇਣ ਤਕ ਚਲੀ ਗਈ ਹੈ। ਸੰਕੀਰਨ ਸੋਚ ਕਰਕੇ ਸਾਡੇ ਗੁਆਂਢੀ ਦੇਸ਼ਾਂ ਨਾਲ ਵੀ ਸਬੰਧ ਸੁਖਾਵੇਂ ਨਹੀਂ ਹਨ। ਕਈ ਥਾਈਂ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਕਾਨੂੰਨ ਨੂੰ ਗੈਰਕਾਨੂੰਨੀ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਭਾਜਪਾ ਧਰਮ ਆਧਾਰਤ ਰਾਜਨੀਤੀ ਕਰ ਰਹੀ ਹੈ ਅਤੇ ਧਰਮ ਆਧਾਰਿਤ ਰਾਜਨੀਤੀ ਹਮੇਸ਼ਾਂ ਆਮ ਲੋਕਾਂ ਦੇ ਵਿਰੋਧ ਵਿੱਚ ਖਲੋਂਦੀ ਹੈ। ਧਰਮ ਆਧਾਰਤ ਰਾਜਨੀਤੀ ਹੀ ਸਮਾਜ ਵਿਚ ਊਚ ਨੀਚ ਪੈਦਾ ਕਰਦੀ ਹੈ ਅਤੇ ਲੋਕਾਂ ਵਿੱਚ ਫੁੱਟ ਦੇ ਬੀਜ ਬੀਜਦੀ ਹੈ। ਸਮਾਜ ਵਿਚ ਸਿਹਤਮੰਦ ਕਦਰਾਂ ਕੀਮਤਾਂ ਦੇ ਵਿਕਾਸ ਲਈ ਅੰਦੋਲਨ ਜਰੂਰੀ ਹੈ ਤੇ ਅੰਦੋਲਨ ਕਰਨ ਵਾਸਤੇ ਜਮਹੂਰੀਅਤ ਜਰੂਰੀ ਹੈ ਪਰ ਕੇਂਦਰ ਸਰਕਾਰ ਜਮਹੂਰੀਅਤ ਖਤਮ ਕਰਨ ਦੇ ਰਾਹ ਤੁਰੀ ਹੋਈ ਹੈ। ਇਹ ਰਾਹ ਦੇਸ਼ ਨੂੰ ਬਰਬਾਦ ਕਰਨ ਦਾ ਰਾਹ ਹੈ। ਕਿਸਾਨ ਅੰਦੋਲਨ ਨਾਂ ਪੰਜਾਬ ਦਾ ਹੈ, ਨਾਂ ਸਿੱਖਾਂ ਦਾ ਹੈ, ਨਾਂ ਅਤਿਵਾਦੀਆਂ ਦਾ, ਨਾਂ ਖਾਲਿਸਤਾਨੀਆਂ ਦਾ, ਨਾਂ ਕਮਿਊਨਿਸਟਾਂ ਦਾ, ਨਾਂ ਪਾਕਿਸਤਾਨ ਅਤੇ ਚੀਨ ਦਾ ਹੈ। ਇਹ ਦੇਸ਼ ਦੇ ਅੰਨਦਾਤਾ ਦਾ ਹੈ, ਦੇਸ਼ ਦੇ ਕਿਸਾਨਾਂ ਦਾ ਹੈ। ਭਾਜਪਾ ਦੀ ਅਗਵਾਈ ਹੇਠ ਕੇਂਦਰ ਸਰਕਾਰ ਨੂੰ ਇਸ ਪ੍ਰਤੀ ਠੀਕ ਪਹੁੰਚ ਅਪਣਾ ਕੇ ਖੇਤੀ ਕਾਨੂੰਨ ਵਾਪਸ ਲੈਣੇ ਚਾਹੀਦੇ ਹਨ ਤਾਂ ਹੀ ਉਸ ਨੂੰ ਲੋਕਾਂ ਦੇ ਗੁੱਸੇ ਤੋਂ ਮੁਕਤੀ ਮਿਲ ਸਕਦੀ ਹੈ। ਇਸ ਤਰ੍ਹਾਂ ਦੇ ਬਹੁਤ ਸਾਰੇ ਮੁੱਦਿਆਂ ਤੇ ਭਾਜਪਾ ਨੇਤਾਵਾਂ ਨੂੰ ਜੁਆਬ ਦੇਣਾ ਪਵੇਗਾ। ਸਵਾਲ ਤਾਂ ਲੋਕ ਕਾਂਗਰਸ, ਅਕਾਲੀ ਦਲ ਅਤੇ ਆਪ ਪਾਰਟੀ ਤੋਂ ਵੀਂ ਪੁੱਛਣਗੇ ਲੇਕਿਨ ਇਸ ਲੇਖ ਵਿੱਚ ਅਸੀਂ ਕੇਵਲ ਭਾਜਪਾ ਦੀ ਗੱਲ ਕਰ ਰਹੇ ਹਾਂ। ਭਾਜਪਾ ਲੀਡਰਾਂ ਨੂੰ ਉਹ ਸ਼ਬਦਾਵਲੀ ਨਹੀਂ ਵਰਤਣੀ ਚਾਹੀਦੀ ਜਿਸ ਉਤੇ ਕੱਲ੍ਹ ਨੂੰ ਭਾਜਪਾ ਆਗੂਆਂ ਨੂੰ ਪਛਤਾਉਣਾ ਅਤੇ ਸ਼ਰਮਿੰਦੇ ਹੋਣਾ ਪਵੇ। ਅਸਲ ਵਿੱਚ ਭੱਦੀ ਬੋਲੀ ਬੋਲਣ ਵਾਲੇ ਭਾਜਪਾ ਆਗੂਆਂ ਨੂੰ ਇਸ ਗੱਲ ਦੀ ਝਾਕ ਜਾਪਦੀ ਹੈ ਕਿ ਪਾਰਟੀ ਉਨ੍ਹਾਂ ਨੂੰ ਇਸ ਇਵਜ ਵਿਚ ਕਿਸੇ ਵੱਡੀ ਕੁਰਸੀ ਤੇ ਬਿਠਾ ਦੇਵੇਗੀ।

ਜੇ ਭਾਜਪਾ ਪੰਜਾਬ ਵਿੱਚ ਸਿਆਸੀ ਜਗ੍ਹਾ ਬਣਾਉਣਾ ਚਾਹੁੰਦੀ ਹੈ ਤਾਂ ਉਸ ਨੂੰ ਕਿਸਾਨਾਂ ਦੀਆਂ ਮੁਸ਼ਕਿਲਾਂ ਦੀ ਹਕੀਕਤ ਨੂੰ ਸਮਝਦਿਆਂ ਤਿੰਨੇ ਖੇਤੀ ਕਾਨੂੰਨ ਵਾਪਸ ਲੈਣੇ ਚਾਹੀਦੇ ਹਨ। ਸੰਵਿਧਾਨਕ ਤੌਰ ’ਤੇ ਖੇਤੀ ਰਾਜਾਂ ਦਾ ਵਿਸ਼ਾ ਹੈ ਇਸ ਲਈ ਕੇਂਦਰ ਨੂੰ ਰਾਜਾਂ ਦੇ ਅਧਿਕਾਰਾਂ ਵਿੱਚ ਦਖਲ ਦੇ ਕੇ ਇਨ੍ਹਾਂ ਨੂੰ ਖੋਰਾ ਨਹੀਂ ਲਾਉਣਾ ਚਾਹੀਦਾ। ਹਰ ਉਹ ਵਿਅਕਤੀ ਜੋ ਭਾਜਪਾ ਜਾਂ ਕੇਂਦਰ ਸਰਕਾਰ ਦੀ ਆਲੋਚਨਾ ਕਰਦਾ ਹੈ ਉਸ ਨੂੰ ਦੇਸ਼ ਧ੍ਰੋਹੀ ਕਹਿਣਾ ਠੀਕ ਨਹੀਂ। ਭਾਜਪਾ ਨੂੰ ਅਸਹਿਣਸ਼ੀਲਤਾ ਦਾ ਇਹ ਰਸਤਾ ਤਿਆਗ ਕੇ ਲੋਕਾਂ ਨੂੰ ਠੀਕ ਅਗਵਾਈ ਦੇਣੀ ਚਾਹੀਦੀ ਹੈ ਅਤੇ ਸੰਵਿਧਾਨਕ ਢੰਗ ਨਾਲ ਦੇਸ਼ ਚਲਾਉਂਦਿਆਂ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨਾ ਚਾਹੀਦਾ ਹੈ। ਪੰਜਾਬ ਦੇ ਆਗੂ ਵੀ ਪੰਜਾਬ ਦੇ ਹਿੱਤਾਂ ਨੂੰ ਪਹਿਲ ਦੇ ਕੇ ਪੰਜਾਬ ਵਿੱਚ ਪਾਰਟੀ ਦੀ ਥਾਂ ਤਲਾਸ਼ ਸਕਦੇ ਹਨ।

# ਅਫਗਾਨ ਸ਼ਰਨਾਰਥੀਆਂ ਦੀ ਤ੍ਰਾਸਦੀ



ਡੰਗ ਅਤੇ ਚੋਭਾਂ

ਗੁਰਮੀਤ ਸਿੰਘ ਪਲਾਹੀ
98158-02070



ਅਫਗਾਨਿਸਤਾਨ ਤੋਂ ਵੱਡੀਆਂ ਚਿੰਤਾਜਨਕ ਖ਼ਬਰਾਂ ਆ ਰਹੀਆਂ ਹਨ। ਸੋਵੀਅਤ ਯੂਨੀਅਨ (ਰੂਸ) ਪਹਿਲਾਂ ਅਫਗਾਨਿਸਤਾਨ ਦੇ ਵਸ਼ਿੰਦਿਆਂ ਦਾ ਸਾਥ ਛੱਡ ਗਿਆ ਸੀ ਅਤੇ ਹੁਣ ਅਮਰੀਕੀ ਫੌਜਾਂ 20 ਸਾਲ ਅਫਗਾਨਿਸਤਾਨ ’ਚ ਆਪਣੀਆਂ ਚੰਮ ਦੀਆਂ ਚਲਾਕੇ, ਉਥੋਂ ਦੇ ਵਸ਼ਿੰਦਿਆਂ ਨੂੰ ਆਪਣੇ ਰਹਿਮੋ ਕਰਮ ਉਤੇ ਛੱਡ ਗਈਆਂ ਹਨ। ਤਾਲਿਬਾਨ ਲਗਭਗ ਸਾਰੇ ਅਫਗਾਨਿਸਤਾਨ ਉਤੇ ਕਾਬਜ਼ ਹੋ ਗਿਆ ਹੈ ਅਤੇ ਲੋਕ ਆਪਣਾ ਦੇਸ਼ ਛੱਡਕੇ ਵਿਦੇਸ਼ਾਂ ਨੂੰ ਭੱਜ ਰਹੇ ਹਨ।

ਮੋਟਾ ਅੰਦਾਜ਼ਾ ਹੈ ਕਿ ਹੁਣ ਤੱਕ ਤੀਹ ਲੱਖ ਅਫਗਾਨ ਸ਼ਰਨਾਰਥੀ ਦੁਨੀਆ ਭਰ ਦੇ ਦੇਸ਼ਾਂ ਵਿੱਚ ਸ਼ਰਨ ਲੈ ਚੁੱਕੇ ਹਨ। ਇਹ ਗਿਣਤੀ ਜਿਆਦਾ ਵੀ ਹੋ ਸਕਦੀ ਹੈ। ਪਾਕਿਸਤਾਨ ਪਿਛਲੇ ਚਾਰ ਦਹਾਕਿਆਂ ਤੋਂ ਅਫਗਾਨ ਸ਼ਰਨਾਰਥੀਆਂ ਦਾ ਭਾਰ ਢੋਅ ਰਿਹਾ ਹੈ। ਉਸਦਾ ਦਾਅਵਾ ਹੈ ਕਿ ਉਸਨੇ ਪਾਕਿਸਤਾਨ ਵਿੱਚ ਪੰਦਰਾਂ ਲੱਖ ਸ਼ਰਨਾਰਥੀ ਰਜਿਸਟਰ ਕੀਤੇ ਹਨ, ਬਾਕੀ ਬਿਨਾਂ ਰਜ਼ਿਸਟ੍ਰੇਸ਼ਨ ਰਹਿ ਰਹੇ ਹਨ। ਪਾਕਿਸਤਾਨ, ਜਿਹੜਾ ਤਾਲਿਬਾਨ ਦੇ ਨਾਲ ਹਿੱਕ ਡਾਹ ਕੇ ਖੜਾ ਹੋਇਆ ਹੈ, ਉਸਨੇ ਹੁਣ ਅਫਗਾਨ ਸ਼ਰਨਾਰਥੀਆਂ ਲਈ ਦਰਵਾਜੇ ਢੋਹ ਲਏ ਹਨ।

ਅਫਗਾਨਿਸਤਾਨ ’ਚ ਹਾਲਾਤ ਗੰਭੀਰ ਹਨ ਅਤੇ ਉਥੇ ਸਿਆਸੀ ਅਨਿਸਚਿਤਤਾ ਬਣੀ ਹੋਈ ਹੈ। ਤਾਲਿਬਾਨਾਂ ਨੇ ਅਫਗਾਨਿਸਤਾਨ ਤੇ ਕਬਜਾ ਕਰਨ ਉਪਰੰਤ 12 ਮੈਂਬਰੀ ਕਮੇਟੀ ਬਣਾਈ ਹੈ, ਪਰ ਹਾਲੀ ਤੱਕ ਆਪਣਾ ਕੋਈ ਵੀ ਮੁੱਖੀ/ ਰਾਸ਼ਟਰਪਤੀ ਨਹੀਂ ਐਲਾਨਿਆ। ਭਾਵੇਂ ਕਿ ਤਾਲਿਬਾਨ ਖਾੜਕੂ ਲੋਕਾਂ ਨੂੰ ਅਫਗਾਨ ਨਾ ਛੱਡਣ ਲਈ ਕਹਿ ਰਹੇ ਹਨ, ਪਰ ਕਿਉਂਕਿ ਲੋਕਾਂ ਨੂੰ 20 ਸਾਲ ਪਹਿਲੇ ਤਲਿਬਾਨਾਂ ਵਲੋਂ ਕੀਤੇ ਜ਼ੁਲਮ ਯਾਦ ਹਨ, ਇਸ ਕਰਕੇ ਉਹ ਦੇਸ਼ ਛੱਡਣ ’ਚ ਹੀ ਆਪਣਾ ਭਲਾ ਸਮਝ ਰਹੇ ਹਨ। ਇਸ ਲਈ ਤਾਲਿਬਾਨ ਦੇ ਕਬਜੇ ਦੇ ਬਾਅਦ ਵੱਡੀ ਗਿਣਤੀ ਸ਼ਰਨਾਰਥੀਆਂ ਦੀ ਪਿਛਲੇ ਕੁਝ ਦਿਨਾਂ ਵਿੱਚ ਕਾਬੁਲ ਹਵਾਈ ਅੱਡੇ ਉਤੇ ਜਿਸ ਤਰ੍ਹਾਂ ਦੀ ਭੀੜ ਦਿਖ ਰਹੀ ਹੈ, ਉਹ ਚਿੰਤਾ ਕਰਨ ਵਾਲੀ ਹੈ।

ਲੋਕਾਂ ਨੂੰ ਲੱਗ ਰਿਹਾ ਹੈ ਕਿ ਕੋਈ ਵੀ ਸਾਧਨ ਜਾਂ ਤਰੀਕਾ ਵਰਤਕੇ ਦੇਸ਼ ਛੱਡਣ ’ਚ ਹੀ ਉਹਨਾ ਦੀ ਭਲਾਈ ਹੈ। ਅਫਗਾਨੀ ਲੋਕਾਂ ’ਚ ਇਸ ਗੱਲ ਦੀ ਅਨਿਸ਼ਚਿਤਤਾ ਹੈ ਕਿ ਤਾਲੀਬਾਨੀਆਂ ਦਾ ਰਾਜ ਕਿਹੋ ਜਿਹਾ ਹੋਏਗਾ ? ਇਸੇ ਲਈ ਅਮਰੀਕਾ ਸਹਿਤ ਸਾਰੇ ਦੇਸ਼ ਆਪਣੇ ਨਾਗਰਿਕ ਅਤੇ ਉਹਨਾ ਲਈ ਕੰਮ ਕਰਨ ਵਾਲੇ ਅਫਗਾਨੀਆਂ ਨੂੰ ਸੁਰੱਖਿਅਤ ਟਿਕਾਣਿਆਂ ਤੇ ਪਹੁੰਚਾ ਰਹੇ ਹਨ। ਅਮਰੀਕੀਆਂ ਦਾ ਦਾਅਵਾ ਹੈ ਕਿ ਉਹਨਾ 60 ਹਜ਼ਾਰ ਲੋਕਾਂ ਨੂੰ ਕਾਬੁਲ ’ਚੋਂ ਬਾਹਰ ਕੱਢਿਆ ਹੈ। ਬ੍ਰਿਟਿਸ਼ ਸਰਕਾਰ ਵੀ 5200 ਲੋਕਾਂ ਨੂੰ ਬਾਹਰ ਕੱਢ ਚੁੱਕੀ ਹੈ। ਭਾਰਤ ਵਲੋਂ ਵੀ ਆਪਣੇ ਸੈਂਕੜੇ ਮੁਲਾਜ਼ਮ ਵਾਪਸ ਲਿਆਂਦੇ ਗਏ ਹਨ, ਕਿਉਂਕਿ ਤਾਲਿਬਾਨ ਨੇ 31 ਅਗਸਤ 2021 ਤੱਕ ਇਹਨਾ ਦੇਸ਼ਾਂ ਦੇ ਲੋਕਾਂ ਨੂੰ ਬਾਹਰ ਲੈ ਜਾਣ ਦੀ ਪ੍ਰਵਾਨਗੀ ਦਿੱਤੀ ਹੋਈ ਹੈ।

ਅਫਗਾਨਿਸਤਾਨ ਦੀ ਇਸ ਵੇਲੇ ਦੀ ਸਮੱਸਿਆ ਗੰਭੀਰ ਹੈ। ਅਮਰੀਕੀ ਫੌਜਾਂ ਦੀ ਵਾਪਸੀ ਉਪਰੰਤ, ਅਫਗਾਨੀ ਫੌਜਾਂ ਤਾਲਿਬਾਨਾਂ ਦਾ, ਜਿਹਨਾ ਨੂੰ ਪਾਕਿਸਤਾਨ ਦੀ ਭਰਪੂਰ ਹਮਾਇਤ ਹੈ, ਮੁਕਾਬਲਾ ਨਹੀਂ ਕਰ ਸਕੀਆਂ। ਸਿਰਫ ਪੰਜਸ਼ੀਰ ਸੂਬੇ ’ਚ ਉਥੋਂ ਦੇ ਕਬੀਲੇ ਅਤੇ ਨਾਰਥ ਪ੍ਰੋਵਿੰਨਸ ਫੌਜਾਂ ਤਾਲਿਬਾਨਾਂ ਨੂੰ ਟੱਕਰ ਦੇ ਰਹੀਆਂ ਹਨ। ਅਹਿਮਦ ਮਸੂਦ ਅਤੇ ਸਾਬਕਾ ਅਫਗਾਨੀ ਉਪ ਰਾਸ਼ਟਰਪਤੀ ਅਮਰੁਲਾ ਸਲਾਹ ਦੀ ਅਗਵਾਈ ’ਚ ਪੂਰੇ ਵਿਸ਼ਵ ’ਚ ਅਫਗਾਨਿਸਤਾਨ ਨਾਲ ਹੋ ਰਹੀਆਂ ਤਾਲਿਬਾਨੀ ਜਿਆਦਤੀਆਂ ਨੂੰ ਲੋਕਾਂ ਸਾਹਵੇਂ ਲਿਆ ਰਹੇ ਹਨ। ਇਸ ਵੇਲੇ ਤਾਲਿਬਾਨ ਪੰਜਸ਼ੀਰ ਨੂੰ ਕਬਜ਼ੇ ’ਚ ਲੈਣ ਲਈ ਲੜਾਈ ਲੜ ਰਹੇ ਹਨ, ਕਿਉਂਕਿ ਉਹਨਾ ਕੋਲ ਉਹ ਸਾਰਾ ਅਸਲਾ, ਟੈਂਕ, ਮਸ਼ੀਨਰੀ ਆਦਿ ਮੌਜੂਦ ਹੈ ਜੋ ਅਮਰੀਕੀ ਫੌਜਾਂ ਅਫਗਾਨਿਸਤਾਨ ਵਿੱਚ ਛੱਡ ਗਈਆਂ ਹਨ ਤੇ ਆਫਗਾਨਿਸਤਾਨ ਦੀਆਂ ਫੌਜਾਂ ਇਸ ਅਸਲੇ ਨੂੰ ਸੰਭਾਲ ਨਹੀਂ ਸਕੀਆਂ। ਭਾਵੇਂ ਕਿ ਖ਼ਬਰਾਂ ਇਹ ਵੀ ਹਨ ਕਿ ਦੋਹਾਂ ਧਿਰਾਂ ’ਚ ਜੰਗਬੰਦੀ ਹੋ ਗਈ ਹੈ।

ਮੌਜੂਦਾ ਹਾਲਾਤ ਦੇ ਮੱਦੇ ਨਜ਼ਰ ਸ਼ਰਨਾਰਥੀਆਂ ਦੀ ਸਮੱਸਿਆ ਡੂੰਘੀ ਤੇ ਵਡੇਰੀ ਹੁੰਦੀ ਜਾ ਰਹੀ ਹੈ। ਇਸ ਕਰਕੇ ਅਫਗਾਨਿਸਤਾਨ ਦੇ ਆਸਪਾਸ ਦੇ ਦੇਸ਼ ਪ੍ਰੇਸ਼ਾਨ ਹਨ। ਉਹ ਪਹਿਲਾਂ ਹੀ ਅਫਗਾਨੀ ਸ਼ਰਨਾਰਥੀਆਂ ਦਾ ਸੰਕਟ ਝੱਲ ਰਹੇ ਹਨ। ਪਿਛਲੇ ਕੁਝ ਮਹੀਨਿਆਂ ਵਿੱਚ ਲੱਖਾਂ ਅਫਗਾਨੀ ਦੇਸ਼ ਛੱਡ ਚੁੱਕੇ ਹਨ। ਈਰਾਨ ਅਤੇ ਤਿੰਨ ਹੋਰ ਰਾਜਾਂ ਨੇ ਸ਼ਰਨਾਰਥੀਆਂ ਨੂੰ ਜਗਾਹ ਦਿੱਤੀ ਹੈ। ਪਾਕਿਸਤਾਨ ਵੱਲ ਵੀ ਇਹ ਸ਼ਰਨਾਰਥੀ ਰੁਖ ਕਰ ਰਹੇ ਹਨ। ਅਫਗਾਨਿਸਤਾਨ ਦਾ ਗੁਆਂਢੀ ਮੁਲਕ ਤਾਜਕਿਸਤਾਨ ਵੀ ਸ਼ਰਨਾਰਥੀਆਂ ਪ੍ਰਤੀ ਚਿੰਤਤ ਹੈ। ਉਹ ਇੱਕ ਲੱਖ ਸ਼ਰਨਾਰਥੀਆਂ ਨੂੰ ਪਨਾਹ ਦੇ ਚੁੱਕਾ ਹੈ। ਪੱਛਮੀ ਦੇਸ਼ਾਂ ਨੇ ਵੀ ਅਫਗਾਨੀ ਸ਼ਰਨਾਰਥੀਆਂ ਨੂੰ ਪਨਾਹ ਦੇਣ ਦੀ ਪ੍ਰਵਾਨਗੀ ਦਿੱਤੀ ਹੈ। ਬਰਤਾਨੀਆ ਵੀ ਵੀਹ ਹਜ਼ਾਰ ਅਫਗਾਨੀ ਔਰਤਾਂ ਤੇ ਬੱਚਿਆਂ ਨੂੰ ਪਨਾਹ ਦੇਵੇਗਾ ਜਦਕਿ ਕੈਨੇਡਾ ਨੇ ਵੀ ਵੀਹ ਹਜ਼ਾਰ ਹੋਰ ਸ਼ਰਨਾਰਥੀਆਂ ਨੂੰ ਸੰਭਾਲਣ ਲਈ ਦਰਵਾਜ਼ੇ ਖੋਲ੍ਹੇ ਹਨ। ਜਰਮਨੀ ਵੀ ਹੁਣ ਦਸ ਹਜ਼ਾਰ ਸ਼ਰਨਾਰਥੀਆਂ ਨੂੰ ਸ਼ਰਨ ਦੇਵੇਗਾ। ਅਮਰੀਕਾ ਵਲੋਂ ਤਾਂ ਉਹਨਾ ਸਾਰੇ ਅਫਗਾਨੀਆਂ ਨੂੰ ਆਪਣੇ ਨਾਲ ਲੈ ਕੇ ਜਾਣ ਦਾ ਬੀੜਾ ਚੁੱਕਿਆ ਹੋਇਆ ਹੈ, ਜਿਹੜੇ 20 ਸਾਲ ਉਹਨਾ ਦਾ ਅਫਗਾਨਿਸਤਾਨ ’ਚ ਸਾਥ ਦਿੰਦੇ ਰਹੇ ਹਨ।

ਤਾਲਿਬਾਨਾਂ ਨੇ ਕਾਬੁਲ ’ਚ ਰਾਸ਼ਟਰਪਤੀ ਮਹੱਲ ਸੰਭਾਲਣ ਉਪਰੰਤ ਪ੍ਰੈਸ ਕਾਨਫਰੰਸ ਕੀਤੀ। ਕਿਸੇ ਨੂੰ ਵੀ ਦੇਸ਼ ਨਾ ਛੱਡਣ ਲਈ ਪ੍ਰੇਰਿਆ। ਸਭਨਾ ਦੀ ਸੁਰੱਖਿਆ ਦਾ ਬਚਨ ਦਿਤਾ ਪਰ ਤਾਲਿਬਾਨਾਂ ਨੇ ਸਕੂਲਾਂ, ਵਿਦਿਆਰਥੀਆਂ ਤੇ ਵਿਦਿਆਰਥਣਾ ਨੂੰ ਵੱਖੋ-ਵੱਖਰੇ ਕਮਰਿਆਂ ’ਚ ਪੜ੍ਹਨ ਦਾ ਆਦੇਸ਼ ਸੁਣਾ ਦਿੱਤਾ। ਔਰਤਾਂ ਨੂੰ ਟੀਵੀ ਐਂਕਰਾਂ ਵਜੋਂ ਛੁੱਟੀ ਕਰ ਦਿੱਤੀ ਹੈ। ਤਾਲਿਬਾਨ ਲੜਾਕੇ ਉਹਨਾ ਲੋਕਾਂ ਨੂੰ ਲੱਭ ਰਹੇ ਹਨ ਜਿਹਨਾ ਨੇ ਅਮਰੀਕੀ ਨੇਤਾਵਾਂ ਦਾ ਸਾਥ ਦਿਤਾ, ਜਿਹਨਾ ਦੀ ਸੂਚੀ ਉਹਨਾ ਕੋਲ ਹੈ।

ਅਮਰੀਕਾ ਨੇ ਪਿਛਲੇ 20 ਸਾਲ ਅਰਬਾਂ-ਖਰਬਾਂ ਰੁਪਏ ਅਫਗਾਨਿਸਤਾਨ ’ਚ ਖਰਚ ਕੀਤੇ ਲੇਕਿਨ ਨਾ ਤਾਂ ਅਫਗਾਨਿਸਤਾਨ ’ਚ ਸ਼ਾਤੀ ਆਈ ਨਾ ਹੀ ਤਾਲਿਬਾਨ ਦਾ ਸਫਾਇਆ ਹੋਇਆ। ਸਗੋਂ ਅਮਰੀਕਾ ਨੇ ਉਹਨਾ ਅਫਗਾਨੀਆਂ ਨੂੰ ਸੰਕਟ ’ਚ ਪਾ ਦਿਤਾ ਜਿਹੜੇ ਵੀਹ ਸਾਲ ਉਹਨਾ ਦੇ ਸਹਿਯੋਗੀ ਰਹੇ।

ਅਫਗਾਨੀ ਸ਼ਰਨਾਰਥੀਆਂ ਦੀ ਸੰਖਿਆ ਸੈਂਕੜਿਆਂ, ਹਜ਼ਾਰਾਂ ’ਚ ਨਹੀਂ, ਸਗੋਂ ਲੱਖਾਂ ’ਚ ਹੈ। ਰੂਸ ਵੀ ਇਸ ਚਿੰਤਾ ਵਿੱਚ ਹੈ ਕਿ ਆਖ਼ਰ ਅਫਗਾਨੀ ਸ਼ਰਨਾਰਥੀਆਂ ਦਾ ਕੀ ਕੀਤਾ ਜਾਵੇ। ਭਾਵੇਂ ਪਾਕਿਸਤਾਨ ਖੁਸ਼ ਹੈ ਕਿ ਉਸਦੀ ਪਕੜ ਇਸ ਖਿੱਤੇ ’ਚ ਮਜ਼ਬੂਤ ਹੋਈ ਹੈ, ਜਿਥੇ ਭਾਰਤ ਤੇ ਅਮਰੀਕਾ ਦੀ ਪਹਿਲਾਂ ਵੱਡੀ ਪਕੜ ਸੀ। ਪਾਕਿਸਤਾਨ ਹੁਣ ਅਫਗਾਨਿਸਤਾਨ ’ਚ ਸਰਕਾਰ ਬਨਾਉਣ ਦੀ ਵੱਡੀ ਭੂਮਿਕਾ ਵੀ ਨਿਭਾ ਰਿਹਾ ਹੈ। ਪਰ ਪਾਕਿਸਤਾਨ ਦੀ ਚਿੰਤਾ ਉਹ ਵੱਡੀ ਗਿਣਤੀ ਸ਼ਰਨਾਰਥੀ ਵੀ ਹਨ, ਜਿਹੜੇ ਉਹਦੀਆਂ ਸਰਹੱਦਾਂ ਉਤੇ ਡੇਰੇ ਜਮਾਈ ਬੈਠੇ ਹਨ।

ਅਸਲ ਵਿੱਚ ਜਦੋਂ 2020 ਵਿੱਚ ਅਮਰੀਕਾ ਤੇ ਤਾਲਿਬਾਨ ਵਿਚਕਾਰ ਸ਼ਾਂਤੀ ਸਮਝੌਤਾ ਹੋਇਆ। ਅਫਗਾਨਿਸਤਾਨੀ ਸ਼ਰਨਾਰਥੀ ਪਹਿਲਾਂ ਹੀ ਦੂਜੇ ਦੇਸ਼ਾਂ ’ਚ ਸ਼ਰਨ ਲੈਣ ਲਈ ਤੁਰ ਪਏ ਸਨ। ਪਾਕਿਸਤਾਨ, ਈਰਾਨ ਤੋਂ ਇਲਾਵਾ ਜਰਮਨ, ਤਾਜਿਕਸਤਾਨ, ਤੁਰਕੀ, ਅਸਟਰੀਆ, ਫਰਾਂਸ, ਗਰੀਸ ’ਚ ਵੱਡੀ ਸੰਖਿਆ ਅਫਗਾਨੀ ਸ਼ਰਨਾਰਥੀ ਪਹੁੰਚੇ। ਜਰਮਨੀ ’ਚ ਪੌਣੇ ਦੋ ਲੱਖ ਅਤੇ ਤੁਰਕੀ ’ਚ ਸਵਾ ਲੱਖ ਸ਼ਰਨਾਰਥੀਆਂ ਨੇ ਸ਼ਰਨ ਲੈ ਲਈ।

ਉਹ ਪਾਕਿਸਤਾਨ ਜਿਸਨੇ ਤਾਲਿਬਾਨਾਂ ਨੂੰ ਅਫਗਾਨਿਸਤਾਨ ਦੀ ਗੱਦੀ ਦੁਆਈ ਹੈ, ਉਹ ਅਫਗਾਨੀ ਸ਼ਰਨਾਰਥੀਆਂ ਨਾਲ ਬੁਰਾ ਸਲੂਕ ਕਰਦੀ ਹੈ। ਉਹਨਾ ਦੇ ਮਾਨਵ ਅਧਿਕਾਰਾਂ ਦੀ ਪਾਕਿਸਤਾਨ ’ਚ ਉਲੰਘਣਾ ਹੁੰਦੀ ਹੈ। ਉਹਨਾ ਨੂੰ ਉਥੇ ਸਿੱਖਿਆ, ਸਿਹਤ ਸਹੂਲਤਾਂ ਵੀ ਨਹੀਂ ਮਿਲਦੀਆਂ। ਕਰਾਚੀ ’ਚ ਵੱਡੀ ਗਿਣਤੀ ਅਫਗਾਨੀ ਝੌਂਪੜੀਆਂ ’ਚ ਰਹਿੰਦੇ ਹਨ। ਇਕੱਲੇ ਕਰਾਚੀ ’ਚ ਝੁੱਗੀਆਂ ’ਚ ਰਹਿਣ ਵਾਲੇ ਅਫਗਾਨੀਆਂ ਦੀ ਗਿਣਤੀ ਦੋ ਲੱਖ ਹੈ। ਅਸਲ ’ਚ ਪਿਛਲੇ ਕਈ ਦਹਾਕਿਆਂ ਤੋਂ ਕਰਾਚੀ ’ਚ ਰਹਿਣ ਵਾਲੇ ਅਫਗਾਨੀ ਸ਼ਰਨਾਰਥੀ ਤਾਂ ਉਥੋਂ ਦੇ ਵਸ਼ਿੰਦੇ ਹੀ ਬਣ ਚੁੱਕੇ ਹਨ। ਉਹ ਵਾਪਿਸ ਅਫਗਾਨਿਸਤਾਨ ਨਹੀਂ ਜਾਣਾ ਚਾਹੁੰਦੇ। ਉਹ ਪੱਛਮੀ ਦੇਸ਼ਾਂ ਵੱਲ ਵੀ ਨਹੀਂ ਜਾਣਾ ਚਾਹੁੰਦੇ। ਉਹਨਾ ਦਾ ਵਿਸ਼ਵਾਸ਼ ਹੈ ਕਿ ਸੋਵੀਅਤ ਯੂਨੀਅਨ ਦੇ ਅਫਗਾਨਿਸਤਾਨ ਹਮਲੇ ਬਾਅਦ ਉਹਨਾ ਦੀ ਹਾਲਾਤ ਨਾਜਕ ਹੋਈ ਸੀ। ਉਹਨਾ ਨੂੰ ਸੋਵੀਅਤ ਯੂਨੀਅਨ ਦੀਆਂ ਫੌਜਾਂ ਦੇ ਵਾਪਿਸ ਜਾਣ ਨਾਲ ਆਸ ਬੱਝੀ ਸੀ ਕਿ ਉਹਨਾ ਦੀ ਹਾਲਤ ਬਿਹਤਰ ਹੋਏਗੀ। ਪਰ ਅਫਗਨਾਨਿਸਤਾਨ ’ਚ ਸ਼ਾਂਤੀ ਨਹੀਂ ਆਈ। ਅਫਗਾਨਿਸਤਾਨ ਦੇ ਕਬੀਲਿਆਂ ਦੇ ਸਰਦਾਰਾਂ ਅਤੇ ਫਿਰ ਤਾਲਿਬਾਨ ਨੇ ਅਫਗਾਨਿਸਤਾਨ ਤਬਾਹ ਕਰ ਦਿੱਤਾ। ਅਮਰੀਕਾ ਅਤੇ ਨਾਟੋ ਦੇਸ਼ ਵੀ ਅਫਗਾਨੀਆਂ ਦੀ ਹਾਲਤ ਸੁਧਾਰਨ ’ਚ ਨਾਕਾਮਯਾਬ ਰਹੇ। ਉਹਨਾ ਦੀ ਨਾਕਾਮਯਾਬੀ ਕਾਰਨ ਤਾਲਿਬਾਨ ਮੁੜ ਅਫਗਾਨਿਸਤਾਨ ਤੇ ਕਾਬਜ਼ ਹੋ ਗਿਆ ਹੈ।

ਅਫਗਾਨੀ ਸ਼ਰਨਾਰਥੀਆਂ ਦੀ ਹਾਲਤ ਤਰਸਯੋਗ ਹੈ। ਅਫਗਾਨਿਸਤਾਨ ਦੇ ਗੁਆਂਢੀ ਦੇਸ਼ ਪਾਕਿਸਤਾਨ, ਈਰਾਨ, ਉਜਬੇਕਿਸਤਾਨ ਦੀ ਵਿੱਤੀ ਹਾਲਤ ਠੀਕ ਨਹੀਂ ਹੈ। ਇਹੋ ਜਿਹੇ ਹਾਲਾਤਾਂ ’ਚ ਉਹ ਸ਼ਰਨਾਰਥੀਆਂ ਦਾ ਬੋਝ ਕਿਵੇਂ ਤੇ ਕਿੰਨਾ ਕੁ ਚੁੱਕ ਸਕਦੇ ਹਨ। ਸ਼ਰਨਾਰਥੀਆਂ ਦੀ ਭੀੜ ਦਾ ਅਸਰ ਉਹਨਾ ਮੁਲਕਾਂ ਦੀ ਆਰਥਿਕਤਾ ਉਤੇ ਵੀ ਪਵੇਗਾ।

ਅਫਗਾਨਿਸਤਾਨ ਵਿੱਚ ਜਿਸ ਕਿਸਮ ਦੇ ਹਾਲਾਤ ਬਣ ਰਹੇ ਹਨ, ਉਹ ਗ੍ਰਹਿ ਯੁੱਧ ਦਾ ਸੰਕੇਤ ਦਿੰਦੇ ਹਨ। ਅਫਗਾਨੀ ਤਾਲਿਬਾਨਾਂ ਦੀਆਂ ਕੱਟੜ ਨੀਤੀਆਂ ਨੂੰ ਉਦਾਰਵਾਦੀ ਅਫਗਾਨੀ ਪਸ਼ਤੂਨ ਪ੍ਰਵਾਨ ਨਹੀਂ ਕਰਦੇ। ਦੇਸ਼ ਦੇ ਵੱਖੋ-ਵੱਖਰੇ ਭਾਗਾਂ ’ਚ ਉਹਨਾ ਵਲੋਂ ਕਬਜ਼ਾਧਾਰੀ ਤਾਲਿਬਾਨਾਂ ਦੇ ਝੰਡੇ ਉਤਾਰਕੇ ਅਫਗਾਨਿਸਤਾਨ ਦੇ ਝੰਡੇ ਲਹਿਰਾਏ ਗਏ ਅਤੇ ਰੋਸ ਮਾਰਚ ਵੀ ਕੱਢੇ ਗਏ ਹਨ।

ਅਫਗਾਨਿਸਤਾਨ ਦੀਆਂ ਤਾਜਿਕ, ਹਜਾਰਾ ਅਤੇ ਉਜਬੇਕ ਜਾਤੀਆਂ ਕਿਸੇ ਵੀ ਕੀਮਤ ਉਤੇ ਤਾਲਿਬਾਨ ਦੇ ਉਸ ਕਿਸਮ ਦੇ ਰਾਜ ਨੂੰ ਪ੍ਰਵਾਨ ਨਹੀਂ ਕਰਨਗੇ ਜੋ ਕਿਸੇ ਵੇਲੇ ਮੁਲਾ ਉਮਰ ਦਾ ਤਾਲਿਬਾਨੀ ਰਾਜ ਸੀ। ਜਿਥੇ ਸਜਾਵਾਂ ਸਖ਼ਤ ਸਨ। ਸ਼ਰੇਆਮ ਲੋਕਾਂ ਨੂੰ ਕੋੜੇ ਮਾਰੇ ਜਾਂਦੇ ਸਨ। ਲੜਕੀਆਂ ਨੂੰ ਪੜ੍ਹਨ ਦੀ ਮਨਾਹੀ ਸੀ।

ਇਹੋ ਜਿਹੀਆਂ ਪ੍ਰਸਥਿਤੀਆਂ ’ਚ ਵਿਸ਼ਵ ਭਾਈਚਾਰੇ ਅਤੇ ਯੂ.ਐਨ.ਓ. ਨੂੰ ਵਿਸ਼ੇਸ਼ ਭੂਮਿਕਾ ਨਿਭਾਉਣ ਦੀ ਲੋੜ ਹੈ। ਅਫਗਾਨੀ ਸ਼ਰਨਾਰਥੀਆਂ ਦਾ ਤਤਕਾਲਿਕ ਹੱਲ ਇਹ ਹੀ ਹੈ ਕਿ ਉਥੇ ਸਰਬ ਸਾਂਝੀ ਅਫਗਾਨਿਸਤਾਨ ਸਰਕਾਰ ਬਣੇ। ਸਿਆਸੀ ਸਥਿਰਤਾ ਆਵੇ ਅਤੇ ਸ਼ਾਂਤੀ ਦਾ ਮਾਹੌਲ ਬਣੇ। ਨਹੀਂ ਤਾਂ ਅਫਗਾਨੀ ਸ਼ਰਨਾਰਥੀ, ਜੋ ਆਪਣਾ ਘਰ-ਬਾਰ ਛੱਡ ਚੁੱਕੇ ਹਨ, ਦਰ-ਦਰ ਦੀਆਂ ਠੋਕਰਾਂ ਖਾਂਦੇ ਰਹਿਣਗੇ।





ਦਰਬਾਰਾ ਸਿੰਘ ਕਾਹਲੋਂ
+1 2898292929

# ਅਫਗਾਨਿਸਤਾਨ ਦੀ ਬਰਬਾਦੀ ਲਈ ਅਮਰੀਕਾ ਜ਼ਿੰਮੇਵਾਰ

ਭਾਰਤੀ ਉਪ-ਮਹਾਂਦੀਪ ਦੇ ਉੱਤਰ-ਪੱਛਮ ਵਿਚ ਇਕ ਬਹੁਤ ਹੀ ਖ਼ੂਬਸੂਰਤ ਦੇਸ਼ ਅਫਗਾਨਿਸਤਾਨ ਹੈ ਜਿਸ ਦਾ ਵੱਡਾ ਭਾਗ ਕਈ ਭਾਰਤੀ ਸਲਤਨਤਾਂ ਦਾ ਹਿੱਸਾ ਰਿਹਾ ਹੈ। ਇਥੋਂ ਦੇ ਅਫਗਾਨ ਅਤੇ ਪਖਤੂਨ ਲੋਕ ਬੜੇ ਸਿਰੜੀ ਜੰਗਜੂ ਹਨ। ਸੰਨ 1849 ਤੋਂ 1947 ਤਕ ਮਹਾਂਸ਼ਕਤੀ ਬ੍ਰਿਟਿਸ਼ ਬਸਤੀਬਾਦੀ ਸਾਮਰਾਜ ਨੇ, ਸੱਤਰਵੇਂ ਅਤੇ ਅੱਸੀਵੇਂ ਕਰੀਬ ਦੋ ਦਹਾਕਿਆਂ ਵਿਚ ਮਹਾਂਸ਼ਕਤੀ ਸਾਬਕਾ ਸੋਵੀਅਤ ਯੂਨੀਅਨ, ਸੰਨ 2001 ਤੋਂ 2021 ਤਕ ਕਰੀਬ 20 ਸਾਲ ਮਹਾਂਸ਼ਕਤੀ ਅਮਰੀਕਾ ਅਤੇ ਇਸ ਨਾਟੋ ਭਾਈਵਾਲਾਂ ਨੇ ਇਸ ਤੇ ਕੰਟਰੋਲ ਕਰਨ ਦੇ ਮਾਰੂ ਅਣਮਨੁੱਖੀ, ਬਰਬਾਦੀ ਭਰੇ ਅਤੇ ਬਰਬਰਤਾਪੂਰਵਕ ਅਪਰਾਧਿਕ ਜ਼ੁਲਮ ਕੀਤੇ ਪਰ ਬੁਰੀ ਤਰ੍ਹਾਂ ਨਾਕਾਮ ਰਹੇ।

ਸੋਵੀਅਤ ਰੂਸ ਕਬਜ਼ੇ ਸਮੇਂ 10 ਤੋਂ 15 ਲੱਖ ਸਿਵਲੀਅਨ, 90 ਹਜ਼ਾਰ ਅਫਗਾਨ ਮੁਜ਼ਾਹਿਦ, ਕਰੀਬ 18000 ਰੂਸ ਪਿੱਠੂ ਕਾਬਲ ਨਿਜ਼ਾਮ ਦੇ ਅਫਗਾਨ ਫੌਜੀ ਮਾਰੇ ਗਏ ਜਦ ਕਿ 14500 ਕਰੀਬ ਰੂਸੀ ਫੌਜੀ ਮਾਰੇ। ਆਖਰ ਨਮੋਸ਼ੀ ਭਰੀ ਹਾਲਤ ਵਿਚ ਪਿੱਠੂ ਸਰਕਾਰ ਦੇ





ਰਹਿਮੋ-ਕਰਮ ਤੇ ਅਫਗਾਨਾਂ ਨੂੰ ਛੱਡ ਕੇ 1989 ਵਿਚ ਸੋਵੀਅਤ ਫੌਜਾਂ ਪਰਤ ਗਈਆਂ।

ਅਮਰੀਕਾ ਅਤੇ ਨਾਟੋ ਇਤਿਹਾਦੀਆਂ ਦੀ ਵੀ ਜੱਗੋਂ ਤੇਰਵੀਂ ਉਵੇਂ ਹੋਈ ਜਿਵੇਂ ਵਿਸ਼ਵ ਦੀ ਸੰਨ 1954 ਤੋਂ 1975 ਤਕ ਚਲੀ ਲੰਬੀ ਵੀਅਤਨਾਮ ਜੰਗ ਵੇਲੇ ਹੋਈ ਸੀ। ਇਸ ਜੰਗ ਵਿਚ 250,000 ਦੱਖਣੀ ਵੀਅਤਨਾਮੀ ਸੈਨਿਕ ਅਤੇ 365000 ਸਿਵਲੀਅਨ ਵੀਅਤਨਾਮੀ ਮਾਰੇ ਗਏ ਸਨ। ਕਰੀਬ 1.1 ਮਿਲੀਅਨ ਵੀਅਤਕਾਂਗੀ ਲੜਾਕੂ ਮਾਰੇ ਗਏ ਸਨ। ਸੰਨ 1973 ਵਿਚ ਉੱਤਰੀ ਵੀਅਤਨਾਮ ਦੀਆਂ ਕਮਿਊਨਿਸਟ ਫੌਜਾਂ ਨਾਲ ਸੰਧੀ ਅਨੁਸਾਰ ਸੰਨ 1975 ਵਿਚ ਤਤਕਾਲੀ ਅਮਰੀਕੀ ਪ੍ਰਧਾਨ ਨਿਕਸਨ ਨੇ ਫੌਜਾਂ ਦੀ ਵਾਪਸੀ ਦਾ ਐਲਾਨ ਕੀਤਾ ਸੀ। ਉਦੋਂ ਦੱਖਣੀ ਵੀਅਤਨਾਮ ਨੂੰ ਅਮਰੀਕਾ ਨੇ ਮੁੜ ਵਸੇਬਾ ਯੋਜਨਾ ਤਹਿਤ 1.6 ਬਿਲੀਅਨ ਡਾਲਰ ਦੇਣ ਦਾ ਵਾਅਦਾ ਕੀਤੀ ਸੀ ਪਰ ਦਿਤੇ ਮਸਾਂ ਇਕ-ਤਿਹਾਈ ਡਾਲਰ ਸਨ। ਲੈਫ: ਕਰਨਵ ਵਾਨ ਨਗੂਯਨ ਦਾ ਕਹਿਣਾ ਹੈ ਕਿ ਅਮਰੀਕਾ ਨੇ ਉਦੋਂ ਕਿਹਾ ਸੀ ਉਹ ਆਪਣੇ ਸਥਾਨਿਕ ਮਿੱਤਰਾਂ ਦੀ ਪੂਰੀ ਮਦਦ ਕਰਨਗੇ। ਲੇਕਿਨ ਉਨ੍ਹਾਂ ਸਾਡੇ ਨਾਲ ਧੋਖਾ ਕੀਤਾ।

ਹੁਣ ਉਹੀ ਇਤਿਹਾਸ ਅਤੇ ਦਗਾਬਾਜ਼ੀ ਅਫਗਾਨਿਸਤਾਨ ਨਾਲ ਦੁਹਰਾਈ ਜਾਵੇਗੀ। ਅਫਗਾਨਿਸਤਾਨ ਪਿਛਲੇ 50 ਸਾਲ ਤੋਂ ਕਬਰਸਤਾਨ ਬਣਿਆ ਪਿਆ ਹੈ। ਸਾਬਕਾ ਸੋਵੀਅਤ ਰੂਸ ਫੌਜਾਂ, ਸੰਨ 1996 ਤੋਂ 2001 ਤਕ ਤਾਲਿਬਾਨੀ ਸ਼ਾਸਨ ਅਤੇ ਅਮਰੀਕੀ ਫੌਜਾਂ ਦੇ ਦਖਲ ਦੇ ਕੁੱਲ 50 ਸਾਲਾਂ ਵਿਚ ਜਿਨ੍ਹਾਂ ਦੋ ਪੀੜ੍ਹੀਆਂ ਨੇ ਬਾਰੂਦ, ਬੰਦੂਕਾਂ, ਤੋਪਾਂ, ਹਵਾਈ ਹਮਲਿਆਂ ਦੀ ਗੜਗੜਾਹਟ ਵਿਚ ਜਨਮ ਲਿਆ ਉਨ੍ਹਾਂ ਦੇ ਹੱਥਾਂ ਵਿਚ ਕਿਤਾਬਾਂ ਦੀ ਥਾਂ ਬੰਦੂਕਾਂ ਪਾਈਆਂ ਗਈਆਂ। ਤਾਲਿਬਾਨੀ ਸ਼ਾਸਨ ਸਮੇਂ ਅਫਗਾਨੀ ਮਾਨਵ ਅਧਿਕਾਰਾਂ ਅਤੇ

# ਅਮਰੀਕਾ ਅਫਗਾਨਿਸਤਾਨ ਵਿੱਚ ਕਿਉਂ ਗਿਆ ?

**ਅਮਰੀਕਾ ਤੇ ਨਾਟੋ ਵੱਲੋਂ ਆਪਣੀਆਂ ਫੌਜਾਂ ਬਾਹਰ ਕੱਢੇ ਜਾਣ ਤੋਂ ਬਾਅਦ ਤਾਲਿਬਾਨ ਨੇ ਦਿਨਾਂ ਵਿੱਚ ਹੀ ਅਫਗਾਨਿਸਤਾਨ ਉੱਪਰ ਕਬਜਾ ਕਰ ਲਿਆ। ਅਸਲ ਵਿੱਚ ਇਹ ਅਮਰੀਕੀ ਸਾਮਰਾਜ ਦੀ ਹਾਰ ਹੈ, ਅਫਗਾਨਿਸਤਾਨ ਉੱਪਰ ਕਬਜ਼ਾ ਮੁਕੰਮਲ ਕਰਨ ਸਕਣ ਵਿੱਚੋਂ ਅਸਫਲ ਰਹਿਣ ਕਾਰਨ ਅਮਰੀਕਾ ਉੱਥੋਂ ਭੱਜਿਆ ਹੈ। ਇਸ ਮਸਲੇ 'ਚ ਅਮਰੀਕਾ ਦੀ ਭੂਮਿਕਾ ਸਬੰਧੀ ਕੁੱਝ ਜਰੂਰੀ ਪੱਖਾਂ ਦੀ ਚਰਚਾ ਕਰਨ ਦੀ ਲੋੜ ਹੈ।**

1980ਵਿਆਂ 'ਚ ਸੋਵੀਅਤ ਯੂਨੀਅਨ ਤੇ ਅਫਗਾਨਿਸਤਾਨ ਜੰਗ ਦੌਰਾਨ ਕੱਟੜਪੰਥੀ ਮੁਜਹਿਦੀਨਾਂ ਨੂੰ ਪਾਕਿਸਤਾਨ, ਸਾਊਦੀ ਅਰਬ ਦੇ ਨਾਲ-ਨਾਲ ਅਮਰੀਕਾ ਵੱਲੋਂ ਵੀ ਮਦਦ ਮਿਲ ਰਹੀ ਸੀ। ਅਮਰੀਕਾ ਦੀ ਇਹਨਾਂ ਮੂਲਵਾਦੀ ਲੜਾਕਿਆਂ ਨੂੰ ਖੜ੍ਹਾ ਕਰਨ ਵਿੱਚ ਯੋਗਦਾਨ ਜੱਗ-ਜਾਹਿਰ ਹੈ। ਇਸ ਜੰਗ ਦੇ ਖਾਤਮੇ ਤੋਂ ਬਾਅਦ 1996 ਵਿੱਚ ਤਾਲਿਬਾਨ ਨੇ ਕੰਧਾਰ ਉੱਪਰ ਕਬਜਾ ਕਰ ਲਿਆ। 2001 ਵਿੱਚ ਅਮਰੀਕਾ ਦੇ ਵਰਲਡ ਟਰੇਡ ਸੈਂਟਰ ਉੱਪਰ ਹਮਲੇ ਨੂੰ ਬਹਾਨਾ ਬਣਾ ਕੇ ਅਮਰੀਕੀ ਸਾਮਰਾਜ ਨੇ ਇਸ ਖਿੱਤੇ 'ਚ ਅਮਰੀਕੀ ਸਾਮਰਾਜ ਦਹਿਸ਼ਤਗਰਦੀ ਵਿਰੋਧੀ ਜੰਗ ਦੇ ਨਾਮ ਉੱਪਰ ਅਫਗਾਨਿਸਤਾਨ, ਸੀਰੀਆ ਉੱਪਰ ਜੰਗ ਥੋਪ ਦਿੱਤੀ ਗਈ। ਅਲਕਾਇਦਾ ਦੇ ਮੁਖੀ ਓਸਾਮਾ ਬਿਨ ਲਾਦੇਨ ਨੂੰ ਪਨਾਹ ਦੇਣ ਦੇ ਦੋਸ਼ ਵਿੱਚ ਤਾਲਿਬਾਨ ਨੂੰ ਦੋਸ਼ੀ ਦੱਸਦੇ ਹੋਏ ਅਮਰੀਕਾ ਨੇ ਤਾਲਿਬਾਨ ਉੱਪਰ ਵੀ ਹਮਲਾ ਬੋਲ ਦਿੱਤਾ ਤੇ ਉਸਨੂੰ ਕੰਧਾਰ ਤੋਂ ਪਛਾੜ ਦਿੱਤਾ। ਦਹਿਸ਼ਤਗਰਦਾਂ ਨੂੰ ਮਾਰਨ ਦੇ ਨਾਮ ਹੇਠ ਅਮਰੀਕਾ ਨੇ ਆਪਣੇ ਬਦਨਾਮ ਡਰੋਨ ਹਮਲਿਆਂ ਵਿੱਚ ਹਜਾਰਾਂ ਬੇਦੋਸ਼ੇ ਅਫਗਾਨਿਸਤਾਨੀ ਲੋਕਾਂ ਦਾ ਲਹੂ ਵਹਾਇਆ।

ਅਸਲ ਮਸਲਾ ਦਹਿਸ਼ਤਗਰਦੀ ਦਾ ਨਹੀਂ ਸੀ ਸਗੋਂ ਇਸ ਖਿੱਤੇ ਵਿੱਚ ਆਪਣਾ ਪ੍ਰਭਾਵ ਕਾਇਮ ਕਰਨਾ ਸੀ। ਅਫਗਾਨਿਸਤਾਨ ਦੀ ਸੱਤ ਮੁਲਕਾਂ ਚੀਨ, ਪਾਕਿਸਤਾਨ, ਤੁਰਕਮੇਨਿਸਤਾਨ, ਉਜਬੇਕਿਸਤਾਨ, ਇਰਾਨ ਤੇ ਤਜਾਕਿਸਤਾਨ ਨਾਲ ਸਰਹੱਦ ਲਗਦੀ ਹੈ। ਪਹਾੜਾਂ ਤੇ ਮਾਰੂਥਲ ਨਾਲ ਘਿਰਿਆ ਇਹ ਖਿੱਤਾ ਯੁੱਧਨੀਤਕ ਪੱਖੋਂ ਮਹੱਤਵ ਰੱਖਦਾ ਹੈ। ਇਹ ਮੱਧ-ਪੂਰਬ ਦੇ ਉਹਨਾਂ ਮੁਲਕਾਂ ਦਾ ਵੀ ਗੁਆਂਢੀ ਹੈ ਜਿਹੜੇ ਤੇਲ ਤੇ ਕੁਦਰਤੀ ਗੈਸਾਂ ਪੱਖੋਂ ਅਮੀਰ ਹਨ। ਅਫਗਾਨਿਸਤਾਨ ਉੱਪਰ ਕਬਜੇ ਦਾ ਮਤਲਬ ਇਹਨਾਂ ਕੁਦਰਤੀ ਸੋਮਿਆਂ ਦੀਆਂ ਪਾਈਪ-ਲਾਈਨਾਂ ਨੂੰ ਕੰਟਰੋਲ ਕਰਨਾ ਵੀ ਹੈ। ਰੂਸ ਤੇ ਚੀਨ ਦੀ ਵਧਦੀ ਤਾਕਤ ਨੂੰ ਦੇਖਦੇ ਹੋਏ ਆਪਣੀ ਸਰਦਾਰੀ ਕਾਇਮ ਰੱਖਣ ਲਈ ਅਮਰੀਕਾ ਨੂੰ ਇਸ ਖਿੱਤੇ 'ਚ ਆਪਣੀ ਫੌਜੀ ਚੌਂਕੀ ਦੀ ਜਰੂਰਤ ਸੀ ਤੇ ਅਫਗਾਨਿਸਤਾਨ ਇਸ ਲਈ ਢੁਕਵੀਂ ਥਾਂ ਸੀ। ਇਸ ਤੋਂ ਬਿਨਾਂ ਗੈਸ ਪਾਈਪ ਲਾਈਨਾਂ ਤੇ ਅਫੀਮ ਦੇ ਕਾਰੋਬਾਰ ਕਾਰਨ ਇੱਥੇ ਅਮਰੀਕਾ ਦੇ ਆਰਥਿਕ ਹਿੱਤ ਵੀ ਸਨ। ਅਮਰੀਕਾ ਦੇ ਦਖਲ ਤੋਂ ਬਾਅਦ ਅਫਗਾਨਿਸਤਾਨ ਵਿੱਚ ਅਫੀਮ ਦੀ ਪੈਦਾਵਾਰ ਵਧੀ ਹੈ ਤੇ ਇਸ ਅਫੀਮ ਤੋਂ ਅਮਰੀਕਾ ਵੀ ਮੁਨਾਫਾ ਕਮਾ ਰਿਹਾ ਹੈ।



**ਅਮਰੀਕਾ ਅਫਗਾਨਿਸਤਾਨ ਵਿੱਚੋਂ ਬਾਹਰ ਕਿਉਂ ਆਇਆ ?**

ਅਮਰੀਕਾ ਲਈ ਇਹ ਜੰਗ ਉਮੀਦ ਤੋਂ ਲੰਬੀ ਚਲੀ ਗਈ। ਅਫਗਾਨਿਸਤਾਨ ਵਿੱਚ ਭਾਵੇਂ ਅਮਰੀਕਾ ਨੇ ਆਪਣੀ ਕਠਪੁਲਤੀ ਸਰਕਾਰ ਬਿਠਾ ਦਿੱਤੀ ਪਰ ਫੇਰ ਵੀ ਵੱਡਾ ਹਿੱਸਾ ਅਮਰੀਕੀ ਪ੍ਰਭਾਵ ਤੋਂ ਬਾਹਰ ਰਿਹਾ। ਕੁੱਝ ਇਲਾਕੇ ਤਾਲਿਬਾਨ ਦੇ ਮੁਕੰਮਲ ਕਬਜੇ ਅਧੀਨ ਰਹੇ ਤੇ ਕੁੱਝ ਇਲਾਕਿਆਂ ਵਿੱਚ ਜੰਗ ਚਲਦੀ ਰਹੀ। ਇਸ ਜੰਗ ਵਿੱਚ ਅਮਰੀਕਾ ਦੇ ਕਰੀਬ 6500 ਸਿਪਾਹੀ, ਨਾਗਰਿਕ, ਠੇਕੇਦਾਰ ਆਦਿ ਮਾਰੇ ਗਏ ਹਨ। ਦੂਜੇ ਪਾਸੇ ਅਫਗਾਨਿਸਤਾਨ ਵਾਲੇ ਪਾਸਿਓਂ 69,000 ਅਫਗਾਨੀ ਪੁਲਿਸ ਤੇ ਫੌਜੀ ਮਾਰੇ ਗਏ, 47,000 ਆਮ ਨਾਗਿਰਕ ਮਾਰੇ ਗਏ ਤੇ 51,000 ਲੜਾਕੇ ਮਾਰੇ ਗਏ। ਇਹਨਾਂ 20 ਸਾਲਾਂ ਵਿੱਚ ਅਮਰੀਕਾ ਇਸ ਜੰਗ ਉੱਪਰ 2 ਟ੍ਰਿਲੀਅਨ ਡਾਲਰ ਖਰਚ ਚੁੱਕਾ ਹੈ। ਭਾਵ ਅਮਰੀਕਾ ਨੇ 20 ਸਾਲ ਲਈ ਰੋਜਾਨਾ 3 ਅਰਬ ਡਾਲਰ ਰੁਪਏ ਇਸ ਜੰਗ ਉੱਪਰ ਖਰਚੇ ਹਨ! ਅਮਰੀਕਾ ਵੱਲੋਂ ਥੋਪੀ ਇਸ ਜੰਗ ਕਾਰਨ 40 ਲੱਖ ਲੋਕ ਅਫਗਾਨਿਸਤਾਨ ਅੰਦਰ ਉਜਾੜੇ ਦਾ ਸ਼ਿਕਾਰ ਹੋਏ ਤੇ ਕਰੀਬ 27 ਲੱਖ ਲੋਕ ਅਫਗਾਨਿਸਤਾਨ ਨੂੰ ਛੱਡ ਕੇ ਹੋਰਾਂ ਮੁਲਕਾਂ 'ਚ ਪਨਾਹ ਲੱਭਣ ਲਈ ਮਜਬੂਰ ਹੋਏ। ਇਹਨਾਂ ਅੰਕੜਿਆਂ ਤੋਂ ਅਮਰੀਕਾ ਵੱਲੋਂ ਅਫਗਾਨਿਸਤਾਨ ਉੱਪਰ ਥੋਪੀ ਇਸ ਜੰਗ ਦੀ ਭਿਆਨਕਤਾ ਦਾ ਅੰਦਾਜਾ ਲਾਇਆ ਜਾ ਸਕਦਾ ਹੈ।

20 ਸਾਲਾਂ 'ਚ ਇੰਨੇ ਖਰਚੇ ਤੇ ਇੰਨੀਆਂ ਮਨੁੱਖੀ ਜਾਨਾਂ ਗਵਾਉਣ ਤੋਂ ਬਾਅਦ ਵੀ ਅਮਰੀਕਾ ਇਸ ਖਿੱਤੇ ਵਿੱਚ ਆਪਣਾ ਕਬਜ਼ਾ ਮੁਕੰਮਲ ਨਾ ਕਰ ਸਕਿਆ ਤੇ ਇਸ ਵਿੱਚ ਉਹਨਾਂ ਦੀ ਮੁੱਖ ਟੱਕਰ ਤਾਲਿਬਾਨ ਨਾਲ ਰਹੀ ਹੈ। ਜਿੱਤ ਨਾ ਹੁੰਦੀ ਦੇਖਕੇ ਅਮਰੀਕਾ ਤਾਲਿਬਾਨ ਨਾਲ ਗੱਲਬਾਤ ਚਲਾਉਂਦਾ ਹੋਇਆ ਆਪਣੀ ਥੋਪੀ ਜੰਗ ਅੱਧ-ਵਿਚਾਲੇ ਛੱਡਕੇ ਭੱਜਿਆ ਹੈ। ਇਹ ਪੁੱਛਣਾ ਚਾਹੀਦਾ ਹੈ ਕਿ ਜਿਸ ਦਹਿਸ਼ਤਗਰਦੀ ਨੂੰ ਅਮਰੀਕਾ ਖਤਮ ਕਰਨ ਆਇਆ ਦੇ ਨਾਮ 'ਤੇ ਆਇਆ ਸੀ ਹੁਣ ਉਸਨੂੰ ਖਤਮ ਕੀਤੇ ਬਿਨਾਂ ਉਹ ਕਿਉਂ ਭੱਜ ਰਿਹਾ ਹੈ ? ਜਵਾਬ ਸਾਫ ਹੈ, ਉਹ ਅਫਗਾਨਿਸਤਾਨ ਉੱਪਰ ਕਬਜੇ ਦੀ ਜੰਗ ਹਾਰ ਕੇ ਜਾ ਰਿਹਾ ਹੈ। ਅਮਰੀਕਾ ਦੀ ਇੱਕ ਸਮੇਂ ਇੱਥੇ ਵੱਧ ਤੋਂ ਵੱਧ ਫੌਜੀ ਨਫਰੀ 1,60,000 ਰਹੀ ਹੈ, ਉੱਤੋਂ ਇੱਥੇ ਅਮਰੀਕਾ ਦੀ ਕਠਪੁਤਲੀ ਸਰਕਾਰ ਵੀ ਰਹੀ ਹੈ। ਅਮਰੀਕਾ ਤੇ ਨਾਟੋ ਨੇ ਇਸ ਕਠਪੁਤਲੀ ਸਰਕਾਰ ਨੂੰ ਫੌਜ ਖੜ੍ਹੀ ਕਰਕੇ ਦੇਣ ਵਿੱਚ ਵੀ ਅਰਬਾਂ ਡਾਲਰ ਖਰਚੇ ਹਨ। ਬਿਨਾਂ ਜਿੱਤ ਤੋਂ ਇਸ ਨਿਕਾਲੇ ਦੀ ਹੀ ਕਈ ਮਾਹਿਰ ਵੀਅਤਨਾਮ ਵਿੱਚੋਂ ਅਮਰੀਕਾ ਦੇ ਹਾਰ ਕੇ ਭੱਜਣ ਨਾਲ ਤੁਲਨਾ ਕਰ ਰਹੇ ਹਨ। ਅਮਰੀਕਾ ਦੇ ਭੱਜਣ ਤੋਂ ਬਾਅਦ ਭਲਾਂ ਉਸਦੀ ਕਠਪੁਲਤੀ ਸਰਕਾਰ ਆਪਣੇ ਦਮ 'ਤੇ ਕਿੰਨਾ 'ਚ ਚਿਰ ਲੜਦੀ? ਇਸ ਕਰਕੇ ਤਾਲਿਬਾਨ ਅੱਗੇ ਇਹ ਹਕੂਮਤ ਕੁੱਝ ਦਿਨਾਂ ਵਿੱਚ ਹੀ ਢਹਿ-ਢੇਰੀ ਹੋ ਗਈ।

ਅਮਰੀਕਾ ਦੇ ਇੱਥੋਂ ਨਿੱਕਲਣ ਦਾ ਦੂਜਾ ਕਾਰਨ ਚੀਨ ਦੀ ਵਧ ਰਹੀ ਤਾਕਤ ਵੀ ਰਹੀ ਹੈ। ਚੀਨ ਨਾਲ ਅਮਰੀਕਾ ਦੀ ਸਾਮਰਾਜੀ ਖਹਿਭੇੜ ਤੇਜ ਹੋ ਰਹੀ ਹੈ। ਚੀਨ ਨੇ ਵੀ ਇਸ ਖਿੱਤੇ ਵਿੱਚ ਆਪਣਾ ਦਖਲ ਵਧਾ ਕੇ ਅਮਰੀਕਾ ਲਈ ਸਿਰਦਰਦੀ ਪੈਦਾ ਕਰ ਰਿਹਾ ਹੈ। ਚੀਨ ਦੇ ਦਖਲ ਤੋਂ ਬਾਅਦ ਇਸ ਮਹਿੰਗੀ ਜੰਗ ਤੌਂ ਖਹਿੜਾ ਛੁਡਾ ਕੇ ਅਮਰੀਕਾ ਹੋਰ ਕੂਟਨੀਤਕ ਢੰਗਾਂ ਨਾਲ ਇਸ ਖਿੱਤੇ 'ਚ ਆਪਣਾ ਰਸੂਖ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਖਾਸ ਕਰਕੇ ਅਮਰੀਕਾ ਆਪਣਾ ਧਿਆਨ ਦੱਖਣ ਚੀਨ ਸਾਗਰ ਉੱਪਰ ਕੇਂਦਰਤ ਕਰਨਾ ਚਾਹੁੰਦਾ ਹੈ। ਇਸ ਕਰਕੇ ਚਾਹੇ 20 ਸਾਲਾਂ ਤੋਂ ਅਫਗਾਨਿਸਤਾਨ ਦੇ ਲੋਕਾਂ ਉੱਪਰ ਥੋਪੀ ਜੰਗ ਦਾ ਮਸਲਾ ਹੋਵੇ ਚਾਹੇ ਇੱਥੇ ਮੂਲਵਾਦੀ ਲੜਾਕਿਆਂ ਨੂੰ ਹਥਿਆਰਬੰਦ ਕਰਨ, ਮਦਦ ਦੇਣ ਦਾ ਮਸਲਾ ਹੋਵੇ, ਦੋਵਾਂ ਮਾਮਲਿਆਂ ਵਿੱਚ ਮੁੱਖ ਦੋਸ਼ੀ ਅਮਰੀਕਾ ਹੈ।

**ਅਮਰੀਕਾ ਤੋਂ ਬਾਅਦ ਅਫਗਾਨਿਸਤਾਨ ਦਾ ਭਵਿੱਖ ?**

ਮੀਡੀਆ ਵਿੱਚ ਇਹ ਇਸ ਵੇਲੇ ਸਭ ਤੋਂ ਵੱਡੀ ਫਿਕਰ ਦਾ ਵਿਸ਼ਾ ਬਣਿਆ ਹੋਇਆ ਹੈ। ਤਾਲਿਬਾਨ ਦਾ ਖੂੰਖਾਰ ਚਿਹਰਾ ਪੇਸ਼ ਕਰਦੇ ਹੋਏ ਕਈ ਤਾਂ ਸਿੱਧੇ, ਅਸਿੱਧੇ ਇਹ ਆਖਣ ਤੱਕ ਪਹੁੰਚ ਜਾਂਦੇ ਹਨ ਕਿ ਤਾਲਿਬਾਨ ਨਾਲੋਂ ਤਾਂ ਇੱਥੇ ਅਮਰੀਕੀ ਕਬਜਾ ਹੀ ਵਧੇਰੇ ਚੰਗਾ ਸੀ। ਪਰ ਇਤਿਹਾਸ, ਸਿਆਸਤ ਦੀ ਸਧਾਰਨ ਸਮਝ ਰੱਖਣ ਵਿਅਕਤੀ ਜਾਣਦਾ ਹੈ ਕਿ ਵਿਦੇਸ਼ੀ ਕਬਜੇ ਤੋਂ ਮੁਕਤੀ ਅਗਾਂਹ ਵੱਲ ਹੀ ਕਦਮ ਹੁੰਦੀ ਹੈ। ਇਸ ਮੁਕਤੀ ਦਾ ਮਤਲਬ ਲੁੱਟ, ਜਬਰ ਤੇ ਨਿਹੱਕੀਆਂ ਜੰਗਾਂ ਤੋਂ ਮੁਕਤੀ ਨਹੀਂ ਹੁੰਦੀ, ਪਰ ਇਹ ਇਸ ਸੇਧ ਵੱਲ ਇੱਕ ਕਦਮ ਹੁੰਦਾ ਹੈ। ਇਸ ਕਰਕੇ ਮੌਜੂਦਾ ਹਾਲਤ ਵਿੱਚ ਅਮਰੀਕਾ ਦਾ ਹਾਰ ਕੇ ਅਫਗਾਨਿਸਤਾਨ ਵਿੱਚੋਂ ਬਾਹਰ ਨਿਕਲਣਾ ਅਫਗਾਨਿਸਤਾਨ ਦੇ ਲੋਕਾਂ ਲਈ ਮੁਬਾਰਕ ਪਲ ਹੈ, ਇਹੋ ਇਸ ਘਟਨਾਕ੍ਰਮ ਦਾ ਮੁੱਖ ਪੱਖ ਹੈ। ਇਸਤੋਂ ਬਾਅਦ ਅਫਗਾਨਿਸਤਾਨ ਵਿੱਚ ਕਿਸਦੀ ਹਕੂਮਤ ਹੋਣੀ ਚਾਹੀਦੀ ਹੈ ਇਹ ਉੱਥੋਂ ਦੇ ਲੋਕਾਂ ਦਾ ਅੰਦਰੂਨੀ ਮਸਲਾ ਹੈ। ਕੱਲ੍ਹ ਫੇਰ ਅਮਰੀਕਾ ਵਰਗਾ ਕੋਈ ਸਾਮਰਾਜੀ ਚੌਧਰੀ ਅਮਨ, ਜਮਹੂਰੀਅਤ ਦੀ ਬਹਾਲੀ ਦੇ ਨਾਮ 'ਤੇ ਅਫਗਾਨਿਸਤਾਨ ਵਿੱਚ ਦਖਲ ਦੇਵੇ ਇਸ ਗੱਲ ਦੀ ਇਜਾਜਤ ਨਹੀਂ ਦਿੱਤਾ ਜਾ ਸਕਦੀ।

ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਕਬਜੇ ਤੋਂ ਬਾਅਦ ਵੀ ਇੱਥੇ ਸੱਤ੍ਹਾ ਲਈ ਅਨੇਕਾਂ ਧੜਿਆਂ ਵਿੱਚ ਟਕਰਾਅ ਦੇ ਅਸਾਰ ਬਣੇ ਹੋਏ ਹਨ। ਕਿਸੇ ਲਈ ਵੀ ਉੱਥੇ ਪੁਰ-ਅਮਨ ਢੰਗ ਨਾਲ ਸੱਤ੍ਹਾ ਦਾ ਸੁੱਖ ਮਾਨਣਾ ਸੰਭਵ ਨਹੀਂ ਹੈ। ਅਫਗਾਨਿਸਤਾਨ ਦਾ ਅਗਲਾ ਭਵਿੱਖ ਹੁਣ ਉੱਥੋਂ ਦੇ ਲੋਕਾਂ ਦੇ ਹੱਥ ਹੈ, ਤੇ ਲੋਕਾਂ ਦਾ ਰੌਂ ਅਗਲੀ ਹਕੂਮਤ ਦੇ ਨਕਸਾਂ ਨੂੰ ਪ੍ਰਭਾਵਿਤ ਕਰੇਗਾ। ਇੱਕ ਗੱਲ ਸਪੱਸ਼ਟ ਹੈ ਕਿ ਲੋਕਾਂ ਦਾ ਕੋਈ ਵੀ ਸਮੂਹ ਲੰਬਾ ਸਮਾਂ ਜਾਬਰ, ਕੱਟੜਪੰਥੀ ਹਕੂਮਤਾਂ ਦੀ ਅਧੀਨਗੀ ਪ੍ਰਵਾਨ ਨਹੀਂ ਕਰਦਾ। ਜੇ ਤਾਲਿਬਾਨ ਜਾਂ ਕੋਈ ਵੀ ਹੋਰ ਹਕੂਮਤ ਲੋਕਾਂ ਲਈ ਕਹਿਰ ਬਣਕੇ ਟੁੱਟੇਗੀ ਤਾਂ ਲੋਕ ਲਾਜਮੀ ਹੀ ਉਸ ਖਿਲਾਫ ਲੜਨਗੇ। ਲੋਕਾਂ ਦੀ ਇਸ ਲੜਾਈ ਦੀ ਸੰਸਾਰ ਭਰ ਦੇ ਕਿਰਤੀ ਲੋਕ ਵੀ ਹਮਾਇਤ ਕਰਨਗੇ।

**ਲਲਕਾਰ 'ਚੋਂ ਧੰਨਵਾਦ ਸਹਿਤ**

ਔਰਤ ਆਜ਼ਾਦੀਆਂ ਦਾ ਘਾਣ ਹੋਇਆ। ਕੁਝ ਵਿਕਾਸਮਈ ਕਾਰਜਾਂ ਦਾ ਆਗਾਜ਼ ਵੀ ਹੋਇਆ।

ਅਮਰੀਕੀ ਅਤੇ ਇਤਿਹਾਦੀ ਨਾਟੋ ਫੌਜਾਂ ਦੀ ਅਫਗਾਨਿਸਤਾਨ ਵਿਚ 20 ਸਾਲਾ ਠਹਿਰ ਦੌਰਾਨ ਯੂ.ਐੱਨ. ਰਿਪੋਰਟ ਅਨੁਸਾਰ 1 ਲੱਖ 10 ਹਜ਼ਾਰ ਨਾਗਰਿਕ, 64500 ਅਫਗਾਨ ਸੁਰੱਖਿਆ ਸੈਨਿਕ, ਕਰੀਬ ਡੇਢ ਲੱਖ ਅਫਗਾਨ ਤਾਲਿਬਾਨੀ ਅਤੇ ਹੋਰ ਲੜਾਕੇ, 2300 ਅਮਰੀਕੀ ਸੈਨਿਕ, 450 ਬ੍ਰਿਟਿਸ਼, 159 ਕੈਨੇਡੀਅਨ ਸੈਨਿਕ ਮਾਰੇ ਗਏ। ਇਵੇਂ ਹੀ ਦੂਸਰੇ ਨਾਟੋ ਇਤਿਹਾਦੀਆਂ ਦੇ। ਨਾਟੋ ਫੌਜਾਂ ਦੇ 30600 ਸੈਨਿਕ ਜ਼ਖਮੀ ਹੋ ਗਏ।

ਸੋਵੀਅਤ ਰੂਸ ਵਲੋਂ ਅਫਗਾਨਿਸਤਾਨ ਦੀ ਨਵਉਸਾਰੀ ਲਈ ਜੋ 53 ਲੱਖ ਕਰੋੜ ਰੁਪਏ ਅਤੇ ਅਮਰੀਕਾ ਵਲੋਂ 73 ਲੱਖ ਕਰੋੜ ਰੁਪਏ ਖਰਚੇ ਗਏ ਉਹ ਸਭ ਇਨ੍ਹਾਂ ਜੰਗਾਂ ਦੀ ਭੇਂਟ ਚੜ੍ਹ ਗਏ। ਲਗਾਤਾਰ ਬਾਰੂਦ ਇਨ੍ਹਾਂ ਰੁਪਇਆਂ ਨੂੰ ਨਿਗਲ ਲਿਆ। ਭਾਰਤ ਨੇ ਅਫਗਾਨ ਸੰਸਦ ਇਮਾਰਤ, ਹੈਰਾਤ ਪ੍ਰਾਂਤ ਵਿਚ 42 ਮੈਗਾਵਾਟ ਪਣਬਿਜਲੀ ਯੋਜਨਾ ਸਮੇਤ 150 ਯੋਜਨਾਵਾਂ ਤੇ 23000 ਕਰੋੜ ਰੁਪਏ ਖਰਚੇ ਉਹ ਵੀ ਸਭ ਅਜਾਈਂ ਜਾਂਦਾ ਦਿਸ ਰਿਹਾ ਹੈ। ਤਾਲਿਬਾਨ ਦੇਸ਼ ਦੇ 85 ਪ੍ਰਤੀਸ਼ਤ ਭਾਗ ਤੇ ਕਬਜ਼ਾ ਕਰ ਚੁੱਕੇ ਹਨ ਅਤੇ ਰਹਿੰਦੇ ਹਿੱਸੇ ਤੇ ਛੇ ਮਹੀਨੇ ਵਿਚ ਕਾਬਜ਼ ਹੋਣ ਜਾਣਗੇ। ਇਨ੍ਹਾਂ ਮਹਾਂਸ਼ਕਤੀਆਂ ਦੇ ਅਫਗਾਨ ਕਬਜ਼ੇ ਅਤੇ ਮਾਰੂ ਜੰਗਬਾਜ਼ੀ ਦਾ ਨੁਕਸਾਨ ਇਥੇ ਸਦੀਆਂ ਤੋਂ ਘੁੱਗ ਵਸਦੀਆਂ ਘੱਟ ਗਿਣਤੀਆਂ ਨੂੰ ਹੋਇਆ। ਮਿਸਾਲ ਵਜੋਂ 20ਵੀਂ ਸਦੀ ਦੇ 70ਵੇਂ ਦਹਾਕੇ ਵਿਚ ਅਫਗਾਨਿਸਤਾਨ ਵਿਚ 5 ਲੱਖ ਦੇ ਕਰੀਬ ਸਿੱਖ ਘੱਟ ਗਿਣਤੀ ਵਸਦੀ ਸੀ ਜੋ ਹੁਣ ਮਸਾਂ 250 ਰਹਿ ਗਏ ਹਨ।

ਅਮਰੀਕੀ ਨਾਗਰਿਕਾਂ ਅਤੇ ਪੂਰੇ ਵਿਸ਼ਵ ਨੂੰ ਗੁੰਮਰਾਹ ਕਰਦਿਆਂ ਪ੍ਰਧਾਨ ਜਾਰਜ ਡਬਲਯੂ ਬੁਸ਼ ਨੇ 9/11 ਦੇ ਹਮਲਿਆਂ ਦਾ ਦੋਸ਼ ਤਾਲਿਬਾਨ ਹਕੂਮਤ ਤੇ ਮੜ੍ਹਦਿਆਂ ਅਫਗਾਨਿਸਤਾਨ ਤੇ ਨਾਟੋ ਇਤਿਹਾਦੀਆਂ ਨਾਲ ਮਿਲ ਕੇ ਹਮਲਾ ਕੀਤਾ। ਉਹ ਅਤੇ ਉਸਦੇ ਉਤਰਾਧਿਕਾਰੀ ਅਮਰੀਕੀ ਪ੍ਰਧਾਨ ਬਰਾਕ ਓਬਾਮਾ ਅਤੇ ਡੋਨਾਲਡ ਟਰੰਪ ਆਪਣੀ ਜਵਾਬਦੇਹੀ ਤੋਂ ਭੱਜਦੇ ਰਹੇ।

ਸਾਰਾ ਵਿਸ਼ਵ ਜਾਣਦਾ ਹੈ ਕਿ ਅਮਰੀਕਾ ਤੇ 9/11 ਹਮਲਿਆਂ ਲਈ ਅੱਲ-ਕਾਇਦਾ ਸਰਗਣਾ ਓਸਾਮਾ-ਬਿਨ-ਲਾਦੇਨ ਅਤੇ ਉਸ ਵਲੋਂ ਟ੍ਰੇਂਡ ਕੀਤੇ 19 ਅਰਬ ਗੁਰੀਲੇ ਸਨ। ਉਹ ਅਫਗਾਨੀ ਨਹੀਂ ਸਨ। ਹਵਾਈ ਜਹਾਜ਼ ਉਧਾਲਣ ਦੀ ਟ੍ਰੇਨਿੰਗ ਚਾਰ ਅਰਬ ਗੁਰੀਲਿਆਂ ਅਮਰੀਕਾ ਅੰਦਰ ਲਈ ਸੀ। ਓਸਾਮਾ ਬਿਨ ਲਾਦੇਨ ਅਤੇ ਤਤਕਾਲੀ ਅਫਗਾਨ ਤਾਲਿਬਾਨੀ ਸ਼ਾਸਕ ਮੁੱਲਾ ਉਮਰ ਅਮਰੀਕੀ ਫੌਜ ਅਤੇ ਖੁਫੀਆ ਏਜੰਸੀਆਂ ਵਲੋਂ ਸੋਵੀਅਤ ਫੌਜਾਂ ਨਾਲ ਗੁਰੀਲਾ ਲੜਾਈ ਵੇਲੇ ਟ੍ਰੇਂਡ ਕੀਤੇ ਗਏ ਸਨ। ਪਾਕਿਸਤਾਨ ਵਲੋਂ ਗੁਰੀਲਾ ਯੁੱਧ ਦਾ ਮਾਹਿਰ ਸਾਬਕਾ ਫੌਜੀ ਤਾਨਾਸ਼ਾਹ ਮੁਸ਼ਰਫ ਵੀ ਉਨ੍ਹਾਂ ਨੇਉਸ ਸਮੇਂ ਲੜਾਈ ਦੌਰਾਨ ਮਿਲਿਆ ਸੀ। ਅਮਰੀਕਾ ਤੇ ਹਮਲੇ ਤੋਂ ਕਾਫੀ ਸਮਾਂ ਪਹਿਲਾਂ ਓਸਾਮਾ ਬਿਨ ਲਾਦੇਨ ਨੇ ਸੂਡਾਨ ਵਿਚ ਅੱਡਾ ਬਣਾਇਆ ਹੋਇਆ ਸੀ ਜਿਥੋਂ ਅਮਰੀਕਾ ਨੇ ਉਸ ਨੂੰ ਭਜਾ ਦਿਤਾ ਸੀ ਅਤੇ ਫਿਰ ਉਸਨੇ ਅਫਗਾਨਿਸਤਾਨ ਅਤੇ ਪਾਕਿਸਤਾਨ ਨੂੰ ਆਪਣੀਆਂ ਅੱਤਵਾਦੀ ਗਤੀਵਿਧੀਆਂ ਦਾ ਕੇਂਦਰ ਬਣਾ ਲਿਆ ਸੀ। ਇਸੇ ਕਰਕੇ ਅਮਰੀਕਾ ਨੇ ਅਫਗਾਨਿਸਤਾਨ ਤੇ ਹਮਲਾ ਕਰ ਦਿਤਾ ਸੀ। ਜਾਰਜ ਬੁਸ਼ ਨੇ ਅਮਰੀਕਾ ਤੇ ਹਮਲਾਵਰਾਂ ਅਤੇ ਬੇਗੁਨਾਹ ਅਮਰੀਕੀਆਂ ਨੂੰ ਮਾਰਨ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦੇਣ ਅੱਤਵਾਦ ਵਿਰੁੱਧ ਜੰਗ ਦੀ ਆੜ ਵਿਚ ਪੂਰੇ 20 ਸਾਲ ਜੋ ਬਰਬਰਤਾਪੂਰਵਕ ਮੌਤ, ਅਣਮਨੁੱਖੀ ਸਜ਼ਾਵਾਂ ਅਤੇ ਬਰਬਾਦੀ ਦਾ ਤਾਂਡਵ ਨਾਚ ਅਫਗਾਨਿਸਤਾਨ ਵਿਚ ਰਚਾਇਆ ਉਸ ਵਿਚ ਬ੍ਰਿਟੇਨ ਦਾ ਪ੍ਰਧਾਨ ਮੰਤਰੀ ਟੋਨੀ ਬਲੇਅਰ, ਅਰਬ ਪਿੱਠੂ ਸ਼ਾਸਕ ਅਤੇ ਪਾਕਿਸਤਾਨੀ ਫੌਜੀ ਤਾਨਾਸ਼ਾਹ ਜਨਰਲ ਮੁਸ਼ਰਫ ਵੀ ਭਾਗੀਦਾਰ ਸਨ। ਇਨ੍ਹਾਂ ਨੇ ਅਫਗਾਨੀਆਂ ਦੀ ਮਾਨਸਿਕਤਾ ਬਦਲਣ, ਉਨ੍ਹਾਂ ਦਾ ਸਭਿਆਚਾਰ ਬਰਬਾਦ ਕਰਨ ਅਤੇ ਭਵਿੱਖੀ ਪੀੜ੍ਹੀਆਂ ਨੂੰ ਮਾਨਸਿਕ, ਸਰੀਰਕ ਅਤੇ ਬੌਧਿਕ ਤੌਰ 'ਤੇ ਅਪੰਗ ਕਰਨ ਲਈ ਬਰਬਰਤਾਪੂਰਵਕ ਕਾਰਵਾਈਆਂ ਅੰਜਾਮ ਦਿਤੀਆਂ। ਮਾਨਵ ਅਧਿਕਾਰਾਂ, ਮਾਨਵੀ ਵਰਤਾਰੇ ਅਤੇ ਸਮਾਜਿਕ ਤਾਣੇ-ਬਾਣੇ ਨੂੰ ਨੇਸਤੇ-ਨਾਬੂਦ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ।

ਇਰਾਕ ਦੀ ਬਦਨਾਮ ਜੇਲ੍ਹ ਅੱਲ ਘਰਾਇਬ ਵਾਂਗ ਬਗਰਾਮ ਹਵਾਈ ਅੱਡਾ ਜੇਲ੍ਹ ਵਿਚ ਤਬਦੀਲ ਕੀਤਾ। ਇਥੇ ਹਜ਼ਾਰਾਂ ਅਫਗਾਨੀਆਂ ਨੂੰ ਅਣਮਨੁੱਖੀ ਤਸੀਹੇ ਦਿਤੇ ਜਾਂਦੇ ਅਤੇ ਫਾਂਸੀ ਤੇ ਲਟਕਾਇਆ ਜਾਂਦਾ। ਇਨ੍ਹਾਂ ਵਿਚ ਪਾਕਿਸਤਾਨੀ ਬੇਗੁਨਾਹ ਡਾ: ਆਫੀਆ ਸਦੀਕੀ ਅਤੇ ਬ੍ਰਿਟਿਸ਼ ਮੂਲ ਦਾ ਨਾਗਰਿਕ ਮੁਅਜ਼ਮ ਬੇਗ ਆਦਿ ਵਰਗੇ ਅਨੇਕਾਂ ਸ਼ਾਮਿਲ ਸਨ। ਗੁਆਟਾ ਨਾਮੋ ਖਾੜੀ ਜੇਲ੍ਹ ਤਤਕਾਲ ਅਫਗਾਨੀਆਂ ਦੇ ਅਣਮਨੁੱਖੀ ਤਸੀਹਾ ਕੇਂਦਰ ਵਜੋਂ ਤਿਆਰ ਕੀਤੀ ਗਈ। ਅਫਗਾਨ ਅਤੇ ਪਾਕਿਸਤਾਨ ਜਗੀਰਦਾਰਾਂ ਨੂੰ 5 ਹਜ਼ਾਰ ਤੋਂ 15 ਹਜ਼ਾਰ ਡਾਲਰ ਪ੍ਰਤੀ ਅਫਗਾਨੀ ਵਿਅਕਤੀ ਵਜੋਂ ਪਕੜ ਕੇ ਇਸ ਜੇਲ ਨੂੰ ਤੂਸਿਆ ਗਿਆ।

ਓਬਾਮਾ ਅਤੇ ਟਰੰਪ ਕਾਲ ਵੇਲੇ 'ਅਮਰੀਕੀ ਅਜਿੱਤ ਫੌਜ' ਦੇ ਦਮਗਜ਼ੇ ਮਾਰਦਿਆਂ ਬੇਗੁਨਾਹ ਆਦਮੀ, ਔਰਤਾਂ, ਬੱਚਿਆਂ ਨੂੰ ਵਿਆਹ-ਸ਼ਾਦੀਆਂ, ਕਬਰਸਤਾਨਾਂ, ਘਰੀਂ ਸੁੱਤਿਆਂ ਨੂੰ ਬੰਬਾਰੀ ਦਾ ਨਿਸ਼ਾਨਾ ਬਣਾਇਆ ਜਾਂਦਾ। ਔਰਤਾਂ, ਬੱਚੀਆਂ, ਵਿਦਿਆਰਥਣਾਂ ਨੂੰ ਜਿਨਸੀ ਸੋਸ਼ਣ ਦਾ ਸ਼ਿਕਾਰ ਬਣਾਇਆ ਜਾਂਦਾ। ਮਰੇ ਹੋਏ ਅਫਗਾਨੀਆਂ ਤੇ ਮੂਤਿਆ ਜਾਂਦਾ। ਲਾਸ਼ਾਂ ਨੂੰ ਠੁੱਡੇ ਮਾਰੇ ਜਾਂਦੇ। ਅਮਰੀਕੀ ਅਤੇ ਪੱਛਮੀ ਮੀਡੀਆ ਐਸੇ ਦ੍ਰਿਸ਼ਾਂ ਅਤੇ ਬ੍ਰਿਤਾਂਤਾਂ ਨੂੰ ਕਦੇ ਨਾ ਛਾਪਦਾ।

ਕੌਮਾਂਤਰੀ ਕ੍ਰਿਮੀਨਲ ਅਦਾਲਤ ਵਿਚ ਅਨੇਕ ਐਸੇ ਕੇਸ ਅਮਰੀਕੀ ਦਬਾਅ ਹੇਠ ਵਿਸ਼ਵ ਬਿਰਾਦਰੀ ਦੇ ਸਾਹਮਣੇ ਨਹੀਂ ਆ ਸਕੇ। ਓਬਾਮਾ ਅਤੇ ਟਰੰਪ ਪ੍ਰਸ਼ਾਸਨ ਨੇ ਅਦਾਲਤ ਵਿਰੁੱਧ ਕਾਰਵਾਈ ਦੀਆਂ ਧਮਕੀਆਂ ਜਾਰੀ ਰਖੀਆਂ। ਇਕ ਤਾਕਤਵਰ ਯੂ.ਐਨ. ਕਮਿਸ਼ਨ ਸਥਾਪਿਤ ਕਰਨ ਦੀ ਲੋੜ ਹੈ ਜੋ ਅਮਰੀਕਾ ਅਤੇ ਨਾਟੋ ਇਤਿਹਾਦੀਆਂ ਦੀਆਂ ਅਣਮਨੁੱਖੀ ਜਾਲਮਾਨਾ ਦਾਸਤਾਨਾ ਵਿਸ਼ਵ ਬਿਰਾਦਰੀ ਸਾਹਮਣੇ ਉਜਾਗਰ ਕਰੇ, ਉਨ੍ਹਾਂ ਦੀ ਜਵਾਬਦੇਹੀ ਅਤੇ ਸਜ਼ਾ ਯਕੀਨੀ ਬਣਾਏ।

ਅੱਜ ਅਮਰੀਕੀ ਅਤੇ ਨਾਟੋ ਫੌਜਾਂ ਦੀ ਵਾਪਸੀ ਬਾਅਦ ਪਾਕਿਸਤਾਨ ਅਤੇ ਚੀਨ ਅਫਗਾਨਿਸਤਾਨ ਨੂੰ ਆਪਣੀਆਂ ਨਾਪਾਕ ਗਤੀਵਿਧੀਆਂ ਦਾ ਕੇਂਦਰ ਬਣਾਉਣ ਦੀ ਤਾਕ ਵਿਚ ਹਨ। ਯੂ.ਐਨ. ਅਤੇ ਕੌਮਾਂਤਰੀ ਬਿਰਾਦਰੀ ਨੂੰ ਐਸੀ ਬਦੇਸ਼ੀ ਦਖਲਅੰਦਾਜ਼ੀ ਤੋਂ ਬਚਾਉਣ ਦੀ ਲੋੜ ਹੈ। ਤਾਲਿਬਾਨੀ ਸ਼ਕਤੀਆਂ ਤੋਂ ਅਮਰੀਕੀ ਅਤੇ ਨਾਟੋ ਫੌਜਾਂ ਨਾਲ ਕੰਮ ਕਰਨ ਵਾਲੇ ਦੋ ਭਾਸ਼ੀਏ, ਡਰਾਈਵਰਾਂ, ਮਕੈਨਿਕਾਂ ਅਤੇ ਮਜ਼ਦੂਰਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਜ਼ਰੂਰੀ ਹੈ।

**ਸਾਬਕਾ ਰਾਜ ਸੂਚਨਾ ਕਮਿਸ਼ਨਰ,**
**ਪੰਜਾਬ, ਕੈਂਬਲਫੋਰਡ-ਕੈਨੇਡਾ**

# ਹਥਿਆਰ, ਜਿਨ੍ਹਾਂ ਦੀ ਇਕ ਵਾਰੀ ਹੀ ਲੋੜ ਪਵੇਗੀ...

**ਸਰਬਜੀਤ ਸੋਹੀ ਆਸਟ੍ਰੇਲੀਆ**




ਹਥਿਆਰ, ਜਿਨ੍ਹਾਂ ਦੀ ਇਕ ਵਾਰੀ ਹੀ ਲੋੜ ਪਵੇਗੀ, ਜ਼ਿੰਦਗੀ ਭਰ ਚੁੱਕਣੇ ਪੈਂਦੇ ਨੇ। ਕਵਿਤਾ, ਜੋ ਜੀਵਨ ਭਰ ਦੁਹਰਾਈ ਜਾਏਗੀ, ਇਕ ਵਾਰੀ ਵਿਚ ਲਿਖੀ ਜਾਂਦੀ ਏ। (ਰਸੂਲ ਹਮਜਾਤੋਵ)

ਅਫਗਾਨਿਸਤਾਨ ਦੀ ਇਕਲੌਤੀ ਔਰਤ ਕਮਾਂਡਰ 'ਕਫਤਾਰ' ਦੀ ਕਹਾਣੀ ਵੀ ਬੜੀ ਹੀ ਦਿਲਚਸਪ ਹੈ। ਜਿਸ ਦੇਸ ਵਿਚ ਤਾਲਿਬਾਨਾਂ ਨੇ ਔਰਤ ਲਈ ਕਲਮ ਫੜਣ ਦੀ ਵੀ ਰੋਕ ਲਗਾ ਰੱਖੀ ਸੀ, ਉੱਥੇ ਇਕ ਔਰਤ ਗੁਰੀਲਾ ਕਮਾਂਡਰ ਕਫਤਾਰ ਨੇ 27 ਵਰ੍ਹੇ ਇੱਕ ਲਾਈਟ ਮਸੀਨ ਗੰਨ ਚੁੱਕ ਰੱਖੀ ਸੀ। ਪਰ ਆਇਸਾਂ ਹਬੀਬੀ ਤੋਂ ਕਮਾਂਡਰ ਕਫਤਾਰ ਦਾ ਸਫਰ ਕੋਈ ਐਨਾ ਆਸਾਨ ਨਹੀਂ ਸੀ। ਸ਼ਾਇਦ ਚੜਦੀ ਜਵਾਨੀ ਵਿਚ ਆਪਣੀ ਜਨਮ ਭੂਮੀ ਲਈ ਬੰਦੂਕ ਫੜਣ ਵਾਲੀ ਬੀਬੀ ਆਇਸਾਂ ਹਬੀਬੀ ਨੇ ਕਦੀ ਵੀ ਇਹ ਨਹੀਂ ਸੋਚਿਆ ਹੋਵੇਗਾ ਕਿ ਹਥਿਆਰ ਉਸਦੀ ਹਯਾਤੀ ਦਾ ਸਦੀਵੀ ਹਿੱਸਾ ਬਣ ਜਾਣਗੇ। ਕਦੀ ਅਫਗਾਨੀ ਧਰਤੀ ਤੇ ਕਮਿਊਨਿਸਟ ਪੱਖੀ ਸਰਕਾਰ ਦੀ ਇਮਦਾਦ ਲਈ ਆਏ ਸੋਵੀਅਤ ਰੂਸ ਦੇ ਖਿ?ਲਾਫ ਨੌਜਵਾਨ ਆਇਸਾਂ ਬੀਬੀ ਨੇ ਪਹਿਲੀ ਵਾਰ ਬੰਦੂਕ ਦੇ ਕੁੰਦੇ ਤੇ ਹੱਥ ਰੱਖਿਆ ਸੀ, ਪਰ ਆਪਣੀ ਇਕਾਹਠ ਸਾਲ ਦੀ ਉਮਰ ਵਿੱਚ ਹੁਣ ਤੱਕ ਹਥਿਆਰਾਂ ਨੇ ਕਮਾਂਡਰ ਕਫਤਾਰ (ਫਾਰਸੀ ਵਿਚ ਕਬੂਤਰੀ) ਨੂੰ ਕਦੀ ਵੀ ਵਾਪਸ ਪਰਵਾਜ ਭਰਨ ਦੀ ਮੋਹਲਤ ਨਹੀਂ ਦਿੱਤੀ। ਹਥਿਆਰ ਉਸ ਦੀ ਅੰਤਿਮ ਹੋਣੀ ਹੋ ਨਿਬੜੇ ਹਨ। ਕਮਾਂਡਰ ਕਫਤਾਰ ਅਫਗਾਨਿਸਤਾਨ ਦੇ ਉੱਤਰ ਵਿਚ ਪੈਂਦੇ ਸੂਬੇ ਬਘਲਾਨ ਦੇ ਪਿੰਡ ਗਾਵੀ ਵਿਚ ਸੰਨ੍ਹ 1960 ਨੂੰ ਇਕ ਤਾਜਕ ਕਬੀਲੇ ਦੇ ਸਰਦਾਰ ਹਾਜੀ ਦਾਵਤ ਦੇ ਘਰ ਪੈਦਾ ਹੋਈ ਸੀ। ਉਹ ਆਪਣੇ ਮਾਪਿਆਂ ਦੇ ਘਰ ਪੈਦਾ ਹੋਏ ਦਸਾਂ ਬੱਚਿਆਂ ਵਿੱਚੋਂ ਵਿਚਕਾਰਲੇ ਸਥਾਨ ਤੇ ਸੀ। ਉਹ ਬਚਪਨ ਤੋਂ ਹੀ ਆਪਣੇ ਪਿਤਾ ਦੀ ਬਹੁਤ ਅਜੀਜ ਸੀ, ਉਸ ਦੀ ਪਰਵਰਿਸ ਪੁੱਤਾਂ ਵਾਂਗ ਹੀ ਹੋਈ। ਪਰ ਔਰਤ ਪ੍ਰਤੀ ਸਥਾਨਿਕ ਵਰਤਾਰੇ ਅਨੁਸਾਰ ਮਹਿਜ 15 ਸਾਲ ਦੀ ਉਮਰ ਵਿਚ ਹੀ ਉਸਦਾ ਨਿਕਾਹ ਹੋ ਗਿਆ। ਅਜੇ ਉਸ ਦੇ ਵਿਆਹ ਨੂੰ ਚਾਰ ਕੁ ਸਾਲ ਹੀ ਬੀਤੇ ਸਨ ਕਿ 1979 ਦੀ ਕ੍ਰਿਸਮਿਸ ਨੂੰ ਸੋਵੀਅਤ ਰੂਸ ਦੀ ਸੈਨਾ ਨੇ ਅਫਗਾਨਿਸਤਾਨ ਦੀ ਧਰਤੀ ਤੇ ਆਪਣੀ ਭਾਰੀ ਸੈਨਾ ਭੇਜ ਦਿੱਤੀ। ਕਫਤਾਰ ਦੇ ਪਿੰਡ ਵਾਲਿਆਂ ਵੱਲੋਂ ਪੱਥਰਾਂ ਅਤੇ ਹੋਰ ਚੀਜ਼ਾਂ ਨਾਲ ਪਿੰਡ ਦੀ ਨਾਕਾਬੰਦੀ ਕਰ ਦਿੱਤੀ ਗਈ ਤਾਂ ਕਿ ਸੋਵੀਅਤ ਸੈਨਿਕਾਂ ਨੂੰ ਪਿੰਡ ਵਿਚ ਨਾ ਵੜਣ ਦਿੱਤਾ ਜਾਵੇ, ਪਰ ਇਕ ਦਿਨ ਉਨ੍ਹਾਂ ਧਾਵਾ ਬੋਲ ਦਿੱਤਾ। ਪਿੰਡ ਵਾਲਿਆਂ ਨੇ ਬੰਦੂਕਾਂ ਅਤੇ ਹੋਰ ਹਥਿਆਰਾਂ ਨਾਲ ਡੱਟ ਕੇ ਮੁਕਾਬਲਾ ਕੀਤਾ ਅਤੇ ਸੋਵੀਅਤ ਸੈਨਿਕਾਂ ਨੂੰ ਖਦੇੜ ਦਿੱਤਾ। ਇਸ ਤੋਂ ਬਾਅਦ ਛੋਟੀਆਂ-ਮੋਟੀਆਂ ਝੜਪਾਂ ਹੁੰਦੀਆਂ ਰਹੀਆਂ ਪਰ ਆਪਣੀ ਰਵਾਨਗੀ ਤੱਕ ਰਸੀਅਨ ਫੌਜੀ ਅਤੇ ਅਫਗਾਨੀ ਦੇ ਏਜੰਟ ਕਫਤਾਰ ਦੇ ਪਿੰਡ ਵੱਲ ਮੂੰਹ ਨਾ ਕਰ ਸਕੇ। ਇਕ ਵਾਰ ਸੋਵੀਅਤ ਸੈਨਿਕ ਠਾਹਰ ਤੇ ਹਮਲਾ ਕਰਕੇ ਕਫਤਾਰ ਤੇ ਉਸਦੇ ਸਾਥੀ ਅਸਲੇ ਦਾ ਵੱਡਾ ਜਖੀਰਾ ਲੁੱਟ ਕੇ ਲੈ ਆਏ। ਉਦੋਂ ਤੋਂ ਉਸ ਕੋਲ ਇਕ 100 ਗੋਲੀ ਡ੍ਰੰਮ ਵਾਲੀ ਲਾਈਟ ਮਸੀਨਗੰਨ ਅਤੇ ਇਕ ਪਿਸਟਲ ਸਾਂਭਿਆ ਪਿਆ ਹੈ।

ਹੌਲੀ ਹੌਲੀ ਅਫਗਾਨਾਂ ਦੀ ਵਤਨਪ੍ਰਸਤੀ ਅਤੇ ਲੜਾਕੂ ਪਰੰਪਰਾ ਅੱਗੇ ਸੋਵੀਅਤ ਰੂਸ ਨੂੰ ਹਾਰ ਮੰਨਣੀ ਪਈ। ਸੰਨ੍ਹ 1989 ਵਿਚ ਸੋਵੀਅਤ ਰੂਸ ਨੂੰ ਆਖਰਕਾਰ ਅਫਗਾਨਿਸਤਾਨ ਦੀ ਧਰਤੀ ਤੋਂ ਨਿਕਲਣਾ ਪਿਆ। ਸੋਵੀਅਤ ਸੈਨਿਕਾਂ ਦੀ ਵਾਪਸੀ ਨਾਲ ਕਫਤਾਰ ਤੇ ਉਸਦੇ ਕਬੀਲੇ ਨੂੰ ਅਮਨ-ਸਾਂਤੀ ਦੀ ਉਮੀਦ ਬੱਝੀ ਸੀ, ਪਰ ਅਫਗਾਨ ਗਰੁੱਪਾਂ ਦੀ ਸੱਤਾ ਲਈ ਹੋਈ ਖਾਨਾਜੰਗੀ ਵਿਚ ਇਹ ਹਥਿਆਰ ਉਸ ਨੂੰ ਸੁੱਟਣ ਦਾ ਮੌਕਾ ਨਸੀਬ ਨਾ ਹੋਇਆ। ਪੰਜ ਸੀਰ ਦੇ ਸੇਰ ਕਹੇ ਜਾਣ ਵਾਲੇ ਅਫਗਾਨਿਸਤਾਨ ਦੇ ਸਭ ਤੋਂ ਸਨਮਾਨਿਤ ਲੜਾਕੂ ਜਰਨੈਲ ਅਹਿਮਦ ਸਾਹ ਮਸੂਦ ਦੀ ਧਿਰ ਨਾਲ ਕੰਮ ਕਰਦਿਆਂ ਕਫਤਾਰ ਨੇ ਤਾਲਿਬਾਨ ਸਮੇਤ ਹਰ ਵਿਰੋਧੀ ਗਰੁੱਪ ਦੀ ਡੱਟ ਕੇ ਮੁਖਾਲਫਤ ਕੀਤੀ। 1996 ਵਿਚ ਜਦੋਂ 90 ਪ੍ਰਤੀਸ਼ਤ ਅਫਗਾਨਿਸਤਾਨ ਤਾਲਿਬਾਨ ਦੇ ਕਬਜੇ ਹੇਠ ਆ ਗਿਆ ਤਾਂ ਵੀ ਕਫਤਾਰ ਦੇ ਖੇਤਰ ਵਿਚ ਪੈਰ ਪਾਉਣ ਤੋਂ ਤ੍ਰਭਕਦੇ ਸਨ। ਉੱਤਰੀ ਐਲਾਇੰਸ ਦਾ ਕੇਂਦਰ ਬਿੰਦੂ ਕਫਤਾਰ ਦੇ ਆਲੇ ਦੁਆਲੇ ਦੇ ਪਹਾੜੀ ਪਿੰਡ ਹੀ ਸਨ।

ਸੱਤਾ ਤੇ ਪੂਰੀ ਤਰ੍ਹਾ ਨਿਯੰਤਰਨ ਕਰਨ ਤੋਂ ਬਾਅਦ ਤਾਲਿਬਾਨ ਨੇ ਕਫਤਾਰ ਤੇ ਉਸਦੇ ਕਬੀਲੇ ਵਾਲਿ?ਆਂ ਤੇ ਕਈ ਜਾਨਲੇਵਾ ਹਮਲੇ ਕੀਤੇ। ਆਏ ਦਿਨ ਉਹਦੇ ਘਰ ਗੋਲੀਆਂ ਵਰ੍ਹਦੀਆਂ ਸਨ। ਉਸਦੇ ਦੋ ਪੁੱਤ ਰਣਭੂਮੀ ਵਿਚ ਮਾਰੇ ਗਏ, ਪਰ ਉਸ ਨੇ ਫਿਰ ਵੀ ਹਿੰਮਤ ਨਹੀਂ ਹਾਰੀ। ਉਸ ਦੇ ਲੜਾਕਿਆਂ ਨੇ ਇਕ ਵਾਰ 50 ਦੇ ਕਰੀਬ ਹਮਲਾ ਕਰਨ ਵਾਲੇ ਤਾਲਿਬਾਨਾਂ ਨੂੰ ਕੈਦੀ ਬਣਾ ਲਿਆ ਸੀ। ਬਾਹਰੀ ਮਹਾਂਸਕਤੀ ਸੋਵੀਅਤ ਰੂਸ ਖਿ?ਲਾਫ ਜਾਨ ਦੀ ਪ੍ਰਵਾਹ ਕੀਤੇ ਬਿਨਾ ਲੜਣ ਵਾਲੀ ਕਫਤਾਰ ਬੀਬੀ ਨੇ ਅੰਦਰੂਨੀ ਦੁਸਮਣਾਂ ਦੇ ਖਿਲਾਫ ਵੀ ਜਾਨ ਜੋਖਮ ਵਿਚ ਪਾ ਕੇ ਨਿਰੰਤਰ ਤਾਲਿਬਾਨ ਨੂੰ ਚੁਣੌਤੀ ਦੇਈ ਰੱਖੀ। ਸੰਨ੍ਹ 2001 ਵਿਚ ਜਦੋਂ ਅਮਰੀਕਨ ਫੌਜੀਆਂ ਨੇ ਅਫਗਾਨ ਧਰਤੀ ਤੇ ਕਦਮ ਰੱਖਿਆ ਤਾਂ ਫਿਰ ਉਸ ਨੂੰ ਆਸ ਬੱਝੀ ਸੀ ਕਿ ਸਾਇਦ ਇਸ ਖਿੱਤੇ ਵਿਚ ਅਮਨ ਦੀ ਬਹਾਲੀ ਹੋ ਜਾਏਗੀ, ਪਰ ਜਲਦੀ ਹੀ ਉਹ ਇਕ ਪਰਿਵਾਰਕ ਦੁਸਮਣੀ ਵਿਚ ਉਲਝ ਗਈ।

ਕਫਤਾਰ ਬੀਬੀ ਦੀ ਇਕ ਭੈਣ ਜੋ ਕਿ ਉਸੇ ਹੀ ਖੇਤਰ ਵਿਚ ਰਹਿੰਦੀ ਹੈ। ਇਕ ਰਾਤ ਕਮਾਂਡਰ ਕਫਤਾਰ ਦੇ ਇਕ ਪੋਤਰੇ ਨੇ ਉਸਦੇ ਭਣੇਵੇਂ ਨੂੰ ਇਕ ਝਗੜੇ ਦੌਰਾਨ ਗੋਲੀ ਮਾਰ ਦਿੱਤੀ, ਇੱਥੋਂ ਫਿਰ ਵਾਰ ਕਫਤਾਰ ਦੀਆਂ ਰਾਤਾਂ ਦੀ ਨੀਂਦ ਹਰਾਮ ਹੋ ਗਈ। ਗਲਤੀ ਚਾਹੇ ਕਿਸੇ ਦੀ ਵੀ ਹੋਵੇ, ਪਰ ਦੋਵਾਂ ਪਰਿਵਾਰਾਂ ਨੇ ਇਸ ਲੜਾਈ ਦਾ ਬਹੁਤ ਸੇਕ ਝੱਲਿਆ। ਇਕ ਦੂਜੇ ਦੀ ਜਾਨ ਦੇ ਦੁਸਮਣ ਬਣੀਆਂ ਦੋ ਭੈਣਾਂ ਦੇ ਪਰਿਵਾਰਾਂ ਦਰਮਿਆਨ ਵਰ੍ਹਿਆਂ-ਬੱਧੀ ਗੋਲਾ-ਬਾਰੀ ਚਲਦੀ ਰਹੀ। ਇਸ ਖੂਨੀ ਕਸਮਕਸ ਵਿਚ ਹੁਣ ਤੱਕ ਦੋਵਾਂ ਪਰਿਵਾਰਾਂ ਦੇ 12 ਮੈਂਬਰ ਮਾਰੇ ਜਾ ਚੁੱਕੇ ਹਨ ਅਤੇ 7 ਜ਼ਖ਼ਮੀ ਹੋਏ ਹਨ। ਇਸ ਲਹੂਵੀਟਵੀਂ ਖਹਿਬਾਜੀ ਵਿਚ ਚਾਹੇ ਕਫਤਾਰ ਨੇ ਆਪਣਾ ਹੌਸਲਾ ਸਾਬਤ ਰੱਖਿਆ ਹੈ, ਪਰ ਆਪਣੇ ਹੀ ਦੋਵਾਂ ਪਰਿਵਾਰਾਂ ਦੇ ਡੁੱਲੇ ਲਹੂ ਨੇ ਉਸਦੀ ਬੜਕ ਨੂੰ ਢਾਅ ਲਾਈ ਹੈ। ਇਕ ਸਥਾਨਕ ਕਮਿਸਨ ਵੱਲੋਂ ਉਸ ਨੂੰ ਆਪਣੀ ਭੈਣ ਦੇ ਪਰਿਵਾਰ ਨੂੰ ਭਰਪਾਈ ਵਜੋਂ 20000 ਰੁਪੈ ਦੀ ਅਦਾਇਗੀ ਕਰਨ ਦਾ ਹੁਕਮ ਦਿੱਤਾ ਸੀ। ਪਰ ਇਸ ਤੋਂ ਬਾਅਦ ਵੀ ਇਸ ਅੱਗ ਦਾ ਸੇਕ ਦੋਵਾਂ ਪਰਿਵਾਰਾਂ ਨੂੰ ਮਹਿਸੂਸ ਹੋ ਰਿਹਾ ਹੈ।

ਮੌਜੂਦਾ ਹਾਲਾਤ ਵਿਚ ਜਿੱਥੇ ਫਿਰ ਅਹਿਮਦ ਸਾਹ ਮਸੂਦ ਦਾ ਫਰਜੰਦ ਅਤੇ ਕਬੀਲੇ ਰਲਕੇ ਉੱਤਰੀ ਅਲਾਇੰਸ ਦੇ ਝੰਡੇ ਥੱਲੇ ਤਾਲਿਬਾਨ ਦੇ ਖਿਲਾਫ ਲਾਮਬੰਦ ਹੋ ਰਹੇ ਹਨ, ਉੱਥੇ ਕਮਾਂਡਰ ਕਫਤਾਰ ਫਿਰ ਹਥਿਆਰਾਂ ਦੀ ਛਾਂ ਹੇਠ ਜ਼ਿੰਦਗੀ ਜੀਣ ਦੀ ਫਿਕਰਮੰਦੀ ਵਿਚ ਜੀਅ ਰਹੀ ਹੈ। ਉਸ ਨੇ ਕਰਜਾਈ ਸਰਕਾਰ ਦੁਆਰਾ ਆਰੰਭੇ ਹਥਿਆਰ ਮੁਕਤੀ ਅਭਿਆਨ ਤਹਿਤ 2006 ਵਿਚ ਹਥਿਆਰ ਸੁੱਟ ਦਿੱਤੇ ਸਨ। ਪਰ ਇਸ ਵੇਲੇ ਫਿਰ ਕਫਤਾਰ ਵਰਗੇ ਪ੍ਰਭਾਵਸਾਲੀ ਆਗੂ ਹੀ ਤਾਲਿਬਾਨ ਕੁਸਾਸਨ ਦੇ ਖਿਲਾਫ ਖੜੇ ਹੋਣ ਦੀ ਜੁਰਅਤ ਕਰਨਗੇ। ਅਕਤੂਬਰ 2020 ਵਿਚ ਆਪਣੀ ਤਾਅ ਉਮਰ ਇਕ ਗੁਰੀਲਾ ਕਮਾਂਡਰ ਵਜੋਂ ਕੰਮ ਤਰਨ ਵਾਲੀ ਕਫਤਾਰ ਦੇ ਤਾਲਿਬਾਨ ਨਾਲ ਰਲ ਜਾਣ ਦੀਆਂ ਕਨਸੋਆਂ ਵੀ ਮਿਲੀਆਂ ਸਨ। ਪਰ ਇਹ ਸਪੱਸਟ ਨਹੀਂ ਹੋ ਸਕਿਆ ਕਿ ਕਫਤਾਰ ਨੇ ਕੋਈ ਸਮਝੌਤਾ ਕਰਿਆ ਵੀ ਹੈ ਜਾਂ ਤਾਲਿਬਾਨ ਵੱਲੋਂ ਮਹਿਜ ਇਕ ਬਿਆਨ ਹੀ ਦਿੱਤਾ ਗਿਆ ਹੈ। ਜੋ ਵੀ ਹੈ, ਅਫਗਾਨਿਸਤਾਨ ਦੀ ਇਕਲੌਤੀ ਔਰਤ ਕਮਾਂਡਰ ਕਫਤਾਰ ਵੱਲੋਂ ਬੁਜਦਿਲਾਂ ਵਾਂਗੂੰ ਕਤਲ ਹੋ ਜਾਣ ਦੀ ਬਜਾਏ ਲੜਦਿਆਂ ਮਰ ਜਾਣ ਨੂੰ ਦਿੱਤੀ ਗਈ ਤਰਜੀਹ ਲਈ ਉਹ ਸਜਦੇ ਦੇ ਕਾਬਲ ਹੈ। ਇਕ ਔਰਤ ਹੋ ਕੇ ਪਿੱਤਰ ਸੱਤਾ ਨਾਲ ਭਰੇ ਹੋਏ ਸਮਾਜ ਵਿਚ ਆਪਣੇ ਅਸਤਿਤਵ ਨੂੰ ਸਾਨ ਨਾਲ ਕਾਇਮ ਰੱਖਣਾ ਕੋਈ ਸਾਧਾਰਨ ਗੱਲ ਨਹੀਂ!

- ਮਾਨਵ

# ਅਮਰੀਕੀ ਹਾਰ, ਤਾਲਿਬਾਨ ਤੇ ਅਫਗਾਨਿਸਤਾਨ ਦਾ ਭਵਿੱਖ



**ਅਮਰੀਕੀ ਅਗਵਾਈ ਵਿੱਚ ਨਾਟੋ ਦੀ ਇਸ ਜੰਗ 'ਤੇ ਹੁਣ ਤੱਕ ਸਾਮਰਾਜੀਆਂ ਵੱਲੋਂ 2 ਖਰਬ ਡਾਲਰ ਦੇ ਨੇੜੇ ਖਰਚਾ ਕੀਤਾ ਜਾ ਚੁੱਕਾ ਹੈ ਤੇ ਸੁਭਾਵਿਕ ਹੀ ਹੌਲੀ-ਹੌਲੀ ਅਮਰੀਕਾ ਅੰਦਰ ਵੀ ਇਸ ਜੰਗ ਪ੍ਰਤੀ ਲੋਕਾਂ ਦਾ ਗੁੱਸਾ ਵਧਦਾ ਗਿਆ ਹੈ। ਇਸੇ ਲਈ ਅਮਰੀਕਾ ਅਫਗਾਨਿਸਤਾਨ ਵਿੱਚੋਂ ਆਪਣਾ ਚਿਹਰਾ ਬਚਾਕੇ ਨਿੱਕਲਣ ਦੀ ਤਾਕ ਵਿੱਚ ਲੰਬੇ ਸਮੇਂ ਤੋਂ ਸੀ ਪਰ ਹੁਣ ਜਿਹੋ-ਜਿਹੇ ਹਾਲਾਤ ਬਣੇ ਹਨ, ਅਮਰੀਕਾ ਨੂੰ ਰਹਿੰਦੀ-ਖੂਹੰਦੀ ਸਾਖ ਵੀ ਬਚਾਉਣੀ ਔਖੀ ਹੋ ਰਹੀ ਹੈ।**

ਤਾਲਿਬਾਨ ਹੱਥੋਂ ਅਮਰੀਕਾ ਅਫਗਾਨਿਸਤਾਨ ਵਿੱਚ ਆਪਣੀ ਇਤਿਹਾਸਕ ਹਾਰ ਵੇਖ ਰਿਹਾ ਹੈ। ਪੱਛਮੀ ਮੀਡੀਆ ਭਾਵੇਂ ਆਦਮ ਬੋ-ਆਦਮ ਬੋ ਵਾਂਗੂੰ ਤਾਲੀਬਾਨ ਦਾ ਚੀਕ-ਚਿਹਾੜਾ ਪਾ ਕੇ ਅਮਰੀਕੀ ਸਾਮਰਾਜੀਆਂ ਦੇ ਅਫਗਾਨਿਸਤਾਨ ਵਿੱਚ ਕੁਕਰਮਾਂ ਨੂੰ ਢਕਣ ਦੀ ਕਿੰਨੀ ਵੀ ਕੋਸ਼ਿਸ਼ ਕਰੇ ਪਰ ਸੱਚ ਇਹੀ ਹੈ ਕਿ 2001 ਤੋਂ ਅਫਗਾਨਿਸਤਾਨ ਦੇ ਲੋਕਾਂ 'ਤੇ ਥੋਪੀ ਇਹ ਅਮਰੀਕੀ ਜੰਗ ਉਸ ਦੀ ਸ਼ਰਮਨਾਕ ਹਾਰ ਨਾਲ ਖਤਮ ਹੋ ਰਹੀ ਹੈ। ਇਹ ਇੱਕ ਤਰਾਂ ਵੀਅਤਨਾਮ ਸੰਨ 1975 ਦਾ ਦੁਹਰਾਅ ਹੈ ਜਦ ਉੱਤਰੀ ਵੀਅਤਨਾਮ ਦੀਆਂ ਕਮਿਊਨਿਸਟ ਫੌਜਾਂ ਨੇ ਹੋ ਚੀ ਮਿਨ ਦੀ ਅਗਵਾਈ ਵਿੱਚ ਅਮਰੀਕੀ ਥਾਪੜੇ ਵਾਲੀ ਦੱਖਣੀ ਵੀਅਤਨਾਮ ਦੀ ਸਰਕਾਰ ਨੂੰ ਪਲਟ ਦਿੱਤਾ ਸੀ ਤੇ ਅਮਰੀਕੀ ਫੌਜੀਆਂ ਨੂੰ ਭੱਜਣਾ ਪੈ ਗਿਆ ਸੀ। ਪਿਛਲੇ ਦੋ ਕੁ ਹਫਤਿਆਂ ਵਿੱਚ ਦਿਨਾਂ, ਸਗੋਂ ਘੰਟਿਆਂ ਦੇ ਹਿਸਾਬ ਨਾਲ ਤਾਲਿਬਾਨ ਨੇ ਅਫਗਾਨਿਸਤਾਨ ਦੇ ਪੇਂਡੂ ਇਲਾਕਿਆਂ ਤੋਂ ਲੈ ਕੇ ਲਗਭਗ ਹਰ ਵੱਡੇ ਸ਼ਹਿਰ 'ਤੇ ਕਬਜਾ ਕਰ ਲਿਆ ਹੈ ਤੇ ਐਤਵਾਰ ਨੂੰ ਕਾਬੁਲ ਨੂੰ ਘੇਰਾ ਪਾ ਕੇ ਸਰਕਾਰ ਨੂੰ ਸਮਝੌਤੇ ਲਈ ਮਜਬੂਰ ਕਰ ਦਿੱਤਾ। ਅਮਰੀਕੀ ਥਾਪੜੇ ਵਾਲੀ ਫੌਜ ਤੇ ਸਰਕਾਰ ਦਾ ਇਸ ਤਰਾਂ ਤਾਸ਼ ਦੇ ਪੱਤਿਆਂ ਵਾਂਗੂੰ ਖਿੰਡ ਜਾਣਾ ਉਹਨਾਂ ਦੇ ਅੰਦਰੂਨੀ ਖੋਖਲੇਪਣ ਤੇ ਲੋਕਾਂ ਵਿੱਚ ਸਰਕਾਰ ਪ੍ਰਤੀ ਬੇਇਤਬਾਰੀ ਦਰਸਾਉਂਦਾ ਹੈ। ਅਮਰੀਕਾ ਦੀ ਪਿੱਠੂ ਸਰਕਾਰ ਦਾ ਸਦਰ ਅਸ਼ਰਫ ਗਨੀ ਆਪਣੇ 'ਤੇ ਆਉਂਦੀ ਦੇਖ ਤਾਜਿਕਸਤਾਨ ਨੂੰ ਭੱਜਿਆ ਦੱਸਿਆ ਜਾਂਦਾ ਹੈ। ਸਰਕਾਰ ਦੇ ਨੇੜਲੀ ਅਫਸਰਸ਼ਾਹੀ, ਅਮਰੀਕਾ ਤੇ ਹੋਰ ਨਾਟੋ ਮੈਂਬਰਾਂ ਦੀਆਂ ਗੈਰ-ਸਰਕਾਰੀ ਜਥੇਬੰਦੀਆਂ ਦੇ ਨੁਮਾਇੰਦੇ ਤੇ ਅਫਗਾਨੀ ਨਾਗਰਿਕਾਂ ਦਾ ਇੱਕ ਰਸੂਖਦਾਰ ਤਬਕਾ ਤੁਰਕੀ ਤੇ ਹੋਰ ਮੁਲਕਾਂ ਨੂੰ ਹਿਜਰਤ ਕਰ ਗਿਆ ਹੈ। ਇਹਨਾਂ ਦੇ ਹਿਜਰਤ ਕਰਦਿਆਂ ਦੀਆਂ ਤਸਵੀਰਾਂ ਵਿਖਾਕੇ ਹਾਕਮ ਮੀਡੀਏ ਵੱਲੋਂ ਇਹ ਪ੍ਰਭਾਵ ਸਿਰਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਅਮਰੀਕਾ ਦੇ ਜਾਣ ਨਾਲ ਮਾੜਾ ਹੋਇਆ। ਜਦਕਿ ਸੱਚਾਈ ਇਹ ਹੈ ਕਿ ਪਿਛਲੇ 20 ਸਾਲਾਂ ਵਿੱਚ ਅਮਰੀਕੀ ਅਗਵਾਈ ਵਾਲੀਆਂ ਨਾਟੋ ਫੌਜਾਂ ਨੇ ਅਫਗਾਨਿਸਤਾਨ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਜੰਗ ਰਾਹੀਂ ਲੱਖਾਂ ਬੇਕਸੂਰਾਂ ਦਾ ਕਤਲ, ਪੂਰੇ ਅਰਥਚਾਰੇ ਨੂੰ ਤਬਾਹ ਕਰਨਾ, ਨਸ਼ਿਆਂ ਰਾਹੀਂ ਅਫਗਾਨਿਸਤਾਨ ਦੀ ਜਵਾਨੀ ਨੂੰ ਬਰਬਾਦ ਕਰਨਾ ਤੇ ਹੁਣ ਮੌਜੂਦਾ ਹਾਹਾਕਾਰ - ਇਸ ਸਭ ਦੀ ਜ਼ੁੰਮੇਵਾਰੀ ਤੋਂ ਅਮਰੀਕੀ ਸਾਮਰਾਜੀ ਭੱਜ ਨਹੀਂ ਸਕਦੇ।

ਅਮਰੀਕਾ ਲਈ ਪਿਛਲੇ ਦੋ ਦਹਾਕੇ ਤਬਾਹਕੁੰਨ ਰਹੇ ਹਨ। ਸੰਨ 2000 ਵਿੱਚ ਜਾਰਜ ਬੁਸ਼ ਦੀ ਚੋਣ ਅਮਰੀਕੀ ਸਾਮਰਾਜ ਦੇ ਬੁਲਾਰਿਆਂ ਵੱਲੋਂ ਨਵੀਂ ਅਮਰੀਕੀ ਸਦੀ ਦੀ ਸ਼ੁਰੂਆਤ ਵਜੋਂ ਪ੍ਰਚਾਰੀ ਗਈ ਸੀ। ਐਪਰ 2008 ਵਿੱਚ ਪਹਿਲਾਂ ਇਸਨੂੰ ਪਿਛਲੀ ਇੱਕ ਸਦੀ ਦੇ ਸਭ ਤੋਂ ਵੱਡੇ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪਿਆ, ਫੇਰ ਇਰਾਕ ਤੇ ਹੁਣ ਅਫਗਾਨਿਸਤਾਨ ਵਿੱਚ ਨਮੋਸ਼ੀ ਭਰੀ ਹਾਰ ਹੋਈ। ਇਸ ਨੇ ਅਮਰੀਕਾ ਦੀ ਫੌਜੀ ਤਾਕਤ ਦੇ ਨਿਘਾਰ ਨੂੰ ਸਾਰੀ ਦੁਨੀਆਂ ਸਾਹਮਣੇ ਨਸ਼ਰ ਕਰ ਦਿੱਤਾ ਹੈ।

**ਤਾਲਿਬਾਨ ਕੌਣ ਹਨ?**

ਇੱਕ ਸੰਬੋਧਨੀ ਲਫਜ਼ ਵਜੋਂ ਤਾਲਿਬਾਨ ਸ਼ਬਦ ਸੰਸਾਰ ਭਰ ਵਿੱਚ 1990'ਵਿਆਂ ਵਿੱਚ ਚਰਚਾ ਵਿੱਚ ਆਇਆ। ਅਫਗਾਨਿਸਤਾਨ ਤੇ ਪਾਕਿਸਤਾਨ ਦੇ ਮਦਰੱਸਿਆਂ ਤੋਂ ਉੱਭਰੀ ਇਹ ਇੱਕ ਮੂਲਵਾਦੀ ਜਥੇਬੰਦੀ ਸੀ ਜਿਹੜੀ ਉਸ ਵੇਲੇ ਚੱਲ ਰਹੀ ਘਰੇਲੂ ਜੰਗ ਵਿੱਚ ਆਪਣਾ ਜੋਰ ਅਜ਼ਮਾ ਰਹੀ ਸੀ। ਸਿਆਸੀ ਤੌਰ 'ਤੇ ਤਾਲਿਬਾਨ ਨੂੰ ਪਹਿਲੀ ਅਹਿਮ ਜਿੱਤ 1994 ਵਿੱਚ ਮਿਲੀ ਜਦੋਂ ਉਹਨਾਂ ਕੰਧਾਰ ਸ਼ਹਿਰ 'ਤੇ ਕਬਜਾ ਕਰਕੇ ਆਪਣਾ ਸ਼ਾਸਨ ਥੋਪਿਆ।

ਪਰ 1990'ਵਿਆਂ ਵਿੱਚ ਘਰੇਲੂ ਜੰਗ ਤੇ ਤਾਲਿਬਾਨ ਦੇ ਉਭਾਰ ਨੂੰ ਸਮਝਣ ਲਈ ਥੋੜਾ ਪਿੱਛੇ ਜਾਣਾ ਪਵੇਗਾ। ਅਫਗਾਨਿਸਤਾਨ ਵਿੱਚ 1970'ਵਿਆਂ ਦੇ ਦਹਾਕੇ ਵਿੱਚ ਬਾਦਸ਼ਾਹਤ ਦੇ ਆਖਰੀ ਸਾਲਾਂ ਦੌਰਾਨ ਤੇ 1973 ਵਿੱਚ ਤਖਤਾ ਪਲਟ ਮਗਰੋਂ ਬਣੀ ਦਾਊਦ ਖਾਨ ਦੀ ਸਰਕਾਰ ਵੇਲੇ ਅਫਗਾਨਿਸਤਾਨ ਸੋਵੀਅਤ ਯੂਨੀਅਨ ਦੇ ਵੱਧ ਤੋਂ ਵੱਧ ਨੇੜੇ ਹੁੰਦਾ ਗਿਆ। ਪਰ ਸੋਵੀਅਤ ਯੂਨੀਅਨ ਵਿੱਚ ਵੀ ਸਤਾਲਿਨ ਦੀ ਮੌਤ ਮਗਰੋਂ ਸਰਮਾਏਦਾਰਾ ਪ੍ਰਬੰਧ ਦੀ ਮੁੜ-ਬਹਾਲੀ ਹੋ ਚੁੱਕੀ ਸੀ ਭਾਵੇਂ ਨਾਮ ਨੂੰ ਇਹ ਸਮਾਜਵਾਦੀ ਸੀ। ਇਸ ਲਈ ਅਫਗਾਨਿਸਤਾਨ ਨਾਲ ਨੇੜਲੇ ਸੰਬੰਧ ਬਣਾਉਣ ਪਿੱਛੇ ਸੋਵੀਅਤ ਯੂਨੀਅਨ ਦੇ ਆਪਣੇ ਸਾਮਰਾਜੀ ਹਿੱਤ ਸਨ। ਇਹਨਾਂ ਸਾਲਾਂ ਵਿੱਚ ਅਫਗਾਨਿਸਤਾਨ ਅੰਦਰ ਸੰਸਦ, ਚੋਣ ਪ੍ਰਬੰਧ, ਔਰਤਾਂ ਨੂੰ ਮੁਕਾਬਲਤਨ ਖੁੱਲ ਜਿਹੇ ਕਦਮ ਵੀ ਲਾਗੂ ਹੋਏ। ਪਰ ਕਿਉਂਕਿ ਇਹ ਕਦਮ ਹੇਠਾਂ ਤੋਂ ਕਿਸੇ ਲਹਿਰ ਦਾ ਨਤੀਜਾ ਨਹੀਂ ਸਨ ਇਸ ਲਈ ਇਹਨਾਂ ਦਾ ਘੇਰਾ ਬਹੁਤ ਸੀਮਤ ਸੀ। ਅਫਗਾਨਿਸਤਾਨ ਵਿੱਚ ਉਸ ਵੇਲੇ 85% ਤੋਂ ਵਧੇਰੇ ਵਸੋਂ ਪਿੰਡਾਂ ਵਿੱਚ ਵਸਦੀ ਸੀ ਜਿਸ ਉੱਪਰ ਸਥਾਨਕ ਰਹੁ-ਰੀਤਾਂ, ਮਜ਼ਹਬੀ ਮੁੱਲ-ਮਨੌਤਾਂ ਦਾ ਖਾਸਾ ਅਸਰ ਸੀ। ਉੱਪਰੋਂ ਪੇਂਡੂ ਇਲਾਕਿਆਂ 'ਤੇ ਜੰਗੀ-ਸਰਦਾਰਾਂ ਤੇ ਜਗੀਰੂ ਮਾਲਕਾਂ ਦਾ ਕਬਜਾ ਸੀ ਜਿਸ ਨੇ ਆਮ ਲੋਕਾਂ ਨੂੰ ਦਬਾਅ ਕੇ ਰੱਖਿਆ ਹੋਇਆ ਸੀ। ਤੇ ਆਮ ਲੋਕਾਈ ਵੱਖ-ਵੱਖ ਕੌਮਾਂ-ਪਠਾਣ, ਤਾਜਿਕ, ਹਜਾਰਾ, ਉਜ਼ਬੇਕ, ਬਲੋਚ ਤੇ ਹੋਰ ਕੌਮਾਂ ਵਿੱਚ ਵੰਡੀ ਹੋਈ ਸੀ। ਅਜਿਹੇ ਪੱਛੜੇ ਹੋਏ ਤੇ ਵੰਨ-ਸੁਵੰਨੇ ਮੁਲਕ ਅੰਦਰ ਕਿਸੇ ਵੀ ਸਰਕਾਰ ਨੂੰ ਨੀਤੀ ਬਣਾਉਣ ਵੇਲੇ ਅੱਤ-ਸੰਜਮ ਤੇ ਸੂਖਮ ਸਮਝਦਾਰੀ ਦੀ ਦਰਕਾਰ ਸੀ। ਪਰ ਬਾਦਸ਼ਾਹਤ ਦੇ ਆਖਰੀ ਸਾਲਾਂ ਤੇ ਦਾਊਦ ਖਾਨ ਦੀ ਹਕੂਮਤ ਵੇਲੇ ਚੁੱਕੇ ਉਪਰੋਕਤ ਕਦਮ ਤੇ 1978 ਦੇ ਤਖਤਾ ਪਲਟ ਮਗਰੋਂ ਬਣੀ 'ਪੀਡੀਪੀਏ' ਸਰਕਾਰ ਦੌਰਾਨ ਕੀਤੇ ਜਰਈ ਸੁਧਾਰ ਪੇਂਡੂ ਇਲਾਕਿਆਂ ਵਿੱਚ ਆਮ ਲੋਕਾਈ ਤੱਕ ਤਾਂ ਅਸਰ-ਅੰਦਾਜ਼ ਨਾ ਹੋ ਸਕੇ ਪਰ ਇਸ ਨੇ ਪੇਂਡੂ ਖੇਤਰ ਵਿੱਚ ਕਾਬਜ਼ ਉਪਰੋਕਤ ਸਰਦਾਰਾਂ ਨੂੰ ਇਹ ਪ੍ਰਚਾਰਨ ਦਾ ਮੌਕਾ ਜਰੂਰ ਦੇ ਦਿੱਤਾ ਕਿ ਕਾਬੁਲ ਵਿੱਚ ਨਵੀਂ ਬਣੀ ਸਰਕਾਰ ਉਹਨਾਂ ਦੀਆਂ ਮੁੱਲ-ਮਨੌਤਾਂ, ਉਹਨਾਂ ਦੇ ਧਰਮ ਦੀ ਵੈਰੀ ਹੈ। ਇਸੇ ਤਣਾਅ ਵਿੱਚੋਂ ਕਾਬੁਲ ਸਰਕਾਰ ਖਿਲਾਫ ਇਹਨਾਂ ਸਰਦਾਰਾਂ ਤੇ ਜਗੀਰੂ ਮਾਲਕਾਂ ਦਾ ਯੁੱਧ ਸ਼ੁਰੂ ਹੋਇਆ ਤੇ ਕਾਬੁਲ ਸਰਕਾਰ ਵਿੱਚ ਵੀ ਮੌਜੂਦ ਦੋ ਧੜਿਆਂ ਦੀ ਆਪਸੀ ਖਿੱਚੋ-ਤਾਣ ਵਧੀ। ਜਦ ਸਮਾਜਕ ਸਾਮਰਾਜੀ ਸੋਵੀਅਤ ਯੂਨੀਅਨ ਨੂੰ ਇਹ ਅਹਿਸਾਸ ਹੋਇਆ ਕਿ ਇੱਕ ਧੜਾ ਉਸ ਨਾਲੋਂ ਦੂਰ ਹਟਕੇ ਅਮਰੀਕਾ ਦੇ ਨੇੜੇ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਉਸ ਨੇ ਅਫਗਾਨਿਸਤਾਨ 'ਤੇ ਚੜਾਈ ਕਰ ਦਿੱਤੀ ਤੇ ਇਸ ਤਰਾਂ ਸੋਵੀਅਤ-ਅਫਗਾਨ ਦੀ ਨੌਂ ਵਰ੍ਹੇ ਲੰਬੀ ਜੰਗ ਸ਼ੁਰੂ ਹੋਈ। ਇਸ ਜੰਗ ਨੇ ਹਾਲਾਤ ਹੋਰ ਗੁੰਝਲਦਾਰ ਬਣਾ ਦਿੱਤੇ ਤੇ ਵਿਦੇਸ਼ੀ ਦਾਬੇ ਖਿਲਾਫ ਅਫਗਾਨਿਸਤਾਨ ਦੇ ਲੋਕਾਂ ਦਾ ਯੁੱਧ ਸ਼ੁਰੂ ਹੋਇਆ। ਇਸ ਯੁੱਧ ਵਿੱਚ ਮੁਕਾਬਲਤਨ ਲੋਕ-ਪੱਖੀ ਤਾਕਤਾਂ ਵੀ ਸਨ ਪਰ ਸਭ ਤੋਂ ਮਜ਼ਬੂਤ ਉਪਰੋਕਤ ਕੱਟੜ ਮੁਜਾਹੀਦੀਨ ਸਨ ਜਿਹਨਾਂ ਨੂੰ ਉਸ ਵੇਲੇ ਅਮਰੀਕਾ, ਪਾਕਿਸਤਾਨ ਦੀ ਕੱਟੜ ਜੀਆ ਸਰਕਾਰ, ਸਾਊਦੀ ਅਰਬ ਜਿਹੇ ਪਿਛਾਖੜੀਆਂ ਨੇ ਭਰਪੂਰ ਵਿੱਤੀ ਤੇ ਫੌਜੀ ਮਦਦ ਦਿੱਤੀ। ਸੋਵੀਅਤ ਯੂਨੀਅਨ ਦੇ ਹਾਰ ਕੇ ਅਫਗਾਨਿਸਤਾਨ ਵਿੱਚੋਂ ਬਾਹਰ ਨਿੱਕਲਣ ਮਗਰੋਂ 1992 ਵਿੱਚ ਪੀਡੀਪੀਏ ਹਕੂਮਤ ਡਿੱਗ ਪਈ। ਮਗਰੋਂ ਐਥੇ ਸੱਤਾ 'ਤੇ ਕਬਜੇ ਲਈ ਇਹਨਾਂ ਮੁਜਾਹੀਦੀਨਾਂ, ਜੰਗੀ ਸਰਦਾਰਾਂ ਦਰਮਿਆਨ ਆਪਸੀ ਘਰੇਲੂ ਜੰਗ ਚੱਲ ਪਈ ਜਿਸ ਵਿੱਚੋਂ ਅਮਰੀਕੀ ਸਾਮਰਾਜ ਦੀ ਆਰਥਿਕ ਅਤੇ ਫੌਜੀ ਮਦਦ ਨਾਲ 1996 ਵਿੱਚ ਤਾਲਿਬਾਨ ਜੇਤੂ ਹੋ ਨਿੱਬੜਿਆ। ਇਹ ਇੱਕ ਜੱਗ ਜਾਹਿਰ ਤੱਥ ਹੈ ਕਿ ਸਮਾਜਕ ਸਾਮਰਾਜੀ ਸੋਵੀਅਤ ਯੂਨੀਅਨ ਵਿਰੁੱਧ ਵਰਤਣ ਲਈ ਤਾਲਿਬਾਨ ਨੂੰ ਅਮਰੀਕੀ ਸਾਮਰਾਜ ਨੇ ਪਾਲਿਆ ਪੋਸਿਆ।

**ਅਮਰੀਕਾ ਦੀ ਹਾਰ ਮਗਰੋਂ ਨਵੇਂ ਖੇਤਰੀ ਸਮੀਕਰਨ**

2001 'ਚ ਅਮਰੀਕਾ ਦੇ ਨਿਊਯਾਰਕ 'ਚ ਸੰਸਾਰ ਵਪਾਰ ਕੇਂਦਰ ਉੱਪਰ ਹਮਲਾ ਹੋਇਆ। ਇਸਨੂੰ ਬਹਾਨਾ ਬਣਾਕੇ ਅਮਰੀਕੀ ਸਾਮਰਾਜ ਨੇ ਯੁੱਧਨੀਤਕ ਪੱਖੋਂ ਅਹਿਮ ਅਫਗਾਨਿਸਤਾਨ ਉੱਪਰ ਫੌਜੀ ਹਮਲੇ ਰਾਹੀਂ ਕਬਜਾ ਕਰ ਲਿਆ। ਪਰ ਇਸ ਅਫਗਾਨ ਜੰਗ 'ਚ ਅਮਰੀਕੀ ਸਾਮਰਾਜ ਬੁਰੀ ਤਰਾਂ ਉਲਝ ਗਿਆ। ਇਹ ਅਮਰੀਕੀ ਸਾਮਰਾਜ ਦੇ ਇਤਿਹਾਸ ਦੀ ਸਭ ਤੋਂ ਲੰਬੀ ਅਤੇ ਖਰਚੀਲੀ ਜੰਗ ਸਾਬਤ ਹੋਈ। ਅਫਗਾਨ ਜੰਗ ਦੇ ਬੇਤਹਾਸ਼ਾ ਖਰਚੇ ਅਤੇ ਓਧਰ ਚੀਨ ਦੇ ਇੱਕ ਆਰਥਿਕ ਮਹਾਂਸ਼ਕਤੀ ਵਜੋਂ ਉਭਾਰ ਦੱਖਣ ਚੀਨ ਸਾਗਰ 'ਚ ਵਧ ਰਹੀ ਚੀਨੀ ਚੁਣੌਤੀ ਆਦਿ ਉੱਪਰ ਆਪਣੀ ਤਾਕਤ ਕੇਂਦਰਤ ਕਰਨ ਲਈ ਅਮਰੀਕਾ ਲੰਬੇ ਸਮੇਂ ਤੋਂ ਅਫਗਾਨਿਸਤਾਨ 'ਚੋਂ ਨਿੱਕਲਣ ਦੀ ਵਿਉਂਤ ਬਣਾ ਰਿਹਾ ਸੀ।

ਅਮਰੀਕਾ ਦੀ ਅਫਗਾਨਿਸਤਾਨ ਵਿੱਚੋਂ ਵਾਪਸੀ ਦੀਆਂ ਕੋਸ਼ਿਸ਼ਾਂ ਬਰਾਕ ਓਬਾਮਾ ਦੀ ਸਰਕਾਰ ਵੇਲੇ ਤੋਂ ਹੀ ਚੱਲ ਪਈਆਂ ਸਨ ਜਿਹਨਾਂ 'ਤੇ ਮੋਹਰ ਪਿਛਲੇ ਸਾਲ ਦੋਹਾ (ਕਤਰ) ਵਿੱਚ ਅਮਰੀਕਾ ਤੇ ਤਾਲਿਬਾਨ ਦੇ ਨੁਮਾਇੰਦਿਆਂ ਦਰਮਿਆਨ ਹੋਏ ਸਮਝੌਤੇ ਨਾਲ ਲੱਗੀ। ਅਮਰੀਕਾ ਵੱਲੋਂ 2001 ਤੋਂ ਅਫਗਾਨਿਸਤਾਨ 'ਤੇ ਥੋਪੀ ਜੰਗ ਕਾਰਨ ਹੁਣ ਤੱਕ ਦੋ ਤੋਂ ਢਾਈ ਲੱਖ ਆਮ ਅਫਗਾਨੀ ਨਾਗਰਿਕ ਮਾਰੇ ਜਾ ਚੁੱਕੇ ਹਨ ਤੇ ਪੂਰਾ ਆਲ-ਜੰਜਾਲ ਢਾਂਚਾ ਢਹਿ-ਢੇਰੀ ਹੋ ਚੁੱਕਾ ਹੈ। ਇੱਕ ਬੰਨੇ ਅਮਰੀਕਾ 'ਤੇ ਨਿਰਭਰ ਅਸ਼ਰਫ ਗਨੀ ਦੀ ਸਰਕਾਰ, ਇਸ ਦੀ ਅਫਸਰਸ਼ਾਹੀ, ਇਹਨਾਂ ਨਾਲ ਜੁੜੀਆਂ ਗੈਰ-ਸਰਕਾਰੀ ਜਥੇਬੰਦੀਆਂ ਫੌਜੀ ਠੇਕਿਆਂ ਰਾਹੀਂ ਤੇ ਵਿਦੇਸ਼ਾਂ ਵਿੱਚੋਂ ਮਿਲਣ ਵਾਲੀ ਰਾਹਤ ਨੂੰ ਹੜੱਪਕੇ ਬੇਹੱਦ ਅਮੀਰ ਹੋ ਚੁੱਕੀਆਂ ਹਨ ਤੇ ਦੂਜੇ ਬੰਨੇ 70% ਤੋਂ ਵਧੇਰੇ ਵਸੋਂ 1 ਡਾਲਰ ਰੋਜਾਨਾ ਤੋਂ ਵੀ ਘੱਟ 'ਤੇ ਗੁਜਾਰਾ ਕਰਦੀ ਹੈ। ਵਧੇਰੇ ਪੇਂਡੂ ਖੇਤਰਾਂ ਵਿੱਚ ਵਸਣ ਵਾਲੀ ਇਸ ਕਿਰਤੀ ਵਸੋਂ ਅੰਦਰ ਕਾਬੁਲ ਤੇ ਵੱਡੇ ਸ਼ਹਿਰਾਂ ਦੀ ਇਸ ਪਿੱਠੂ, ਭ੍ਰਿਸ਼ਟ ਸਰਕਾਰ ਲਈ ਅੰਤਾਂ ਦਾ ਗੁੱਸਾ ਤੇ ਨਫਰਤ ਹੈ ਤੇ ਇਹੀ ਵਸੋਂ ਤਾਲਿਬਾਨ ਲਈ ਨਵੀਂ ਭਰਤੀ ਦਾ ਵੱਡਾ ਜਰੀਆ ਬਣਦੀ ਹੈ। ਅਮਰੀਕੀ ਅਗਵਾਈ ਵਿੱਚ ਨਾਟੋ ਦੀ ਇਸ ਜੰਗ 'ਤੇ ਹੁਣ ਤੱਕ ਸਾਮਰਾਜੀਆਂ ਵੱਲੋਂ 2 ਖਰਬ ਡਾਲਰ ਦੇ ਨੇੜੇ ਖਰਚਾ ਕੀਤਾ ਜਾ ਚੁੱਕਾ ਹੈ ਤੇ ਸੁਭਾਵਿਕ ਹੀ ਹੌਲੀ-ਹੌਲੀ ਅਮਰੀਕਾ ਅੰਦਰ ਵੀ ਇਸ ਜੰਗ ਪ੍ਰਤੀ ਲੋਕਾਂ ਦਾ ਗੁੱਸਾ ਵਧਦਾ ਗਿਆ ਹੈ। ਇਸੇ ਲਈ ਅਮਰੀਕਾ ਅਫਗਾਨਿਸਤਾਨ ਵਿੱਚੋਂ ਆਪਣਾ ਚਿਹਰਾ ਬਚਾਕੇ ਨਿੱਕਲਣ ਦੀ ਤਾਕ ਵਿੱਚ ਲੰਬੇ ਸਮੇਂ ਤੋਂ ਸੀ ਪਰ ਹੁਣ ਜਿਹੋ-ਜਿਹੇ ਹਾਲਾਤ ਬਣੇ ਹਨ, ਅਮਰੀਕਾ ਨੂੰ ਰਹਿੰਦੀ-ਖੂਹੰਦੀ ਸਾਖ ਵੀ ਬਚਾਉਣੀ ਔਖੀ ਹੋ ਰਹੀ ਹੈ।

ਅਫਗਾਨਿਸਤਾਨ ਵਿੱਚ ਤਾਲਿਬਾਨ ਦਾ ਕਬਜ਼ਾ ਲਾਜ਼ਮੀ ਨਵੇਂ ਸਮੀਕਰਨ ਬਣਾਵੇਗਾ। ਇਸ ਖੇਤਰ ਵਿੱਚੋਂ ਅਮਰੀਕਾ ਦੇ ਬਾਹਰ ਹੋਣ ਮਗਰੋਂ ਹੁਣ ਐਥੇ ਚੀਨ-ਰੂਸ ਦੀ ਅਗਵਾਈ ਵਿੱਚ ਨਵਾਂ ਪ੍ਰਭਾਵੀ ਗੱਠਜੋੜ ਬਣਦਾ ਜਾ ਰਿਹਾ ਹੈ। 28 ਜੁਲਾਈ ਨੂੰ ਚੀਨ ਦੇ ਸ਼ਹਿਰ ਤਿਆਂਜਿਨ ਵਿੱਚ ਤਾਲੀਬਾਨ ਦੇ ਵਫਦ ਨੇ ਚੀਨ ਦੇ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਨਵੀਆਂ ਸੰਭਾਵਨਾਵਾਂ ਵੱਲ ਇਸ਼ਾਰਾ ਕੀਤਾ ਤੇ ਨਾਲ ਹੀ ਇਹ ਕਹਿਕੇ ਚੀਨ ਦੀ ਚਿੰਤਾ ਨੂੰ ਦੂਰ ਕਰ ਦਿੱਤਾ ਕਿ ਅਫਗਾਨਿਸਤਾਨ ਦੀ ਜ਼ਮੀਨ ਦੀ ਵਰਤੋਂ ਪੱਛਮੀ ਚੀਨ ਦੇ ਜ਼ਿਨਜ਼ੀਆਂਗ ਵਿੱਚ ਸਰਗਰਮ ਇਸਲਾਮੀ ਜਥੇਬੰਦੀਆਂ ਦੀ ਮਦਦ ਲਈ ਨਹੀਂ ਵਰਤਣ ਦਿੱਤੀ ਜਾਵੇਗੀ। ਚੀਨ ਲਈ ਅਫਗਾਨਿਸਤਾਨ ਦਾ ਇਲਾਕਾ ਉਸ ਦੀ 'ਇੱਕ ਪੱਟੀ ਇੱਕ ਸੜਕ' ਯੋਜਨਾ ਲਈ ਵੀ ਅਹਿਮ ਹੈ। ਆਉਣ ਵਾਲੇ ਦਿਨਾਂ ਵਿੱਚ ਤਾਲਿਬਾਨ ਸਰਕਾਰ ਚੀਨ ਦੀ ਅਗਵਾਈ ਵਾਲੇ ਆਰਥਿਕ ਗੁੱਟ 'ਸੰਘਾਈ ਸਹਿਕਾਰ ਜਥੇਬੰਦੀ' ਵਿੱਚ ਵੀ ਸ਼ਾਮਲ ਹੋ ਸਕਦੀ ਹੈ। ਓਧਰ ਰੂਸ ਵੀ ਤਾਲਿਬਾਨ ਨਾਲ ਗੱਲਬਾਤ ਜਾਰੀ ਰੱਖਣੀ ਚਾਹੁੰਦਾ ਹੈ ਤਾਂ ਜੋ ਸਾਬਕਾ ਸੋਵੀਅਤ ਯੂਨੀਅਨ ਦੇ ਉਹਨਾਂ ਮੁਲਕਾਂ ਵਿੱਚ ਕੋਈ ਗੜਬੜ ਨਾ ਫੈਲੇ ਜਿਹਨਾਂ ਦੀ ਹੱਦ ਉੱਤਰੀ ਅਫਗਾਨਿਸਤਾਨ ਨਾਲ ਲਗਦੀ ਹੈ। ਇਸ ਤੋਂ ਬਿਨਾਂ ਅਫਗਾਨਿਸਤਾਨ ਦਾ ਗੁਆਂਢੀ ਈਰਾਨ ਵੀ ਅਫਗਾਨਿਸਤਾਨ ਵਿੱਚੋਂ ਅਮਰੀਕਾ ਦੇ ਨਿਕਾਲੇ ਨੂੰ ਹਾਂ-ਪੱਖੀ ਨਜ਼ਰੀਏ ਨਾਲ ਵੇਖ ਰਿਹਾ ਹੈ। ਭਾਵੇਂ ਈਰਾਨ ਸ਼ੀਆ ਮੁਸਲਮਾਨ ਵਸੋਂ ਵਾਲਾ ਮੁਲਕ ਹੈ ਪਰ ਉਸ ਲਈ ਪੱਛਮੀ ਅਫਗਾਨਿਸਤਾਨ ਦੀ ਹੱਦ ਰਾਹੀਂ ਹੁੰਦਾ ਵਪਾਰ ਤੇ ਅਮਰੀਕਾ ਦੀ ਹਾਰ ਵਧੇਰੇ ਅਹਿਮ ਹੈ। ਜਿੱਥੋਂ ਤੱਕ ਪਾਕਿਸਤਾਨ ਦਾ ਸਵਾਲ ਹੈ ਤਾਂ ਪਾਕਿਸਤਾਨੀ ਸੱਤਾ ਇਸ ਗੱਲੋਂ ਤਾਂ ਖੁਸ਼ ਹੈ ਕਿ ਅਮਰੀਕਾ ਦੇ ਨਿੱਕਲਣ ਨਾਲ ਹੀ ਉਸ ਦੇ ਭਾਈਵਾਲ ਭਾਰਤ ਲਈ ਵੀ ਅਫਗਾਨਿਸਤਾਨ ਦਾ ਦਰ ਬੰਦ ਹੋਣ ਦੀ ਸੰਭਾਵਨਾ ਵਧ ਗਈ ਹੈ ਪਰ ਨਾਲ ਹੀ ਉਸ ਨੂੰ ਚਿੰਤਾ ਇਹ ਹੈ ਕਿ ਕਿਤੇ ਤਾਲਿਬਾਨ ਦੀ ਜਿੱਤ ਨਾਲ ਪਾਕਿਸਤਾਨੀ ਸੱਤਾ ਖਿਲਾਫ ਲੜ ਰਹੀ 'ਤਹਿਰੀਕ-ਏ-ਤਾਲਿਬਾਨ ਪਾਕਿਸਤਾਨ' ਜਥੇਬੰਦੀ ਹੋਰ ਤਕੜੀ ਨਾ ਹੋ ਜਾਵੇ ਜੀਹਦੇ ਅਫਗਾਨ ਤਾਲੀਬਾਨ ਨਾਲ ਵੀ ਸੰਬੰਧ ਹਨ। ਜਿੱਥੋਂ ਤੱਕ ਭਾਰਤ ਦੀ ਸਥਿਤੀ ਹੈ ਭਾਵੇਂ ਕੱਲ ਇਸ ਦੇ ਵਿਦੇਸ਼ੀ ਮਾਮਲਿਆਂ ਦੇ ਮੰਤਰੀ ਜੈਸ਼ੰਕਰ ਨੇ ਕਿਹਾ ਕਿ ਭਾਰਤ ਦੀ ਨੀਤੀ ਅਫਗਾਨਿਸਤਾਨ ਸੰਬੰਧੀ ਅਮਰੀਕੀ ਨੀਤੀ ਨਾਲੋਂ ਵੱਖਰੀ ਹੈ ਪਰ ਇਹ ਕੋਈ ਅਸੂਲੀ ਬਿਆਨ ਦੀ ਥਾਂ ਆਪਣੀ ਇੱਜਤ ਬਚਾਉਣ ਵਾਲਾ ਬਿਆਨ ਵਧੇਰੇ ਹੈ। ਰੂਸ ਦੀ ਅਗਵਾਈ ਹੇਠ ਦੋਹਾ ਵਿੱਚ ਹੋਈ ਰੂਸ-ਚੀਨ-ਪਾਕਿਸਤਾਨ-ਅਮਰੀਕਾ ਗੱਲਬਾਤ ਵਿੱਚ ਭਾਰਤ ਨੂੰ ਬਾਹਰ ਰੱਖਿਆ ਜਾਣਾ ਇਹੀ ਦਰਸਾਉਂਦਾ ਹੈ ਕਿ ਉਪਰੋਕਤ ਵੱਡੀਆਂ ਤਾਕਤਾਂ ਭਾਰਤ ਨੂੰ ਅਫਗਾਨਿਸਤਾਨ ਵਿੱਚ ਅਹਿਮ ਖਿਡਾਰੀ ਵਜੋਂ ਨਹੀਂ ਵੇਖਦੀਆਂ। ਇਸੇ ਗੱਲ ਦੀ ਤਸਦੀਕ ਰੂਸੀ ਸਦਰ ਦੇ ਅਫਗਾਨ ਮਾਮਲੇ ਬਾਰੇ ਖਾਸ ਦੂਤ ਜਮੀਰ ਕਾਬੁਲੋਵ ਨੇ ਵੀ ਕਰ ਦਿੱਤੀ ਜਦ ਉਸ ਨੇ ਕਿਹਾ ਕਿ ਭਾਰਤ ਦਾ ਤਾਲਿਬਾਨ 'ਤੇ ਕੋਈ ਪ੍ਰਭਾਵ ਨਹੀਂ।

**ਅਫਗਾਨਿਸਤਾਨ ਦਾ ਭਵਿੱਖ**

ਬਿਨਾਂ ਸ਼ੱਕ ਅਫਗਾਨਿਸਤਾਨ ਵਿੱਚੋਂ ਅਮਰੀਕੀ ਸਾਮਰਾਜ ਦੀ ਹਾਰ ਹੋਣਾ ਹਾਂ-ਪੱਖੀ ਵਰਤਾਰਾ ਹੈ ਜਿਸ ਨੇ ਇਹ ਮੁੜ ਸਿੱਧ ਕਰ ਦਿੱਤਾ ਕਿ ਅੱਜ ਦੀ ਤਰੀਕ ਵਿੱਚ ਕਿਸੇ ਵੀ ਮੁਲਕ ਨੂੰ ਕੋਈ ਸਾਮਰਾਜੀ ਤਾਕਤ ਵਧੇਰੇ ਸਮਾਂ ਗੁਲਾਮ ਬਣਾਕੇ ਨਹੀਂ ਰੱਖ ਸਕਦੀ। ਪਰ ਇਸ ਪਲਟੇ ਦਾ ਦੁਖਾਂਤਕ ਪੱਖ ਇਹ ਹੈ ਕਿ ਅਮਰੀਕਾ ਦਾ ਨਿਕਾਲਾ ਕਿਸੇ ਲੋਕ-ਪੱਖੀ ਤਾਕਤ ਦੇ ਹੱਥੋਂ ਨਹੀਂ ਹੋਇਆ ਸਗੋਂ ਧਾਰਮਿਕ ਮੂਲਵਾਦੀ ਤਾਕਤ ਦੇ ਹੱਥੋਂ ਹੋਇਆ ਹੈ। ਜਿੱਥੋਂ ਤੱਕ ਅਫਗਾਨਿਸਤਾਨ ਦੇ ਲੋਕਾਂ ਸਾਹਵੇਂ ਦਰਪੇਸ਼ ਚੁਣੌਤੀਆਂ ਦੀ ਗੱਲ ਹੈ ਤਾਂ ਪਹਿਲ ਪ੍ਰਥਮੇ ਤਾਂ ਇਹੀ ਵੱਡਾ ਮਸਲਾ ਹੈ ਕਿ ਨਵੀਂ ਸਰਕਾਰ 3.5 ਲੱਖ ਤੋਂ ਵਧੇਰੇ ਸ਼ਰਨਾਰਥੀਆਂ ਦੇ ਮੁੜ ਵਸੇਵੇਂ ਦਾ ਹੈ। ਦੂਜਾ ਵੱਡਾ ਮਸਲਾ ਮੁਲਕ ਵਿੱਚ ਵਸਦੀਆਂ ਵੱਖ-ਵੱਖ ਕੌਮਾਂ ਤੇ ਉਹਨਾਂ ਦੀਆਂ ਆਪਣੀਆਂ ਫੌਜਾਂ ਦਰਮਿਆਨ ਅਮਨ ਦਾ ਹੈ। ਤੀਜਾ ਵੱਡਾ ਮਸਲਾ ਅਫਗਾਨਿਸਤਾਨ ਦੇ ਕਿਰਤੀ ਲੋਕਾਂ ਦੀ ਹਾਲਤ ਬਿਹਤਰ ਕਰਨ ਵਾਲੀਆਂ ਨੀਤੀਆਂ ਲਾਗੂ ਕਰਾਉਣਾ ਹੈ। ਇਹ ਤਿੰਨੋ ਵੱਡੇ ਮਸਲੇ ਤਾਲਿਬਾਨ ਦੀ ਨਵੀਂ ਹਕੂਮਤ ਅੱਗੇ ਮੂੰਹ ਅੱਡੀ ਖੜੇ ਹਨ ਜਿਹਨਾਂ ਦਾ ਫਿਲਹਾਲ ਇਸ ਜਥੇਬੰਦੀ ਕੋਲ ਕੋਈ ਹੱਲ ਮੌਜੂਦ ਨਹੀਂ। ਇਸ ਲਈ ਭਾਵੇਂ ਅਮਰੀਕੀ ਸਾਮਰਾਜ ਹਾਰ ਚੱਲਿਆ ਹੈ ਪਰ ਅਫਗਾਨਿਸਤਾਨ ਦੇ ਕਿਰਤੀ ਲੋਕਾਂ ਦੀ ਜੰਗ ਅਜੇ ਖਤਮ ਨਹੀਂ ਹੋਈ। ਨਵੇਂ ਹਾਕਮਾਂ ਖਿਲਾਫ ਆਪਣੀ ਪੂਰਨ ਮੁਕਤੀ ਲਈ ਜੰਗ ਜਾਰੀ ਰੱਖਣੀ ਹੋਵੇਗੀ ਇਸ ਜੰਗ ਵਿੱਚ ਅਫਗਾਨਿਸਤਾਨ ਦੇ ਕਿਰਤੀ ਲੋਕਾਂ ਦਾ ਸਾਥ ਪੂਰੇ ਸੰਸਾਰ ਦੀਆਂ ਲੋਕ-ਪੱਖੀ ਤਾਕਤਾਂ ਦੇਣਗੀਆਂ।

# ਜਲ੍ਹਿਆਂਵਾਲਾ ਚੱਲ ਰਿਹਾ ਹੈ....




ਇਹ ਬਦਨੁਮਾ ਇਤਫਾਕ ਹੈ ਜਾਂ ਇਤਿਹਾਸ ਮੁੜ ਦੁਹਰਾਇਆ ਜਾ ਰਿਹਾ ਹੈ ਕਿ ਇਕ ਪਾਸੇ ਦੇਸ਼ ਦਾ ਪ੍ਰਧਾਨ ਮੰਤਰੀ ਜੱਲ੍ਹਿਆਂਵਾਲਾ ਬਾਗ ਦੇ ਨਵੀਨੀਕਰਨ ਤੋਂ ਬਾਅਦ ਉਸ ਦਾ ਉਦਘਾਟਨ ਕਰ ਰਿਹਾ ਹੈ, ਦੂਜੇ ਪਾਸੇ ਹਰਿਆਣਾ ਦੇ ਕਰਨਾਲ ਵਿਚ ਉਸੇ ਦੀ ਪਾਰਟੀ ਦੇ ਸਿਪਹਾਸਲਾਰ ਇਕ ਹੋਰ ਜੱਲ੍ਹਿਆਂਵਾਲਾ ਸਿਰਜ ਰਹੇ ਹਨ। ਇਤਫਾਕ ਇਹ ਵੀ ਹੈ ਕਿ ਲਗਭਗ ਇਕ ਸਾਲ ਜੱਲ੍ਹਿਆਂਵਾਲਾ ਬਾਗ ਬੰਦ ਪਿਆ ਰਿਹਾ, ਪਰ ਦੂਜੇ ਪਾਸੇ ਲਗਭਗ ਇਕ ਸਾਲ ਤੋਂ ਹੀ ਕਿਸਾਨਾਂ ਦੇ ਸ਼ਾਂਤੀਪੂਰਨ ਮੋਰਚੇ ਨੂੰ ਕੁਚਲਣ ਦੇ ਰੂਪ ਵਿਚ ਜੱਲ੍ਹਿਆਂਵਾਲੇ ਸਿਰਜੇ ਜਾ ਰਹੇ ਹਨ। ਸੱਤਾ ਦੀਆਂ ਸਾਜ਼ਿਸ਼ਾਂ, ਜੁਲਮ ਅਤੇ ਰਾਜ ਕਰਨ ਦੇ ਤਰੀਕੇ ਆਪਸ ਵਿਚ ਏਨੇ ਮਿਲਦੇ ਹੁੰਦੇ ਹਨ ਕਿ ਜੇਕਰ ਨਾਵਾਂ-ਥਾਵਾਂ ਨੂੰ ਹਟਾ ਦਿੱਤਾ ਜਾਵੇ ਤਾਂ ਕਿਰਦਾਰ ਇੱਕੋ ਜਿਹੇ ਹੀ ਹੁੰਦੇ ਹਨ। ਇਕ ਪਾਸੇ 102 ਸਾਲ ਪਹਿਲਾਂ ਜਨਰਲ ਡਾਇਰ ਆਪਣੀ ਪੁਲਿਸ ਨੂੰ ਨਿਹੱਥੇ ਲੋਕਾਂ ਤੇ ਗੋਲੀਬਾਰੀ ਕਰਨ ਦਾ ਹੁਕਮ ਸੁਣਾ ਰਿਹਾ ਹੈ, ਦੂਜੇ ਪਾਸੇ ਸਾਡੇ ਆਪਣੇ ਰਾਜ ਦੀ ਮਸ਼ੀਨਰੀ ਦਾ ਇਕ ਪੁਰਜਾ ਡਿਊਟੀ ਮੈਜਿਸਟਰੇਟ ਵੀ ਪੁਲਿਸ ਨੂੰ ਲਗਭਗ ਉਹੋ ਜਿਹੀਆਂ ਹੀ ਹਦਾਇਤਾਂ ਦੇ ਰਿਹਾ ਹੈ :

"ਸਿੰਪਲ ਹੈ, ਜੋ ਵੀ ਹੋ, ਕੋਈ ਵੀ ਨਹੀਂ ਜਾਏਗਾ ਵਹਾਂ, ਸਪਸਟ ਕਰ ਦੇਤਾ ਹੂੰ ..ਸਰ ਫੋੜ ਦੋ...ਡਿਊਟੀ ਮੈਜਿਸਟਰੇਟ ਹੂੰ, ਲਿਖਤ ਮੇਂ ਬਤਾ ਰਹਾ ਹੂੰ...ਸੀਧੇ ਉਠਾ ਉਠਾ ਕੇ ਮਾਰਨਾ...ਕੋਈ ਡਾਊਟ ਨਹੀਂ, ਕੋਈ ਡਾਇਰੈਕਸਨ ਕੀ ਜਰੂਰਤ ਨਹੀਂ ...ਏਕ ਬੰਦਾ ਨਹੀਂ ਜਾਨਾ ਚਾਹੀਏ...ਅਗਰ ਜਾਏਗਾ ਨਾ ਤੋ ਉਸ ਕਾ ਸਿਰ ਟੂਟਾ ਹੋਨਾ ਚਾਹੀਏ.."

ਉਹੀ ਹੋਇਆ..ਸਾਂਤੀਪੂਰਨ ਪ੍ਰਦਰਸਨ ਕਰ ਰਹੇ ਕਿਸਾਨਾਂ ਤੇ ਜਾਲਮਾਨਾ ਲਾਠੀਚਾਰਜ ਕੀਤਾ ਗਿਆ ਅਤੇ ਸਚਮੁਚ ਹੀ ਸਿਰ ਫੋੜ ਦਿੱਤੇ ਗਏ।

ਹੋਰ ਵੀ ਬੇਸਰਮੀ ਦੀ ਗੱਲ ਹੈ ਕਿ ਸੂਬੇ ਦਾ ਮੁੱਖਮੰਤਰੀ ਆਪਣੀ ਗਲਤੀ ਨੂੰ ਇਕਬਾਲ ਕਰਨ ਦੀ ਥਾਂ ਕਿਸਾਨਾਂ ਤੇ ਹੀ ਇਹ ਇਲਜਾਮ ਲਗਾ ਰਿਹਾ ਹੈ ਕਿ ਉਹਨਾਂ ਨੇ ਹਿੰਸਾ ਕੀਤੀ। ਸੂਬੇ ਦਾ ਡੀਜੀਪੀ ਵੀ ਆਪਣੇ ਆਪ ਨੂੰ ਜਸਟੀਫਾਈ ਕਰ ਰਿਹਾ ਹੈ ਕਿ 10 ਪੁਲਿਸ ਵਾਲੇ ਵੀ ਜਖਮੀ ਹੋਏ ਹਨ।

102 ਸਾਲ ਪਹਿਲਾਂ ਤਾਂ ਦੇਸ਼ ਗੁਲਾਮ ਸੀ। ਉਸ ਵਕਤ ਦੀ ਪੁਲਿਸ ਤੇ ਉਸ ਵਕਤ ਦੀ ਸਰਕਾਰ ਤਾਂ ਇਕ ਚੀਜ ਹੈ ਹੀ ਸਨ, ਅਫਸੋਸ ਤਾਂ ਇਸ ਗੱਲ ਦਾ ਹੈ ਕਿ ਅਜਾਦ ਭਾਰਤ ਵਿਚ ਲਾਗੂ ਕੀਤਾ ਹੋਇਆ ਪੁਲਿਸ ਐਕਟ ਵੀ ਫਿਰੰਗੀਆਂ ਵਾਲਾ ਹੀ ਹੈ। ਹੁਣ ਵੀ ਲਗਾਤਾਰ ਅਫਸਰਸ਼ਾਹੀ ਤੇ ਪੁਲਿਸ ਅਤੇ ਇਥੋਂ ਤੱਕ ਕਿ ਫੌਜ ਦਾ ਵੀ ਸਿਆਸੀਕਰਨ ਕੀਤਾ ਜਾ ਰਿਹਾ ਹੈ ਤੇ ਪੁਲਿਸ ਤੇ ਅਫਸਰਸਾਹੀ ਸੱਤਾ ਦੀ ਭਾਸਾ ਹੀ ਬੋਲਦੀ ਹੈ।

ਇਕ ਬਹੁਤ ਹੀ ਖਾਸ ਗੱਲ...ਜਿਹੜੇ ਐਸ ਡੀ ਐਮ ਨੇ ਇਹ ਸਿਰ ਫੋੜਨ ਦੀ ਜ਼ਿੰਮੇਵਾਰੀ ਲਈ ਹੈ..ਇਹਨਾਂ ਐਸ ਡੀ ਐਮ ਨੂੰ ਹੀ ਖੇਤੀਬਾੜੀ ਵਾਲੇ ਤਿੰਨ ਕਾਲੇ ਕਨੂੰਨਾਂ ਵਿਚ ਇਹ ਅਧਿਕਾਰ ਦਿੱਤਾ ਗਿਆ ਹੈ ਜੇਕਰ ਕੰਪਨੀ ਅਤੇ ਕਿਸਾਨਾਂ ਵਿਚ ਕੋਈ ਝਗੜਾ ਹੁੰਦਾ ਹੈ ਤਾਂ ਮੌਕੇ ਦਾ ਐਸਡੀਐਮ ਜੱਜ ਬਣ ਕੇ ਇਸ ਦਾ ਨਿਪਟਾਰਾ ਕਰੇਗਾ। ਹੁਣ ਪਤਾ ਲੱਗ ਹੀ ਗਿਆ ਕਿ ਕਿਵੇਂ ਹੋਣਗੇ ਨਿਪਟਾਰੇ ਤਿੰਨ ਖੇਤੀ ਕਨੂੰਨਾਂ ਦੇ ਲਾਗੂ ਹੋਣ ਤੋਂ ਬਾਅਦ...?

ਮਾਣਮੱਤੀ ਪ੍ਰਾਪਤੀ ਇਹ ਵੀ ਹੈ ਕਿ 102 ਸਾਲ ਪਹਿਲਾਂ ਵੀ ਲੋਕ ਸਾਂਤੀਪੂਰਨ ਪ੍ਰਦਰਸਨ ਕਰ ਰਹੇ ਸਨ, ਤੇ ਹੁਣ ਵੀ ਕਿਸਾਨ ਪਿਛਲੇ ਨੌ ਮਹੀਨਿਆਂ ਤੋਂ ਸਾਂਤੀਪੂਰਨ ਪ੍ਰਦਰਸਨ ਕਰ ਰਹੇ ਹਨ। ਸੱਤਾ, ਇਸ ਦਾ ਪਾਲਤੂ ਮੀਡੀਆ, ਇਸ ਦੀ ਅਫਸਰਸ਼ਾਹੀ ਤੇ ਪੁਲਿਸ ਲਗਾਤਾਰ ਕਿਸਾਨਾਂ ਨੂੰ ਉਕਸਾ ਰਹੇ ਹਨ ਕਿ ਇਹ ਅੰਦੋਲਨ ਹਿੰਸਕ ਹੋਵੇ ਤੇ ਇਹਨਾਂ ਨੂੰ ਕੁਚਲਣ ਦਾ ਮੌਕਾ ਮਿਲ ਜਾਵੇ। ਪਰ ਅਜੇ ਤੱਕ ਸੱਤਾ ਅਤੇ ਇਸ ਦੀਆਂ ਏਜੰਸੀਆਂ ਇਸ ਮਕਸਦ ਵਿਚ ਕਾਮਯਾਬ ਨਹੀਂ ਹੋ ਸਕੀਆਂ ਤੇ ਜੱਲ੍ਹਿਆਂਵਾਲਾ ਬਾਗ ਦੇ ਵਾਰਿਸ ਮੈਦਾਨਾਂ ਦੇ ਵਿਚ ਡਟੇ ਹੋਏ ਹਨ। ਡੁੱਲ੍ਹੇ ਲਹੂ ਕਦੇ ਵੀ ਅਜਾਈਂ ਨਹੀਂ ਜਾਂਦੇ ਸਗੋਂ ਇਹ ਤਕਦੀਰਾਂ ਪਲਟ ਦਿੰਦੇ ਹਨ। ਸੰਘਰਸ਼ ਕਰਨ ਵਾਲੇ ਲੋਕ ਨਾ ਲਾਠੀਆਂ ਤੋਂ ਡਰਦੇ ਹਨ, ਨਾ ਪਾਣੀਆਂ ਦੀਆਂ ਬੌਛਾਰਾਂ ਤੋਂ, ਸਗੋਂ ਇਸ ਨਾਲ ਅੰਦੋਲਨਾਂ ਦੀ ਧੁਖਦੀ ਅੱਗ ਭਾਂਬੜ ਬਣਦੀ ਹੈ। ਇਸ ਘਟਨਾ ਤੋਂ ਬਾਅਦ ਸਾਰਾ ਹਰਿਆਣਾ ਸੜਕਾਂ ਤੇ ਨਿਕਲ ਆਇਆ ਤੇ ਥਾਂ ਥਾਂ ਰੋਡ ਬਲੌਕ ਕਰ ਦਿੱਤੇ ਗਏ। ਇਕ ਉਦਾਹਰਨ ਸਾਂਝੀ ਕਰਦਾ ਹਾਂ। ਕਰਨਾਲ ਤੋਂ ਲਗਭਗ 175 ਕਿਲੋਮੀਟਰ ਦੂਰ ਹਰਿਆਣਾ ਦੇ ਹੀ ਬਾਰਡਰ ਤੇ ਵਸੇ ਇਕ ਚਿੜੀ ਦੇ ਪੌਂਚੇ ਜਿੰਨੇ ਪਿੰਡ (ਰੋੜਾਂਵਾਲੀ) ਨੇ ਆਪਣੇ ਨਾਲ ਦੇ ਪਿੰਡਾਂ ਦੇ 300 ਦੇ ਕਰੀਬ ਕਿਸਾਨਾਂ ਨੂੰ ਨਾਲ ਲੈ ਕੇ ਬੁਢਲਾਡਾ-ਦਿੱਲੀ ਰੋੜ ਜਾਮ ਕਰ ਦਿੱਤੀ ਅਤੇ ਮਿੰਟਾਂ-ਸਕਿੰਟਾਂ ਵਿਚ ਉੱਥੇ ਲੰਗਰ ਅਤੇ ਦਰੀਆਂ ਦਾ ਪ੍ਰਬੰਧ ਕਰਦੇ ਹੋਏ ਐਲਾਨ ਕਰ ਦਿੱਤਾ ਕਿ ਜਦ ਤਕ ਗ੍ਰਿਫਤਾਰ ਕਿਸਾਨਾਂ ਨੂੰ ਰਿਹਾ ਨਹੀਂ ਕੀਤਾ ਜਾਂਦਾ, ਰੋਡ ਨਹੀਂ ਖੋਲਣ ਦਿਤਾ ਜਾਵੇਗਾ। ਇਹਨਾਂ ਮਰਜੀਵੜਿਆਂ ਦੇ ਇਸ ਸਿਰੜ ਨੂੰ ਸਲਾਮ... ਜਗਤਾਰ ਦੇ ਸਬਦਾਂ ਵਿਚ :

ਹਰ ਮੋੜ ਤੇ ਸਲੀਬਾਂ, ਹਰ ਪੈਰ ਤੇ ਹਨੇਰਾ, ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ!

ਪੱਥਰ ਤੇ ਨਕਸ ਹਾਂ, ਮੈ ਮਿੱਟੀ ਤੇ ਤਾਂ ਨਹੀਂ ਹਾਂ, ਜਿੰਨਾ ਕਿਸੇ ਮਿਟਾਇਆ ਹੁੰਦਾ ਗਿਆ ਡੂੰਘੇਰਾ!

ਕਿੰਨੀ ਕੁ ਦੇਰ ਆਖਰ ਧਰਤੀ ਹਨੇਰ ਜਰਦੀ, ਕਿੰਨੀ ਕੁ ਦੇਰ ਰਹਿੰਦਾ ਖਾਮੋਸ ਖੂਨ ਮੇਰਾ!

ਇਤਿਹਾਸ ਦੇ ਸਫੇ 'ਤੇ, ਤੇ ਵਕਤ ਦੇ ਪਰਾਂ 'ਤੇ, ਉਂਗਲਾਂ ਡੁਬੋ ਕੇ ਲਹੂ ਵਿਚ, ਲਿਖਿਆ ਹੈ ਨਾਮ ਤੇਰਾ।

**-ਕੁਲਦੀਪ ਸਿੰਘ ਦੀਪ (ਡਾ.)**

## ਅੰਮ੍ਰਿਤਸਰ: ਜੱਲ੍ਹਿਆਂਵਾਲਾ ਬਾਗ ਯਾਦਗਾਰ ਦਾ ਮੋਦੀ ਵੱਲੋਂ ਉਦਘਾਟਨ ਕਰਨ ਖਿਲਾਫ ਪ੍ਰਦਰਸ਼ਨ

**ਬਲਜਿੰਦਰ ਸਿੰਘ**




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਜੱਲ੍ਹਿਆਂਵਾਲਾ ਬਾਗ ਯਾਦਗਾਰ ਦੇ ਅੱਜ ਵਰਚੁਅਲ ਪ੍ਰੋਗਰਾਮ ਰਾਹੀਂ ਕੀਤੇ ਜਾ ਰਹੇ ਉਦਘਾਟਨ ਤੋਂ ਪਹਿਲਾਂ ਨੌਜਵਾਨ ਜਥੇਬੰਦੀਆਂ ਵੱਲੋਂ ਵਿਰੋਧ ਵਿਚ ਬਾਗ ਦੇ ਬਾਹਰ ਧਰਨਾ ਦਿੱਤਾ ਗਿਆ। ਧਰਨਾ ਦੇਣ ਵਾਲੀਆਂ ਜਥੇਬੰਦੀਆਂ ਵਿੱਚ ਨੌਜਵਾਨ ਭਾਰਤ ਸਭਾ, ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਤੇ ਕਿਸਾਨ ਜਥੇਬੰਦੀ ਦੇ ਕਾਰਕੁਨ ਸਾਮਲ ਹੋਏ। ਪ੍ਰਦਰਸ਼ਨਕਾਰੀ ਝੰਡੇ, ਬੈਨਰ ਤੇ ਤਖ਼ਤੀਆਂ ਲੈ ਕੇ ਜੱਲ੍ਹਿਆਂਵਾਲਾ ਬਾਗ ਦੇ ਬਾਹਰ ਧਰਨੇ 'ਤੇ ਬੈਠੇ ਹਨ। ਨੌਜਵਾਨ ਭਾਰਤ ਸਭਾ ਦੇ ਰੁਪਿੰਦਰ ਸਿੰਘ, ਮੰਗਾ ਆਜਾਦ ਤੇ ਹੋਰਨਾਂ ਨੇ ਦੱਸਿਆ ਕਿ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ ਕਿਸਾਨ ਜਥੇਬੰਦੀਆਂ ਵੱਲੋਂ ਫ਼ੈਸਲਾ ਕੀਤਾ ਗਿਆ ਸੀ ਕਿ ਭਾਜਪਾ ਆਗੂਆਂ ਦਾ ਵਿਰੋਧ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਕਿਧਰੇ ਵੀ ਬੋਲਣ ਨਹੀਂ ਦਿੱਤਾ ਜਾਵੇਗਾ। ਇਸੇ ਤਹਿਤ ਅੱਜ ਵੀ ਪ੍ਰਧਾਨ ਮੰਤਰੀ ਦੇ ਵਰਚੁਅਲ ਪ੍ਰੋਗਰਾਮ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਭਾਜਪਾ ਆਗੂ ਨੂੰ ਵਰਚੁਅਲ ਤੌਰ 'ਤੇ ਬੋਲਣ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਸੁੰਦਰੀਕਰਨ ਦੇ ਨਾਂ 'ਤੇ ਇਥੇ ਸ਼ਹੀਦੀ ਯਾਦਗਾਰ ਦੇ ਇਤਹਾਸ ਨਾਲ ਛੇੜਛਾੜ ਕਰ ਰਹੀ ਹੈ। ਇਸ ਦੇ ਇਤਿਹਾਸ ਨੂੰ ਹਿੰਦੂਵਾਦ ਦੇ ਨਜਰੀਏ ਤੋਂ ਦਰਸਾਉਣਾ ਚਾਹੁੰਦੀ ਹੈ, ਜਿਸ 'ਤੇ ਨੌਜਵਾਨ ਜਥੇਬੰਦੀਆਂ ਨੂੰ ਸਖਤ ਇਤਰਾਜ ਹੈ। ਇਸੇ ਲਈ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ।

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2021 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!
Apinder Aujla BSc.Pharm
Satvachan Lal B.Sc.Pharm
#1150, 4818 Westwindus Drive NE. Calgary
403-293-9360

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange Decoration Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM (37326)
Special Packages Available For All Occasions

urban Real Estate Services Ltd.
Harcharan Parhar
REALTOR®
For all your Real Estate needs
Please Call for Buy or Sell
Residential, Commercial, Condos & Rental Property.
Cell : 403.681.8689
Email : hp8689@gmail.com
www.harcharanparhar.com

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਅਗਸਤ ਮਹੀਨੇ ਦੀ ਮੀਟਿੰਗ 'ਚ ਅਜ਼ਾਦੀ ਦਿਹਾੜੇ ਤੇ ਕਿਸਾਨੀ ਸੰਘਰਸ਼ ਤੇ ਹੋਈ ਵਿਸ਼ੇਸ਼ ਚਰਚਾ

## ਕੈਨੇਡਾ ਦੇ ਆਦਿਵਾਸੀਆਂ ਦੇ ਜੀਵਨ ਤੇ ਸੰਘਰਸ ਦਾ ਵਿਸ਼ਲੇਸ਼ਣ ਕੀਤਾ

**ਜ਼ੋਰਾਵਰ ਬਾਂਸਲ**



ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਅਗਸਤ ਮਹੀਨੇ ਦੀ ਮੀਟਿੰਗ ਜ਼ੂਮ ਦੇ ਮਾਧਿਅਮ ਰਾਹੀਂ ਹੋਈ। ਜਿਸ ਵਿੱਚ ਕੈਲਗਰੀ ਦੀਆਂ ਬੁੱਧੀਜੀਵੀਆਂ ਤੇ ਸਾਹਿਤਕ ਪ੍ਰੇਮੀਆਂ ਨੇ ਹਿੱਸਾ ਲਿਆ। ਮੀਟਿੰਗ ਦੇ ਆਗਾਜ਼ ਵਿੱਚ ਮੀਤ ਪ੍ਰਧਾਨ ਬਲਵੀਰ ਗੋਰਾ ਨੇ ਸਭ ਨੂੰ ਜੀ ਆਇਆਂ ਆਖਿਆ ਤੇ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੇ ਮੀਟਿੰਗ ਦਾ ਵੇਰਵਾ ਸਾਂਝਾ ਕੀਤਾ ਅਤੇ ਸ਼ੋਕਮਤੇ ਸਾਂਝੇ ਕਰਦਿਆਂ ਪ੍ਰੋ. ਲਖਵੀਰ ਸਿੰਘ,ਜੋ ਅਧਿਆਪਕ ਕਿੱਤੇ ਨਾਲ ਸਬੰਧਤ ਸਨ ਅਤੇ ਉਹਨਾਂ ਆਪਣੀ ਸੰਸਥਾ 'ਪਹਿਲ' ਰਾਹੀਂ ਕਈ ਸਮਾਜ ਸੇਵਾ ਦੇ ਕੰਮ ਕੀਤੇ, ਆਪਣੀ ਲਿਖਤਾਂ ਵਿੱਚ ਵੀ ਸਮਾਜ ਨੂੰ ਸੇਧ ਦਿੱਤੀ।ਉਹ ਕੈਂਸਰ ਦੀ ਨਾਮੁਰਾਦ ਬੀਮਾਰੀ ਨਾਲ ਪੀੜਤ ਸਨ। ਡੋਗਰੀ ਸ਼ਾਇਰਾ ਤੇ ਲੇਖਕਾ ਪਦਮਾ ਸਚਦੇਵ, ਜਿਨ੍ਹਾਂ ਦਾ 81 ਸਾਲ ਦੀ ਉਮਰ ਵਿੱਚ ਮੁੰਬਈ ਵਿੱਚ ਦੇਹਾਂਤ ਹੋ ਗਿਆ। ਪੰਜਾਬੀ ਲਿਖਾਰੀ ਸਭਾ ਵੱਲੋਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਅਫਗਾਨਿਸਤਾਨ ਵਿੱਚ ਜੋ ਮਨੁੱਖੀ ਹੱਕਾਂ ਦਾ ਤੇ ਜਨ ਜੀਵਨ ਦਾ ਘਾਣ ਹੋਇਆ ਹੈ ਉਸ ਤੇ ਵੀ ਦੁੱਖ ਪ੍ਰਗਟ ਕੀਤਾ ਗਿਆ। ਸਾਹਿਤਕ ਰਚਨਾਵਾਂ ਤੇ ਆਗਾਜ ਵਿੱਚ ਪਰਮਿੰਦਰ ਰਮਨ ਨੇ 'ਸ਼ਬਦ ਅਰਥਾਂ ਤੋਂ ਅਣਜਾਣ' ਗ਼ਜ਼ਲ ਨਾਲ ਸ਼ੁਰੂਆਤ ਕੀਤੀ। ਪਿਛਲੇ ਦਿਨੀਂ ਚਰਚਾ ਚ ਰਹੀ ਨਵੀਂ ਕਵੀਸ਼ਰੀ 'ਚਿੱਟੀਆਂ ਰੁਮਾਲਾਂ ਵਾਲੇ' ਨਾਲ ਮੰਗਲ ਚੱਠਾ ਨੇ ਸਾਹਿਤਕ ਮਾਹੌਲ ਨੂੰ ਅੱਗੇ ਤੋਰਨ ਚ ਵਾਧਾ ਕੀਤਾ, ਜਿਸ ਵਿੱਚ ਓਲੰਪਿਕ ਵਿੱਚ ਖੇਡੇ ਹਾਕੀ ਖਿਡਾਰੀਆਂ ਦੀ ਪ੍ਰਸ਼ੰਸਾ ਕੀਤੀ ਗਈ। ਆਜ਼ਾਦੀ ਦਿਵਸ ਨੂੰ ਸਮਰਪਿਤ ਸੁਖਵਿੰਦਰ ਤੂਰ ਨੇ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਦੀ ਗੱਲ ਕਰਦਿਆਂ 'ਪੈਸੇ ਨਾਲ ਲੈਣੇ ਹਥਿਆਰ ਸਰਾਭੇ ਨੇ' ਤਰੰਨਮ ਵਿੱਚ ਗਇਆ। ਡਾ. ਮਨਮੋਹਨ ਕੌਰ ਨੇ ਰੱਖੜੀ ਦੇ ਤਿਉਹਾਰ ਨਾਲ ਸਬੰਧਤ ਰਿਸ਼ਤਿਆਂ ਦੀ ਗੱਲ ਕੀਤੀ ਕਿ ਪਹਿਲੇ ਸਮੇਂ ਵਿਚ ਜ਼ੁਬਾਨ ਅਤੇ ਸੱਚ ਤੇ ਰਿਸ਼ਤੇ ਨਿਭਦੇ ਸਨ। ਹੁਣ ਦਿਖਾਵੇ ਤੇ ਦੇਣ ਲੈਣ ਨੂੰ ਪਹਿਲ ਦਿੱਤੀ ਜਾਂਦੀ ਹੈ। ਸੱਚੇ ਸਬੰਧਾਂ ਦੀ ਗੱਲ ਕਰਦਿਆਂ ਉਨ੍ਹਾਂ ਗੁਰਬਾਣੀ ਦੀਆਂ ਤੁਕਾਂ ਦੀ ਵਿਆਖਿਆ ਵੀ ਕੀਤੀ ਤੇ ਸਭ ਨੂੰ ਜੜ੍ਹਾਂ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੱਤਾ। ਸਰੂਪ ਸਿੰਘ ਮੰਡੇਰ ਨੇ ਦਿੱਲੀ ਬਾਡਰ 'ਤੇ ਬੈਠੇ ਕਿਸਾਨਾਂ ਦੀ ਬਾਤ ਪਾਉਦਿਆ ਆਪਣੀ ਰਚਨਾ 'ਕਿਸਾਨਾਂ' ਨਾਲ ਸਾਂਝ ਪਾਈ। ਹਰੀਪਾਲ ਨੇ ਕੈਨੇਡਾ ਦੇ ਆਦਿਵਾਸੀਆਂ ਦੇ ਰਹਿਣ ਸਹਿਣ ਤੇ ਲੋਕਾਂ ਦਾ ਉਨ੍ਹਾਂ ਬਾਰੇ ਜੋ ਨਜ਼ਰੀਆ ਹੈ, ਉਸ 'ਤੇ ਵਿਚਾਰ ਚਰਚਾ ਕੀਤੀ। ਚੀਫ ਡੈਨ ਚਾਰਜ ਜਿਸਦਾ ਜਨਮ ਆਦਿਵਾਸੀਆਂ ਦੇ ਇੱਕ ਕਬੀਲੇ ਚ ਹੋਇਆ, ਉਸਦੀ ਪੂਰੀ ਜ਼ਿੰਦਗੀ ਦਾ ਸੰਖੇਪ ਵਰਣਨ ਕੀਤਾ। ਜਿਸ ਨੇ ਕਿਸ਼ਤੀ ਚਲਾਉਣ, ਦਰੱਖਤ ਕੱਟਣ ਤੋਂ ਲੈ ਕੇ ਫਿਲਮਾਂ ਬਣਾਉਣ ਤੱਕ ਦੇ ਸਾਰੇ ਕੰਮ ਕੀਤੇ, ਜਿਨ੍ਹਾਂ ਵਿਚ ਉਸ ਨੇ ਆਦਿਵਾਸੀਆਂ ਦੀ ਸੱਚਾਈ ਤੇ ਜੱਦੋਜਹਿਦ ਨੂੰ ਉਜਾਗਰ ਕੀਤਾ। ਉਸ ਦੀਆਂ ਕਵਿਤਾਵਾਂ ਨੂੰ ਲੇਖਕ ਦਰਸ਼ਨ ਗਿੱਲ ਨੇ 1981ਵਿੱਚ 'ਉਕਾਬ ਦੀ ਉਡਾਣ' ਵਿੱਚ ਪੰਜਾਬੀ ਅਨੁਵਾਦ ਕੀਤਾ। ਇਸੇ ਕਿਤਾਬ ਵਿਚੋਂ ਇਕ ਕਵਿਤਾ 'ਇੱਛਾ ਐ ਮੇਰੇ ਲੋਕਾਂ ਵਿੱਚ ਜਿਉਣ ਦੀ' ਵੀ ਸਾਂਝੀ ਕੀਤੀ। ਇਹ ਲੇਖ ਵਿਸਥਾਰਪੂਰਵਕ ਵੇਰਵੇ ਆਉਣ ਵਾਲੇ ਦਿਨਾਂ ਵਿਚ ਸਾਨੂੰ ਅਖ਼ਬਾਰਾਂ ਅਤੇ ਸੋਸ਼ਲ ਮੀਡੀਆ ਉੱਤੇ ਪੜ੍ਹਨ ਨੂੰ ਮਿਲੇਗਾ। ਬਲਜਿੰਦਰ ਸੰਘਾ ਨੇ ਆਪਣੀ ਇਕ ਲਿਖਤ ਨਾਲ ਸਾਂਝ ਪਾਈ ਅਤੇ ਲੇਖਕ ਬਹਾਦੁਰ ਸਿੰਘ ਡਾਲਵੀ ਦੇ ਬੇਟੇ ਨਵ ਡਾਲਵੀ ਵੱਲੋਂ ਆਪਣੇ ਪਿਤਾ ਦੀਆਂ ਪ੍ਰਾਪਤੀਆਂ ਉੱਤੇ ਬਣਾਈ ਗਈ ਫਿਲਮ 'ਬਹਾਦਰ ਦੀ ਬਰੇਵ' ਦੇ ਵੱਖ ਵੱਖ ਪਹਿਲੂਆਂ ਉੱਤੇ ਚਰਚਾ ਕੀਤੀ ਤੇ ਫ਼ਿਲਮ ਸਭ ਨੂੰ ਦੇਖਣ ਲਈ ਪ੍ਰੇਰਿਆ, ਜਿਸ ਵਿੱਚ ਜ਼ਿੰਦਗੀ ਜਿਊਣ ਦੇ ਨੁਕਤੇ ਦੱਸੇ ਗਏ ਹਨ। ਮੀਤ ਪ੍ਰਧਾਨ ਬਲਵੀਰ ਗੋਰਾ ਨੇ ਤਰਕ ਭਰਪੂਰ ਗੀਤ 'ਗੁੱਸੇ ਵਿੱਚ ਗੱਲ ਦੀ ਗਾਲ੍ਹ ਬਣ ਜਾਏ' ਅਤੇ ਤਰਲੋਚਨ ਸੈਂਭੀ ਨੇ ਹਰਮੋਨੀਅਮ ਉੱਤੇ 'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ' ਧਾਰਮਿਕ ਗੀਤ ਗਾਇਆ। ਹਰਿਮੰਦਰ ਚੁੱਗ ਨੇ ਰੱਖੜੀ ਦੇ ਤਿਉਹਾਰ ਦੇ ਮੱਦੇਨਜ਼ਰ ਗੀਤ 'ਆਇਆ ਸਾਉਣ ਦਾ ਮਹੀਨਾ' ਖ਼ੂਬਸੂਰਤ ਅੰਦਾਜ਼ ਵਿੱਚ ਪੇਸ਼ ਕੀਤਾ। ਜ਼ੋਰਾਵਰ ਬਾਂਸਲ ਨੇ ਗਜ਼ਲ 'ਚੱਲ ਐ ਦਿਲ', ਗੁਰਚਰਨ ਹੇਅਰ ਨੇ ਮਾਲਵੇ ਦੀ ਮਿੱਠੀ ਬੋਲੀ ਨਾਲ ਗੜ੍ਹੂੰਦ ਸਰਕਾਰ ਤੇ ਵਿਅੰਗ ਕਰਦਾ 'ਚਿੜੀ ਦਾ ਆਟਾ' ਗੀਤ ਪੇਸ਼ ਕੀਤਾ, ਜੋ ਸਭ ਨੇ ਬਹੁਤ ਸਰਾਹਿਆ। ਬੱਚੀ ਖੁਸ਼ੀ ਬਾਂਸਲ, ਨੇ ਇਕ ਅੰਗਰੇਜ਼ੀ ਗੀਤ ਦੇ ਨਾਲ ਆਪਣੀ ਹਾਜਰੀ ਲਵਾਈ। ਇਸ ਮੀਟਿੰਗ ਵਿਚ ਰਣਜੀਤ ਸਿੰਘ,ਨਛੱਤਰ ਪੁਰਬਾ,ਗੁਰਲਾਲ ਰੁਪਾਲੋ ਨੇ ਹਾਜ਼ਰ ਹੋ ਕੇ ਰੌਣਕ ਵਿੱਚ ਵਾਧਾ ਕੀਤਾ। ਸਾਰੇ ਹਾਜ਼ਰੀਨ ਨੇ ਚਲੰਤ ਮਾਮਲਿਆਂ ਮਾਮਲਿਆਂ ਉੱਤੇ ਆਪਣੇ-ਆਪਣੇ ਵਿਚਾਰ ਵੀ ਪੇਸ਼ ਕੀਤੇ। ਅਖੀਰ ਵਿੱਚ ਮੀਤ ਪ੍ਰਧਾਨ ਬਲਵੀਰ ਗੋਰਾ ਨੇ ਆਏ ਹੋਏ ਹਾਜ਼ਰੀਨ ਦਾ ਧੰਨਵਾਦ ਕੀਤਾ ਤੇ ਅਗਲੀ ਮੀਟਿੰਗ, ਜੋ 19 ਸਤੰਬਰ ਨੂੰ ਹੈ, ਵਿੱਚ ਹਾਜ਼ਰ ਹੋਣ ਲਈ ਸੱਦਾ ਵੀ ਦਿੱਤਾ। ਸਭਾ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਮੀਤ ਪ੍ਰਧਾਨ ਬਲਵੀਰ ਗੋਰਾ ਨੂੰ 403 472 2662 ਤੇ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੂੰ 587 437 7805 ਨੰਬਰਾਂ ਤੇ ਰਾਬਤਾ ਕਾਇਮ ਕੀਤਾ ਜਾ ਸਕਦਾ ਹੈ।



















# ਧੋਖਾਧੜੀ ਦੇ ਮਾਮਲੇ ਅਤੇ ਔਰਤ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ

**ਰਵਿੰਦਰ**

ਵਿਦੇਸ਼ਾਂ ਵਿੱਚ ਜਾਣ ਦੀ ਦੌੜ






ਪਿਛਲੇ ਦਿਨਾਂ ਤੋਂ ਜ਼ਿਲ੍ਹਾ ਬਰਨਾਲਾ ਦੇ ਧਨੌਲਾ ਪਿੰਡ ਦੇ ਮੁੰਡੇ ਲਵਪ੍ਰੀਤ ਲਾਡੀ ਦੀ ਖ਼ੁਦਕੁਸ਼ੀ ਅਤੇ ਉਸਦੀ ਪਤਨੀ ਬੇਅੰਤ ਕੌਰ ਦਾ ਮਾਮਲਾ ਛਾਇਆ ਹੋਇਆ ਹੈ। ਪੱਤਰਕਾਰਾਂ ਤੋਂ ਲੈ ਆਮ ਨੌਜਵਾਨ ਮੁੰਡਿਆਂ ਅਤੇ ਹੋਰ ਲੋਕਾਂ ਤੱਕ, ਸੋਸ਼ਲ ਮੀਡੀਆ ਤੇ ਵੀਡਿਓਜ਼, ਟਿੱਪਣੀਆਂ ਤੇ ਪੋਸਟਾਂ ਪਾ ਰਹੇ ਹਨ। ਇਸ ਮਾਮਲੇ ਵਿੱਚ ਲਾਡੀ ਤੇ ਬੇਅੰਤ ਦਾ ਵਿਆਹ ਇੱਕ ਸਮਝੌਤੇ ਤਹਿਤ ਹੋਇਆ ਸੀ, ਜਿਸ ਵਿੱਚ ਕੁੜੀ ਨੇ ਆਈਲੈਟਸ ਪਾਸ ਕੀਤਾ ਤੇ ਮੁੰਡੇ ਦੇ ਘਰਦਿਆਂ ਨੇ ਵਿਦੇਸ਼ ਭੇਜਣ ਲਈ ਪੈਸੇ ਲਾਏ ਤਾਂ ਜੋ ਪਹਿਲਾਂ ਕੁੜੀ ਵਿਦੇਸ਼ ਜਾਵੇ ਤੇ ਪਿੱਛੋਂ ਮੁੰਡੇ ਨੂੰ ਵਿਦੇਸ਼ ਸੱਦ ਲਵੇ। ਇਸ ਮਸਲੇ 'ਚ ਕੁੜੀ 'ਤੇ ਇਹ ਦੋਸ਼ ਨੇ ਕਿ ਵਿਆਹ ਦੇ ਦੋ ਸਾਲ ਬਾਅਦ ਵੀ ਕੁੜੀ ਨੇ ਮੁੰਡੇ ਨੂੰ ਵਿਦੇਸ਼ ਨਹੀਂ ਸੱਦਿਆ, ਘਰਦਿਆਂ ਦਾ ਕਹਿਣਾ ਹੈ ਕਿ ਇਸੇ ਪਰੇਸ਼ਾਨੀ ਕਾਰਨ ਮੁੰਡੇ ਨੇ ਖ਼ੁਦਕੁਸ਼ੀ ਕੀਤੀ ਹੈ, ਪਰ ਇਸ ਸਬੰਧੀ ਮੁੰਡੇ ਵੱਲੋਂ ਲਿਖਿਆ ਕੋਈ ਬਿਆਨ ਹਾਸਲ ਨਹੀਂ ਹੋਇਆ ਹੈ। ਇਸ ਮਾਮਲੇ ਮਗਰੋਂ ਇੱਕ ਤੋਂ ਬਾਅਦ ਇੱਕ ਕੁੜੀਆਂ ਵੱਲੋਂ ਠੱਗੇ ਅਤੇ ਸਤਾਏ ਹੋਏ ਮੁੰਡਿਆਂ ਤੇ ਉਹਨਾਂ ਦੇ ਪਰਿਵਾਰਾਂ ਦੀਆਂ ਨਿੱਤ ਨਵੀਆਂ ਕਹਾਣੀਆਂ ਸੋਸ਼ਲ ਮੀਡੀਆ ਤੇ ਖਬਰੀ ਚੈਨਲਾਂ 'ਤੇ ਸੁਣਨ ਨੂੰ ਮਿਲ਼ ਰਹੀਆਂ ਹਨ। ਇਸ ਮਸਲੇ ਵਿੱਚ ਇੱਕ ਨੌਜਵਾਨ ਮੁੰਡੇ ਦੀ ਮੌਤ ਹੋਈ ਹੈ, ਬਿਨਾਂ ਸ਼ੱਕ ਇਹ ਇੱਕ ਮੰਦਭਾਗੀ ਘਟਨਾ ਹੈ। ਪਰ ਇਸ ਦੇ ਨਾਲ਼ ਹੀ ਸੋਸ਼ਲ ਮੀਡੀਆ ਤੇ ਵਿਦੇਸ਼ਾਂ ਵਿੱਚ ਜਾਣ ਵਾਲ਼ੀਆਂ ਕੁੜੀਆਂ ਖਿਲਾਫ਼ ਨਫ਼ਰਤੀ, ਗੰਦੀਆਂ ਟਿੱਪਣੀਆਂ ਦਾ ਹੜ੍ਹ ਆ ਗਿਆ ਹੈ ਜੋ ਜਗੀਰੂ ਤੇ ਪਿੱਤਰਸੱਤ੍ਹਾ ਦੇ ਘਿਨੌਣੇ ਰੂਪ ਵਜੋਂ ਸਾਹਮਣੇ ਆਇਆ ਹੈ।

ਪਿਛਲੇ ਸਮੇਂ ਤੋਂ ਨੌਜਵਾਨਾਂ ਵਿੱਚ ਵਿਦੇਸ਼ ਜਾਣ ਲਈ ਦੌੜ ਲੱਗੀ ਹੋਈ ਹੈ, ਬਸ ਕੁੱਝ ਵੀ ਕਰਕੇ 'ਵਿਦੇਸ਼ੀ ਧਰਤੀ ਤੇ ਸੈੱਟ' ਹੋਣਾ ਹੀ ਉਹਨਾਂ ਦਾ ਇੱਕੋ-ਇੱਕ ਸੁਪਨਾ ਬਣਿਆ ਹੋਇਆ ਹੈ। ਇਸ ਵਿੱਚ ਕੋਈ ਸ਼ੱਕ ਨਹੀ ਕਿ ਮਨੁੱਖ ਆਪਣੀਆਂ ਲੋੜਾਂ ਦੀ ਪੂਰਤੀ ਖਾਤਰ ਸਦੀਆਂ ਤੋਂ ਪਰਵਾਸ ਕਰਦਾ ਆ ਰਿਹਾ ਹੈ। ਸਰਮਾਏਦਾਰੀ ਦੇ ਯੁੱਗ ਵਿੱਚ ਜਿੱਥੇ ਨਿਰੋਲ ਜਾਇਦਾਦ ਦੇ ਸਬੰਧ ਹਨ, ਹਰ ਰਿਸ਼ਤੇ 'ਤੇ ਸੋਨੇ ਦੀ ਝਾਲ ਚੜ੍ਹੀ ਹੋਈ ਹੈ, ਉੱਥੇ ਹਰ ਵਰਤਾਰਾ ਆਪਣੇ ਬਹੁਤ ਹੀ ਭੱਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਅੱਜ ਭਾਰਤ ਵਿੱਚ ਨੌਜਵਾਨਾਂ ਦਾ ਭਵਿੱਖ ਹਨ੍ਹੇਰਾ ਹੈ, ਇੱਕ ਮਹਿੰਗੀ ਸਿੱਖਿਆ ਤੇ ਉੱਪਰੋਂ ਰੁਜ਼ਗਾਰ ਦੀ ਕੋਈ ਗਰੰਟੀ ਨਹੀਂ ਹੈ, ਆਪਣੀਆਂ ਲੋੜਾਂ ਦੀ ਪੂਰਤੀ ਲਈ, ਬਿਹਤਰ ਭਵਿੱਖ ਲਈ ਨੌਜਵਾਨ ਵਿਦੇਸ਼ ਜਾਣ ਨੂੰ ਤਰਜ਼ੀਹ ਦਿੰਦੇ ਹਨ। ਵਿਦੇਸ਼ੀ ਸਰਕਾਰਾਂ ਵੀ ਆਪਣੇ ਮੁਨਾਫ਼ੇ ਖਾਤਰ ਵੀਜ਼ੇ ਖੋਲ੍ਹਦੀਆਂ ਹਨ। ਭਾਰਤੀ ਵਿਦਿਆਰਥੀਆਂ ਤੋਂ ਲੱਖਾਂ ਰੁਪਏ ਮਹਿੰਗੀਆਂ ਫੀਸਾਂ ਦੇ ਰੂਪ ਵਿੱਚ ਕਮਾਉਂਦੀਆਂ ਹਨ, ਦੂਜਾ ਸਸਤੀ ਕਿਰਤ ਸ਼ਕਤੀ ਮਿਲ਼ਦੀ ਹੈ, ਇਹ ਵਿਦਿਆਰਥੀ ਖਰਚਾ ਕੱਢਣ ਲਈ, ਡਾਲਰ ਕਮਾਉਣ ਲਈ ਸ਼ਿਫਟਾਂ ਲਾਉਂਦੇ ਹਨ।

ਨੌਜਵਾਨਾਂ ਵੱਲੋਂ ਵਿਦੇਸ਼ ਜਾਣ ਲਈ ਤਰ੍ਹਾਂ-ਤਰ੍ਹਾਂ ਦੇ ਜੋੜ-ਤੋੜ ਕੀਤੇ ਜਾਂਦੇ ਹਨ। ਆਈਲੈਟਸ ਪਾਸ (ਇੰਟਰਨੈਸ਼ਨਲ ਇੰਗਲਿਸ਼ ਲੈਂਗੁਏਜ ਟੈਸਟਿੰਗ ਸਿਸਟਮ) ਨਾਲ਼ ਨਕਲੀ ਵਿਆਹ ਕਰਨਾ, ਜ਼ਮੀਨ ਵੇਚਕੇ, ਉਧਾਰ ਜਾਂ ਵਿਆਜ 'ਤੇ ਫੜ੍ਹਕੇ, ਘਰਬਾਰ, ਗਹਿਣਾ ਗੱਟਾ ਵੇਚਕੇ ਵਿਦੇਸ਼ ਜਾਣ ਦਾ ਹੀਲਾ ਕਰਨਾ, ਏਜੰਟਾਂ ਦੁਆਰਾ ਧੋਖਾਧੜੀ, ਪੱਕੇ ਹੋਣ ਲਈ ਨਕਲੀ ਵਿਆਹ ਨੂੰ ਅਸਲੀ ਬਣਾ ਕੇ ਪੇਸ਼ ਕਰਨਾ, ਮੁੰਡੇ ਦੁਆਰਾ ਵਿਦੇਸ਼ ਜਾਕੇ ਪੱਕੀ ਕੁੜੀ ਲੱਭਣਾ ਤੇ ਕੁੜੀਆਂ ਦੁਆਰਾ ਪੱਕੇ ਮੁੰਡੇ, ਪੈਸੇ ਦੇ ਕੇ ਕੱਚਾ ਵਿਆਹ ਕਰਨਾ ਆਦਿ ਤਰ੍ਹਾਂ-ਤਰ੍ਹਾਂ ਦੀਆਂ ਤਿਕੜੰਮਬਾਜ਼ੀਆਂ ਕੀਤੀਆਂ ਜਾਂਦੀਆਂ ਹਨ। ਅਜਿਹੇ ਮਾਮਲੇ ਵਿੱਚ ਲਾਹਨਤਾਂ ਇੱਕਲੀਆਂ ਕੁੜੀਆਂ ਵਾਸਤੇ ਕਿਉਂ ਹਨ, ਟ੍ਰੈਵਲ ਏਜੰਟ, ਵਿਚੋਲੇ, ਕੁੜੀ ਮੁੰਡੇ ਦੇ ਮਾਂ-ਪਿਓ ਸਭ ਇਸ ਦੇ ਜ਼ਿੰਮੇਵਾਰ ਹਨ। ਸਭ ਤੋਂ ਵੱਧ ਸਰਕਾਰਾਂ ਇਸ ਦੀਆਂ ਜ਼ਿੰਮੇਵਾਰ ਹਨ ਜੋ ਦੇਸ਼ ਵਿੱਚ ਨਾ ਤਾਂ ਸਭ ਨੂੰ ਸਿੱਖਿਆ ਦੇ ਸਕਦੀਆਂ ਹਨ ਨਾ ਹੀ ਸਭ ਨੂੰ ਰੁਜ਼ਗਾਰ, ਨੌਜਵਾਨਾਂ ਨੂੰ ਦਲਦਲ ਵਿੱਚ ਧੱਕਾ ਦੇਣ ਲਈ ਸਿਰਫ਼ ਮੌਜੂਦਾ ਹੀ ਨਹੀ ਸਗੋਂ ਸਾਰੀਆਂ ਸਰਕਾਰਾਂ ਦੋਸ਼ੀ ਹਨ, ਨੌਜਵਾਨ ਮੁੰਡੇ ਕੁੜੀਆਂ ਇਸ ਦਲਦਲ ਵਿੱਚੋਂ ਨਿੱਕਲਣ ਲਈ, (ਉਹ ਵੀ ਸਿਰਫ਼ ਉਹ ਹਿੱਸਾ ਜਿਸ ਕੋਲ਼ ਵਿਦੇਸ਼ਾਂ ਵਿੱਚ ਜਾਣ ਲਈ ਪੈਸੇ ਹਨ ਤੇ ਜ਼ਮੀਨ ਜਾਇਦਾਦ ਹੈ), ਤਰ੍ਹਾਂ-ਤਰ੍ਹਾਂ ਦੇ ਜੋੜ-ਤੋੜ ਕਰਦੇ ਹਨ। ਇੱਕ ਅੰਕੜੇ ਅਨੁਸਾਰ ਟਰੈਵਲ ਏਜੰਟਾਂ ਦੁਆਰਾ ਹਰ ਸਾਲ ਲੋਕਾਂ ਨੂੰ ਵਿਦੇਸ਼ ਦਾ ਲਾਲਚ ਦੇ ਕੇ ਕਰੋੜਾਂ ਪੈਸੇ ਠੱਗੇ ਜਾਂਦੇ ਹਨ, ਓਯੂਨਾਈਟਿਡ ਨੇਸ਼ਨਜ਼ ਆਫ ਡਰੱਗਜ ਐਂਡ ਕਰਾਈਮ" ਅਨੁਸਾਰ ਇਨ੍ਹਾਂ ਨੌਜਵਾਨਾਂ ਤੋਂ ਠੱਗ ਏਜੰਟਾਂ ਨੇ ਖ਼ੂਨ ਪਸੀਨੇ ਦੀ ਕਮਾਈ ਦਾ 2,000 ਕਰੋੜ ਰੁਪਿਆ ਡਕਾਰ ਲਿਆ ਹੈ ਅਤੇ 50 ਹਜ਼ਾਰ ਪਰਿਵਾਰ ਇਸ ਲੁੱਟ ਕਾਰਨ ਅੱਜ ਨਰਕ ਦੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਹਨ। "ਭਾਸਕਰ ਅਖਬਾਰ" ਦੇ ਸਰਵੇਖਣ ਮੁਤਾਬਕ ਜਨਵਰੀ 2016 ਤੋਂ ਜੂਨ 2018 ਤੱਕ 90 ਹਜ਼ਾਰ ਲੋਕਾਂ ਤੋਂ 17 ਹਜ਼ਾਰ, 480 ਕਰੋੜ ਰੁਪਏ ਠੱਗੇ ਜਾ ਚੁਕੇ ਹਨ। ਇਸ ਮੁਤਾਬਕ ਹਰ ਵਿਅਕਤੀ ਤੋਂ ਔਸਤਨ 19 ਲੱਖ ਰੁਪਏ ਠੱਗੇ ਜਾਂਦੇ ਨੇ ਤੇ ਹੋਰ ਛੋਟੇ-ਛੋਟੇ ਮਾਮਲੇ ਤਾਂ ਦਰਜ਼ ਹੀ ਨਹੀਂ ਹੁੰਦੇ। ਇਸ ਤੋਂ ਬਿਨਾਂ ਥਾਂ-ਥਾਂ ਖੁੰਬਾਂ ਵਾਂਗੂ ਉੱਗੇ ਆਈਲੈੱਟਸ ਸੈਂਟਰ ਹਨ ਜੋ ਪੈਸੇ ਕਮਾਉਣ ਦੇ ਨਾਲ਼-ਨਾਲ਼ ਹੁਣ ਵਿਚੋਲੇ ਦੀ ਭੂਮਿਕਾ ਵੀ ਨਿਭਾ ਰਹੇ ਹਨ ਤੇ ਵਿਚੋਲੇ ਦੇ ਰੂਪ ਵਿੱਚ ਲੱਖਾਂ ਹੋਰ ਪੈਸੇ ਕਮਾ ਰਹੇ ਹਨ।

ਪਹਿਲਾਂ ਪਹਿਲ ਤਾਂ ਵਿਦੇਸ਼ੀ ਨਾਗਰਿਕਤਾ ਵਾਲ਼ੇ ਵਡੇਰੀ ਉਮਰ ਦੇ ਬੰਦਿਆਂ ਨਾਲ਼ 18-19 ਸਾਲ ਦੀਆਂ ਕੁੜੀਆਂ ਦੇ ਵਿਆਹ ਕਰ ਦਿੱਤੇ ਜਾਂਦੇ ਸੀ, ਤਾਂ ਜੋ ਕੁੜੀ ਦਾ ਭਰਾ, ਪਿਓ ਵਿਦੇਸ਼ ਜਾ ਸਕਣ। ਅਜਿਹੇ ਮਾਮਲਿਆਂ ਵਿੱਚ ਕਿੰਨੀਆਂ ਹੀ ਕੁੜੀਆਂ ਨੇ ਮਾਨਸਿਕ ਤੇ ਸਰੀਰਿਕ ਦੁੱਖ ਭੋਗਿਆ ਹੈ। ਹੁਣ ਜੋ ਨਵਾਂ ਵਰਤਾਰਾ ਚੱਲ ਰਿਹਾ ਹੈ ਜਿਸ ਵਿੱਚ ਕੁੜੀ ਜਾਂ ਮੁੰਡੇ ਵਿੱਚੋਂ ਇੱਕ ਧਿਰ ਆਈਲੈੱਟਸ ਪਾਸ ਹੋਵੇ ਤੇ ਦੂਜੀ ਧਿਰ ਪੈਸਾ ਲਾਉਣ ਵਾਲ਼ੀ ਹੋਵੇ, ਇਸ ਸਮਝੌਤੇ ਨਾਲ਼ "ਵਿਆਹ" ਹੁੰਦਾ ਹੈ। ਦੋਵਾਂ ਧਿਰਾਂ ਵਿੱਚ ਆਪਣੇ-ਆਪਣੇ ਫਾਇਦੇ ਲਈ ਹੋਏ ਇਸ ਵਿਆਹ ਰੂਪੀ ਕਾਰੋਬਾਰੀ ਸਮਝੌਤੇ ਵਿੱਚ ਕਈ ਵਾਰ ਇੱਕ ਧਿਰ ਠੱਗੀ ਜਾਂਦੀ ਹੈ। ਜਿਸ ਵਿੱਚ ਕਦੇ ਮੁੰਡੇ ਨੇ ਵਿਦੇਸ਼ ਜਾ ਕੇ ਕੁੜੀ ਨੂੰ ਛੱਡ ਦਿੱਤਾ ਤੇ ਕਦੇ ਕੁੜੀ ਨੇ ਵਿਦੇਸ਼ ਜਾ ਕੇ ਮੁੰਡੇ ਦੇ ਵੀਜ਼ੇ ਦੇ ਪੇਪਰ ਹੀ ਨਹੀ ਲਾਏ। ਹੁਣ ਬਾਹਰ ਜਾਣ ਦੇ ਜੁਗਾੜ ਵਿੱਚ ਕੀਤਾ ਵਿਆਹ ਆਪਣੇ-ਆਪ 'ਚ ਹੀ ਅਨੈਤਿਕ ਹੈ, ਜਿਸ 'ਚ ਦੋਵੇਂ ਪਰਿਵਾਰ ਸ਼ਾਮਲ ਹੁੰਦੇ ਹਨ। ਇੱਥੋਂ ਤੱਕ ਅਜਿਹੇ ਮਾਮਲੇ ਵੀ ਹਨ ਜਿਸ ਵਿੱਚ 'ਭੈਣ-ਭਰਾ ਕੋਰਟ ਵਿਆਹ' ਕਰਵਾਉਂਦੇ ਹਨ ਅਤੇ ਬਾਹਰ ਜਾਂਦੇ ਹਨ, ਜਦੋਂ ਵਿਆਹ ਵਰਗੇ ਰਿਸ਼ਤੇ ਦਾ ਅਧਾਰ ਪੈਸਾ, ਪਿਆਰ ਦੀ ਅਣਹੋਂਦ ਹੋਵੇਗੀ ਉੱਥੇ ਉਸ ਰਿਸ਼ਤੇ ਵਿੱਚ ਮੁੰਡੇ ਜਾਂ ਕੁੜੀ ਦੁਆਰਾ ਇੱਕ ਦੂਜੇ ਨੂੰ ਧੋਖਾ ਦੇਣ ਦੇ ਵਰਤਾਰੇ ਸਾਹਮਣੇ ਆਉਣਗੇ ਹੀ।

ਜਿਵੇਂ ਕਿ ਸ਼ੁਰੂਆਤ ਵਿੱਚ ਵੀ ਗੱਲ ਕੀਤੀ ਸੀ ਕਿ ਲਵਪ੍ਰੀਤ ਬੇਅੰਤ ਵਾਲ਼ੇ ਮਸਲੇ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਔਰਤ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਘਿਨੌਣੇ ਰੂਪ ਵਿੱਚ ਹੋਇਆ ਹੈ, "ਔਰਤਾਂ ਧੋਖੇਬਾਜ ਹੁੰਦੀਆਂ ਹਨ", "ਔਰਤਾਂ ਨੂੰ ਖੁੱਲ੍ਹ ਦੇਣ ਦੇ ਨਤੀਜੇ ਭੈੜੇ ਹੁੰਦੇ ਹਨ", "ਔਰਤਾਂ ਦੀ ਔਕਾਤ ਬੰਦਿਆਂ ਤੋਂ ਬਿਨਾਂ ਬੱਸ ਚੜ੍ਹ ਕੇ ਕਿਤੇ ਜਾਣ ਦੀ ਨਹੀ ਹੁੰਦੀ", "ਜੇ ਔਰਤ ਇਕੱਲੀ ਵਿਦੇਸ਼ ਹੈ ਤਾਂ ਹੋਰ ਮੁੰਡਿਆਂ ਨਾਲ਼ ਰਾਤਾਂ ਕੱਟਦੀ ਹੈ ਇਸ ਲਈ ਘਰ ਵਾਲ਼ੇ ਨੂੰ ਵਿਦੇਸ਼ ਨਹੀਂ ਬੁਲਉਂਦੀ", "ਪਤੀ ਤਾਂ ਪਿਆਰ ਕਰਦੇ ਨੇ ਪਰ ਘਰ ਵਾਲ਼ੀਆਂ ਬੇਵਫਾ ਤੇ ਧੋਖੇ ਦੇਣ ਵਾਲ਼ੀਆਂ ਹਨ", ਅੰਨ੍ਹੇਵਾਹ ਗਾਲ਼ਾਂ ਵਰਾਈਆਂ ਜਾ ਰਹੀਆਂ ਹਨ, ਇਸ ਤਰ੍ਹਾਂ ਦੀਆਂ ਹਜ਼ਾਰਾਂ ਦੀ ਗਿਣਤੀ ਵਿੱਚ ਟਿੱਪਣੀਆਂ ਹਨ, ਸੈਕੜੇਂ ਦੇ ਕਰੀਬ ਵੀਡੀਉਜ਼ ਹਨ ਤੇ ਹਜ਼ਾਰਾਂ ਦੇ ਕਰੀਬ ਹੀ ਲੋਕਾਂ ਨੇ ਸਾਂਝੀਆਂ ਕੀਤੀਆਂ ਹਨ। ਅਚਾਨਕ ਹੀ ਔਰਤਾਂ ਨੂੰ ਇੰਨੀਆਂ ਲਾਹਨਤਾਂ! ਧੋਖਾਧੜੀ ਦੇ ਮਾਮਲੇ ਵਿੱਚ ਆਈਆਂ ਕੁੜੀਆਂ ਦੀਆਂ ਨਿੱਜੀ ਤਸਵੀਰਾਂ, ਉਹਨਾਂ ਦੇ ਫੋਨ ਨੰਬਰ ਜਨਤਕ ਕਰਨਾ, ਕੁੜੀਆਂ ਨੂੰ ਬਲਾਤਕਾਰ ਦੀਆਂ ਧਮਕੀਆਂ, ਭੱਦੇ ਅਸ਼ਲੀਲ ਸ਼ਬਦ ਲਿਖ ਕੇ ਭੇਜਣਾ ਵੀ ਸਾਹਮਣੇ ਆਇਆ ਹੈ। ਸਾਡੇ ਸਮਾਜ ਵਿੱਚ ਔਰਤ ਵਿਰੋਧੀ ਮਾਨਸਿਕਤਾ ਭਾਰੂ ਹੈ, ਭਾਵੇਂ ਉਹ ਬੰਦੇ ਹਨ ਜਾਂ ਔਰਤਾਂ ਹਨ। ਇੱਕ ਘਟਨਾ ਦੱਸਦੀ ਹਾਂ, ਇੱਕ ਪਰਵਾਰ ਵਿੱਚ ਇੱਕ ਕੁੜੀ ਵਿਆਹ ਕੇ ਜਾਂਦੀ ਹੈ, ਜਿਸ ਦਿਨ ਵਿਆਹ ਸੀ ਉਸ ਦਿਨ ਉਹਨਾਂ ਦੇ ਜਵਾਈ ਦੀ ਮੌਤ ਹੋ ਜਾਂਦੀ ਹੈ, ਰਿਸ਼ਤੇਦਾਰ ਔਰਤਾਂ ਅਤੇ ਬੰਦਿਆਂ ਨੇ ਕੁੜੀ ਨੂੰ ਸੁਣਾ-ਸੁਣਾ ਕੇ ਕਿਹਾ ਕਿ "ਕੁਲੈਹਣੀ ਨੇ ਜਦੋਂ ਘਰ ਪੈਰ ਪਾਇਆ ਬੰਦਾ ਖਾ ਗਈ!" ਔਰਤਾਂ ਨੂੰ ਅਜਿਹੇ ਵਿਸ਼ੇਸ਼ਣਾਂ ਨਾਲ਼ ਨਿਵਾਜਣਾ ਪਿਛਾਖੜੀ ਸੋਚ ਦਾ ਹੀ ਪ੍ਰਤੀਕ ਹੈ, ਔਰਤ ਜਿਸ ਦਾ ਲਿੰਗ ਬੰਦੇ ਨਾਲੋਂ ਵੱਖਰਾ ਹੈ ਪਰ ਸਭ ਤੋਂ ਪਹਿਲਾਂ ਉਹ ਆਦਮੀ ਵਾਂਗ ਹੀ ਇਨਸਾਨ ਹੈ, ਅਜਿਹਾ ਇਨਸਾਨ ਜਿਸ ਦੀਆਂ ਭਵਿੱਖ ਨੂੰ ਲੈ ਕੇ ਸੱਧਰਾਂ ਹਨ, ਭਾਵਨਾਵਾਂ ਹਨ, ਜੋ ਸੋਚ ਸਕਦਾ ਬੋਲ ਸਕਦਾ ਹੈ, ਮੋਢੇ ਨਾਲ਼ ਮੋਢਾ ਜੋੜ ਕੇ ਬੰਦੇ ਦੇ ਨਾਲ਼ ਆਰਥਿਕ ਸਾਧਨ ਜਟਾਉਂਦਾ ਹੈ, ਬਰਾਬਰ ਸਿਆਸੀ ਤੌਰ 'ਤੇ ਹਿੱਸਾ ਲੈਣ ਦੇ ਯੋਗ ਹੈ, ਉਸ ਦੀ ਹੋਣੀ ਸਿਰਫ਼ ਤੇ ਸਿਰਫ਼ ਸਰੀਰ ਭੋਗਣ ਵਾਲ਼ੀ, ਬੰਦੇ ਖਾਣੀ ਕਿਵੇਂ ਹੋ ਸਕਦੀ ਹੈ, ਘਰ ਵਿੱਚ ਜੋ ਵੀ ਕੁੱਝ ਹੁੰਦਾ ਉਸ ਦਾ ਕਾਰਨ ਇਕੱਲੀ ਔਰਤ ਕਿਵੇਂ ਹੋ ਸਕਦੀ ਹੈ? ਕੁੱਝ ਦਿਨ ਪਹਿਲਾਂ ਬੱਸ ਵਿੱਚ ਇੱਕ 50 ਕੁ ਸਾਲ ਦੇ ਬੰਦੇ ਨਾਲ਼ ਗੱਲ ਕਰਦੇ ਹੋਏ ਲਵਪ੍ਰੀਤ ਬੇਅੰਤ ਵਾਲ਼ੇ ਮਸਲੇ 'ਤੇ ਗੱਲ ਹੋਈ ਉਸ ਨੇ ਬਹੁਤ ਆਤਮ ਵਿਸ਼ਵਾਸ ਨਾਲ਼ ਕਿਹਾ "ਕਿ 100 ਵਿੱਚੋਂ 98 ਫੀਸਦੀ ਔਰਤਾਂ ਧੋਖੇਬਾਜ ਹੁੰਦੀਆਂ ਹਨ"। ਜਿਵੇਂ ਹੀ ਉਸ ਨੂੰ ਇਹ ਸਵਾਲ ਕੀਤਾ ਕਿ ਜਿਹਨਾਂ ਔਰਤਾਂ ਨਾਲ਼ ਉਸਦਾ ਰਿਸ਼ਤਾ ਹੈ ਦਾਦੀ, ਨਾਨੀ, ਪਤਨੀ, ਭੈਣਾਂ, ਬੇਟੀਆਂ, ਤੇ ਹੋਰ ਉਹਨਾਂ ਵਿਚੋਂ ਕਿੰਨੀਆਂ ਨੇ ਧੋਖਾ ਕੀਤਾ ਤਾਂ ਉਸ ਕੋਲ਼ ਜਵਾਬ ਨਹੀ ਸੀ! ਇਹ ਕਿਵੇਂ ਹੋ ਸਕਦਾ ਕਿ ਭਾਰਤੀ ਸਮਾਜ ਦੀਆਂ ਔਰਤਾਂ ਹਮੇਸ਼ਾਂ ਧੋਖੇਬਾਜ ਹੀ ਹੁੰਦੀਆਂ ਹਨ, ਜਿੰਨੇ ਗਾਣੇ ਹਨ, ਫ਼ਿਲਮਾਂ ਹਨ ਇਸ ਗੰਦੀ ਤੇ ਗ਼ਲਤ ਸੋਚ ਨੂੰ ਸਾਡੇ ਦਿਮਾਗਾਂ ਵਿੱਚ ਲੈਸ ਕਰ ਰਹੇ ਹਨ, ਅਜਿਹੇ ਵਰਤਾਰਿਆਂ 'ਤੇ ਸੰਵੇਦਨਸ਼ੀਲ, ਅਗਾਂਹਵਧੂ ਲੋਕਾਂ ਨੂੰ ਲਾਜ਼ਮੀ ਹੀ ਸੰਜੀਦਾ ਪੂਹੰਚ ਅਪਨਾਉਣੀ ਚਾਹੀਦੀ ਹੈ, ਔਰਤ ਵਿਰੋਧੀ ਮਾਨਸਿਕਤਾ ਦੇ ਖਿਲਾਫ਼ ਲੜ੍ਹਨਾ ਚਾਹੀਦਾ ਹੈ।

ਸਾਡੇ ਅੱਜ ਦੇ ਸਮਾਜ ਵਿੱਚ ਵਿਦੇਸ਼ ਜਾਣ ਦੇ ਚੱਕਰਾਂ ਵਿੱਚ ਕੀਤੇ ਵਿਆਹ ਤੇ ਸਗੋਂ ਆਮ ਵਿਆਹ ਦਾ ਅਧਾਰ ਹੀ ਨਿਰਾਪੁਰਾ ਪੈਸਾ ਤੇ ਜਾਇਦਾਦ ਹੁੰਦਾ ਹੈ। ਇਸ ਵਿੱਚ ਨੈਤਿਕਤਾ, ਪਿਆਰ, ਭਾਵਨਾਵਾਂ ਗੌਣ ਹੁੰਦੀਆਂ ਹਨ। ਅਜਿਹੇ ਰਿਸ਼ਤਿਆਂ ਵਿੱਚ ਕੁੜੀ ਜਾਂ ਮੁੰਡੇ ਦੋਨੋਂ ਪਾਸੇ ਹੀ ਕਿਸ ਤੋਂ ਵਿਆਹ ਦੀ ਜ਼ਿੰਮੇਵਾਰੀ ਦੀ ਮੰਗ ਕੀਤੀ ਜਾਵੇ? ਸਭ ਤੋਂ ਵੱਡੀ ਗੱਲ ਇਸ ਵਪਾਰ ਵਿੱਚ ਦੋਨਾਂ ਧਿਰਾਂ ਦੇ ਮਾਂ-ਪਿਉ ਖ਼ੁਦ ਅੱਗੇ ਹੋ ਕੇ ਇਸ ਠੱਗ ਵਪਾਰ ਦਾ ਸਮਝੌਤਾ ਕਰਦੇ ਹਨ। ਅੱਗੇ ਟਰੈਵਲ ਏਜੰਟਾ ਦੇ ਧੋਖੇ, ਇਮੀਗ੍ਰੇਸ਼ਨ ਕਨੂੰਨਾਂ ਬਾਰੇ ਢੰਗ ਨਾਲ਼ ਜਾਣਕਾਰੀ ਨਾ ਦੇਣ ਵਾਲ਼ੇ ਸਲਾਹਕਾਰ ਆਦਿ ਨੂੰ ਸਵਾਲਾਂ ਦੇ ਘੇਰੇ ਵਿੱਚ ਲੈ ਕੇ ਆਉਣਾ ਚਾਹੀਦਾ ਹੈ। ਸਭ ਤੋਂ ਜ਼ਰੂਰੀ ਇਹ ਸਭ ਤਾਂ ਨਿੱਕੀਆਂ ਮੋਟੀਆਂ ਕੜੀਆਂ ਹਨ, ਸਭ ਤੋਂ ਵੱਡਾ ਕਾਰਨ ਸਾਡੇ ਦੇਸ਼ ਵਿੱਚ ਨੌਜਵਾਨਾਂ ਦਾ ਅਸੁਰੱਖਿਅਤ ਭਵਿੱਖ ਹੈ ਜੇ ਇੱਥੇ ਹੀ ਚੰਗੀ ਜ਼ਿੰਦਗੀ ਜੀਣ ਲਈ ਹੋਵੇ, ਰੁਜ਼ਗਾਰ ਦੇ ਸਹੀ ਮੌਕੇ ਹੋਣ ਤਾਂ ਕੋਈ ਇਹਨਾਂ ਠੱਗੀਆਂ-ਠੋਰੀਆਂ ਦੇ ਵਿੱਚ ਨਾ ਫਸੇ, ਇਸ ਦੇ ਲਈ ਇਹ ਵੋਟ ਵਟੋਰੂ ਸਰਕਾਰਾਂ ਦੋਸ਼ੀ ਹਨ ਜੋ ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਨਹੀਂ ਦਿੰਦੀਆਂ, ਬੁਨਿਆਦੀ ਸਹੂਲਤਾਂ ਨਹੀਂ ਦਿੰਦੀਆਂ, ਕਿੰਨੇ ਕੁ ਲੋਕ ਵਿਦੇਸ਼ ਜਾ ਸਕਦੇ ਹਨ? ਜ਼ਿਆਦਾਤਰ ਤਾਂ ਗ਼ਰੀਬੀ ਕਾਰਨ ਇੱਧਰ ਦਿਹਾੜੀਆਂ ਕਰਨ ਨੂੰ ਮਜ਼ਬੂਰ ਹਨ, ਅੱਜ ਉਹ ਨੌਜਵਾਨ ਜੋ ਆਪਣੇ ਲੁੱਟੇ ਜਾਣ ਦਾ ਕਾਰਨ ਔਰਤਾਂ ਨੂੰ ਦੱਸ ਰਹੇ ਹਨ ਉਹਨਾਂ ਨੂੰ ਅਸਲ ਦੋਸ਼ੀਆਂ ਖਿਲਾਫ਼ ਲਾਮਬੰਦ ਹੋਣਾ ਚਾਹੀਦਾ ਹੈ। ਨੌਜਵਾਨ ਕੁੜੀਆਂ ਮੁੰਡਿਆਂ ਨੂੰ ਮੋਢੇ ਨਾਲ਼ ਮੋਢਾ ਜੋੜ ਕੇ ਸਰਕਾਰਾਂ ਤੋਂ ਸਿੱਖਿਆ ਰੁਜ਼ਗਾਰ ਵਰਗੇ ਹੱਕ ਲੈਣ ਲਈ ਇੱਕਜੁੱਟ ਹੋ ਕੇ ਲੜ੍ਹਨਾ ਚਾਹੀਦਾ ਹੈ, ਇਸੇ ਵਿੱਚ ਸਮਾਜ ਦੀ ਭਲਾਈ ਹੈ।

SHAHEED BHAGAT SINGH BOOK CENTRE
Calgary Canada
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!
Book Exhibition & Sale!
Contact: Master Bhajan Singh at 403-455-4220

BLACK ICE Auto Detailing
Lucky Dadrah
Cell : 403-404-0751
Tel : 587-896-1838
Email : blackiceautodetailing@gmail.com
Unit G 3515 32 ST NE, Calgary - AB T1Y 5Y9
www.blackiceautodetailing.com
GET YOUR CAR DETAILING DONE IN PROFESSIONAL WAY
- Exterior Hand Wash & Dry
- Complete Interior Vaccum
- Clean All Windows Including Trunk
- Engine Wash, Tires & Wheels
- Wax & Polish
- Remove Scratches & Shampoo

Best Mobile Signs
All kinds of mobile sign board
best mobile sign call for yours
Kamal Sidhu
403-966-7167 bestmobilesigns@gmail.com

A CHOICE DRIVING SCHOOL
- Class 5
- basic Driving Courses
- Certification Courses
- Advance Training Course
- Brush Up
- DDC Course
PICK UP & DROP OFF AVAILABLE
Off. 587-352-0610 Cell 403-473-1682

# ਕਿਸਾਨਾਂ ਨੇ ਹਰਿਆਣਾ ਸਰਕਾਰ ਦੇ ਖਿਲਾਫ ਕੀਤਾ




ਜਗਰਾਉਂ, (ਬਲਜਿੰਦਰ ਸਿੰਘ) : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਅਗਵਾਈ ’ਚ ਬਲਾਕ ਜਗਰਾਓਂ ਅਤੇ ਸਿਧਵਾਂਬੇਟ ਦੇ ਕਿਸਾਨਾਂ ਨੇ ਜੀ ਟੀ ਰੋਡ ਜਗਰਾਓਂ ਵਿਖੇ ਜਬਰਦਸਤ ਰੋਹ ਭਰਪੂਰ ਧਰਨਾ ਦਿੱਤਾ। ਹਰਿਆਣਾ ਸਰਕਾਰ ਦੀ ਪੁਲਿਸ ਵਲੋਂ ਕਰਨਾਲ ਵਿਖੇ ਅੰਨਾ ਜਬਰ ਢਾਹ ਕੇ 10 ਦੇ ਕਰੀਬ ਕਿਸਾਨਾਂ ਨੂੰ ਸਖਤ ਜ਼ਖ਼ਮੀ ਕਰਨ ਖਿਲਾਫ ਦੁਪਿਹਰ 12 ਵਜੇ ਤੋਂ 2 ਵਜੇ ਤਕ ਟ੍ਰੈਫਿਕ ਜਾਮ ਕਰਕੇ ਅਪਣੇ ਰੋਹ ਦਾ ਪ੍ਰਗਟਾਵਾ ਕੀਤਾ। ਅਜ ਦੇ ਧਰਨੇ ਚ ਦੋਹਾਂ ਬਲਾਕਾਂ ਦੇ ਤਿੰਨ ਦਰਜਨ ਪਿੰਡਾਂ ਦੇ ਕਿਸਾਨਾਂ ਨੋਜਵਾਨਾਂ ਤੇ ਔਰਤਾਂ ਨੇ ਸਮੇਤ ਕਿਰਤੀ ਕਿਸਾਨ ਯੂਨੀਅਨ ਪੰਜਾਬ, ਪੇਂਡੂ ਮਜਦੂਰ ਯੂਨੀਅਨ ਮਸ਼ਾਲ, ਇਨਕਲਾਬੀ ਕੇਂਦਰ ਪੰਜਾਬ ਦੇ ਵਰਕਰਾਂ ਨੇ ਭਾਗ ਲਿਆ। ਇਸ ਸਮੇਂ ਜਾਮ ਧਰਨੇ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਕਿਹਾ ਕਿ ਹਰਿਆਣਾ ਸਰਕਾਰ ਦੇ ਸ਼ਿਸਕਾਰੇ ਕਰਨਾਲ ਦੇ ਐਸ ਡੀ ਐਮ ਵਲੋਂ ਦਿੱਤੇ ਹੁਕਮਾਂ ਤੇ ਕੀਤਾ ਇਹ ਲਾਠੀਚਾਰਜ ਤੇ ਜਬਰ ਮੋਦੀ ਤੇ ਖੱਟਰ ਹਕੂਮਤ ਨੂੰ ਬਹੁਤ ਮਹਿੰਗਾ ਪਵੇਗਾ। ਉਨ੍ਹਾਂ ਕਰਨਾਲ ਐਸ ਡੀ ਐਮ ਨੂੰ ਬਰਖਾਸਤ ਕਰਨ ਦੀ ਮੰਗ ਕੀਤੀ। ਇਸ ਸਮੇਂ ਬੋਲਦਿਆਂ ਲੋਕ ਆਗੂ ਕੰਵਲਜੀਤ ਖੰਨਾ ਨੇ ਕਿਹਾ ਕਿ ਕਾਲੇ ਕਾਨੂੰਨਾਂ ਖਿਲਾਫ ਇਸ ਇਤਿਹਾਸਿਕ ਸੰਘਰਸ਼ ਨੇ ਹਾਕਮਾਂ ਦੀ ਰਾਤਾਂ ਦੀ ਨੀਂਦ ਹਰਾਮ ਕੀਤੀ ਹੋਈ ਹੈ ਤੇ ਉਹ ਹੁਣ ਹਿਟਲਰਸ਼ਾਹੀ ਰਾਹ ਤੇ ਤੁਰ ਕੇ ਮੋਦੀ ਤੇ ਖੱਟਰ ਹਕੂਮਤ ਅਪਣੇ ਲਈ ਕਬਰਾਂ ਤਿਆਰ ਕਰ ਰਹੇ ਹਨ। ਇਸ ਸਮੇਂ ਬੋਲਦਿਆਂ ਸਾਬਕਾ ਕਿਸਾਨ ਆਗੂ ਨਿਰਮਲ ਸਿੰਘ ਭਮਾਲ ਅਤੇ ਜ਼ਿਲਾ ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ ਸਿਧਵਾਂ ਨੇ ਕਿਸਾਨਾਂ ਮਜਦੂਰਾਂ ਨੂੰ ਸੂਬੇ ਭਰ ’ਚ ਮੌਕਾਪ੍ਰਸਤ ਸਿਆਸੀ ਲਾਣੇ ਤੋਂ ਕੋਈ ਝਾਕ ਨਹੀਂ ਰੱਖਣੀ ਚਾਹੀਦੀ। ਇਹ ਵੋਟਾਂ ਵਟੋਰੂ ਲਾਣੇ ਸਾਡੀ ਏਕਤਾ ਨੂੰ ਤੋੜਣ ਲਈ ਹੁਣ ਪਿੰਡਾਂ ਵਲ ਨੂੰ ਹੋ ਤੁਰੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਲੁਟੇਰੀਆਂ ਪਾਰਟੀਆਂ ਦੇ ਲੀਡਰਾਂ ਨੂੰ ਪਿੰਡਾਂ ’ਚ ਇਕਠੇ ਹੋ ਕੇ ਸਵਾਲ ਕਰਕੇ ਨਿਰੁਤਰ ਕਰਨਾ ਚਾਹੀਦਾ ਹੈ। ਇਸ ਸਮੇਂ ਬੋਲਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਬਲਵਿੰਦਰ ਸਿੰਘ ਅਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਬਲਾਕ ਸੱਕਤਰ ਤਰਸੇਮ ਸਿੰਘ ਬੱਸੂਵਾਲ ਨੇ ਕਿਹਾ ਕਿ 31 ਅਗਸਤ ਨੂੰ ਸਵੇਰੇ 10 ਵਜੇ ਜੀ ਟੀ ਰੋਡ ਮੇਨ ਪੁਲ ਦੇ ਹੇਠਾਂ ਇਕਤਰ ਹੋਕੇ ਸ਼ਹੀਦ ਕਿਸਾਨ ਪਰਿਵਾਰਾਂ ਲਈ ਸਰਕਾਰੀ ਸਹਾਇਤਾ ਦੇ ਚੈਕ ਅਤੇ ਨੌਕਰੀਆਂ ਦਿਵਾਉਣ ਲਈ ਐਸ ਡੀ ਐਮ ਦਫਤਰ ਦਾ ਘਿਰਾਓ ਕੀਤਾ ਜਾਵੇਗਾ। ਉਨ੍ਹਾਂ ਸਮੂਹ ਕਿਸਾਨਾਂ ਮਜਦੂਰਾਂ ਨੂੰ ਇਸ ਧਰਨੇ ’ਚ ਪੁੱਜਣ ਦੀ ਅਪੀਲ ਕੀਤੀ ਹੈ। ਇਸ ਸਮੇਂ ਅਧਿਆਪਕ ਆਗੂ ਰਾਮਸਵਰਨ ਲੱਖੇਵਾਲੀ, ਕੁਲਦੀਪ ਸਿੰਘ ਗੁਰੂਸਰ ਨੇ ਵੀ ਸੰਬੋਧਨ ਕੀਤਾ। ਇਸ ਸਮੇਂ ਮੰਚ ਸੰਚਾਲਨ ਮਾਸਟਰ ਧਰਮ ਸਿੰਘ ਸੂਜਾਪੁਰ ਨੇ ਕੀਤਾ। ਮਜਦੂਰ ਆਗੂ ਮਦਨ ਸਿੰਘ, ਕਰਨੈਲ ਸਿੰਘ ਭੋਲਾ, ਜਸਵਿੰਦਰ ਸਿੰਘ ਭਮਾਲ, ਸਮਸ਼ੇਰ ਸਿੰਘ ਮਲਕ, ਜਗਜੀਤ ਸਿੰਘ ਕਲੇਰ, ਗੁਰਚਰਨ ਸਿੰਘ ਗੁਰੂਸਰ, ਇਕਬਾਲ ਸਿੰਘ ਮੱਲਾ, ਦੇਵਿੰਦਰ ਸਿੰਘ ਮਲਸੀਹਾਂ, ਮਨਦੀਪ ਸਿੰਘ ਭੰਮੀਪੁਰਾ, ਸੁਖਾ ਚਕਰ, ਦਲਬੀਰ ਸਿੰਘ ਬੁਰਜ ਕਲਾਲਾ, ਹਰਚੰਦ ਸਿੰਘ ਢੋਲਣ, ਬਲਦੇਵ ਸਿੰਘ ਛੱਜਾਵਾਲ, ਠਾਣਾ ਸਿੰਘ ਸੂਜਾਪੁਰ, ਰਾਜਿੰਦਰ ਸਿੰਘ ਹਾਂਸ, ਗੁਰਇਕਬਾਲ ਸਿੰਘ ਰੂਮੀ, ਦਰਸ਼ਨ ਸਿੰਘ ਗਾਲਬ ਆਦਿ ਹਾਜ਼ਰ ਸਨ। ਅੱਜ ਦੇ ਧਰਨੇ ’ਚ ਜਲਸੇਵਾ ਸ਼ਹੀਦ ਉਧਮ ਸਿੰਘ ਵੈਲਫੇਅਰ ਕਲੱਬ ਦੇ ਮੈਂਬਰਾਂ ਤੇ ਅਹੁਦੇਦਾਰਾਂ ਨੇ ਨਿਭਾਈ।















# ਬੁੱਤਸ਼ਾਜ਼ੀ, ਬੁੱਤਸ਼ਿਕਨੀ ਅਤੇ ਤਾਲਿਬਾਨ









ਮਾਈਕਲ ਐਂਜਲੋ ਦੁਨੀਆ ਦਾ ਪ੍ਰਸਿੱਧ ਬੁੱਤਸਾਜ਼ ਸੀ। ਉਸ ਨੂੰ ਕਿਸੇ ਨੇ ਪੁੱਛਿਆ ਕਿ ਤੁਸੀਂ ਏਨੀ ਸੋਹਣੀ ਮੂਰਤੀ ਕਿਵੇਂ ਘੜ ਲੈਂਦੇ ਹੋ ? ਤਾਂ ਉਸ ਨੇ ਬਹੁਤ ਖ਼ੂਬਸੂਰਤ ਜੁਆਬ ਦਿੱਤਾ "ਮੂਰਤੀ ਤਾਂ ਪੱਥਰ ਵਿਚ ਪਹਿਲਾਂ ਹੀ ਹੁੰਦੀ ਹੈ, ਮੈਂ ਤਾਂ ਉਸ ਦੇ ਆਲੇ-ਦੁਆਲੇ ਤੋਂ ਫਾਲਤੂ ਸਮੱਗਰੀ ਪਰ੍ਹੇ ਹਟਾਉਂਦਾ ਹਾਂ।" ਪਰ ਇਹ ਮਾਈਕਲ ਐਂਜਲੋ ਦਾ ਵਡੱਪਣ ਅਤੇ ਹਲੀਮੀ ਹੀ ਸੀ ਕਿ ਉਸ ਨੇ ਆਪਣੀ ਕਲਾ ਦਾ ਹੰਕਾਰ ਨਹੀਂ ਕੀਤਾ। ਅਗਰ ਸਚਮੁਚ ਬੁੱਤਸ਼ਾਜ਼ੀ ਏਨੀ ਹੀ ਸੌਖੀ ਹੁੰਦੀ ਤਾਂ ਮੇਰੇ ਵਰਗਾ 'ਹਮਾਤੜ-ਧਮਾਤੜ' ਵੀ ਹੁਣ ਨੂੰ ਮਾਈਕਲ ਐਂਜਲੋ ਦੇ 'ਭਤੀਜੇ' ਹੁੰਦੇ।

ਬੁੱਤ ਜਾਂ ਪੈਗੰਬਰਾਂ ਦੇ ਹੁੰਦੇ ਹਨ ਜਾਂ ਕਿਸੇ ਵੀ ਖੇਤਰ ਵਿਚ ਵੱਡਾ ਨਾਂ ਖੱਟਣ ਵਾਲੇ ਲੋਕਾਂ ਦੇ ਹੁੰਦੇ ਹਨ। ਬੁੱਤ ਚਾਹੇ ਕਿੰਨੇ ਵੱਡੇ ਵਿਅਕਤੀਤਵ ਦਾ ਕਿਉਂ ਨਾ ਹੋਵੇ, ਨਿਕਲਣਾ ਉਸ ਨੇ ਬੁੱਤਸਾਜ਼ ਦੇ ਹੱਥਾਂ 'ਚੋਂ ਹੁੰਦਾ ਹੈ। ਕੋਈ ਬੁੱਤਸਾਜ਼ ਆਪਣੇ ਦੁਆਰਾ ਤਰਾਸ਼ੇ ਬੁੱਤ ਨੂੰ ਜਦ ਕਿਸੇ ਧਾਰਮਿਕ ਸਥਾਨ ਤੇ ਲੱਗਿਆ ਦੇਖਦਾ ਹੈ ਤਾਂ ਅਚਾਨਕ ਹੀ ਉਸ ਦੇ ਮੂੰਹ 'ਚੋਂ ਇਹ ਸ਼ਾਇਰਾਨਾ ਬੋਲ ਨਿਕਲ ਆਉਂਦੇ ਹਨ :

**ਜਿਨ ਕੋ ਤਰਾਸ਼ਾ ਥਾ ਅਪਨੇ ਹਾਥੋਂ ਸੇ**
**ਖ਼ੁਦਾ ਕੀ ਕਸਮ ਵੋ ਬੁੱਤ, ਖ਼ੁਦ ਖ਼ੁਦਾ ਬਨ ਬੈਠੇ**


ਜੇ ਬੁੱਤਸਾਜ਼ ਹੁੰਦੇ ਹਨ ਤਾਂ ਬੁੱਤ ਸ਼ਿਕਨ ਵੀ ਹੁੰਦੇ ਹਨ। ਅਜੀਤ ਕੌਰ ਦੀ ਕਹਾਣੀ 'ਬੁੱਤ ਸ਼ਿਕਨ' ਵਿਚ ਬਹੁਤ ਸਾਰੇ ਬੁੱਤਾਂ ਵਿਚ ਜਦ ਕੋਈ ਇਕ ਬੁੱਤ ਸਿਰ ਕੱਢਣ ਲਗ ਜਾਂਦਾ ਹੈ ਤਾਂ ਬਾਕੀ ਬੁੱਤ ਪਰੇਸ਼ਾਨ ਹੋ ਜਾਂਦੇ ਹਨ ਤੇ ਉਹ ਇਸ ਬੁੱਤ ਨੂੰ ਤੋੜ ਦਿੰਦੇ ਹਨ। ਬੁੱਤ ਤੋੜਨ ਦਾ ਮਤਲਬ ਇਹ ਹੈ ਕਿ ਤੁਹਾਨੂੰ ਉਹ ਬੁੱਤ ਵਾਲਾ ਬੰਦਾ ਬਿਲਕੁਲ ਵੀ ਪਸੰਦ ਨਹੀਂ। ਪਸੰਦ ਤੋਂ ਵੀ ਅੱਗੇ ਤੁਸੀਂ ਉਸ ਨੂੰ ਨਫਰਤ ਕਰਦੇ ਹੋ ਤੇ ਉਸ ਨੂੰ ਉਥੇ ਲੱਗਿਆ ਤੁਸੀਂ ਬਰਦਾਸਤ ਨਹੀਂ ਕਰਦੇ। ਉਂਝ ਬੁੱਤ ਤੋੜ ਦੇਣ ਨਾਲ ਬੁੱਤ ਵਾਲਾ ਬੰਦਾ ਕਦੇ 'ਮਰਦਾ' ਨਹੀਂ ਹੁੰਦਾ, ਕਿਉਂਕਿ ਮਰ ਜਾਣ ਵਾਲਿਆਂ ਦੇ ਕਦੇ ਬੁੱਤ ਲਗਦੇ ਹੀ ਨਹੀਂ ਹੁੰਦੇ। ਜਿਹੜੇ ਲੋਕ ਲੋਕਮਨਾਂ ਵਿਚ ਨਾਇਕਾਂ ਦੇ ਰੂਪ ਵਿਚ ਡੂੰਘੇ ਉੱਤਰੇ ਹੁੰਦੇ ਹਨ, ਉਹਨਾਂ ਨੂੰ ਲੋਕ ਆਪਣੀ ਕਲਪਨਾ ਵਿੱਚੋਂ ਫੋਟੋ ਦੇ ਰੂਪ ਵਿਚ, ਸ਼ਬਦਾਂ ਦੇ ਰੂਪ ਵਿਚ ਜਾਂ ਮੂਰਤੀ ਦੇ ਰੂਪ ਵਿਚ ਸਾਕਾਰ ਕਰ ਲੈਂਦੇ ਹਨ ਅਤੇ ਉਹ ਕਲਾ ਕਿਰਤਾਂ ਉਹਨਾਂ ਲਈ ਪ੍ਰੇਰਨਾ ਦਾ ਸੋਮਾ ਬਣ ਜਾਂਦੀਆਂ ਹਨ। ਪਰ ਜਦ ਉਸ ਦੀ ਉਲਟ ਵਿਚਾਰਧਾਰਾ ਦਾ ਬੰਦਾ ਸੱਤਾ ਵਿਚ ਆ ਜਾਂਦਾ ਹੈ ਤਾਂ ਉਸ ਨੂੰ ਉਹ ਬੁੱਤ ਮਿਰਚਾਂ ਵਾਂਗ ਲਗਦਾ ਹੈ ਅਤੇ ਉਹ ਉਸ ਨੂੰ ਢਾਹੁਣ ਦੇ ਹੀਲੇ-ਵਸੀਲੇ ਕਰਦਾ ਹੈ। 1917 ਦੀ ਰੂਸੀ ਕਰਾਂਤੀ ਤੋਂ ਬਾਅਦ ਸੋਵੀਅਤ ਸੰਘ ਵਿਚ ਜਿੰਨੀ ਵੱਡੀ ਗਿਣਤੀ ਵਿਚ ਇਸ ਕਰਾਂਤੀ ਦੇ ਨਾਇਕਾਂ ਦੇ ਬੁੱਤ ਲੱਗੇ, ਸਮਾਜਵਾਦ ਦੇ ਢਹਿ ਢੇਰੀ ਹੋਣ ਤੋਂ ਬਾਅਦ ਉੱਨੀ ਹੀ ਵੱਡੀ ਮਾਤਰਾ ਵਿਚ ਬੁੱਤ ਤੋੜੇ ਵੀ ਗਏ।

ਤਾਲਿਬਾਨ ਦੇ ਦੌਰ ਵਿਚ ਵੀ ਇੰਝ ਹੀ ਹੋਇਆ ਹੈ। ਅਫਗਾਨਿਸਤਾਨ ਦੇ ਬਮਿਆਨ ਨਾਂ ਦੇ ਇਲਾਕੇ ਵਿਚ ਚੌਥੀ ਅਤੇ ਪੰਜਵੀਂ ਸਦੀ ਵਿਚ 2500 ਮੀਟਰ ਦੀ ਉਚਾਈ ਤੇ ਬਣੀਆਂ ਮਹਾਤਮਾ ਬੁੱਧ ਦੀਆਂ ਦੋ ਮੂਰਤੀਆਂ ਨੂੰ ਤੋੜ ਕੇ ਤਾਲਿਬਾਨ ਨੇ ਪਹਿਲੀ ਵਾਰ ਆਪਣੇ ਜਨੂੰਨੀ ਅਤੇ ਫਿਰਕੂ ਚਿਹਰੇ ਦਾ ਪ੍ਰਗਟਾਵਾ ਕੀਤਾ ਸੀ। ਹੁਣ ਜਦ ਦੂਜੀ ਵਾਰ ਤਾਲਿਬਾਨ ਸੱਤਾ ਵੱਲੇ ਵਧ ਰਹੇ ਹਨ ਤਾਂ ਦੋ ਬੁੱਤਾਂ ਨੂੰ ਤੋੜਨ ਦਾ ਸਮਾਚਾਰ ਮਿਲਿਆ ਹੈ। ਇਕ ਬੁੱਤ ਪਾਕਿਸਤਾਨ ਵਿਚ ਤੋੜਿਆ ਗਿਆ। ਉਹ ਬੁੱਤ ਸੀ ਮਹਰਾਜਾ ਰਣਜੀਤ ਸਿੰਘ ਦਾ ਘੋੜੇ ਤੇ ਚੜ੍ਹੇ ਦਾ ਬੁੱਤ। ਭਾਵੇਂ ਇਸ ਬੁੱਤ ਦਾ ਤਾਲਿਬਾਨ ਨਾਲ ਸਿੱਧਾ ਸਬੰਧ ਜੁੜਦਾ ਨਹੀਂ, ਪਰ ਜੁੜਦਾ ਵੀ ਹੈ। ਮਹਾਰਾਜਾ ਰਣਜੀਤ ਸਿੰਘ ਉਹ ਬਾਦਸ਼ਾਹ ਸੀ, ਜਿਸ ਨੇ ਆਪਣੇ ਰਾਜ ਦੀਆਂ ਸੀਮਾਵਾਂ ਦਾ ਵਿਸਤਾਰ ਅਫਗਾਨਿਸਤਾਨ ਦੇ ਕਈ ਇਲਾਕਿਆਂ ਤੱਕ ਕੀਤਾ।

ਇਸ ਲਈ ਕਿਸੇ ਇਕ ਧਿਰ ਦਾ ਨਾਇਕ ਦੂਜੀ ਧਿਰ ਲਈ ਖਲਨਾਇਕ ਬਣ ਜਾਂਦਾ ਹੈ। ਮਹਾਰਾਜਾ ਰਣਜੀਤਾ ਸਿੰਘ ਦਾ ਬੁੱਤ ਤੋੜਨਾ ਬੁੱਤਸ਼ਿਕਨਾਂ ਦੇ ਇਸੇ ਖਲਨਾਇਕਤਵ ਦਾ ਸਬੂਤ ਸੀ।

ਤੀਜਾ ਬੁੱਤ ਜੋ ਤਾਲਿਬਾਨ ਦੁਆਰਾ ਤੋੜਿਆ ਗਿਆ, ਉਹ ਹੈ ਅਫਗਾਨਿਸਤਾਨ ਦੇ ਹਜ਼ਾਰਾ ਕਬੀਲੇ ਦੇ ਸਰਦਾਰ ਅਬਦੁਲ ਅਲੀ ਮਜਾਰੀ ਦਾ ਬੁੱਤ, ਜਿਸ ਨੇ ਤਾਲਿਬਾਨ ਦੇ ਪਹਿਲੇ ਕਾਰਜਕਾਲ ਤੋਂ ਪਹਿਲਾਂ ਉਸ ਨਾਲ ਟੱਕਰ ਲਈ ਸੀ, ਜਿਸ ਦੇ ਸਿੱਟੇ ਵਜੋਂ 1996 ਵਿਚ ਤਾਲਿਬਾਨ ਨੇ ਉਸ ਨੂੰ ਅਗਵਾ ਕੀਤਾ ਅਤੇ ਉਡਦੇ ਜਹਾਜ਼ ਵਿੱਚੋਂ ਸੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ। 2001 ਵਿਚ ਅਮਰੀਕੀ ਫੌਜਾਂ ਦੁਆਰਾ ਤਾਲਿਬਾਨ ਨੂੰ ਗੱਦੀ ਲਾਹੁਣ ਤੋਂ ਬਾਅਦ ਅਗਲੇ ਸਾਲਾਂ ਵਿਚ ਉਸ ਦਾ ਬੁੱਤ ਸਥਾਪਿਤ ਕੀਤਾ ਗਿਆ, ਜਿਸ ਨੂੰ ਤਾਲਿਬਾਨ ਨੇ ਇਸ ਵਾਰ ਫਿਰ ਆਉਣ ਸਾਰ ਤੋੜ ਦਿੱਤਾ।





ਤਾਲਿਬਾਨਾਂ ਨਾਲ ਜੁੜੀ ਇਕ ਕਹਾਣੀ ਨਜ਼ੀਬੁੱਲਾਹ ਦੀ ਹੈ। ਨਜ਼ੀਬੁੱਲਾਹ 1987 ਵਿਚ ਅਫਗਾਨਿਸਤਾਨ ਦੇ ਰਾਸ਼ਟਰਪਤੀ ਬਣੇ। ਉਸ ਨੇ ਅਫਗਾਨਿਸਤਾਨ ਨੂੰ 'ਰਿਪਬਲਿਕ ਆਫ ਅਫਗਾਨਿਸਤਾਨ' ਘੋਸ਼ਿਤ ਕਰ ਦਿੱਤਾ ਜੋ ਤਾਲਿਬਾਨੀਆਂ ਨੂੰ ਪ੍ਰਵਾਨ ਨਹੀ ਸੀ। ਉਂਝ ਵੀ ਕਮਿਉਨਿਸ਼ਟ ਪਿਛੋਕੜ ਕਾਰਨ ਤਾਲਿਬਾਨੀਆਂ ਨੂੰ ਉਹ 'ਕਾਫਿਰ' ਪਸੰਦ ਨਹੀਂ ਸੀ। 1991 ਵਿਚ ਸੋਵੀਅਤ ਸੰਘ ਦੇ ਟੁੱਟਣ ਤੋਂ ਬਾਅਦ ਉਹਨਾਂ ਦੀ ਮਦਦ ਖਤਮ ਹੋਣ ਕਾਰਨ ਨਜ਼ੀਬੁੱਲਾਹ ਦੀ ਤਾਕਤ ਕਮਜ਼ੋਰ ਹੋ ਗਈ ਤੇ ਉਸ ਨੇ ਗੱਦੀ ਛੱਡਣ ਦਾ ਫੈਸਲਾ ਕਰ ਲਿਆ। ਉਸ ਨੇ ਆਪਣੇ ਪਰਿਵਾਰ ਨੂੰ ਤਾਂ ਇੰਡੀਆ ਭੇਜ ਕੇ ਸ਼ਰਨ ਲੈ ਲਈ, ਪਰ ਆਪ ਅੰਤਿਮ ਪਲਾਂ ਤੇ ਭਾਰਤ ਨੂੰ ਜਾਣ ਵਾਲੇ ਜਹਾਜ਼ ਵਿਚ ਚੜ੍ਹਨ ਤੋਂ ਖੁੰਝ ਗਿਆ। ਤਾਲਿਬਾਨੀਆਂ ਨੇ ਏਅਰਪੋਰਟ ਤੇ ਕਬਜ਼ਾ ਕਰ ਲਿਆ ਅਤੇ ਨਜ਼ੀਬੁੱਲਾਹ ਨੂੰ 4 ਸਾਲ ਅਫਗਾਨਿਸਤਾਨ ਵਿਚ ਸਥਿਤ ਯੂ ਐਨ ਓ ਦੇ ਦਫਤਰ ਵਿਚ ਸ਼ਰਨ ਲੈਣੀ ਪਈ। ਸਤੰਬਰ 1996 ਵਿਚ ਤਾਲਿਬਾਨੀ ਇਸ ਦਫਤਰ ਤੱਕ ਪਹੁੰਚ ਗਏ ਤੇ ਉਹਨਾਂ ਨੇ ਨਜ਼ੀਬੁੱਲਾਹ ਦੇ ਸਿਰ ਵਿਚ ਗੋਲੀ ਮਾਰ ਕੇ ਮਾਰ ਦਿੱਤਾ। ਏਨਾ ਹੀ ਨਹੀਂ ਉਸ ਦੀ ਲਾਸ਼ ਨੂੰ ਬੁੱਤ ਵਾਂਗ ਰਾਜਮਹਲ ਦੇ ਕੋਲ ਖੰਭੇ ਉਤੇ ਟੰਗ ਦਿੱਤਾ।

ਸੋ ਬੁੱਤਾਂ ਨੂੰ ਬਣਾਉਣ, ਢਾਹੁਣ ਅਤੇ ਹਟਾਉਣ ਦੀ ਇਹ ਦਾਸਤਾਨ ਵੀ ਤਾਲਿਬਾਨੀਆਂ ਦੇ ਜ਼ਿਕਰ ਦੇ ਨਾਲ ਨਾਲ ਚਲਦੀ ਰਹੇਗੀ। ਉਂਝ ਇਹ ਗੱਲ ਅਟੱਲ ਸਚਾਈ ਹੈ ਕਿ ਬੁੱਤਾਂ ਦੇ ਢਾਹੁਣ ਨਾਲ ਕਦੇ ਵੀ ਨਾਇਕ ਨਹੀਂ ਮਰਦੇ, ਉਹ ਲੋਕਾਂ ਦੀਆਂ ਹਿੱਕਾਂ ਵਿਚ ਸਦਾ ਸੁਰਖਿਅਤ ਰਹਿੰਦੇ ਹਨ ਅਤੇ ਲੋਕ ਆਪਣੇ ਨਾਇਕਾਂ ਨੂੰ ਸਦਾ ਹੀ ਯਾਦ ਕਰਦੇ ਰਹਿਣਗੇ..

**ਕੁਲਦੀਪ ਸਿੰਘ ਦੀਪ (ਡਾ.)**


Perfect Finishing Corp.
New Star Cabinets Ltd.
PFC






WE DO : New & Old Houses Finishing Carpentry, Stair Railing, Book Shelves, Tv Unit, Closet Shelves, Bar, Kitchen Cabinets & All type of custom wood work

3341-19 Street N.E.
Calgary AB, T2E 6S8
www.perfectfinishing.ca

Off : (403) 455-1000
Fax : (403) 455-2000
perfectfinishing@hotmail.ca

Manpreet Thind
Cell : (403) 477-1000

# ਸੰਸਦ ਬਨਾਮ ਕਿਸਾਨ ਸੰਸਦ

## ਕਿਸਾਨਾਂ ਦੇ ਹੌਸਲੇ, ਜਜ਼ਬੇ, ਦ੍ਰਿੜਤਾ ਅਤੇ ਪ੍ਰਤੀਬੱਧਤਾ ਦੀ ਮਿਸਾਲ



**ਬਲਜਿੰਦਰ ਸਿੰਘ**

22 ਜੁਲਾਈ 2021 ਦੀ ਸਵੇਰ ਦੇ ਸਾਢੇ ਸੱਤ ਵਜੇ ਸੰਯੁਕਤ ਕਿਸਾਨ ਮੋਰਚੇ ਦੇ ਸਿੰਘੂ ਬਾਰਡਰ ’ਤੇ ਸਥਿਤ ਦਫ਼ਤਰ ‘ਕਜਾਰੀਆ ਟਾਇਲਜ਼’ ਵਿਖੇ ਉਤਸ਼ਾਹ, ਜੋਸ਼ ਨਾਲ ਭਰਪੂਰ ਇੱਕ ਮੇਲੇ ਵਰਗਾ ਮਾਹੌਲ ਹੈ। ਦਫ਼ਤਰ ਦੇ ਸਾਹਮਣੇ ਵਾਲੀ ਸੜਕ ਉੱਪਰ ਲਾਲ, ਹਰੇ, ਪੀਲੇ ਝੰਡਿਆਂ ਦਾ ਹੜ੍ਹ ਆਇਆ ਹੋਇਆ ਹੈ। ਕਿਸਾਨ ਜੱਥੇਬੰਦੀਆਂ ਦੇ ਕਾਫ਼ਲੇ ਜੋਸ਼-ਖਰੋਸ਼ ਨਾਲ ਨਾਅਰੇ ਮਾਰਦੇ ਹੋਏ ਕਿਸਾਨਾਂ ਦੀ ਇਤਿਹਾਸਕ ਸੰਸਦ ਦੇ ਪਹਿਲੇ ਦਿਨ ਦੇ ਪ੍ਰਤੀਨਿਧਾਂ ਨੂੰ ਵਿਦਾ ਕਰਨ ਲਈ ਆ ਰਹੇ ਹਨ। ਪੱਤਰਕਾਰਾਂ, ਮੀਡੀਆ ਚੈਨਲਾਂ ਦਾ ਝੁਰਮਟ ਲੱਗਿਆ ਹੋਇਆ ਹੈ। ਕਿਸਾਨੀ ਘੋਲ ਦਾ ਨਿਵੇਕਲਾ ਦ੍ਰਿਸ਼ ਹਰ ਕਿਸੇ ਨੂੰ ਰੁਮਾਂਚਿਤ ਕਰ ਰਿਹਾ ਹੈ। ਦਫ਼ਤਰ ਦੇ ਅੰਦਰ ਕਿਸਾਨ ਸੰਸਦ ਦੇ ਪਹਿਲੇ ਦਿਨ ਦਾ ਹਿੱਸਾ ਬਣਨ ਵਾਲੇ ਪ੍ਰਤੀਨਿਧੀ ਆਪਣੇ ਸ਼ਨਾਖਤੀ ਕਾਰਡ ਹਾਸਲ ਕਰ ਰਹੇ ਹਨ। ਕਿਸਾਨ ਆਗੂ ਮੀਡੀਆ ਨੂੰ ਮੁਖਾਤਿਬ ਹੋ ਰਹੇ ਹਨ। ਠੀਕ ਸਾਢੇ ਨੌਂ ਵਜੇ, ਅਰਦਾਸ ਹੋਣ ਉਪਰੰਤ ਕਿਸਾਨ ਸੰਸਦ ਦੇ ਪ੍ਰਤੀਨਿਧੀ ਜੈਕਾਰਿਆਂ ਅਤੇ ਨਾਅਰਿਆਂ ਦੀ ਗੂੰਜ ਵਿੱਚ ਆਪਣੀ ਸੰਸਦ ਲਗਾਉਣ ਲਈ ਰਵਾਨਾ ਹੁੰਦੇ ਹਨ, ਉਨ੍ਹਾਂ ਦੇ ਮੂੰਹ ’ਤੇ ਬੱਸ ਇੱਕੋ ਗੱਲ ਹੈ ਜਾਂ ਤਾਂ ਅੱਜ ਸਾਡੀ ਸੰਸਦ ਲੱਗੇਗੀ ਜਾਂ ਫਿਰ ਗ੍ਰਿਫਤਾਰੀ।

ਸੰਯੁਕਤ ਕਿਸਾਨ ਮੋਰਚੇ ਨੇ ਪਾਰਲੀਮੈਂਟ ਦੇ ਮਾਨਸੂਨ ਸ਼ੈਸ਼ਨ ਦੌਰਾਨ ਸੰਸਦ ਦੇ ਮੁਕਾਬਲੇ ਆਪਣੀ ਸੰਸਦ ਚਲਾਉਣ ਦਾ ਐਲਾਨ ਕਈ ਦਿਨ ਪਹਿਲਾਂ ਕਰ ਦਿੱਤਾ ਸੀ। ਇਹ ਇੱਕ ਕਿਸਮ ਦਾ ਧਰਨਾ ਹੈ, ਜਿਸ ਨੂੰ ਕਿਸਾਨ ਸੰਸਦ ਦੇ ਰੂਪ ਵਿੱਚ ਚਲਾ ਕੇ ਨਿਵੇਕਲਾ ਰੂਪ ਦਿੱਤਾ ਗਿਆ। ਮੋਦੀ ਹਕੂਮਤ ਨੇ ਖੇਤੀ ਖੇਤਰ ਨਾਲ ਸਬੰਧਿਤ ਤਿੰਨੋ ਕਾਲੇ ਕਾਨੂੰਨ ਦੇਸ਼ ਦੀ ਪਾਰਲੀਮੈਂਟ ਵਿੱਚ ਸਾਰੀਆਂ ਸੰਵਿਧਾਨਕ ਕਦਰਾਂ-ਕੀਮਤਾਂ ਅਤੇ ਨਿਯਮਾਂ ਨੂੰ ਛਿੱਕੇ ਟੰਗ ਕੇ ਪਾਸ ਕਰਵਾਏ ਹਨ। ਜਿਸ ਵਿਰੁੱਧ ਦਿੱਲੀ ਦੀਆਂ ਬਰੂਹਾਂ ਅਤੇ ਦੇਸ਼ ਦੇ ਵੱਖੋ-ਵੱਖਰੇ ਹਿੱਸਿਆਂ ਵਿੱਚ ਇੱਕ ਇਤਿਹਾਸਕ ਅੰਦੋਲਨ ਲੜਿਆ ਜਾ ਰਿਹਾ ਹੈ। ਸੰਯੁਕਤ ਕਿਸਾਨ ਮੋਰਚੇ ਨੇ ਮਾਨਸੂਨ ਸ਼ੈਸ਼ਨ ਲਈ ਕਿਸਾਨੀ ਘੋਲ ਅਤੇ ਮੰਗਾਂ ਦਾ ਅਜੰਡਾ ਸੈੱਟ ਕਰਨ ਲਈ ਵਿਰੋਧੀ ਪਾਰਟੀਆਂ ਦੇ ਸੰਸਦ ਮੈਂਬਰਾਂ ਨੂੰ ‘ਜਨਤਕ ਵਿਪ’ ਦੇ ਰੂਪ ਵਿੱਚ ਚੇਤਾਵਨੀ ਪੱਤਰ ਵੀ ਜਾਰੀ ਕੀਤਾ। ਕਿਸਾਨ ਸੰਸਦ ਚਲਾਉਣ ਲਈ ਵੱਖੋ-ਵੱਖਰੇ ਕਾਨੂੰਨਾਂ ਉੱਪਰ ਵਿਸਥਾਰ ਸਹਿਤ ਵਿਚਾਰ-ਚਰਚਾ ਲਈ ਹਰੇਕ ਕਾਨੂੰਨ ਉੱਪਰ ਬਹਿਸ ਦੇ ਦਿਨ ਮੁਕੱਰਰ ਕਰਕੇ ਸ਼ੈਡਿਊਲ ਵੀ ਤੈਅ ਕੀਤਾ।

ਪਹਿਲੇ ਦੋ ਦਿਨ ਮੰਡੀਆਂ ਨੂੰ ਬਾਈਪਾਸ ਕਰਕੇ ਪ੍ਰਾਈਵੇਟ ਮੰਡੀਆਂ ਦੀ ਸਥਾਪਤੀ ਲਈ ਕਾਨੂੰਨੀ ਰਾਹ ਪੱਧਰਾ ਕਰਨ ਵਾਲੇ ਕਾਨੂੰਨ, 26-27 ਜੁਲਾਈ ਨੂੰ ਜ਼ਰੂਰੀ ਵਸਤਾਂ ਦੇ ਕਾਨੂੰਨ ’ਚ ਸੋਧ ਉੱਪਰ, 28-29 ਨੂੰ ਕੰਟਰੈਕਟ ਖੇਤੀ ਨਾਲ ਸਬੰਧਿਤ ਕਾਨੂੰਨ, 30 ਜੁਲਾਈ ਅਤੇ 2 ਅਗਸਤ ਨੂੰ ਪ੍ਰਸਤਾਵਿਤ ਬਿਜਲੀ ਬਿੱਲ ਉੱਪਰ, 3 ਅਗਸਤ ਨੂੰ ਪ੍ਰਦੂਸ਼ਣ ਕਾਨੂੰਨ ਨਾਲ ਸਬੰਧਿਤ ਮੁੱਦੇ ਉੱਪਰ ਅਤੇ 4, 5 ਤੇ 6 ਅਗਸਤ ਨੂੰ ਐਮ.ਐਸ.ਪੀ. ਅਤੇ ਸਵਾਮੀਨਾਥਨ ਕਮਿਸ਼ਨ ਦੇ ਸਵਾਲ ਉੱਪਰ ਵਿਚਾਰ-ਚਰਚਾ ਦਾ ਸ਼ੈਡਿਊਲ ਬਣਾਇਆ ਗਿਆ ਸੀ।

22 ਜੁਲਾਈ ਦੇ ਪਹਿਲੇ ਦਿਨ ਦਿੱਲੀ ਪੁਲੀਸ ਨੇ ਵੱਖੋ-ਵੱਖਰੇ ਢੰਗਾਂ ਨਾਲ ਰੁਕਾਵਟਾਂ, ਅੜਚਣਾਂ ਖੜੀਆਂ ਕਰਕੇ ਕਿਸਾਨਾਂ ਦੇ ਉਤਸ਼ਾਹ ਅਤੇ ਮਾਨਸਿਕ ਤਿਆਰੀ ਨੂੰ ਟੈਸਟ ਕਰਨ ਦੇ ਯਤਨ ਕੀਤੇ। ਸਭ ਤੋਂ ਪਹਿਲਾਂ ਵੈਰੀਫਿਕੇਸ਼ਨ ਦਾ ਪਾਖੰਡ ਕੀਤਾ ਗਿਆ। ਮੀਡੀਆ ਅਤੇ ਕਿਸਾਨਾਂ ਨੂੰ ਅਲੱਗ-ਅਲੱਗ ਕਰਨ ਦੇ ਯਤਨ ਸਿੰਘੂ ਬਾਰਡਰ ਤੋਂ 1-2 ਕਿਲੋਮੀਟਰ ਅੱਗੇ ਜਾਂਦਿਆਂ ਹੀ ਸ਼ੁਰੂ ਹੋ ਗਏ। ਵੈਰੀਫਿਕੇਸ਼ਨ ਦਾ ਜ਼ੋਰਦਾਰ ਵਿਰੋਧ ਕੀਤਾ ਗਿਆ। ਕਿਸਾਨਾਂ ਦੇ ਪ੍ਰਤੀਨਿਧੀਆਂ ਦੀ ਰੋਹ-ਭਰੀ ਨਾਅਰੇਬਾਜ਼ੀ ਨੇ ਦਿੱਲੀ ਪੁਲੀਸ ਨੂੰ ਪਿੱਛੇ ਧੱਕ ਦਿੱਤਾ। ਕਾਫ਼ਲਾ ਰਵਾਨਾ ਹੋ ਕੇ ਜੰਤਰ-ਮੰਤਰ ਪੁੱਜ ਗਿਆ। ਪੁਲੀਸ ਵੱਲੋਂ ਜਿੱਥੇ ਰੋਕਿਆ ਗਿਆ ਉਥੇ ਹੀ ਸੰਸਦ ਸ਼ੁਰੂ ਕੀਤੀ ਗਈ।

ਸਭ ਤੋਂ ਪਹਿਲਾਂ ਛੇ ਮੈਂਬਰੀ ਪ੍ਰੀਜੀਡੀਅਮ ਚੁਣਿਆ ਗਿਆ ਜਿਸ ਵਿੱਚ ਹਨਨਮੁੱਲਾ, ਯੋਗੇਂਦਰ ਯਾਦਵ, ਸ਼ਿਵ ਕੁਮਾਰ ਕੱਕਾ ਅਤੇ ਤਿੰਨ ਮੈਂਬਰ ਪੰਜਾਬ ਤੋਂ ਜਿਸ ਵਿੱਚ ਹਰਮੀਤ ਸਿੰਘ ਕਾਦੀਆਂ, ਮਨਜੀਤ ਸਿੰਘ ਰਾਏ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਰਾਮਿੰਦਰ ਸਿੰਘ ਪਟਿਆਲਾ ਚੁਣੇ ਗਏ। ਪਹਿਲੇ ਦਿਨ ਦੇ ਤਿੰਨ ਸੈਸ਼ਨਾਂ ਦਾ ਸਮਾਂ ਵੰਡਿਆ ਗਿਆ। ਛੇ ਮੈਂਬਰਾਂ ਵਿੱਚੋਂ ਦੋ ਨੇ ਹਰ ਇੱਕ ਸੈਸ਼ਨ ਵਿੱਚ ਸਪੀਕਰ ਅਤੇ ਡਿਪਟੀ ਸਪੀਕਰ ਦੀ ਭੂਮਿਕਾ ਨਿਭਾਈ।

ਪ੍ਰਧਾਨਗੀ ਮੰਡਲ ਨੇ ਸਭ ਤੋਂ ਪਹਿਲਾਂ ਕਿਸਾਨ ਲਹਿਰ ’ਚ ਸ਼ਹੀਦੀਆਂ ਪ੍ਰਾਪਤ ਕਰ ਗਏ ਸ਼ਹੀਦਾਂ ਨੂੰ 2 ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ। ਕਿਸਾਨ ਸੰਸਦ ਦੀ ਕਵਰੇਜ਼ ਕਰਨ ਆਏ ਵੱਡੀ ਗਿਣਤੀ ਵਿੱਚ ਪੱਤਰਕਾਰ ਅਤੇ ਮੀਡੀਆ ਕਰਮੀਆਂ ਨੂੰ ਪੁਲੀਸ ਨੇ ਬੈਰੀਕੇਡ ਲਾ ਕੇ ਰੋਕ ਦਿੱਤਾ ਸੀ। ਜਿਸ ਵਿਰੁੱਧ ਕਿਸਾਨਾਂ ਨੇ ਮਤਾ ਪਾਸ ਕਰਕੇ ਇਸ ਨੂੰ ਮੋਦੀ ਸਰਕਾਰ ਅਤੇ ਦਿੱਲੀ ਪੁਲੀਸ ਵੱਲੋਂ ਮੀਡੀਆ ਦੀ ਆਜ਼ਾਦੀ ਦੇ ‘ਸ਼ਰਮਨਾਕ ਹਮਲਾ’ ਅਤੇ ਕਿਸਾਨ ਸੰਸਦ ਦੀ ਕਾਰਵਾਈ ਨੂੰ ਦੁਨੀਆਂ ਦੀਆਂ ਨਜ਼ਰਾਂ ਤੋਂ ਦੂਰ ਰੱਖਣ ਦੇ ਯਤਨਾਂ ਵਜੋਂ ਪ੍ਰਭਾਸ਼ਿਤ ਕਰਕੇ ਨਿਖੇਧੀ ਮਤਾ ਪਾਸ ਕੀਤਾ। ਦਿੱਲੀ ਪੁਲੀਸ ਦੇ ਅਧਿਕਾਰੀਆਂ ਕੋਲ ਪ੍ਰਜੀਡੀਅਮ ਮੈਂਬਰਾਂ ਨੇ ਨਾ ਸਿਰਫ ਸਖਤ ਇਤਰਾਜ ਜਤਾਇਆ ਬਲਕਿ ਸਖਤ ਕਦਮ ਪੁੱਟਣ ਦੀ ਚਿਤਾਵਨੀ ਦੇਣ ਮਗਰੋਂ ਮੀਡੀਆ ਉੱਪਰੋਂ ਪਾਬੰਦੀਆਂ ਹਟਾਈਆਂ ਗਈਆਂ।

ਪਹਿਲੇ ਦਿਨ ਮੰਡੀ ਬਾਈਪਾਸ ਕਾਨੂੰਨ ਉੱਪਰ ਵਿਸਥਾਰ ਚਰਚਾ ਦਾ ਆਰੰਭ ਕੀਤਾ ਗਿਆ। ਕਿਸਾਨ ਆਗੂ ਪ੍ਰੇਮ ਸਿੰਘ ਭੰਗੂ ਨੇ ਬਹਿਸ ਦਾ ਆਰੰਭ ਕੀਤਾ ਅਤੇ ਸਤਨਾਮ ਸਿੰਘ ਬਹਿਰੂ ਇਸ ਦਿਨ ਦੇ ਆਖਰੀ ਬੁਲਾਰੇ ਸਨ। ਕੁੱਲ 45 ਕਿਸਾਨ ਆਗੂ ਕਾਨੂੰਨ ਦੇ ਵੱਖ-ਵੱਖ ਪਹਿਲੂਆਂ ਬਾਰੇ ਬੋਲੇ। 19 ਦੇ ਜਨਰਲ ਸਕੱਤਰ ਡਾ. ਅਸ਼ੀਸ਼ ਮਿੱਤਲ ਵੀ ਬੁਲਾਰਿਆਂ ਵਿੱਚ ਸ਼ਾਮਿਲ ਸਨ। ਇਸਤੋਂ ਇਲਾਵਾ ਸੋਨੀਆ ਮਾਨ, ਸੁਦੇਸ਼ (ਕੰਡੇਲੇ ਵਾਲੀ ਤਾਈ), ਜਸਵੀਰ ਸਿੰਘ ਫਤਿਹਪੁਰ ਅਤੇ ਹਰਵਿੰਦਰ ਸਿੰਘ ਗਿੱਲ ਕਿਰਤੀ ਕਿਸਾਨ ਯੂਨੀਅਨ ਅਤੇ 19 ਦੇ ਪ੍ਰਤੀਨਿਧਾਂ ਵਜੋਂ ਸ਼ਾਮਲ ਸਨ। ਦੁਪਹਿਰ ਵੇਲੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਆਇਆ ਲੰਗਰ ਸਾਰਿਆਂ ਨੇ ਪੰਗਤ ਵਿੱਚ ਬਹਿ ਕੇ ਛਕਿਆ।

ਦੂਜੇ ਦਿਨ ਵੀ ਮੰਡੀ ਬਾਈਪਾਸ ਕਾਨੂੰਨ ਉਪਰ ਚਰਚਾ ਜਾਰੀ ਰਹੀ। ਦੂਜੇ ਦਿਨ ਛੇ ਮੈਂਬਰਾਂ ਦਾ ਨਵਾਂ ਪ੍ਰਜੀਡੀਅਮ ਚੁਣਿਆ ਗਿਆ। ਇਹ ਕਵਾਇਦ ਹਰ ਰੋਜ਼ ਜਾਰੀ ਰੱਖੀ ਗਈ ਹੈ। ਦੂਸਰੇ ਦਿਨ 19 ਦੇ ਕੌਮੀ ਪ੍ਰਧਾਨ ਵੀ. ਵੈਂਕਟਾਰਮੱਈਆ (ਤਿਲੰਗਾਨਾ) ਪ੍ਰਜੀਡੀਅਮ ਮੈਂਬਰ ਚੁਣੇ ਗਏ। ਦੂਸਰੇ ਦਿਨ 52 ਕਿਸਾਨ ਆਗੂਆਂ ਨੇ ਆਪਣੇ ਵਿਚਾਰ ਰੱਖੇ। ਇਸ ਦਿਨ ਕਿਰਤੀ ਕਿਸਾਨ ਯੂਨੀਅਨ ਦੇ ਦਰਸ਼ਨ ਸਿੰਘ ਕੂਨਰ, ਸਰਬਜੀਤ ਸਿੰਘ ਅਲਾਲ ਅਤੇ ਕਿਰਤੀ ਕਿਸਾਨ ਮੋਰਚਾ ਰੋਪੜ ਦੇ ਆਗੂ ਵੀਰ ਸਿੰਘ ਬੜਵਾ ਸ਼ਾਮਲ ਸਨ।

ਮਗਰੋਂ ਮਤਾ ਪਾਸ ਕਰਕੇ ਮੰਡੀ ਬਾਈਪਾਸ ਕਾਨੂੰਨ ਰੱਦ ਕੀਤਾ ਗਿਆ। ਪਾਰਲੀਮੈਂਟ ਅਤੇ ਕੇਂਦਰ ਸਰਕਾਰ ਨੂੰ ਇਸ ਕਾਨੂੰਨ ਨੂੰ ਰੱਦ ਕਰਨ ਦੇ ਆਦੇਸ਼ ਦਿੱਤੇ ਗਏ। ਸਰਕਾਰੀ ਮੰਡੀ ਸਿਸਟਮ ਦਾ ਵਿਸਥਾਰ ਅਤੇ ਮਜਬੂਤੀ ਲਈ ਬਜਟ ਦੀ ਵਿਵਸਥਾ ਕਰਨ ਬਾਰੇ ਮਤੇ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਕਿਹਾ ਗਿਆ। ਦੂਸਰੇ ਦਿਨ ਕਿਸਾਨਾਂ ਨੇ ਆਪਣੇ ਵਿੱਚੋਂ ਇੱਕ ਰਵਨੀਤ ਸਿੰਘ ਬਰਾੜ ਨੂੰ ਖੇਤੀ ਮੰਤਰੀ ਤੋਮਰ ਬਣਾ ਲਿਆ, ਜਿਸਨੂੰ ਮਗਰੋਂ ਅਸਤੀਫਾ ਦੇਣ ਲਈ ਮਜਬੂਰ ਕੀਤਾ।

26 ਜੁਲਾਈ ਦਾ ਤੀਸਰਾ ਦਿਨ ਵੀ ਕਿਸਾਨ ਘੋਲ ਦਾ ਇਤਿਹਾਸਕ ਦਿਨ ਹੋ ਨਿਬੜਿਆ। ਇਹ ਕਿਸਾਨ ਸੰਸਦ ਵਿੱਚ ਔਰਤ ਪ੍ਰਤੀਨਿਧੀਆਂ ਲਈ ਰਾਖਵਾਂ ਸੀ। ਇਸ ਦਿਨ ਦਿੱਲੀ ਮੋਰਚਿਆਂ ਦੇ 8 ਮਹੀਨੇ ਵੀ ਪੂਰੇ ਹੋ ਗਏ ਸਨ। ਔਰਤਾਂ ਵਿੱਚ ਇੱਕ ਵੱਖਰਾ ਹੀ ਜੋਸ਼ ਅਤੇ ਉਤਸ਼ਾਹ ਸੀ। ਜੋ ਸਾਬਤ ਕਰਦਾ ਸੀ ਕਿ ਉਹ ਇਸ ਘੋਲ ਵਿੱਚ ਇੱਕ ਅਹਿਮ ਕੜੀ ਹੀ ਨਹੀਂ ਬਲਕਿ


ਮੋ: 94176-42785
84276-18686
62800-68493
ਮਾ. ਹਰੀਸ਼ ਮੋਦਗਿੱਲ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
ਦੁਕਾਨ ਨੰ: 7, ਪੰਜਾਬੀ ਭਵਨ, ਲੁਧਿਆਣਾ-141001
ਘਰ-ਪਿੰਡ ਤੇ ਡਾਕ ਪੱਖੋਵਾਲ, ਲੁਧਿਆਣਾ-141108
hmpkwl@gmail.com

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ
ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

Sandhu G Construction Ltd.
Preparation- Shower Base - Water Proof
We can install Ceramic Tiles & Marble, Back Splash Tiles, Tiles on Walls, Kitchen, Washroom or anywhere in Home.
You can upgrade your Kitchen or Washroom

ਵਰਕਰ ਦੀ ਤੁਰੰਤ ਲੋੜ
ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ


Harmanjot Dhudike
403-975-0006
Sharmanjot22@gmail.com
Dalveer Purba
587-435-5600

ਇਸ ਘੋਲ ਦੀਆਂ ਥੰਮ ਹਨ। ਉਨ੍ਹਾਂ ਨੇ ਦਿਖਾਇਆ ਕਿ ਜੇਕਰ ਉਨ੍ਹਾਂ ਨੂੰ ਢੁੱਕਵੀਂ ਅਗਵਾਈ ਅਤੇ ਮੌਕੇ ਮਿਲਣ ਤਾਂ ਉਹ ਕਿੰਨੀ ਜਿੰਮੇਵਾਰੀ ਨਾਲ ਲਹਿਰ ਦਾ ਭਾਰ ਆਪਣੇ ਮੋਢਿਆਂ 'ਤੇ ਚੁੱਕ ਸਕਦੀਆਂ ਹਨ। ਉਨ੍ਹਾਂ ਨੇ ਕੱਲ 9 ਮੈਂਬਰੀ ਪ੍ਰਜੀਡੀਅਮ ਚੁਣਿਆ। ਕਿਰਤੀ ਕਿਸਾਨ ਯੂਨੀਅਨ ਵੱਲੋਂ ਜਗਵਿੰਦਰ ਕੌਰ ਰਾਜੇਆਣਾ, ਛਿੰਦਰਪਾਲ ਕੌਰ ਰੋੜੇ ਅਤੇ ਸੰਦੀਪ ਕੌਰ ਚੌਂਦਾ ਸ਼ਾਮਲ ਹੋਏ। ਜ਼ਰੂਰੀ ਵਸਤਾਂ ਵਿੱਚ ਸੋਧ ਕਾਨੂੰਨ-2020 'ਤੇ ਬੇਹੱਦ ਦਿਲਚਸਪ ਵਿਚਾਰ-ਚਰਚਾ ਕੀਤੀ। ਕੁੱਲ 107 ਔਰਤਾਂ ਨੇ ਬਹਿਸ ਵਿੱਚ ਹਿੱਸਾ ਲਿਆ।

27 ਜੁਲਾਈ ਨੂੰ 62 ਬੁਲਾਰਿਆਂ ਨੇ ਸੰਸਦ ਦੀ ਬਹਿਸ ਵਿੱਚ ਹਿੱਸਾ ਲਿਆ। ਕਿਰਤੀ ਕਿਸਾਨ ਯੂਨੀਅਨ ਵੱਲੋਂ ਜਲੰਧਰ ਜ਼ਿਲ੍ਹੇ ਦੇ ਮੱਖਣ ਸਿੰਘ ਕੰਦੋਲਾ, ਅਵਤਾਰ ਸਿੰਘ ਸੰਧੂ ਅਤੇ ਸੁਰਜੀਤ ਸਿੰਘ ਉੱਪਲ ਨੇ ਭਾਗ ਲਿਆ। ਇਸ ਦਿਨ ਜ਼ਰੂਰੀ ਵਸਤਾਂ ਵਿੱਚ ਸੋਧ ਕਾਨੂੰਨ-2020 ਨੂੰ ਅਨਾਜ ਸੁਰੱਖਿਆ ਨੂੰ ਦਾਅ 'ਤੇ ਲਾਉਣ ਵਾਲਾ, ਲੋਕਾਂ ਨੂੰ ਭੁੱਖਮਰੀ ਵੱਲ ਧੱਕਣ ਵਾਲਾ, ਕਾਰਪੋਰੇਟ ਕੰਪਨੀਆਂ ਦੇ ਹੱਕ ਵਾਲਾ ਕਾਨੂੰਨ ਦੱਸਦੇ ਹੋਏ ਇਸਨੂੰ ਰੱਦ ਕਰਨ ਦਾ ਮਤਾ ਪਾਸ ਕੀਤਾ ਗਿਆ।

28 ਅਤੇ 29 ਜੁਲਾਈ ਨੂੰ ਦੋ ਦਿਨ ਭਾਰੀ ਬਰਸਾਤ ਵੀ ਕਿਸਾਨਾਂ ਦੇ ਹੌਸਲੇ ਪਸਤ ਨਹੀਂ ਕਰ ਸਕੀ। 28 ਤੇ 29 ਜੁਲਾਈ ਨੂੰ ਕਿਸਾਨ ਸੰਸਦ ਨੇ ਕੰਟਰੈਕਟ ਖੇਤੀ ਨਾਲ ਸਬੰਧਿਤ ਕਾਨੂੰਨ 'ਤੇ ਵਿਸਥਾਰ ਨਾਲ ਚਰਚਾ ਕੀਤੀ। 28 ਜੁਲਾਈ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਪ੍ਰਤੀਨਿਧੀਆਂ ਵਜੋਂ ਸੂਬਾਈ ਆਗੂ ਸੁਰਿੰਦਰ ਸਿੰਘ ਬੈਂਸ ਅਤੇ ਮੋਗੇ ਜ਼ਿਲ੍ਹੇ ਤੋਂ ਜਸਵੰਤ ਸਿੰਘ ਮੰਗੇਵਾਲਾ ਅਤੇ ਜਸਪ੍ਰੀਤ ਸਿੰਘ ਵੈਰੋਕੇ ਨੇ ਹਿੱਸਾ ਲਿਆ। 29 ਜੁਲਾਈ ਨੂੰ ਕਿਰਤੀ ਕਿਸਾਨ ਯੂਨੀਅਨ ਵੱਲੋਂ ਸੂਬਾ ਪ੍ਰੈਸ ਸਕੱਤਰ ਜਤਿੰਦਰ ਸਿੰਘ ਛੀਨਾ, ਸਤਨਾਮ ਸਿੰਘ ਝੰਡੇਰ ਅਤੇ ਕਿਰਤੀ ਕਿਸਾਨ ਮੋਰਚਾ ਰੋਪੜ ਦੇ ਮੇਜਰ ਸਿੰਘ ਨੇ ਹਿੱਸਾ ਲਿਆ। ਕਿਸਾਨ ਸੰਸਦ ਦੀ ਜਗ੍ਹਾ ਪਾਣੀ ਭਰ ਜਾਣ ਦੇ ਬਾਵਜੂਦ ਕਿਸਾਨਾਂ ਨੇ ਨਿਰਵਿਘਨ ਬਹਿਸ ਚਲਾ ਕੇ ਦਿਖਾਇਆ ਕਿ ਉਹ ਆਪਣੇ ਅੰਦੋਲਨ ਅਤੇ ਕਾਰਜ ਪ੍ਰਤੀ ਕਿੰਨੇ ਗੰਭੀਰ, ਦ੍ਰਿੜ ਅਤੇ ਪ੍ਰਤੀਬੱਧ ਹਨ। 29 ਜੁਲਾਈ ਨੂੰ ਕੰਟਰੈਕਟ ਖੇਤੀ ਕਾਨੂੰਨ-2020 ਨੂੰ ਰੱਦ ਕਰਕੇ ਇਸਦੇ ਕਿਸਾਨ, ਖੇਤੀ, ਦੇਸ਼ ਵਿਰੋਧੀ ਅਤੇ ਕੇਂਦਰ ਵੱਲੋਂ ਸੂਬਿਆਂ ਦੇ ਅਧਿਕਾਰਾਂ 'ਤੇ ਛਾਪਾ ਮਾਰਨ ਦੇ ਨੁਕਤਿਆਂ ਨੂੰ ਉਭਾਰਦਾ ਮਤਾ ਪਾਸ ਕੀਤਾ ਗਿਆ।

30 ਜੁਲਾਈ ਨੂੰ ਵੀ ਮੀਂਹ ਥੰਮਣ ਦਾ ਨਾਂ ਨਹੀਂ ਸੀ ਲੈ ਰਿਹਾ। ਦੂਸਰੇ ਪਾਸੇ ਮੀਂਹ ਦੇ ਬਾਵਜੂਦ ਕਿਸਾਨ ਜੱਥੇਬੰਦੀਆਂ ਦੇ ਕਾਫ਼ਲੇ ਆਪਣੇ ਪ੍ਰਤੀਨਿਧੀਆਂ ਨੂੰ ਵਿਦਾ ਕਰਨ ਲਈ ਜੁੜੇ। 200 ਕਿਸਾਨਾਂ ਦਾ ਕਾਫ਼ਲਾ ਪੂਰੇ ਜੋਸ਼ੋ-ਖਰੋਸ਼ ਅਤੇ ਉਤਸ਼ਾਹ ਨਾਲ ਰਵਾਨਾ ਹੋਇਆ। ਇਸ ਦਿਨ ਪ੍ਰਸਤਾਵਿਤ ਬਿਜਲੀ ਬਿੱਲ ਉੱਪਰ ਚਰਚਾ ਕੀਤੀ ਗਈ। ਇਸ ਦਿਨ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ, ਲੁਧਿਆਣੇ ਤੋਂ ਬਲਵਿੰਦਰ ਸਿੰਘ ਕੋਠੇ ਪੋਨੇ ਅਤੇ ਕਿਰਤੀ ਕਿਸਾਨ ਮੋਰਚਾ ਦੇ ਕਰਨੈਲ ਸਿੰਘ ਰੋਪੜ ਸ਼ਾਮਲ ਸਨ। ਭੁਪਿੰਦਰ ਸਿੰਘ ਲੌਂਗੋਵਾਲ ਅਤੇ ਬਲਵਿੰਦਰ ਸਿੰਘ ਕੋਠੇ ਪੋਨੇ ਨੇ ਵਿਚਾਰ-ਚਰਚਾ ਵਿੱਚ ਹਿੱਸਾ ਲਿਆ।

ਹੁਣ ਤੱਕ ਕਿਸਾਨ ਘੋਲ ਅਤੇ ਕਿਸਾਨ ਸੰਸਦ ਨੇ ਦੇਸ਼ ਦੀ ਪਾਰਲੀਮੈਂਟ ਵਿੱਚ ਵਿਰੋਧੀ ਪਾਰਟੀਆਂ ਨੂੰ ਕਿਸਾਨੀ ਘੋਲ ਦੀਆਂ ਮੰਗਾਂ 'ਤੇ ਆਵਾਜ਼ ਚੁੱਕਣ ਲਈ ਮਜਬੂਰ ਕੀਤਾ ਹੈ। ਮੋਦੀ ਸਰਕਾਰ ਤੇ ਉਸਦੇ ਮੰਤਰੀ ਕਿਸਾਨ ਸੰਸਦ ਤੋਂ ਡਾਢੇ ਦੁਖੀ ਹਨ। ਉਹ ਹਰ ਰੋਜ਼ ਘਬਰਾਹਟ ਵਿੱਚ ਆ ਕੇ ਬੇਤੁਕੇ ਅਤੇ ਸ਼ਰਮਨਾਕ ਬਿਆਨ ਦੇ ਰਹੇ ਹਨ। ਸਪੱਸ਼ਟ ਹੈ ਕਿ ਕਿਸਾਨਾਂ ਦੀ ਦ੍ਰਿੜਤਾ, ਹੌਸਲਾ ਅਤੇ ਆਪਣੇ ਕਾਰਜ ਪ੍ਰਤੀ ਪ੍ਰਤੀਬੱਧਤਾ ਨੂੰ ਮੋਦੀ ਸਰਕਾਰ ਦਾ ਸਾਰਾ ਅਮਲਾ-ਫੈਲਾ ਹਾਲੇ ਤੱਕ ਹਰ ਸੰਭਵ ਯਤਨ ਕਰਨ ਦੇ ਬਾਵਜੂਦ ਮਾਤ ਨਹੀਂ ਪਾ ਸਕਿਆ।

# ਬੀਜੇਪੀ ਦੇਸ਼ 'ਚ ਹਿੰਦੂ ਰਾਜ ਨਹੀਂ ਗੁੰਡਾ ਰਾਜ ਸਥਾਪਿਤ ਕਰਨਾ ਚਾਹੁੰਦੀ ਹੈ

**ਬਲਕਾਰ ਦੁਧਾਲਾ**



ਕਿਸੇ ਵੀ ਕੌਮ ਨੂੰ ਗੁਮਰਾਹ ਕਰਕੇ ਰਾਜ ਗੱਦੀ ਤੇ ਕਾਬਜ ਹੋਣਾ ਹੋਵੇ ਤਾਂ ਲੀਡਰ ਦਾ ਪਹਿਲਾ ਕੰਮ ਹੈ ਕਿ ਉਹ ਲੋਕਾਂ ਨੂੰ ਬਾਹਵਾਂ ਉਲਾਰਕੇ ਕਹੇ ਕਿ ਮੈਂ ਤੁਹਾਨੂੰ ਰਾਜ ਭਾਗ ਦਾ ਮਾਲਕ ਬਨਾਉਣਾ ਚਾਹੁੰਦਾ ਹਾਂ। ਬੱਸ ਲੀਡਰ ਦਾ ਇਹੀ ਕਥਨ ਲੋਕਾਂ ਵਿੱਚ ਘਰ ਕਰ ਜਾਂਦਾ ਹੈ ਕਿ ਸਾਡਾ ਲੀਡਰ ਸਾਡੇ ਵਾਸਤੇ ਸਾਨੂੰ ਰਾਜ ਭਾਗ ਦਾ ਮਾਲਿਕ ਬਨਾਉਣਾ ਚਾਹੁੰਦਾ ਹੈ।

ਇਸ ਗੱਲ ਤੇ ਹੀ ਉਸ ਕੌਮ ਦੇ ਉਸ ਧਰਮ ਦੇ ਉਸ ਜਾਤ ਦੇ ਉਸ ਜਮਾਤ ਦੇ ਲੋਕ ਆਪਣਾ ਰਾਜ ਲੈਣ ਵਾਸਤੇ ਲੜਨ ਮਰਨ ਵਾਸਤੇ ਤਿਆਰ ਹੋ ਜਾਂਦੇ ਹਨ। ਜੋ ਮਜਦੂਰ ਜਮਾਤ ਵਾਸਤੇ ਉਜਾੜੇ ਦਾ ਸਬੱਬ ਬਣ ਜਾਂਦਾ ਹੈ। ਕਿਉਂਕਿ ਧਰਮ ਦੇ ਨਾਮ ਤੇ ਜਾਂ ਕੌਮ ਦੇ ਨਾਮ ਤੇ ਸਥਾਪਤ ਕੀਤਾ ਹੋਇਆ ਰਾਜ, ਜਿਸ ਵਾਸਤੇ ਕਿਰਤੀ ਲੋਕ ਸੱਭ ਤੋਂ ਵੱਧ ਦੁੱਖ ਤਕਲੀਫਾਂ ਸਹਿੰਦੇ ਹਨ ਇਥੋਂ ਤੱਕ ਉਹ ਆਪਣੀਆਂ ਜਾਨਾਂ ਵੀ ਵਾਰ ਦੇਂਦੇ ਹਨ। ਪਰ ਜਿਸ ਮਕਸਦ ਵਾਸਤੇ ਇਹ ਸੱਭ ਕੁਝ ਕਿਰਤੀ ਲੋਕ ਕਰਦੇ ਹਨ ਉਹ ਕੁਝ ਕਿਰਤੀ ਲੋਕਾਂ ਨੂੰ ਜਦੋਂ ਪ੍ਰਾਪਤ ਨਹੀਂ ਹੁੰਦਾ ਤਾਂ ਫਿਰ ਨਿਰਾਸ ਹੋਕੇ ਨਵੀਆਂ ਸਰਬੰਦੀਆਂ ਵਿੱਚ ਸਾਮਿਲ ਹੁੰਦੇ ਹਨ। ਇਹੀ ਕਾਰਨ ਹੈ ਕਿ ਜਿੰਨੀ ਦੇਰ ਕਿਰਤੀ ਵਰਗ ਨੂੰ ਆਪਣੇ ਹੱਕ ਹਕੂਕ ਪ੍ਰਾਪਤ ਨਹੀਂ ਹੁੰਦੇ ਉਨੀ ਦੇਰ ਉਹ ਆਪਣੇ ਰਾਜ ਭਾਗ ਦੀ ਸਥਾਪਤੀ ਵਾਸਤੇ ਭਟਕਣ ਵਿੱਚ ਹੀ ਆਪਣਾ ਬਾਰ ਬਾਰ ਸੋਸਣ ਕਰਾਉਣ ਵਾਸਤੇ ਮਜਬੂਰ ਹੁੰਦੇ ਰਹਿੰਦੇ ਹਨ। ਇਹ ਵਰਤਾਰਾ ਸਦੀਆਂ ਤੋਂ ਹੀ ਮਜਦੂਰ ਵਰਗ ਨਾਲ ਵਾਪਰਦਾ ਰਿਹਾ ਹੈ।ਕਿਉਂ ਕਿ ਜਿੰਨੀ ਦੇਰ ਇਸਦਾ ਬਦਲ ਕਾਰਲ ਮਾਰਕਸ ਤੇ ਏਂਗਲਜ ਨੇ ਲਿਖਕੇ ਲੋਕਾਂ ਸਾਹਮਣੇ ਪੇਸ ਨਹੀਂ ਕਰ ਦਿੱਤਾ ਉਨੀ ਦੇਰ ਰਜਵਾੜਾ ਸਾਹੀ ਪ੍ਰਬੰਧ ਲੋਕਾਂ ਦੇ ਸਿਰ ਚੜ੍ਹਕੇ ਬੋਲਦਾ ਰਿਹਾ। ਇਸ ਵਰਗ ਨੇ ਆਪਣਾ ਰਾਜ ਲਿਆਉਣ ਵਾਸਤੇ ਵੱਡੀਆਂ ਬਾਦਸਾਹੀਆਂ ਦੇ ਤਖਤੇ ਪਲਟ ਕੇ ਆਪਣਾ ਰਾਜ ਸਥਾਪਿਤ ਕਰਨ ਦੀਆਂ ਅਨੇਕ ਕੁਰਬਾਨੀਆਂ ਦਿੱਤੀਆਂ ਜਿਸ ਨਾਲ ਉਹ ਕਾਮਯਾਬ ਵੀ ਹੋਏ। ਬਲਹਾਰੇ ਜਾਈਏ ਉਹਨਾਂ ਲੀਡਰਾਂ ਦੇ ਜਿਹਨਾਂ ਨੇ ਬਿਨਾਂ ਧਰਮ, ਕੌਮ, ਜਾਤ ਦੇ ਕਿਰਤੀ ਲੋਕਾਂ ਨੂੰ ਲਾਮਬੰਦ ਕਰਕੇ ਸਿਰਫ ਤੇ ਸਿਰਫ ਕਿਰਤੀ ਲੋਕਾਂ ਦਾ ਰਾਜ ਭਾਗ ਲਿਆਉਣ ਵਾਸਤੇ ਉਤਸਾਹਿਤ ਕਰਕੇ ਰਾਜ ਭਾਗ ਤੇ ਕਾਬਜ ਕਰਵਾਇਆ। ਜੋ ਕਿਰਤੀ ਵਰਗ ਸਦੀਆਂ ਤੱਕ ਯਾਦ ਕਰਦੇ ਰਹਿਣਗੇ। ਹੁਣ ਵੀ ਅਜਿਹਾ ਹੀ ਰਾਜ ਭਾਰਤ ਵਿੱਚ ਸਥਾਪਿਤ ਕਰਨ ਦੀ ਜਰੂਰਤ ਹੈ।

ਲੋਕਾਂ ਨੂੰ ਅਜ਼ਾਦੀ ਤੋਂ ਬਾਅਦ ਇੱਕ ਚੰਗਾ ਤੇ ਵਧੀਆ ਰਾਜ ਪ੍ਰਬੰਧ ਆਉਣ ਦੀ ਸੰਭਾਵਨਾ ਸੀ ਜੋ ਲੋਕਤੰਤਰ ਦੇ ਨਾਮ ਹੇਠ ਹੀ ਦੱਬੀ ਗਈ। ਅਜ਼ਾਦੀ ਤੋਂ ਬਾਅਦ ਬਿਨਾਂ ਸੱਕ ਲੋਕ ਰਾਜ ਸਥਾਪਿਤ ਹੋਇਆ! ਪਰ ਕੰਮ ਕਰਨ ਵਾਲੇ ਲੋਕਾਂ ਪੱਲੇ ਨਿਰਾਸਾ ਹੀ ਪਈ। ਬਿਨਾਂ ਸੱਕ ਪਹਿਲਾਂ ਪਹਿਲ ਦੇਸ ਨੇ ਕੁਝ ਤਰੱਕੀ ਦੀਆਂ ਪੁਲਾਂਘਾ ਵੀ ਪੁੱਟੀਆਂ ਪਰ ਹੌਲੀ ਹੌਲੀ ਇਹ ਰਾਜ ਪ੍ਰਬੰਧ ਵੀ ਰਿਸਵਤ ਖੋਰ ਤੇ ਭ੍ਰਿਸਟ ਲੋਕਾਂ ਦੇ ਹੱਥਾਂ ਵਿੱਚ ਆਉਣ ਕਰਕੇ ਲੋਕਾਂ ਦੀ ਜਿੰਦਗੀ ਔਖੀ ਹੋਣ ਲੱਗ ਪਈ। ਇਹੀ ਕਾਰਨ ਕਿ ਲੋਕ ਆਪਣੀ ਬੰਦ ਖਲਾਸੀ ਵਾਸਤੇ ਵੱਖੋ ਵੱਖਰੇ ਰਾਜ ਵਿੱਚ ਸੰਘਰਸ਼ ਸ਼ੁਰੂ ਕਰਨ ਲੱਗੇ। ਪਰ ਸਮੇਂ ਦੀਆਂ ਸਰਕਾਰਾਂ ਨੇ ਭ੍ਰਿਸਟਾਚਾਰ ਰਿਸ਼ਵਤਖੋਰੀ ਨੂੰ ਰੋਕਣ ਦੀ ਬਜਾਏ ਰਾਜਾਂ ਨੂੰ ਛੋਟੇ ਕਰਨ ਦਾ ਵਤੀਰਾ ਅਪਨਾਇਆ। ਜਿਸਦੇ ਕਾਰਨ ਲੋਕਾਂ ਦਾ ਕੌਮੀ ਸੁਭਾਅ ਬਦਲਕੇ ਜਾਤੀ ਅਤੇ ਧਾਰਮਿਕ ਪਾਰਟੀਆਂ ਵੱਲ ਰੁਝਾਨ ਹੋਣਾ ਸ਼ੁਰੂ ਹੋ ਗਿਆ। ਕਈ ਰਾਜਾਂ ਵਿੱਚ ਧਾਰਮਿਕ ਤੇ ਜਾਤ ਅਧਾਰ ਤੇ ਸਰਕਾਰਾਂ ਹੋਂਦ ਵਿੱਚ ਵੀ ਆਈਆਂ। ਪਰ ਲੋਕਾਂ ਦੇ ਜ਼ਿੰਦਗੀ ਨਾਲ ਜੁੜੇ ਸਵਾਲ ਜਿਉਂ ਦੇ ਤਿਉਂ ਹੀ ਖੜ੍ਹੇ ਰਹੇ।

ਸਮੇਂ ਦੇ ਹਾਕਮਾਂ ਨੇ ਬਹੁਤ ਹੀ ਚਲਾਕੀ ਨਾਲ ਲੋਕਾਂ ਦੇ ਜਰੂਰੀ ਮਸਲਿਆਂ ਵਲੋਂ ਧਿਆਨ ਹਟਾਕੇ ਭ੍ਰਿਸਟਾਚਾਰ ਦੇ ਮੁੱਦੇ ਨੂੰ ਮੁੱਖ ਮੁੱਦਾ ਉਬਾਰਕੇ ਲੋਕਾਂ ਸਾਹਮਣੇ ਇੰਝ ਪੇਸ ਕੀਤਾ ਕਿ ਮਨੁੱਖਤਾ ਦੇ ਸਾਰੇ ਦੁੱਖਾਂ ਦੀ ਜੜ੍ਹ ਹੀ ਭ੍ਰਿਸਟਾਚਾਰ ਹੈ।ਜੇ ਇਸਤੋਂ ਨਿਜਾਤ ਪਾਉਣ ਵਾਸਤੇ ਇਸ ਅਲਾਮਤ ਤੋਂ ਖਹਿੜਾ ਛਡਾਉਣ ਵਾਸਤੇ ਕੇਂਦਰ ਦੀ ਸਰਕਾਰ ਨੂੰ ਬਦਲਣਾ ਬਹੁਤ ਜਰੂਰੀ ਹੈ। ਇਸ ਕੰਮ ਵਾਸਤੇ ਦੇਸ ਦੇ ਵੱਡੇ ਸਰਮਾਏਦਾਰਾਂ, ਤੇ ਧੰਨ ਕੁਬੇਰਾਂ ਨੇ ਸਰਕਾਰ ਨੂੰ ਡੇਗਣ ਵਾਸਤੇ ਹਰ ਕਿਸਮ ਦੇ ਹੀਲੇ ਵਰਤੇ। ਦੇਸ ਵਿੱਚ ਵੱਡੀ ਪੱਧਰ ਤੇ ਭ੍ਰਿਸਟਾਚਾਰ ਖਿਲਾਫ ਤੇ ਸਰਕਾਰ ਦੇ ਖਿਲਾਫ ਅੰਦੋਲਨ ਸ਼ੁਰੂ ਕੀਤੇ ਗਏ। ਜਿਸ ਨਾਲ ਲੋਕਾਂ ਦਾ ਹਾਕ ਸਰਕਾਰ ਦੇ ਵਿਰੁੱਧ ਵਿੱਚ ਗੁਸ਼ਾ ਉਬਾਲੇ ਖਾਣ ਲੱਗਿਆ। ਬੱਸ ਇਸੇ ਵਕਤ ਦਾ ਫਾਇਦਾ ਉਠਾਇਆ ਹੁਣ ਦੀ ਮੌਜੂਦਾ ਸਰਕਾਰ ਨੇ ਅਤੇ ਆਪਣੇ ਖੁਰੇ ਹੋਏ ਵਜੂਦ ਨੂੰ ਫਿਰ ਮਜਬੂਤ ਕਰਨ ਵਾਸਤੇ ਬੀਜੇਪੀ ਨੇ ਸਰਗਰਮੀਆਂ ਸੁਰੂ ਕਰ ਦਿੱਤੀਆਂ।

2014 ਦੀਆਂ ਚੋਣਾ ਸਮੇਂ ਬੀਜੇਪੀ ਨੇ ਬਹੁਤ ਹੀ ਲੋਕ ਲੁਭਾਵਣੇ ਨਾਹਰੇ ਦਿੱਤੇ। ਜਿਵੇਂ ਕਾਲਾ ਧੰਨ ਵਿਦੇਸ਼ਾਂ ਵਿੱਚੋਂ ਲੈਕੇ ਆਉਣਾ, ਜਿਹੜੇ ਲੋਕਾਂ ਦਾ ਵਿਦੇਸਾਂ ਵਿੱਚ ਧੰਨ ਸਵਿਸ਼ ਬੈਂਕਾਂ ਉਹਨਾਂ ਤੇ ਕਨੂੰਨੀ ਕਾਰਵਾਈ ਕੀਤੀ ਜਾਵੇਗੀ। ਬਾਹਰੋਂ ਧੰਨ ਮੰਗਵਾਕੇ ਲੋਕਾਂ ਦੇ ਖਾਤਿਆਂ ਵਿੱਚ ਪੰਦਰਾਂ ਪੰਦਰਾਂ ਲੱਖ ਰੁਪਏ ਪਾਏ ਜਾਣਗੇ, ਜਿਸ ਨਾਲ ਲੋਕਾਂ ਦੇ ਚੰਗੇ ਦਿਨ ਆਉਣਗੇ। ਇਹਨਾਂ ਨਾਹਰਿਆਂ ਨਾਲ ਆਮ ਲੋਕਾਂ ਨੂੰ ਆਪਣਾ ਸੁਨਹਿਰੀ ਭਵਿੱਖ ਨਜਰ ਆਉਣ ਲੱਗਿਆ।ਜਿਸ ਦੇਕਾਰਨ ਬਹੁਤੇ ਦੱਬੇ ਕੁਚਲੇ ਤੇ ਆਮ ਲੋਕਾਂ ਨੇ ਬੀਜੇਪੀ ਨੂੰ ਤੇ ਉਸਦੀਆਂ ਸਹਿਯੋਗੀ ਪਾਰਟੀਆਂ ਨੂੰ ਦੇਸ ਦੀ ਰਾਜ ਗੱਦੀ ਸਾਂਭਣ ਦੀ ਹਮਾਇਤ ਕਰ ਦਿੱਤੀ।

2014 ਵਿੱਚ ਹੀ ਰਾਜਗੱਦੀ ਮੋਦੀ ਤੇ ਅਮਿਤ ਸ਼ਾਹ ਦੇ ਹੱਥ ਆ ਜਾਂਦੀ ਹੈ। ਫਿਰ ਜੋ ਹੋ ਰਿਹਾ ਹੈ ਸਭ ਦੀਆਂ ਨਜ਼ਰਾਂ ਦੇ ਸਾਹਮਣੇ ਹੈ। ਲੋਕਾਂ ਵਾਸਤੇ ਕੁਝ ਵੀ ਕਰਨ ਵਿੱਚ ਨਕਾਮ ਰਹੀ ਸਰਕਾਰ ਨੇ ਲੋਕਾਂ ਨੂੰ ਆਪਿਸ ਵਿੱਚ ਉਲਝਾਉਣਾ ਸ਼ੁਰੂ ਕਰ ਦਿੱਤਾ। ਜੱਜਾਂ ਦੇ ਕਤਲ ਬੁੱਧੀਜੀਵੀਆਂ ਦੇ ਕਤਲ ਲੇਖਕਾਂ ਦੇ ਕਤਲ ਵਿਦਿਆਰਥੀਆਂ ਤੇ ਨਜਾਇਜ਼ ਕੇਸ, ਸਿਆਸੀ ਪਾਰਟੀਆਂ ਦੇ ਲੀਡਰਾਂ ਤੇ ਕੇਸ ਕਰ ਦਿੱਤੇ ਗਏ ਨਾਹਰਿਆਂ ਨੂੰ ਮੋਦੀ ਸਰਕਾਰ ਨੇ ਜੁਮਲਾ ਕਹਿਕੇ ਲੋਕਾਂ ਨੂੰ ਚੁੱਪ ਕਰਵਾ ਦਿੱਤਾ। ਪਰ ਨਵੇਂ ਨਾਹਰਿਆਂ ਨਾਲ ਲੋਕਾਂ ਦੇ ਹੱਥ ਫਿਰ ਰਾਮ ਮੰਦਿਰ ਤੇ ਹਿੰਦੂ ਰਾਜ ਦਾ ਇੱਕ ਨਵਾਂ ਨਕੋਰ ਛੁਣਛੁਣਾ ਫੜਾ ਦਿੱਤਾ।

ਜੋ ਹੁਣ ਤੱਕ ਲੋਕ ਛਣਕਾ ਰਹੇ ਹਨ,ਲੋਕਾਂ ਵਿੱਚ ਮੁੱਢਲੇ ਤੌਰ 'ਤੇ ਮੁਸ਼ਕਲਾਂ ਉਹੀ ਹਨ ਜੋ ਸਦੀਆਂ ਤੋਂ ਚਲੀਆਂ ਆਂਉਦੀਆਂ ਹਨ। ਪਰ ਜਦੋਂ ਬੇਸਮਝ ਤੇ ਅਗਿਆਨ ਮਨੁੱਖਾਂ ਨੂੰ ਸੁਫਨਿਆਂ ਦਾ ਸੰਸਾਰ ਬਣਾਕੇ ਬਹੁਤ ਬਹੁਤ ਸਬਜਬਾਗ ਵਿਖਾਏ ਜਾਣ ਤਾਂ ਕੋਈ ਸਮਝਦਾਰ ਇਸ ਭੁਲੇਖਾ ਪਾਊ ਲਾਰੇ ਤੋਂ ਬਚ ਸਕਦਾ ਹੈ।

ਇਹੀ ਕਾਰਨ ਹੈ ਕਿ ਮੋਦੀ ਦੀ ਬੀਜੇਪੀ ਸਰਕਾਰ ਦੂਜੀ ਵਾਰੀ 2019 ਵਿੱਚ ਪੂਰਨ ਬਹੁਮੱਤ ਵਿੱਚ ਲੋਕਾਂ ਨੇ ਬਣਾ ਦਿੱਤੀ। ਫਿਰ ਕੀ ਸੀ ਮੋਦੀ ਦੀ ਦੂਸਰੀ ਵਾਰ ਬਣੀ ਸਰਕਾਰ ਬੇਲੁਗਾਮ ਹੋਕੇ ਆਪ ਹੁਦਰੀਆਂ ਕਰਨ ਤੇ ਉੱਤਰ ਆਈ ਨਵੇਂ ਗੁੱਲ ਖਿਲਾਉਣ ਲੱਗ ਪਈ ਹੈ। ਜਿਸਦਾ ਖਮਿਆਜਾ ਹਿੰਦੂਆਂ ਨੂੰ ਵੀ ਭੁਗਤਣਾ ਪੈ ਰਿਹਾ ਹੈ। ਘੱਟ ਗਿਣਤੀ ਹਿੰਦੂਆਂ ਦੀ ਹਾਥਰਥ ਯੂਪੀ ਵਿੱਚ ਜਬਰਜਨਾਹ ਕਰਕੇ ਹੱਤਿਆ, ਦਿੱਲੀ ਵਿੱਚ ਨੌਂ ਸਾਲ ਦੀ ਬੱਚੀ ਨਾਲ ਜਬਰ ਜਨਾਹ ਤੋਂ ਬਾਅਦ ਜਿੰਦਾ ਸਾੜ ਦੇਣਾ ਕੀ ਇਹ ਹਿੰਦੂਆਂ ਦਾ ਨਿਰਾਦਰ ਨਹੀਂ ਹੈ? ਹੋਰ ਵੀ ਅਨੇਕ ਘਟਨਾਵਾਂ ਹਨ ਜਿਹਨਾਂ ਦਾ ਹਿੰਦੂਆਂ ਨੇ ਵਿਰੋਧ ਕੀਤਾ ਹੈ ਪਰ ਉਸ ਕਦਰ ਨਹੀਂ ਕੀਤਾ ਗਿਆ। ਜਿਸ ਤਰ੍ਹਾਂ ਧੋਖੇ ਨਾਲ ਬੀਜੇਪੀ ਰਾਜਗੱਦੀ ਪ੍ਰਾਪਤ ਕੀਤੀ ਹੈ ਉਹ ਮਸਲੇ ਜਿਉਂ ਦੇ ਤਿਉਂ ਹਨ ਜਿਵੇਂ ਭ੍ਰਿਸਟਾਚਾਰ, ਰਿਸਵਤ ਖੋਰੀ,ਵੀ ਉਸੇ ਤਰ੍ਹਾਂ ਹੈ ਪਰ ਜਿਸ ਤਰ੍ਹਾਂ ਮੋਦੀ ਨੇ ਆਪਣੇ ਲੋਕਾਂ ਨੂੰ ਲੁੱਟਵਾਇਆ ਹੈ ਜਿਵੇਂ ਵਿਜੈ ਮਾਲਿਆ, ਨੀਰਵ ਮੋਦੀ ਜਿਹੇ ਅਨੇਕਾਂ ਹੀ ਲੋਕ ਗਿਣਾਏ ਜਾ ਸਕਦੇ ਹਨ। ਜਿਵੇਂ ਰੇਲਵੇ, ਏਅਰਪੋਰਟ, ਬੈਂਕਾਂ ਜਿਹੇ ਹੋਰ ਵੀ ਸਰਕਾਰੀ ਆਦਾਰਿਆਂ ਨੂੰ ਵੇਚ ਰਿਹਾ ਹੈ ਇਸ ਨਾਲ ਆਮ ਲੋਕਾਂ ਦੀ ਹੀ ਹਾਲਤ ਮਾੜੀ ਨਹੀਂ ਹੋ ਰਹੀ ਸਗੋਂ ਹਿੰਦੂ ਵਰਗ ਦੀ ਵੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ।ਦੇਸ ਦਾ ਕਿਸਾਨ ਪਿਛਲੇ ਨੌਂ ਮਹੀਨਿਆਂ ਤੋਂ ਖੇਤੀਬਾੜੀ ਦੇ ਕਾਲੇ ਕਨੂੰਨਾਂ ਨੂੰ ਰੱਦ ਕਰਾਉਣ ਵਾਸਤੇ ਤੰਗੀਆਂ ਝਾਕ ਰਿਹਾ ਹੈ। ਸੋ ਇਸ ਵਾਸਤੇ ਸਾਨੂੰ ਮੋਦੀ ਸਾਹ ਜੁੰਡਲੀ ਨੂੰ ਪਾਸੇ ਹਟਾਉਣ ਵਾਸਤੇ ਸਿਰ ਜੋੜ ਮੇਹਨਤ ਦੀ ਲੋੜ ਹੈ। ਇਹੋ ਜਿਹਾ ਰਾਜ ਸਥਾਪਤ ਕਰਨ ਦੀ ਲੋੜ ਹੈ ਜਿਸ ਵਿੱਚ ਹਰ ਮਨੁੱਖ ਨੂੰ ਬਰਾਬਰ ਦਾ ਸਤਿਕਾਰ ਮਿਲੇ। ਕਿਉਂਕਿ ਬੀਜੇਪੀ ਹਿੰਦੂ ਰਾਜ ਨਹੀਂ ਗੁੰਡਾ ਰਾਜ ਸਥਾਪਤ ਕਰਨ ਤੇ ਉੱਤਰ ਆਈ ਹੈ। ਇਸ ਰਾਜ ਵਿੱਚ ਸਾਡੀਆਂ ਧੀਆਂ ਵੀ ਬੇਪੱਤ ਹੋ ਰਹੀਆਂ ਹਨ।

# ਮਾਂ ਪ੍ਰੀਤਮ ਕੌਰ ਅੱਚਰਵਾਲ : ਸਦਾ ਅਮਰ ਰਹਿਣਗੇ

ਗਲੇ ਸੜੇ ਨਿਜ਼ਾਮ ਨੂੰ ਬਦਲਕੇ, ਲੋਕ-ਪੱਖੀ ਰਾਜ ਅਤੇ ਸਮਾਜ ਦੀ ਸਿਰਜਣਾ ਲਈ ਜ਼ਿੰਦਗੀ ਭਰ ਸੰਗਰਾਮੀ ਪਰਚਮ ਬੁਲੰਦ ਰੱਖਣ ਅਤੇ ਸ਼ਹੀਦੀ ਜਾਮ ਪੀ ਜਾਣ ਵਾਲੇ, ਅਮਰ ਸਿੰਘ ਅੱਚਰਵਾਲ (ਲੁਧਿਆਣਾ) ਦੇ ਜੀਵਨ ਸਾਥਣ, ਪ੍ਰੀਤਮ ਕੌਰ ਜਿਸਮਾਨੀ ਤੌਰ 'ਤੇ ਸਾਥੋਂ ਵਿਛੜ ਕੇ ਵੀ ਸਦਾ ਲੋਕ ਲਹਿਰ ਦੇ ਸਾਹਾਂ ਵਿਚ ਵਸਦੇ ਰਹਿਣਗੇ।



ਮਾਂ ਪ੍ਰੀਤਮ ਕੌਰ ਨੇ ਹਕੂਮਤੀ ਅਤੇ ਫਿਰਕੂ ਫਾਸ਼ੀ ਹਰ ਵੰਨਗੀ ਦੀਆਂ ਕਾਲੀਆਂ ਹਨੇਰੀਆਂ ਦੇ ਦੌਰ ਵਿੱਚ ਸਾਥੀ ਅਮਰ ਸਿੰਘ ਅੱਚਰਵਾਲ ਅਤੇ ਉਹਨਾਂ ਦੇ ਇਨਕਲਾਬੀ ਕਾਫਲੇ ਦਾ ਡਟਕੇ ਸੰਗ ਸਾਥ ਦਿੱਤਾ।

ਜਦੋਂ ਕਾਂਗਰਸੀ ਅਤੇ ਬਾਦਲ ਹਕੂਮਤ ਨੇ ਗਦਰੀ ਬਾਬਿਆਂ ਅਤੇ ਭਗਤ-ਸਰਾਭਿਆਂ ਦੇ ਵਾਰਸ ਕਮਿਊਨਿਸਟ ਇਨਕਲਾਬੀਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਮੁਕਾਉਣ ਲਈ ਹੱਲੇ ਬੋਲੇ, ਜਦੋਂ ਘਰਾਂ ਦੀਆਂ ਕੁਰਕੀਆਂ, ਮਾਲ ਡੰਗਰ, ਸਾਜੋ ਸਾਮਾਨ ਚੁੱਕ ਲਿਜਾਣ, ਪਰਿਵਾਰਾਂ ਅਤੇ ਸਾਕ ਸਬੰਧੀਆਂ ਉਪਰ ਕਹਿਰ ਢਾਹਿਆ ਉਸ ਵੇਲੇ ਮਾਂ ਪ੍ਰੀਤਮ ਕੌਰ ਅਤੇ ਉਹਨਾਂ ਦੇ ਪਰਿਵਾਰ ਨੇ ਹਰ ਜਬਰ ਦਾ ਖਿੜੇ ਮੱਥੇ ਮੁਕਾਬਲਾ ਕੀਤਾ। ਅਮਰ ਸਿੰਘ ਅੱਚਰਵਾਲ ਦੀ ਸਹਾਦਤ ਮੌਕੇ ਪੰਜਾਬ ਦੇ ਅੰਬਰ ਤੇ ਦਹਿਸ਼ਤ ਦੀ ਚਾਦਰ ਛਾਈ ਹੋਈ ਸੀ। ਪੂਰੇ ਇਲਾਕੇ ਦੇ ਮੰਨੇ ਪ੍ਰਮੰਨੇ ਆਗੂ ਦੀ ਸ਼ਹਾਦਤ ਉਪਰੰਤ ਪਰਿਵਾਰ ਕਿਵੇਂ ਤੁਰੇਗਾ ਇਸ ਸੁਆਲ ਦਾ ਪਰਿਵਾਰ ਨੇ ਸਿਦਕ ਦਿਲੀ ਨਾਲ ਜਵਾਬ ਦਿੱਤਾ।

ਮਾਂ ਪ੍ਰੀਤਮ ਕੌਰ ਅਤੇ ਉਹਨਾਂ ਦੇ ਪਰਿਵਾਰ ਨੇ ਸਾਥੀ ਅਮਰ ਸਿੰਘ ਦੀ ਡੁੱਲ੍ਹੀ ਰੱਤ ਨੂੰ ਸਲਾਮ ਕੀਤੀ। ਸੂਹਾ ਝੰਡਾ ਉੱਚਾ ਕੀਤਾ।

ਲੋਕ ਲਹਿਰ ਨੂੰ ਮੱਠਾ ਪਾ ਦੇਣ ਦਾ ਕਾਤਲੀ ਟੋਲੇ ਦਾ ਭਰਮ ਚਕਨਾ ਚੂਰ ਕੀਤਾ।

ਮਾਂ ਹਰ ਵਰ੍ਹੇ 12 ਸਤੰਬਰ ਨੂੰ ਸ਼ਹੀਦ ਅਮਰ ਸਿੰਘ ਅੱਚਰਵਾਲ ਸ਼ਰਧਾਂਜਲੀ ਸਮਾਗਮ ਮੌਕੇ ਝੰਡਾ ਬੁਲੰਦ ਰੱਖਣ ਦਾ ਅਹਿਦ ਕਰਦੇ।

ਘਰ ਪਰਿਵਾਰ ਜਦੋਂ ਗੱਭਰੂ ਪੁੱਤ ਤੋਂ ਵੀ ਸੁੰਨਾ ਹੋ ਗਿਆ ਤਾਂ ਵੀ ਮਾਂ ਅਤੇ ਧੀਆਂ, ਪੁੱਤਾਂ ਤੋਂ ਵੀ ਪਿਆਰੇ ਜੁਆਈਆਂ ਨੇ ਜੋਟੀ ਪਾ ਕੇ ਤੁਰਨ ਦਾ ਮਾਣਮੱਤਾ ਵਿਰਸਾ ਅੱਗੇ ਤੋਰਿਆ।

ਬੀਤੇ ਦਿਨੀਂ ਵਿਛੜ ਗਈ ਮਾਂ ਪ੍ਰੀਤਮ ਕੌਰ ਨੂੰ ਅੱਜ ਸਰਧਾਂਜਲੀ ਸਮਾਗਮ ਮੌਕੇ ਸੂਹੀ ਸਰਧਾਂਜਲੀ ਅਰਪਿਤ ਕਰਦਿਆਂ ਉਨ੍ਹਾਂ ਦੀਆਂ ਪੈੜਾਂ ਸੰਭਾਲਣ ਦਾ ਅਹਿਦ ਕਰੀਏ।

**ਅਮੋਲਕ ਸਿੰਘ**
ਪ੍ਰਧਾਨ,
**ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ)**

# ਭਾਰਤ ਵਿਚ ਮੌਤਾਂ ਦਾ ਮਨਹੂਸ ਮੌਸਮ ਤੇਜ਼ੀ ਨਾਲ ਜਾਸੂਸੀ ਦੇ ਮੌਸਮ 'ਚ ਬਦਲਦਾ ਹੋਇਆ ਨਜ਼ਰ ਆ ਰਿਹਾ ਹੈ



ਕੋਰੋਨਾ ਵਾਇਰਸ ਦੀ ਦੂਜੀ ਲਹਿਰ ਲਹਾਓ 'ਚ ਹੈ, ਅਤੇ ਇਹ ਆਪਣੇ ਪਿੱਛੇ ਛੱਡ ਗਈ ਹੈ ਅੰਦਾਜ਼ਨ 40 ਲੱਖ ਭਾਰਤੀਆਂ ਦੀਆਂ ਮੌਤਾਂ। ਮੌਤਾਂ ਦਾ ਅਧਿਕਾਰਕ ਸਰਕਾਰੀ ਅੰਕੜਾ ਇਸ ਦਾ ਦਸਵਾਂ ਹਿੱਸਾ ਹੈ - ਚਾਰ ਲੱਖ। ਨਰਿੰਦਰ ਮੋਦੀ ਦੀ ਇਸ ਖ਼ੌਫ਼ਨਾਕ ਹਕੂਮਤ 'ਚ, ਜਦੋਂ ਸ਼ਮਸ਼ਾਨ ਘਾਟਾਂ ਉੱਪਰੋਂ ਧੂੰਆਂ ਖਿੰਡਣਾ ਸ਼ੁਰੂ ਹੋ ਗਿਆ ਅਤੇ ਕਬਰਸਤਾਨਾਂ ਦੀ ਮਿੱਟੀ ਜੰਮਣੀ ਸ਼ੁਰੂ ਹੋ ਗਈ, ਤਾਂ ਸਾਡੀਆਂ ਸੜਕਾਂ ਉੱਪਰ 'ਥੈਂਕਯੂ ਮੋਦੀ ਜੀ" ਕਹਿੰਦੇ ਹੋਏ ਧੜਵੈਲ ਹੋਰਡਿੰਗ ਉੱਭਰ ਆਏ। (ਇਹ ਉਸ "ਮੁਫ਼ਤ ਵੈਕਸੀਨ" ਦੇ ਲਈ ਲੋਕਾਂ ਵੱਲੋਂ ਪੇਸ਼ਗੀ ਧੰਨਵਾਦ ਹੈ, ਜੋ ਜ਼ਿਆਦਾਤਰ ਤਾਂ ਉਪਲਬਧ ਨਹੀਂ ਹੈ, ਅਤੇ ਜੋ ਆਬਾਦੀ ਦੇ 95ਫੀ ਸਦੀ ਨੂੰ ਅਜੇ ਲੱਗਣਾ ਬਾਕੀ ਹੈ।) ਜਿੱਥੋਂ ਤੱਕ ਮੋਦੀ ਸਰਕਾਰ ਦੀ ਗੱਲ ਹੈ, ਇਸ ਮੁਤਾਬਿਕ ਮੌਤਾਂ ਤੇ ਸਹੀ ਅੰਕੜਿਆਂ ਦੀ ਗਿਣਤੀ ਕਰਨ ਦੀ ਕੋਈ ਵੀ ਕੋਸ਼ਿਸ਼ ਭਾਰਤ ਦੇ ਖ਼ਿਲਾਫ਼ ਇਕ ਸਾਜ਼ਿਸ਼ ਹੈ - ਮਾਨੋ ਜੋ ਦਹਿ ਲੱਖਾਂ ਹੋਰ ਲੋਕ ਮਰੇ ਉਹ ਮਹਿਜ਼ ਐਕਟਰ ਸਨ ਜੋ ਇਕ ਬਦਨੀਅਤ ਨਾਲ ਕੰਮ ਕਰ ਰਹੇ ਸਨ, ਜੋ ਉਨ੍ਹਾਂ ਭੀੜੀਆਂ, ਸਮੂਹਿਕ ਕਬਰਾਂ 'ਚ ਲੰਮੇ ਪੈ ਗਏ, ਜਿਨ੍ਹਾਂ ਨੂੰ ਤੁਸੀਂ ਆਸਮਾਨ ਤੋਂ ਲਈਆਂ ਤਸਵੀਰਾਂ 'ਚ ਦੇਖਿਆ, ਜਾਂ ਜਿਨ੍ਹਾਂ ਨੇ ਲਾਸ਼ਾਂ ਦਾ ਭੇਖ ਧਾਰ ਕੇ ਖ਼ੁਦ ਨੂੰ ਨਦੀਆਂ 'ਚ ਵਹਾਇਆ, ਜਾਂ ਜਿਨ੍ਹਾਂ ਨੇ ਸ਼ਹਿਰਾਂ ਦੇ ਫੁੱਟਪਾਥਾਂ ਉੱਪਰ ਖ਼ੁਦ ਦੀ ਲਾਸ਼ ਜਲਾਈ। ਉਹ ਸਾਰੇ ਭਾਰਤ ਦੀ ਕੌਮਾਂਤਰੀ ਸਾਖ਼ਾ ਨੂੰ ਬਦਨਾਮ ਕਰਨ ਦੀ ਇੱਕੋਇਕ ਖ਼ਵਾਇਸ਼ ਨਾਲ ਕੰਮ ਕਰ ਰਹੇ ਸਨ।

ਭਾਰਤ ਸਰਕਾਰ ਅਤੇ ਇਸ ਦੇ ਗੋਦੀ ਮੀਡੀਆ ਨੇ ਹੁਣ ਇਹੀ ਇਲਜ਼ਾਮ ਖੋਜੀ ਪੱਤਰਕਾਰਾਂ ਦੇ ਉਸ ਕੌਮਾਂਤਰੀ ਕਨਸੌਰਟੀਅਮ ਵਿਰੁੱਧ ਲਗਾਇਆ ਹੈ, ਜਿਸ ਦੇ ਤਹਿਤ 17 ਸਮਾਚਾਰ ਸੰਸਥਾਵਾਂ ਦੇ ਪੱਤਰਕਾਰਾਂ ਨੇ ਫੌਰਬਿਡਨ ਸਟੋਰੀਜ਼ ਅਤੇ ਐਮਨੈਸਟੀ ਇੰਟਰਨੈਸ਼ਨਲ ਨਾਲ ਮਿਲ ਕੇ ਭਾਰੀ ਪੈਮਾਨੇ 'ਤੇ ਆਲਮੀ ਜਾਸੂਸੀ ਅਤੇ ਨਿਗਰਾਨੀ ਦੀ ਇਕ ਅਸਧਾਰਨ ਖ਼ਬਰ ਨਸ਼ਰ ਕੀਤੀ ਹੈ। ਇਨ੍ਹਾਂ ਖ਼ਬਰਾਂ 'ਚ ਭਾਰਤ ਉਨ੍ਹਾਂ ਮੁਲਕਾਂ 'ਚ ਸ਼ਾਮਿਲ ਹੈ ਜਿਨ੍ਹਾਂ ਦੀਆਂ ਸਰਕਾਰਾਂ ਨੇ ਜ਼ਾਹਿਰਾ ਤੌਰ 'ਤੇ ਇਜ਼ਰਾਇਲੀ ਨਿਗਰਾਨੀ ਕੰਪਨੀ ਐੱਨ.ਐੱਸ.ਓ. ਗਰੁੱਪ ਵੱਲੋਂ ਵਿਕਸਿਤ ਕੀਤਾ ਪੈਗਾਸਸ ਸਪਾਈਵੇਅਰ (ਜਾਸੂਸੀ ਸਾਫ਼ਟਵੇਅਰ) ਖ਼ਰੀਦਿਆ ਹੈ। ਉੱਧਰ ਐੱਨ.ਐੱਸ.ਓ. ਨੇ ਕਿਹਾ ਹੈ ਕਿ ਇਹ ਆਪਣੀ ਤਕਨੀਕ ਸਿਰਫ਼ ਉਨ੍ਹਾਂ ਸਰਕਾਰਾਂ ਨੂੰ ਵੇਚਦੀ ਹੈ ਜਿਨ੍ਹਾਂ ਦਾ ਮਨੁੱਖੀ ਹੱਕਾਂ ਦਾ ਇਤਿਹਾਸ ਬੇਦਾਗ਼ ਹੈ ਅਤੇ ਜੋ ਵਾਅਦਾ ਕਰਦੀਆਂ ਹਨ ਕਿ ਉਹ ਸਿਰਫ਼ ਰਾਸ਼ਟਰੀ ਸੁਰੱਖਿਆ ਦੇ ਮਕਸਦ ਨਾਲ, ਦਹਿਸ਼ਤਗਰਦਾਂ ਅਤੇ ਮੁਜਰਿਮਾਂ ਦਾ ਸੁਰਾਗ਼ ਲਾਉਣ ਲਈ ਇਸ ਦੀ ਵਰਤੋਂ ਕਰਨਗੀਆਂ।

ਐੱਨ.ਐੱਸ.ਓ. ਦੇ ਮਨੁੱਖੀ ਅਧਿਕਾਰ ਟੈਸਟ ਵਿਚ ਬੇਦਾਗ਼ ਨਿਕਲਣ ਵਾਲੇ ਕੁਛ ਹੋਰ ਮੁਲਕਾਂ 'ਚ ਸ਼ਾਮਿਲ ਹਨ ਰਵਾਂਡਾ, ਸਾਊਦੀ ਅਰਬ, ਬਹਿਰੀਨ, ਸੰਯੁਕਤ ਰਾਜ ਅਮੀਰਾਤ ਅਤੇ ਮੈਕਸੀਕੋ। ਤਾਂ "ਦਹਿਸ਼ਤਗਰਦਾਂ" ਅਤੇ "ਮੁਜਰਿਮਾਂ" ਦੀ ਪ੍ਰੀਭਾਸ਼ਾ ਠੀਕ-ਠੀਕ ਕਿਨ੍ਹਾਂ ਨੇ ਬਣਾਈ ਹੈ? ਕੀ ਇਹ ਬਸ ਐੱਨ.ਐੱਸ.ਓ. ਅਤੇ ਇਸ ਦੇ ਗਾਹਕਾਂ ਦੀ ਮਰਜੀ 'ਤੇ ਆਧਾਰਿਤ ਹੈ?

ਸਪਾਈਵੇਅਰ ਦੀ ਧੜਵੈਲ ਕੀਮਤ ਤੋਂ ਇਲਾਵਾ, ਜੋ ਇਕ-ਇਕ ਫ਼ੋਨ ਲਈ ਲੱਖਾਂ ਡਾਲਰ ਤੱਕ ਹੁੰਦੀ ਹੈ, ਐੱਨ.ਐੱਸ.ਓ. ਆਪਣੇ ਪ੍ਰੋਗਰਾਮ ਦੀ ਕੁਲ ਕੀਮਤ ਦਾ 17ਫ਼ੀ ਸਦੀ ਸਾਲਾਨਾ ਸਿਸਟਮ ਦੀ ਮੇਨਟੀਨੈਂਸ ਫ਼ੀਸ ਦੇ ਰੂਪ 'ਚ ਵਸੂਲ ਕਰਦੀ ਹੈ। ਇਕ ਬਦੇਸ਼ੀ ਕਾਰਪੋਰੇਟ ਕੰਪਨੀ ਇਕ ਐਸਾ ਜਾਸੂਸੀ ਨੈੱਟਵਰਕ ਮੁਹੱਈਆ ਕਰਾ ਰਹੀ ਹੈ ਅਤੇ ਉਸ ਦਾ ਸੰਚਾਲਨ ਕਰਦੀ ਹੈ ਜੋ ਇਕ ਮੁਲਕ ਦੀ ਸਰਕਾਰ ਵੱਲੋਂ ਉਸ ਮੁਲਕ ਦੇ ਨਾਗਰਿਕਾਂ ਦੀ ਨਿੱਜੀ ਨਿਗਰਾਨੀ ਕਰ ਰਿਹਾ ਹੈ, ਇਸ ਵਿਚ ਕੁਛ ਤਾਂ ਵਿਸ਼ਵਾਸਘਾਤ ਵਾਲੀ ਗੱਲ ਹੈ।

ਪੱਤਰਕਾਰਾਂ ਦੀ ਜਾਂਚ ਟੀਮ ਨੇ 50,000 ਫ਼ੋਨ ਨੰਬਰਾਂ ਦੀ ਲੀਕ ਹੋਈ ਸੂਚੀ ਦੀ ਛਾਣਬੀਣ ਕੀਤੀ। ਇਸ ਵਿਸ਼ਲੇਸ਼ਣ ਤੋਂ ਪਤਾ ਲੱਗਾ ਕਿ ਇਨ੍ਹਾਂ ਵਿਚ 1000 ਤੋਂ ਵਧੇਰੇ ਨੰਬਰ ਐੱਨ.ਐੱਸ.ਓ. ਦੇ ਇਕ ਭਾਰਤ ਵਿਚਲੇ ਗਾਹਕ ਵੱਲੋਂ ਚੁਣੇ ਗਏ ਸਨ। ਉਹ ਇਨ੍ਹਾਂ ਨੰਬਰਾਂ ਨੂੰ ਹੈਕ ਕਰਨ 'ਚ ਸਫ਼ਲ ਰਹੇ ਸਨ ਜਾਂ ਨਹੀਂ, ਜਾਂ ਉਨ੍ਹਾਂ ਨੂੰ ਹੈਕ ਕਰਨ ਦੀ ਕੋਸ਼ਿਸ਼ ਹੋਈ ਸੀ ਜਾਂ ਨਹੀਂ, ਇਹ ਗੱਲ ਸਿਰਫ਼ ਇਨ੍ਹਾਂ ਫ਼ੋਨਾਂ ਨੂੰ ਫੌਰੈਂਸਿਕ ਜਾਂਚ ਲਈ ਜਮਾਂ ਕਰਾ ਜਾਣ 'ਤੇ ਹੀ ਪਤਾ ਲਾਈ ਜਾ ਸਕਦੀ ਹੈ। ਭਾਰਤ ਵਿਚ ਜਿਨ੍ਹਾਂ ਨੰਬਰਾਂ ਦੀ ਜਾਂਚ ਕੀਤੀ ਗਈ ਉਨ੍ਹਾਂ ਵਿੱਚੋਂ ਕਈ ਪੈਗਾਸਸ ਸਪਾਈਵੇਅਰ ਨਾਲ ਸੰਕ੍ਰਮਿਤ ਪਾਏ ਗਏ। ਲੀਕ ਹੋਈ ਸੂਚੀ ਵਿਚ ਵਿਰੋਧੀ ਧਿਰ ਦੇ ਰਾਜਨੀਤਕਾਂ, ਆਲੋਚਕ ਪੱਤਰਕਾਰਾਂ, ਕਾਰਕੁੰਨਾਂ, ਵਕੀਲਾਂ, ਬੁੱਧੀਜੀਵੀਆਂ, ਕਾਰੋਬਾਰੀਆਂ, ਭਾਰਤ ਵਿਚ ਚੋਣ ਕਮਿਸ਼ਨ ਦੇ ਇਕ ਹੁਕਮ ਅਦੂਲੀ ਕਰਨ ਵਾਲੇ ਅਧਿਕਾਰੀ, ਗੱਲ ਨਾ ਮੰਨਣ ਵਾਲੇ ਇਕ ਉੱਘੇ ਖੁਫ਼ੀਆ ਅਧਿਕਾਰੀ, ਕੈਬਨਿਟ ਮੰਤਰੀ ਅਤੇ ਉਸ ਦੇ ਪਰਿਵਾਰ ਵਾਲੇ, ਬਦੇਸ਼ੀ ਕੂਟਨੀਤਕ ਅਤੇ ਇੱਥੋਂ ਤੱਕ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਫ਼ੋਨ ਨੰਬਰ ਵੀ ਸ਼ਾਮਿਲ ਹਨ।

ਭਾਰਤ ਸਰਕਾਰ ਦੇ ਬੁਲਾਰੇ ਨੇ ਸੂਚੀ ਨੂੰ ਫਰਜ਼ੀ ਕਰਾਰ ਦਿੱਤਾ ਹੈ। ਭਾਰਤੀ ਰਾਜਨੀਤੀ ਉੱਪਰ ਨੇੜਿਓਂ ਨਜ਼ਰ ਰੱਖਣ ਵਾਲੇ ਜਾਣਦੇ ਹਨ ਕਿ ਇਕ ਮਾਹਿਰ ਅਤੇ ਗਿਆਨੀ ਕਥਾਕਾਰ ਵੀ ਉਨ੍ਹਾਂ ਲੋਕਾਂ ਦੀ ਐਸੀ ਢੁੱਕਵੀਂ, ਭਰੋਸੇਯੋਗ ਸੂਚੀ ਤਿਆਰ ਕਰਨ ਦੇ ਕਾਬਿਲ ਨਹੀਂ ਹੈ ਜਿਨ੍ਹਾਂ ਵਿਚ ਹੁਕਮਰਾਨ ਪਾਰਟੀ ਦੀ ਦਿਲਚਸਪੀ ਹੈ (ਪਰਸਨਜ਼ ਆਫ਼ ਇੰਟਰਸਟ) ਜਾਂ ਜਿਨ੍ਹਾਂ ਨੂੰ ਉਹ ਆਪਣੇ ਰਾਜਨੀਤਕ ਪ੍ਰੋਜੈਕਟ ਦੇ ਮੁਖ਼ਾਲਿਫ਼ ਸਮਝਦੀ ਹੈ। ਇਹ ਮਜ਼ੇਦਾਰ ਬਾਰੀਕੀਆਂ ਨਾਲ ਭਰੀ ਹੋਈ ਹੈ, ਕਹਾਣੀਆਂ ਦੇ ਅੰਦਰ ਕਹਾਣੀਆਂ ਭਰੀਆਂ ਪਈਆਂ ਹਨ। ਇਸ ਵਿਚ ਕੁਛ ਐਸੇ ਨਾਮ ਸ਼ਾਮਿਲ ਹਨ ਜਿਨ੍ਹਾਂ ਦੀ ਉਮੀਦ ਨਹੀਂ ਸੀ। ਅਨੇਕ ਜਿਨ੍ਹਾਂ ਦਾ ਅੰਦੇਸ਼ਾ ਸੀ, ਉਹ ਇਸ ਵਿਚ ਸ਼ਾਮਲ ਨਹੀਂ ਹਨ।

ਸਾਨੂੰ ਦੱਸਿਆ ਗਿਆ ਹੈ ਕਿ ਪੈਗਾਸਸ ਨੂੰ ਬਸ ਇਕ ਮਿਸਡ ਕਾਲ ਜ਼ਰੀਏ ਟਾਰਗੈੱਟ ਕੀਤੇ ਗਏ ਫ਼ੋਨ ਵਿਚ ਇੰਸਟਾਲ ਕੀਤਾ ਜਾ ਸਕਦਾ ਹੈ। ਜ਼ਰਾ ਸੋਚੋ। ਮਿਸਡ ਕਾਲ ਦੀ ਇਕ ਮਿਜ਼ਾਇਲ ਨਾਲ ਦਾਗੇ ਗਏ ਅਦਿੱਖ ਸਪਾਈਵੇਅਰ ਦਾ ਗੋਲਾ-ਬਾਰੂਦ। ਮਹਾਦੀਪਾਂ ਨੂੰ ਚੀਰ ਕੇ ਲੰਘ ਜਾਣ ਵਾਲੀ ਇਕ ਬੈਲਿਸਟਿਕ ਮਿਜ਼ਾਇਲ (ਆਈਸੀਬੀਐੱਸ.) ਜਿਸ ਦਾ ਕੋਈ ਸਾਨੀ ਨਹੀਂ ਹੈ। ਜੋ ਲੋਕਤੰਤਰਾਂ ਨੂੰ ਤਹਿਸ-ਨਹਿਸ ਕਰਨ 'ਚ ਅਤੇ ਸਮਾਜਾਂ ਨੂੰ ਤੋੜਣ ਦੇ ਸਮਰੱਥ ਹੈ, ਜਿਸ ਨੂੰ ਕਿਸੇ ਲਾਲ-ਫ਼ੀਤਾਸ਼ਾਹੀ ਦਾ ਸਾਹਮਣਾ ਨਹੀਂ ਕਰਨਾ ਪੈਂਦਾ - ਨਾ ਵਾਰੰਟ, ਨਾ ਹਥਿਆਰਾਂ ਦੇ ਸਮਝੌਤੇ, ਨਾ ਚੌਕਸੀ ਰੱਖਣ ਵਾਲੀਆਂ ਕਮੇਟੀਆਂ, ਨਾ ਹੀ ਕਿਸੇ ਤਰ੍ਹਾਂ ਦਾ ਕਾਨੂੰਨ। ਨਿਰਸੰਦੇਹ ਤਕਨੀਕ ਦਾ ਆਪਣਾ ਕੋਈ ਅਸੂਲ ਨਹੀਂ ਹੁੰਦਾ। ਇਸ ਵਿਚ ਕਿਸੇ ਦਾ ਕੋਈ ਕਸੂਰ ਨਹੀਂ ਹੈ।

ਜ਼ਾਹਿਰ ਤੌਰ 'ਤੇ ਐੱਨ.ਐੱਸ.ਓ. ਅਤੇ ਭਾਰਤ ਦਰਮਿਆਨ ਦੋਸਤਾਨਾ ਲੈਣ-ਦੇਣ 2017 'ਚ ਸ਼ੁਰੂ ਹੋਇਆ, ਜਦੋਂ ਭਾਰਤੀ ਮੀਡੀਆ ਦੀ ਭਾਸ਼ਾ 'ਚ ਮੋਦੀ-ਨੇਤਨਯਾਹੂ ਦਾ 'ਬ੍ਰੋਮਾਂਸ' ਚੱਲਿਆ ਸੀ - ਜਦੋਂ ਉਨ੍ਹਾਂ ਨੇ ਆਪਣੀਆਂ ਪੈਂਟਾਂ ਦੇ ਪੌਂਚੇ ਮੋੜੇ ਅਤੇ ਸਮੁੰਦਰੀ ਕੰਢੇ ਉੱਪਰ ਕਦਮ ਮਿਲਾ ਕੇ ਚਹਿਲ ਕਦਮੀਂ ਕੀਤੀ। ਆਪਣੇ ਪਿੱਛੇ ਉਨ੍ਹਾਂ ਨੇ ਰੇਤ ਉੱਪਰ ਜੋ ਛੱਡਿਆ ਉਹ ਉਨ੍ਹਾਂ ਦੀ ਮਹਿਜ਼ ਪੈੜ ਨਹੀਂ ਸੀ। ਇਹੀ ਉਹ ਵਕਤ ਸੀ ਜਿਸ ਦੇ ਨੇੜੇ-ਤੇੜੇ ਇਸ ਸੂਚੀ ਵਿਚ ਭਾਰਤ ਦੇ ਫ਼ੋਨ ਨੰਬਰ ਨਜ਼ਰ ਆਉਣ ਲੱਗੇ।

ਉਸੇ ਸਾਲ ਭਾਰਤ ਦੀ ਕੌਮੀ ਸੁਰੱਖਿਆ ਕੌਂਸਲ ਦਾ ਬਜਟ ਦਸ ਗੁਣਾਂ ਵਧ ਗਿਆ। ਜ਼ਿਆਦਾਤਰ ਵਧੀ ਹੋਈ ਰਕਮ ਸਾਈਬਰ ਸੁਰੱਖਿਆ ਉੱਪਰ ਖ਼ਰਚ ਹੋਣੀ ਸੀ। ਮੋਦੀ ਵੱਲੋਂ ਪ੍ਰਧਾਨ ਮੰਤਰੀ ਵਜੋਂ ਆਪਣਾ ਦੂਜਾ ਕਾਰਜ-ਕਾਲ ਜਿੱਤਣ ਤੋਂ ਛੇਤੀ ਹੀ ਬਾਦ, ਅਗਸਤ 2019 'ਚ ਭਾਰਤ ਦੇ ਬੇਕਿਰਕ ਦਹਿਸ਼ਤਵਾਦ ਵਿਰੋਧੀ ਕਾਨੂੰਨ, ਯੂ.ਏ.ਪੀ.ਏ., ਦਾ ਵਿਸਤਾਰ ਕਰਕੇ, ਜਿਸ ਦੇ ਤਹਿਤ ਪਹਿਲਾਂ ਹੀ ਹਜ਼ਾਰਾਂ ਲੋਕ ਬਿਨਾਂ ਜ਼ਮਾਨਤ ਜੇਲ੍ਹਾਂ 'ਚ ਬੰਦ ਹਨ, ਹੁਣ ਸਿਰਫ਼ ਜਥੇਬੰਦੀਆਂ ਨੂੰ ਹੀ ਨਹੀਂ, ਵਿਅਕਤੀਆਂ ਨੂੰ ਵੀ ਇਸ ਦੇ ਦਾਇਰੇ 'ਚ ਲਿਆਂਦਾ ਗਿਆ। ਆਖ਼ਿਰਕਾਰ ਜਥੇਬੰਦੀਆਂ ਦਾ ਕੋਈ ਸਮਾਰਟਫ਼ੋਨ ਨਹੀਂ ਹੁੰਦਾ - ਇਹ ਇਕ ਮਹੱਤਵਪੂਰਨ ਬਾਰੀਕੀ ਹੈ, ਚਾਹੇ ਇਹ ਸਿਧਾਂਤਕ ਹੀ ਹੋਵੇ। ਲੇਕਿਨ ਨਿਸ਼ਚਿਤ ਤੌਰ 'ਤੇ ਇਸ ਦੇ ਫੰਦੇ ਦਾ ਘੇਰਾ ਵਧਾ ਦਿੱਤਾ ਗਿਆ। ਅਤੇ ਮੰਡੀ ਵੀ।

ਸੰਸਦ ਵਿਚ ਇਸ ਸੋਧ ਉੱਪਰ ਹੋਣ ਵਾਲੀ ਬਹਿਸ ਦੌਰਾਨ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ: "ਸਰ, ਬੰਦੂਕਾਂ ਦਹਿਸ਼ਤਵਾਦ ਨੂੰ ਨਹੀਂ ਵਧਾਉਂਦੀਆਂ, ਦਹਿਸ਼ਤਵਾਦ ਦੀ ਜੜ੍ਹ ਉਹ ਪ੍ਰਚਾਰ ਹੈ ਜੋ ਇਸ ਨੂੰ ਫੈਲਾਉਣ ਲਈ ਕੀਤਾ ਜਾਂਦਾ ਹੈ .... ਅਤੇ ਜੇ ਐਸੇ ਸਾਰੇ ਵਿਅਕਤੀਆਂ ਦੀ ਦਹਿਸ਼ਤਗਰਦ ਵਜੋਂ ਸ਼ਨਾਖ਼ਤ ਕੀਤੀ ਜਾਂਦੀ ਹੈ ਤਾਂ ਮੈਂ ਨਹੀਂ ਸੋਚਦਾ ਕਿ ਸੰਸਦ ਦੇ ਕਿਸੇ ਮੈਂਬਰ ਨੂੰ ਇਸ ਉੱਪਰ ਕੋਈ ਇਤਰਾਜ਼ ਹੋਣਾ ਚਾਹੀਦਾ ਹੈ।"

ਪੈਗਾਸਸ ਕਾਂਡ ਨੇ ਸੰਸਦ ਦੇ ਮਾਨਸੂਨ ਸੈਸ਼ਨ ਵਿਚ ਉੱਥਲ-ਪੁਥਲ ਮਚਾ ਦਿੱਤੀ ਹੈ। ਵਿਰੋਧੀ-ਧਿਰ ਨੇ ਗ੍ਰਹਿ ਮੰਤਰੀ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ। ਆਪਣੇ ਬੇਕਿਰਕ ਬਹੁਮੱਤ ਦੇ ਭਰੋਸੇ ਮੋਦੀ ਦੀ ਹੁਕਮਰਾਨ ਪਾਰਟੀ ਨੇ ਰੇਲਵੇ ਅਤੇ ਸੰਚਾਰ ਤੇ ਸੂਚਨਾ ਤਕਨੀਕ ਮੰਤਰੀ ਵਜੋਂ ਨਵੀਂ ਨਵੀਂ ਸਹੁੰ ਚੁੱਕਣ ਵਾਲੇ ਅਸ਼ਵਨੀ ਵੈਸ਼ਣਵ ਨੂੰ ਸੰਸਦ 'ਚ ਸਰਕਾਰ ਦਾ ਬਚਾਓ ਕਰਨ ਦੇ ਲਈ ਮੈਦਾਨ 'ਚ ਉਤਾਰਿਆ। ਉਸ ਦਾ ਅਪਮਾਨਿਤ ਮੁਕੱਦਰ ਦੇਖੋ, ਲੀਕ ਹੋਈ ਸੂਚੀ ਵਿਚ ਉਸ ਦਾ ਨੰਬਰ ਵੀ ਸੀ।

ਜੇ ਤੁਸੀਂ ਸਰਕਾਰ ਦੇ ਅਨੇਕਾਂ ਬਿਆਨਾਂ ਦੀਆਂ ਗਰਜਵੀਂਆਂ ਅਤੇ ਪੇਚੀਦਾ ਗੱਲਾਂ ਨੂੰ ਪਾਸੇ ਰੱਖ ਦਿਓ, ਤਾਂ ਤੁਸੀਂ ਦੇਖੋਗੇ ਕਿ ਪੈਗਾਸਸ ਖ਼ਰੀਦਣ ਅਤੇ ਇਸ ਦੀ ਵਰਤੋਂ ਕਰਨ ਤੋਂ ਸਿੱਧੇ ਤੌਰ 'ਤੇ ਇਨਕਾਰ ਨਹੀਂ ਕੀਤਾ ਜਾ ਸਕਦਾ। ਐੱਨ.ਐੱਸ.ਓ. ਨੇ ਵੀ ਵਿਕਰੀ ਤੋਂ ਇਨਕਾਰ ਨਹੀਂ ਕੀਤਾ ਹੈ। ਇਜ਼ਰਾਇਲ ਸਰਕਾਰ ਨੇ ਸਪਾਈਵੇਅਰ ਦੀ ਦੁਰਵਰਤੋਂ ਦੇ ਇਲਜ਼ਾਮਾਂ ਦੀ ਇਕ ਜਾਂਚ ਸ਼ੁਰੂ ਕੀਤੀ ਹੈ, ਫਰਾਂਸੀਸੀ ਸਰਕਾਰ ਨੇ ਵੀ ਐਸਾ ਕੀਤਾ ਹੈ। ਭਾਰਤ ਵਿਚ ਪੈਸੇ ਦੇ ਲੈਣ-ਦੇਣ ਦਾ ਪਤਾ ਲਗਾਉਣਗੇ ਤਾਂ ਦੇਰ-ਸਵੇਰ ਪੱਕੇ ਸਬੂਤਾਂ ਤੱਕ ਪਹੁੰਚ ਜਾਣਗੇ। ਲੇਕਿਨ ਉਹ ਪੱਕੇ ਸਬੂਤ ਸਾਨੂੰ ਕਿੱਥੇ ਪਹੁੰਚਾਉਣਗੇ?

ਇਸ ਬਾਰੇ ਸੋਚੋ: 16 ਕਾਰਕੁੰਨ, ਵਕੀਲ, ਟਰੇਡ ਯੂਨੀਅਨ ਕਾਰਕੁੰਨ, ਪ੍ਰੋਫੈਸਰ ਅਤੇ ਬੁੱਧੀਜੀਵੀ, ਜਿਨ੍ਹਾਂ ਵਿੱਚੋਂ ਕਈ ਦਲਿਤ ਹਨ, ਸਾਲਾਂ ਤੋਂ ਜੇਲ੍ਹਾਂ 'ਚ ਬੰਦ ਹਨ। ਇਸ ਮਾਮਲੇ ਨੂੰ ਹੁਣ ਭੀਮਾ-ਕੋਰੇਗਾਓਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਬੜੇ ਅਜੀਬ ਢੰਗ ਨਾਲ ਉਨ੍ਹਾਂ ਉੱਪਰ ਇਲਜ਼ਾਮ ਲਗਾਇਆ ਗਿਆ ਹੈ ਕਿ ਉਨ੍ਹਾਂ ਨੇ ਹਿੰਸਾ ਭੜਕਾਉਣ ਦੀ ਇਕ ਸਾਜ਼ਿਸ਼ ਰਚੀ, ਜੋ 1 ਜਨਵਰੀ 2018 ਨੂੰ ਦਲਿਤਾਂ ਅਤੇ ਦਬਾਊ ਜਾਤੀਆਂ ਦਰਮਿਆਨ ਹੋਈ ਸੀ। ਇਸ ਦਿਨ ਹਜ਼ਾਰਾਂ ਦੀ ਤਾਦਾਦ 'ਚ ਦਲਿਤ ਭੀਮਾ-ਕੋਰੇਗਾਓਂ ਦੀ ਲੜਾਈ (ਜਿਸ ਵਿਚ ਦਲਿਤ ਸੈਨਿਕਾਂ ਨੇ ਅੰਗਰੇਜ਼ਾਂ ਨਾਲ ਮਿਲ ਕੇ ਇਕ ਨਿਰੰਕੁਸ਼ ਬ੍ਰਾਹਮਣ ਰਾਜ ਪੇਸ਼ਵਾਵਾਂ ਨੂੰ ਹਰਾ ਦਿੱਤਾ ਸੀ) ਦੀ 200ਵੀਂ ਵਰ੍ਹੇਗੰਢ ਮਨਾਉਣ ਲਈ ਜੁੜੇ ਸਨ। 16 ਭੀਮਾ-ਕੋਰੇਗਾਓਂ ਦੋਸ਼ੀਆਂ ਵਿੱਚੋਂ ਅੱਠ ਦੇ ਫ਼ੋਨ ਨੰਬਰ ਅਤੇ ਉਨ੍ਹਾਂ ਦੇ ਕੁਛ ਕਰੀਬੀ ਪਰਿਵਾਰ ਮੈਂਬਰਾਂ ਦੇ ਫ਼ੋਨ ਨੰਬਰ ਇਸ ਲੀਕ ਹੋਈ ਸੂਚੀ ਵਿਚ ਮਿਲੇ ਹਨ। ਉਨ੍ਹਾਂ ਚੋਂ ਸਾਰੇ ਹੈਕ ਹੋਏ ਜਾਂ ਨਹੀਂ, ਜਾਂ ਹੈਕ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਜਾਂ ਨਹੀਂ, ਇਸ ਗੱਲ ਦਾ ਪੱਕਾ ਸਬੂਤ ਪਤਾ ਨਹੀਂ ਲਾਇਆ ਜਾ ਸਕਦਾ ਕਿਉਂਕਿ ਉਨ੍ਹਾਂ ਦੇ ਫ਼ੋਨ ਨੰਬਰ ਪੁਲਿਸ ਦੇ ਕਬਜ਼ੇ 'ਚ ਹਨ ਅਤੇ ਫੋਰੈਂਸਿਕ ਜਾਂਚ ਦੇ ਲਈ ਉਪਲਬਧ ਨਹੀਂ ਹਨ।

ਇੱਧਰ ਥੋੜ੍ਹੇ ਸਾਲਾਂ 'ਚ ਹੀ ਅਸੀਂ ਉਸ ਮਨਹੂਸ ਹੱਦ ਦੇ ਵਿਦਵਾਨ ਹੋ ਗਏ ਹਾਂ ਜਿੱਥੋਂ ਤੱਕ ਮੋਦੀ ਸਰਕਾਰ ਉਨ੍ਹਾਂ ਲੋਕਾਂ ਨੂੰ ਫਸਾਉਣ ਲਈ ਜਾ ਸਕਦੀ ਹੈ ਜਿਨ੍ਹਾਂ ਨੂੰ ਉਹ ਦੁਸ਼ਮਣ ਮੰਨਦੀ ਹੈ - ਅਤੇ ਇਹ ਮਹਿਜ਼ ਖ਼ੁਫ਼ੀਆ ਨਿਗਰਾਨੀ ਤੋਂ ਵਧ ਕੇ ਹੈ। ਦ ਵਾਸ਼ਿੰਗਟਨ ਪੋਸਟ ਨੇ ਹਾਲ ਹੀ ਵਿਚ ਮੈਸਾਚਿਊਸੈਟਸ ਦੀ ਇਕ ਡਿਜੀਟਲ ਫੋਰੈਂਸਕ ਕੰਪਨੀ ਆਰਸੈਨਲ ਕੰਸਲਟਿੰਗ ਦੀ ਇਕ ਰਿਪੋਰਟ ਦੇ ਨਤੀਜੇ ਪ੍ਰਕਾਸ਼ਿਤ ਕੀਤੇ ਹਨ, ਜਿਸ ਨੇ ਦੋ ਭੀਮਾ-ਕੋਰੇਗਾਓਂ ਦੋਸ਼ੀਆਂ ਰੋਨਾ ਵਿਲਸਨ ਅਤੇ ਸੁਰਿੰਦਰ ਗੈਡਲਿੰਗ ਦੇ ਕੰਪਿਊਟਰਾਂ ਦੀਆਂ ਇਲੈਕਟ੍ਰਾਨਿਕ ਕਾਪੀਆਂ ਦੀ ਜਾਂਚ ਕੀਤੀ ਹੈ। ਜਾਂਚ ਕਰਤਾਵਾਂ ਨੇ ਦੇਖਿਆ ਕਿ ਉਨ੍ਹਾਂ ਦੋਨਾਂ ਕੰਪਿਊਟਰਾਂ ਵਿਚ ਇਕ ਅਣਪਛਾਤੇ ਹੈਕਰ ਨੇ ਘੁਸਪੈਠ ਕੀਤੀ ਸੀ, ਅਤੇ ਉਨ੍ਹਾਂ ਦੀਆਂ ਹਾਰਡ ਡਿਸਕਾਂ ਵਿਚ ਹਿਡਨ (ਗੁਪਤ) ਫੋਲਡਰਾਂ 'ਚ ਉਨ੍ਹਾਂ ਨੂੰ ਫਸਾਉਣ ਵਾਲੇ ਦਸਤਾਵੇਜ ਰੱਖ ਦਿੱਤੇ ਗਏ। ਉਨ੍ਹਾਂ ਵਿਚ ਸਨਸਨੀ ਵਧਾਉਣ ਲਈ ਇਕ ਬੇਤੁਕੀ ਚਿੱਠੀ ਮੋਦੀ ਦੇ ਕਤਲ ਦੀ ਇਕ ਅਜੀਬ ਸਾਜ਼ਿਸ਼ ਬਾਬਤ ਸੀ।

ਆਰਸੈਨਲ ਰਿਪੋਰਟ ਦੇ ਗੰਭੀਰ ਸੰਕੇਤਾਂ ਨਾਲ ਭਾਰਤੀ ਨਿਆਂਪਾਲਿਕਾ ਜਾਂ ਇਸ ਦੇ ਮੁੱਖ ਧਾਰਾ ਮੀਡੀਆ ਵਿਚ ਇਨਸਾਫ਼ ਦੇ ਮਕਸਦ ਨਾਲ ਕੋਈ ਹਲਚਲ ਨਹੀਂ ਮਚੀ ਹੈ। ਹੋਇਆ ਇਸ ਤੋਂ ਉਲਟ ਹੀ ਹੈ। ਜਿਸ ਵਕਤ ਇਸ ਦੀ ਲਿੱਪਾਪੋਚੀ ਦੀਆਂ ਜ਼ੋਰਦਾਰ ਕੋਸ਼ਿਸ਼ਾਂ ਹੋ ਰਹੀਆਂ ਸਨ ਅਤੇ ਉਹ ਰਿਪੋਰਟ ਦੇ ਸੰਭਾਵਿਤ ਨੁਕਸਾਨਾਂ ਨੂੰ ਸੀਮਤ ਕਰਨ 'ਚ ਜੁੱਟੇ ਹੋਏ ਸਨ, ਭੀਮਾ-ਕੋਰੇਗਾਓਂ ਦੋਸ਼ੀਆਂ ਵਿੱਚੋਂ ਇਕ, 84 ਸਾਲ ਦੇ ਇਕ ਈਸਾਈ ਪਾਦਰੀ ਸਟੇਨ ਸਵਾਮੀ ਦੀ ਜੇਲ੍ਹ ਵਿਚ ਕੋਰੋਨਾ ਵਾਇਰਸ ਦੀ ਲਪੇਟ 'ਚ ਆਉਣ ਤੋਂ ਬਾਦ ਇਕ ਦਰਦਨਾਕ ਮੌਤ ਹੋ ਗਈ। ਇਸ ਸ਼ਖ਼ਸ ਨੇ ਝਾਰਖੰਡ ਰਾਜ ਵਿਚ ਜੰਗਲ ਵਿਚ ਰਹਿਣ ਵਾਲੇ ਉਨ੍ਹਾਂ ਆਦਿਵਾਸੀ ਲੋਕਾਂ ਦਰਮਿਆਨ ਕੰਮ ਕਰਦੇ ਹੋਏ ਆਪਣੀ ਜ਼ਿੰਦਗੀ ਦੇ ਕਈ ਦਹਾਕੇ ਗੁਜ਼ਾਰੇ ਸਨ, ਜੋ ਆਪਣੀ ਧਰਤੀ ਉੱਪਰ ਕਾਰਪੋਰੇਟ ਕੰਪਨੀਆਂ ਦੇ ਕਬਜ਼ੇ ਦੇ ਖ਼ਿਲਾਫ਼ ਲੜ ਰਹੇ ਹਨ। ਆਪਣੀ ਗ੍ਰਿਫ਼ਤਾਰੀ ਦੇ ਸਮੇਂ ਸਵਾਮੀ ਨੂੰ ਪਾਰਕਿੰਸਨ ਅਤੇ ਕੈਂਸਰ ਰੋਗ ਸੀ।

ਤਾਂ ਫਿਰ ਪੈਗਾਸਸ ਨੂੰ ਕਿਵੇਂ ਸਮਝਿਆ ਜਾਵੇ? ਹਕੀਕਤ ਤੋਂ ਅੱਖਾਂ ਮੀਟਦੇ ਹੋਏ ਇਸ ਨੂੰ ਖਾਰਜ ਕਰ ਦੇਈਏ, ਕਹਿ ਦੇਈਏ ਕਿ ਹੁਕਮਰਾਨ ਆਪਣੀ ਪਰਜਾ ਦੀ ਨਿਗਰਾਨੀ ਕਰਨ ਲਈ ਜੋ ਸਦੀਆਂ ਪੁਰਾਣੀ ਖੇਡ ਖੇਡਦੇ ਆਏ ਹਨ, ਇਹ ਮਹਿਜ਼ ਉਸ ਦਾ ਇਕ ਨਵਾਂ ਤਕਨੀਕੀ ਹਥਕੰਡਾ ਹੈ? ਐਸਾ ਕਰਨਾ ਇਕ ਗੰਭੀਰ ਗ਼ਲਤੀ ਹੋਵੇਗੀ। ਇਹ ਕੋਈ ਮਾਮੂਲੀ ਖ਼ੁਫ਼ੀਆ ਨਿਗਰਾਨੀ ਨਹੀਂ ਹੈ। ਸਾਡੇ ਮੋਬਾਈਲ ਫ਼ੋਨ ਸਾਡੇ ਸਭ ਦੇ ਵਜੂਦ ਦੇ ਸਭ ਤੋਂ ਨਜ਼ਦੀਕੀ ਹਨ। ਇਹ ਸਾਡੇ ਦਿਮਾਗ ਅਤੇ ਸਾਡੇ ਸਰੀਰਾਂ ਦਾ ਵਿਸਤਾਰ ਹਨ। ਭਾਰਤ ਵਿਚ ਮੋਬਾਈਲ ਫ਼ੋਨ ਦੀ ਗ਼ੈਰਕਾਨੂੰਨੀ ਨਿਗਰਾਨੀ ਨਵੀਂ ਗੱਲ ਨਹੀਂ ਹੈ। ਹਰੇਕ ਕਸ਼ਮੀਰੀ ਨੂੰ ਇਹ ਪਤਾ ਹੈ। ਜ਼ਿਆਦਾਤਰ ਭਾਰਤੀ ਕਾਰਕੁੰਨ ਵੀ ਇਹ ਜਾਣਦੇ ਹਨ। ਲੇਕਿਨ ਸਾਡੇ ਲਈ ਸਰਕਾਰਾਂ ਅਤੇ ਕਾਰਪੋਰੇਟ ਕੰਪਨੀਆਂ ਨੂੰ ਇਸ ਗੱਲ ਦਾ ਕਾਨੂੰਨੀ ਅਧਿਕਾਰ ਦੇ ਦੇਣਾ ਕਿ ਉਹ ਸਾਡੇ ਫ਼ੋਨ ਵਿਚ ਘੁਸਪੈਠ ਕਰਨ ਅਤੇ ਉਸ ਉੱਪਰ ਕਬਜ਼ਾ ਕਰ ਲੈਣ, ਇਹ ਤਾਂ ਇੰਞ ਹੋਵੇਗਾ ਜਿਵੇਂ ਅਸੀਂ ਆਪਣੀ ਮਰਿਯਾਦਾ ਭੰਗ ਕਰਨ ਲਈ ਖ਼ੁਦ ਨੂੰ ਉਨ੍ਹਾਂ ਦੇ ਹਵਾਲੇ ਕਰ ਦੇਈਏ।

ਪੈਗਾਸਸ ਪ੍ਰੋਜੈਕਟ ਨਾਲ ਹੋਏ ਖ਼ੁਲਾਸੇ ਦਰਸਾਉਂਦੇ ਹਨ ਕਿ ਇਸ ਸਪਾਈਵੇਅਰ ਦਾ ਸੰਭਾਵੀ ਖ਼ਤਰਾ ਪੁਰਾਣੀ ਕਿਸੇ ਵੀ ਕਿਸਮ ਦੀ ਜਾਸੂਸੀ ਜਾਂ ਨਿਗਰਾਨੀ ਤੋਂ ਕਿਤੇ ਜ਼ਿਆਦਾ ਹਮਲਾਵਰ ਹੈ। ਇਹ ਗੂਗਲ, ਐਮਾਜ਼ੌਨ ਅਤੇ ਫੇਸਬੁੱਕ ਦੇ ਅਲਗੋਰਿਦਮਜ਼ ਤੋਂ ਵੀ ਵਧੇਰੇ ਹਮਲਾਵਰ ਹੈ, ਜਿਨ੍ਹਾਂ ਦੇ ਤਾਣੇ-ਬਾਣੇ ਦੇ ਅੰਦਰ ਕਰੋੜਾਂ ਲੋਕ ਆਪਣੀਆਂ ਜ਼ਿੰਦਗੀਆਂ ਜੀ ਰਹੇ ਹਨ ਅਤੇ ਆਪਣੀਆਂ ਖ਼ਵਾਇਸ਼ਾਂ ਨਾਲ ਖਿਲਵਾੜ ਕਰ ਰਹੇ ਹਨ। ਇਹ ਆਪਣੀ ਜੇਬ ਵਿਚ ਜਾਸੂਸ ਲਈ ਘੁੰਮਣ ਤੋਂ ਵੀ ਬੜੀ ਗੱਲ ਹੈ। ਇਹ ਤਾਂ ਇੰਞ ਹੈ ਕਿ ਤੁਹਾਡਾ ਸਭ ਤੋਂ ਪਿਆਰਾ -ਜਾਂ ਉਸ ਤੋਂ ਵੀ ਬਦਤਰ, ਤੁਹਾਡਾ ਆਪਣਾ ਦਿਮਾਗ ਉੱਥੋਂ ਤੱਕ ਜਾ ਕੇ ਤੁਹਾਡੀ ਜਾਸੂਸੀ ਕਰ ਰਿਹਾ ਹੋਵੇ ਜੋ ਇਸ ਦੀ ਪਹੁੰਚ ਤੋਂ ਬਾਹਰ ਹੈ।

ਪੈਗਾਸਸ ਵਰਗਾ ਸਪਾਈਵੇਅਰ ਨਾ ਸਿਰਫ਼ ਸਪਾਈਵੇਅਰ ਦਾ ਨਿਸ਼ਾਨਾ ਬਣੇ ਹਰੇਕ ਫ਼ੋਨ ਦੇ ਵਰਤੋਂਕਾਰ ਨੂੰ, ਸਗੋਂ ਉਸ ਦੇ ਦੋਸਤਾਂ, ਪਰਿਵਾਰ ਵਾਲਿਆਂ, ਸਹਿ-ਕਰਮੀਆਂ ਦੇ ਪੂਰੇ ਦਾਇਰੇ ਨੂੰ ਰਾਜਨੀਤਕ, ਸਮਾਜੀ ਅਤੇ ਆਰਥਕ ਜ਼ੋਖ਼ਮ 'ਚ ਪਾਉਂਦਾ ਹੈ।

ਜਨਤਾ ਦੀ ਵਿਆਪਕ ਨਿਗਰਾਨੀ ਬਾਰੇ ਸਭ ਤੋਂ ਜ਼ਿਆਦਾ ਅਤੇ ਸਭ ਤੋਂ ਵੱਧ ਡੂੰਘਾਈ 'ਚ ਸ਼ਾਇਦ ਐਡਵਰਡ ਸਨੋਡਨ ਨੇ ਸੋਚਿਆ ਹੈ, ਜੋ ਸੰਯੁਕਤ ਰਾਜ ਦੀ ਕੌਮੀ ਸੁਰੱਖਿਆ ਏਜੰਸੀ ਦੇ ਸਾਬਕਾ ਵਿਸ਼ਲੇਸ਼ਣਕਾਰ ਅਤੇ ਆਲੋਚਕ ਹਨ। ਦ ਗਾਰਡੀਅਨ ਨਾਲ ਇਕ ਹਾਲੀਆ ਇੰਟਰਵਿਊ 'ਚ ਉਨ੍ਹਾਂ ਨੇ ਚੇਤਾਵਨੀ ਦਿੱਤੀ: "ਜੇ ਤੁਸੀਂ ਇਸ ਤਕਨੀਕ ਦੀ ਵਿਕਰੀ ਨੂੰ ਰੋਕਣ ਲਈ ਕੁਛ ਨਹੀਂ ਕਰਦੇ ਤਾਂ ਇਹ ਸਿਰਫ਼ 50000 ਟਾਰਗੈੱਟਾਂ ਤੱਕ ਸੀਮਤ ਨਹੀਂ ਰਹੇਗੀ। ਇਹ 5 ਕਰੋੜ ਹੋ ਜਾਵੇਗੀ ਅਤੇ ਇਹ ਸਾਡੇ ਅੰਦੇਸ਼ਿਆਂ ਤੋਂ ਕਿਤੇ ਵਧੇਰੇ ਛੇਤੀ ਹੋਣ ਵਾਲਾ ਹੈ।" ਸਾਨੂੰ ਉਸ ਦੀ ਚੇਤਾਵਨੀ ਸੁਣਨੀ ਚਾਹੀਦੀ ਹੈ। ਉਹ ਇਸ ਦੇ ਅੰਦਰ ਰਹੇ ਹਨ ਅਤੇ ਉਨ੍ਹਾਂ ਨੇ ਇਸ ਨੂੰ ਆਉਂਦੇ ਦੇਖਿਆ ਹੈ।

ਸਨੋਡਨ ਨੂੰ ਮੈਂ ਤਕਰੀਬਨ ਸੱਤ ਸਾਲ ਪਹਿਲਾਂ, ਦਸੰਬਰ 2014 'ਚ ਮਾਸਕੋ 'ਚ ਮਿਲੀ ਸੀ। ਉਦੋਂ ਉਸ ਨੂੰ ਬਾਗ਼ੀ ਹੋਇਆਂ ਨੂੰ ਤਕਰੀਬਨ ਡੇਢ ਸਾਲ ਹੋ ਚੁੱਕਾ ਸੀ, ਅਤੇ ਉਸ ਨੂੰ ਆਪਣੀ ਸਰਕਾਰ ਵੱਲੋਂ ਆਪਣੇ ਹੀ ਨਾਗਰਿਕਾਂ ਦੀ ਅੰਧਾਧੁੰਦ ਵਿਆਪਕ ਨਿਗਰਾਨੀ ਨਾਲ ਨਫ਼ਰਤ ਸੀ। ਮਈ 2013 'ਚ ਉਹ ਮਸਾਂ ਬਚ ਕੇ ਨਿਕਲੇ ਸਨ, ਅਤੇ ਇਕ ਮਫ਼ਰੂਰ ਸ਼ਖ਼ਸ ਦੀ ਜ਼ਿੰਦਗੀ ਜਿਊਣ ਦੇ ਸਹਿਜੇ-ਸਹਿਜੇ ਆਦੀ ਹੋਣੇ ਸ਼ੁਰੂ ਹੋ ਗਏ ਸਨ। ਡੈਨੀਅਲ ਐਲਸਬਰਗ (ਪੈਂਟਾਗਨ ਪੇਪਰਜ਼ ਵਾਲੇ), ਜੌਹਨ ਕਿਊਜ਼ੈਕ (ਜੌਹਨ ਕਿਊਜ਼ੈਕ ਵਾਲੇ) ਅਤੇ ਮੈਂ ਉਨ੍ਹਾਂ ਨੂੰ ਮਿਲਣ ਲਈ ਮਾਸਕੋ ਗਏ ਸੀ। ਤਿੰਨ ਦਿਨਾਂ ਤੱਕ ਅਸੀਂ ਖਿੜਕੀਆਂ ਉੱਪਰ ਖੌਰੂ ਪਾਉਂਦੀ ਰੂਸ ਦੀ ਬਰਫ਼ੀਲੀ ਸਰਦੀ ਦਰਮਿਆਨ ਆਪਣੇ ਹੋਟਲ ਦੇ ਕਮਰੇ 'ਚ ਬੰਦ ਰਹੇ ਸੀ ਅਤੇ ਨਿਗਰਾਨੀ ਅਤੇ ਜਾਸੂਸੀ ਉੱਪਰ ਗੱਲਬਾਤ ਕਰਦੇ ਰਹੇ

ਸੀ। ਇਹ ਕਿਸ ਹੱਦ ਤੱਕ ਜਾਵੇਗਾ? ਇਹ ਸਾਨੂੰ ਕਿੱਥੇ ਲੈ ਜਾਵੇਗਾ? ਅਸੀਂ ਕੀ ਬਣ ਜਾਵਾਂਗੇ?

ਜਦੋਂ ਪੈਗਾਸਸ ਪ੍ਰੋਜੈਕਟ ਦੀਆਂ ਖ਼ਬਰਾਂ ਆਉਣ ਲੱਗੀਆਂ ਤਾਂ ਮੈਂ ਮੁੜ ਆਪਣੀ ਰਿਕਾਰਡ ਕੀਤੀ ਗੱਲਬਾਤ ਦਾ ਉਤਾਰਾ ਪੜ੍ਹਨਾ ਸ਼ੁਰੂ ਕੀਤਾ। ਇਹ ਕੁਛ ਸੌ ਪੰਨਿਆਂ ਦਾ ਹੈ। ਅੰਤ 'ਚ ਮੇਰੇ ਰੌਂਗਟੇ ਖੜ੍ਹੇ ਹੋ ਗਏ। ਸਨੋਡਨ ਜੋ ਉਦੋਂ ਮਸਾਂ ਤੀਹਵਿਆਂ ਦੀ ਉਮਰ ਦੇ ਸਨ, ਇਕ ਸਖ਼ਤ ਪੈਗੰਬਰ ਦੀ ਤਰ੍ਹਾਂ ਬੋਲ ਰਹੇ ਸਨ: "ਤਕਨਾਲੋਜੀ ਵਾਪਸ ਨਹੀਂ ਲਈ ਜਾ ਸਕਦੀ, ਤਕਨਾਲੋਜੀ ਕਿਤੇ ਨਹੀਂ ਜਾਵੇਗੀ.... ਇਹ ਸਸਤੀ ਹੋਣ ਵਾਲੀ ਹੈ, ਇਹ ਵਧੇਰੇ ਕਾਰਗਰ ਹੋਣ ਵਾਲੀ ਹੈ, ਇਹ ਹੋਰ ਵਧੇਰੇ ਹਾਸਲ ਹੋਣ ਵਾਲੀ ਹੈ। ਜੇ ਅਸੀਂ ਕੁਛ ਨਹੀਂ ਕਰਦੇ ਤਾਂ ਇਕ ਤਰ੍ਹਾਂ ਨਾਲ ਅਸੀਂ ਸੁੱਤੇ ਪਏ ਹੀ ਇਕ ਮੁਕੰਮਲ ਨਿਗਰਾਨੀ ਰਾਜ ਵਿਚ ਪਹੁੰਚ ਜਾਵਾਂਗੇ ਜਿੱਥੇ ਇਕ ਸੁਪਰ ਸਟੇਟ ਹੋਵੇਗਾ ਜਿਸ ਕੋਲ ਤਾਕਤ ਦੀ ਵਰਤੋਂ ਕਰਨ ਦੀ ਬੇਥਾਹ ਸਮਰੱਥਾ ਹੋਵੇਗੀ ਅਤੇ ਜਾਨਣ ਅਤੇ [ਇਸ ਲਈ] [ਉਸ] ਤਾਕਤ ਨੂੰ ਨਿਸ਼ਾਨਾ ਫੁੰਡਣ ਵਾਸਤੇ ਵਰਤਣ ਦੀ ਬੇਥਾਹ ਸਮਰੱਥਾ ਹੋਵੇਗੀ - ਅਤੇ ਇਹ ਇਕ ਬਹੁਤ ਖ਼ਤਰਨਾਕ ਮਿਸ਼ਰਣ ਹੈ.... ਭਵਿੱਖ ਦੀ ਦਿਸ਼ਾ ਇਹ ਹੈ।"

ਦੂਜੇ ਸ਼ਬਦਾਂ 'ਚ, ਅਸੀਂ ਇਕ ਐਸੀ ਦਿਸ਼ਾ 'ਚ ਜਾ ਰਹੇ ਹਾਂ ਜਿੱਥੇ ਸਾਡੇ ਉੱਪਰ ਐਸੇ ਰਾਜਾਂ ਦਾ ਸ਼ਾਸਨ ਹੋਵੇਗਾ ਜੋ ਹਰ ਉਹ ਗੱਲ ਜਾਣਦੇ ਹਨ ਜੋ ਲੋਕਾਂ ਬਾਰੇ ਜਾਣੀ ਜਾ ਸਕਦੀ ਹੈ, ਲੇਕਿਨ ਉਨ੍ਹਾਂ ਰਾਜਾਂ ਬਾਰੇ ਲੋਕ ਬਹੁਤ ਘੱਟ ਜਾਣਦੇ ਹਨ। ਇਹ ਅਸੰਤੁਲਨ ਸਿਰਫ਼ ਇਕ ਹੀ ਦਿਸ਼ਾ ਵਿਚ ਲਿਜਾ ਸਕਦਾ ਹੈ। ਇਕ ਅਸਾਧ ਜਾਨਲੇਵਾ ਹਕੂਮਤ। ਅਤੇ ਲੋਕਤੰਤਰ ਦਾ ਅੰਤ।

ਸਨੋਡਨ ਦੀ ਗੱਲ ਸਹੀ ਸੀ। ਤਕਨਾਲੋਜੀ ਨੂੰ ਵਾਪਸ ਨਹੀਂ ਲਿਆ ਜਾ ਸਕਦਾ। ਲੇਕਿਨ ਇਸ ਨੂੰ ਬੇਲਗਾਮ, ਕਾਨੂੰਨੀ ਉਦਯੋਗ ਦੇ ਰੂਪ 'ਚ ਕੰਮ ਕਰਨ ਦੀ ਇਜਾਜ਼ਤ ਦੇਣ ਦੀ ਜ਼ਰੂਰਤ ਨਹੀਂ ਹੈ, ਜੋ ਖੁੱਲ੍ਹੀ ਮੰਡੀ ਦੇ ਹਲਚਲ ਭਰੇ, ਮਹਾਂਦੀਪਾਂ ਵਿਚ ਪਸਰੇ ਹੋਏ ਰਾਜ ਮਾਰਗਾਂ ਉੱਪਰ ਸਰਪਟ ਦੌੜਦੀ ਹੋਈ ਵਧਦਾ ਫੁੱਲਦਾ ਰਹੇ, ਅਤੇ ਮੁਨਾਫ਼ਾ ਬਟੋਰਦਾ ਰਹੇ। ਇਸ ਉੱਪਰ ਕਾਨੂੰਨ ਦੀ ਲਗਾਮ ਕੱਸਣ ਦੀ ਜ਼ਰੂਰਤ ਹੈ। ਇਸ ਨੂੰ ਕਾਬੂ ਕਰਨਾ ਪੈਣਾ ਹੈ। ਤਕਨੀਕ ਰਹਿ ਸਕਦੀ ਹੈ, ਲੇਕਿਨ ਉਦਯੋਗ ਦੇ ਰਹਿਣ ਦੀ ਜ਼ਰੂਰਤ ਨਹੀਂ ਹੈ।

ਤਾਂ ਅਸੀਂ ਅੱਜ ਕਿੱਥੇ ਹਾਂ? ਮੈਂ ਕਹਾਂਗੀ, ਉਸੇ, ਜਾਣੀ-ਪਛਾਣੀ, ਪੁਰਾਣੀ ਰਾਜਨੀਤੀ ਦੀ ਦੁਨੀਆ 'ਚ। ਇਸ ਖ਼ਤਰੇ ਨੂੰ ਸਿਰਫ਼ ਰਾਜਨੀਤਕ ਕਾਰਵਾਈ ਹੀ ਰੋਕ ਸਕਦੀ ਹੈ, ਉਸ ਦਾ ਨੁਕਸਾਨ ਘਟਾ ਸਕਦੀ ਹੈ। ਕਿਉਂਕਿ ਇਹ ਤਕਨਾਲੋਜੀ, ਜਦੋਂ ਵੀ ਇਹ ਵਰਤੋਂ 'ਚ ਲਿਆਂਦੀ ਜਾਂਦੀ ਹੈ, (ਚਾਹੇ ਕਾਨੂੰਨੀ ਜਾਂ ਗ਼ੈਰਕਾਨੂੰਨੀ ਤਰੀਕੇ ਨਾਲ), ਇਹ ਹਮੇਸ਼ਾ ਇਕ ਜਟਿਲ ਕੁੱਚਕਰ 'ਚ ਬਣੀ ਰਹੇਗੀ ਜੋ ਅੱਜ ਸਾਡੇ ਸਮੇਂ ਦੀ ਪਛਾਣ ਹੈ: ਰਾਸ਼ਟਰਵਾਦ, ਪੂੰਜੀਵਾਦ, ਸਾਮਰਾਜਵਾਦ, ਬਸਤੀਵਾਦ, ਨਸਲਵਾਦ, ਜਾਤੀਵਾਦ, ਸੈਕਸਵਾਦ। ਚਾਹੇ ਇਹ ਤਕਨਾਲੋਜੀ ਕਿਸੇ ਵੀ ਤਰ੍ਹਾਂ ਵਿਕਸਿਤ ਹੁੰਦੀ ਹੈ -ਇਹ ਸਾਡੀ ਲੜਾਈ ਦਾ ਮੈਦਾਨ ਬਣੀ ਰਹੇਗੀ।

ਸਾਨੂੰ ਆਪਣਾ ਬੋਰੀ-ਬਿਸਤਰਾ ਚੁੱਕ ਕੇ ਇਕ ਐਸੀ ਦੁਨੀਆ ਵਿਚ ਵਾਪਸ ਜਾਣਾ ਪਵੇਗਾ ਜਿੱਥੇ ਅਸੀਂ ਆਪਣੇ ਵਜੂਦ ਨਾਲ ਲਗਾਏ ਸਭ ਤੋਂ ਕਰੀਬੀ ਦੁਸ਼ਮਣ ਆਪਣੇ ਮੋਬਾਈਲ ਫ਼ੋਨ ਦੇ ਕਬਜ਼ੇ 'ਚ, ਉਸ ਦੇ ਮਤਹਿਤ ਨਹੀਂ ਜੀ ਰਹੇ ਹੋਵਾਂਗੇ। ਸਾਨੂੰ ਡਿਜੀਟਲ ਨਿਗਰਾਨੀ ਦੀ ਦਮਘੋਟੂ ਹਕੂਮਤ ਤੋਂ ਬਾਹਰ ਆਪਣੀਆਂ ਜ਼ਿੰਦਗੀਆਂ ਦੀ, ਸੰਘਰਸ਼ਾਂ ਦੀ ਅਤੇ ਸਮਾਜੀ ਅੰਦੋਲਨਾਂ ਦੀ ਫਿਰ ਤੋਂ ਰਚਨਾ ਕਰਨੀ ਪਵੇਗੀ। ਸਾਨੂੰ ਉਨ੍ਹਾਂ ਵਿਵਸਥਾਵਾਂ ਨੂੰ ਸੱਤਾ ਤੋਂ ਬੇਦਖ਼ਲ ਕਰਨਾ ਪਵੇਗਾ ਜੋ ਸਾਡੇ ਖ਼ਿਲਾਫ਼ ਇਸ ਦੀ ਤਾਇਨਾਤੀ ਕਰਦੀਆਂ ਹਨ। ਸੱਤਾ ਦੇ ਹੱਥੇ ਉੱਪਰ ਉਨ੍ਹਾਂ ਦੀ ਜਕੜ ਨੂੰ ਢਿੱਲੀ ਕਰਨ ਲਈ, ਉਨ੍ਹਾਂ ਨੇ ਜੋ ਕੁਛ ਤੋੜ ਦਿੱਤਾ ਹੈ ਉਸ ਨੂੰ ਜੋੜਨ ਲਈ, ਅਤੇ ਉਨ੍ਹਾਂ ਨੇ ਜੋ ਕੁਛ ਚੁਰਾ ਲਿਆ ਹੈ ਉਸ ਨੂੰ ਵਾਪਸ ਲੈਣ ਲਈ, ਅਸੀਂ ਜੋ ਵੀ ਕਰ ਸਕਦੇ ਹਾਂ ਉਹ ਸਾਨੂੰ ਕਰਨਾ ਪਵੇਗਾ।

[ਦ ਗਾਰਡੀਅਨ, 27 ਜੁਲਾਈ 2021 ਦੇ ਧੰਨਵਾਦ ਸਹਿਤ]

# ਲੰਡਨ 'ਚ ਸੁਤੰਤਰਤਾ ਦਿਵਸ ' ਉੱਠੀ "ਮੋਦੀ ਅਸਤੀਫ਼ਾ ਦੇਵੇ" ਦੀ ਆਵਾਜ਼

(ਅਨੁਵਾਦ : ਬੂਟਾ ਸਿੰਘ)




**ਭਾਰਤੀ ਸੁਤੰਤਰਤਾ ਦਿਵਸ ਦੇ ਮੌਕੇ 'ਤੇ, ਯੂਨਾਈਟਿਡ ਕਿੰਗਡਮ ਵਿਚ ਪ੍ਰਵਾਸੀ ਭਾਰਤੀ ਕਾਰਕੁਨਾਂ ਦੇ ਇਕ ਸਮੂਹ ਨੇ ਲੰਡਨ ਦੇ ਵੈਸਟਮਿੰਸਟਰ ਬ੍ਰਿਜ ਉੱਪਰ ਇਕ ਬੈਨਰ ਲਟਕਾ ਦਿੱਤਾ, ਜਿਸ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਸਤੀਫ਼ੇ ਦੀ ਮੰਗ ਕੀਤੀ ਗਈ। ਉਨ੍ਹਾਂ ਨੇ ਇਕ ਪ੍ਰੈੱਸ ਬਿਆਨ ਵਿਚ ਮੋਦੀ ਸਰਕਾਰ ਦੇ ਵਿਰੋਧ ਦੇ ਕਈ ਕਾਰਨਾਂ ਨੂੰ ਸੂਚੀਬੱਧ ਕੀਤਾ, ਜਿਸ ਵਿਚ ਧਾਰਮਿਕ ਨਸਲਕੁਸ਼ੀ, ਕਸ਼ਮੀਰ ਵਿਚ ਭਾਰਤ ਦਾ "ਆਬਾਦਕਾਰ ਬਸਤੀਵਾਦ", ਖੇਤੀਬਾੜੀ ਦਾ ਕਾਰਪੋਰੇਟੀਕਰਨ ਅਤੇ ਸਰਕਾਰ ਦੁਆਰਾ ਕੋਵਿਡ -19 ਦੀ ਦੂਜੀ ਲਹਿਰ ਨਾਲ ਗਲਤ ਤਰੀਕੇ ਨਾਲ ਨਜਿੱਠਣਾ ਸ਼ਾਮਿਲ ਹਨ। ਸਮੂਹ ਨੇ ਲੰਡਨ ਵਿਚ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਮੋਮਬਤੀ ਪ੍ਰਦਰਸ਼ਨ ਵੀ ਕੀਤਾ। ਸਮੂਹ ਦੁਆਰਾ ਜਾਰੀ ਪ੍ਰੈਸ ਰਿਲੀਜ਼ ਹੇਠਾਂ ਪੋਸਟ ਕੀਤੀ ਗਈ ਹੈ।**

**ਪ੍ਰੈੱਸ ਬਿਆਨ 15 ਅਗਸਤ 2021, ਲੰਡਨ :** ਯੂ.ਕੇ. ਵਿਚ ਡਾਇਸਪੋਰਾ ਮੈਂਬਰ ਅਤੇ ਭਾਰਤ ਦੇ ਮਿੱਤਰ ਸਮੂਹ ਨੇ, ਸੁਤੰਤਰਤਾ ਦਿਵਸ ਦੇ ਮੌਕੇ 'ਤੇ ਲੰਡਨ ਦੇ ਵੈਸਟਮਿੰਸਟਰ ਬ੍ਰਿਜ ਤੋਂ ਨਾਟਕੀ ਅੰਦਾਜ਼ 'ਚ ਬੈਨਰ ਟੰਗ ਕੇ 'ਮੋਦੀ ਅਸਤੀਫ਼ਾ ਦੇਵੇ' ਦੀ ਮੰਗ ਕੀਤੀ ਹੈ।

ਜਿਵੇਂ ਹੀ ਅੱਜ ਲੰਡਨ ਵਿਚ ਸਵੇਰ ਹੋਈ, ਯੂਕੇ ਵਿਚ ਡਾਇਸਪੋਰਾ ਦੇ ਮੈਂਬਰਾਂ ਅਤੇ ਭਾਰਤ ਦੇ ਮਿੱਤਰਾਂ ਨੇ ਲੰਡਨ ਦੇ ਮਸ਼ਹੂਰ ਵੈਸਟਮਿੰਸਟਰ ਬ੍ਰਿਜ ਤੋਂ 'ਮੋਦੀ ਅਸਤੀਫ਼ਾ ਦੇਵੇ' ਦਾ ਇਕ ਵਿਸ਼ਾਲ ਬੈਨਰ ਟੰਗ ਦਿੱਤਾ। ਪੁਲ ਨੂੰ ਜਾਂਦੇ ਰਸਤੇ ਉੱਪਰ ਪ੍ਰਦਰਸ਼ਨਕਾਰੀਆਂ ਨੇ ਮੋਦੀ ਰਾਜ ਦੇ ਸਾਰੇ ਪੀੜਤਾਂ ਨੂੰ ਯਾਦ ਕਰਦੇ ਹੋਏ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਮੋਮਬੱਤੀ ਪ੍ਰਦਰਸ਼ਨ ਵੀ ਕੀਤਾ।

ਆਯੋਜਕਾਂ ਵਿੱਚੋਂ ਇਕ, ਦੱਖਣੀ ਏਸ਼ੀਆ ਸੌਲੀਡੈਰਿਟੀ ਗਰੁੱਪ ਦੇ ਮੁਕਤੀ ਸ਼ਾਹ ਨੇ ਕਾਰਵਾਈ ਦੇ ਕਾਰਨਾਂ ਬਾਰੇ ਦੱਸਿਆ:

"ਜਿਵੇਂ ਕਿ ਭਾਰਤ ਦਾ 75 ਵਾਂ ਸੁਤੰਤਰਤਾ ਦਿਵਸ ਸ਼ੁਰੂ ਹੋ ਰਿਹਾ ਹੈ, ਮੁਲਕ ਦਾ ਧਰਮਨਿਰਪੱਖ ਸੰਵਿਧਾਨ ਲੀਰੋ-ਲੀਰ ਕੀਤਜਾ ਜਾ ਚੁੱਕਾ ਹੈ। ਫਿਰਕੂ ਅਤੇ ਜਾਤੀਗਤ ਹਿੰਸਾ ਮੁਲਕ 'ਚ ਦਨਦਨਾ ਰਹੀ ਹੈ. ਹਜ਼ਾਰਾਂ ਰਾਜਨੀਤਿਕ ਕੈਦੀ ਕੋਵਿਡ-ਸੰਕਰਮਿਤ ਜੇਲ੍ਹਾਂ ਵਿਚ ਬੰਦ ਹਨ, ਅਤੇ ਸੈਂਕੜੇ ਹਜ਼ਾਰਾਂ ਲੋਕ ਕੋਰੋਨਾਵਾਇਰਸ ਸੰਕਟ ਦੀ ਲਾਪਰਵਾਹੀ ਅਤੇ ਬਦਇੰਤਜ਼ਾਮੀ ਦੇ ਨਤੀਜੇ ਵਜੋਂ ਆਪਣੇ ਅਜ਼ੀਜ਼ਾਂ ਦੇ ਤੁਰ ਜਾਣ ਦਾ ਸੋਗ ਮਨਾ ਰਹੇ ਹਨ। ਅਸੀਂ, ਭਾਰਤ ਦੇ ਲੋਕਾਂ ਦੇ ਨਾਲ ਇਕਜੁੱਟ ਹੋ ਕੇ ਖੜ੍ਹੇ ਪ੍ਰਵਾਸੀ ਮੈਂਬਰਾਂ ਅਤੇ ਦੋਸਤਾਂ ਦੇ ਸਮੂਹ, ਇਸ ਹਿੰਸਾ, ਬੇਇਨਸਾਫ਼ੀ ਅਤੇ ਮੁਜਰਮਾਨਾ ਲਾਪਰਵਾਹੀ ਦੇ ਮੁੱਖ ਘਾੜੇ ਨਰਿੰਦਰ ਮੋਦੀ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਹਾਂ।

ਬੈਨਰ ਲਗਾਉਣ ਦੇ ਵਕਤ ਜਾਰੀ ਕੀਤੇ ਗਏ ਬਿਆਨ ਵਿਚ ਮੋਦੀ ਦੇ ਅਸਤੀਫ਼ੇ ਦੀ ਮੰਗ ਦੇ ਇਨ੍ਹਾਂ ਦਸ ਖ਼ਾਸ ਕਾਰਨਾਂ ਦੀ ਸ਼ਨਾਖ਼ਤ ਕੀਤੀ ਗਈ ਹੈ:

**1. ਮੁਸਲਮਾਨਾਂ ਦੀ ਨਸਲਕੁਸ਼ੀ ਅਤੇ ਹਜੂਮੀ ਕਤਲਾਂ ਅਤੇ ਕਤਲੇਆਮ ਨੂੰ ਆਮ ਬਣਾਉਣ ਦੇ ਸੱਦੇ**

ਕੌਮੀ ਰਾਜਧਾਨੀ ਅਤੇ ਮੁਲਕ ਦੇ ਹੋਰਨਾਂ ਹਿੱਸਿਆਂ ਵਿਚ ਉਨ੍ਹਾਂ ਲੋਕਾਂ ਦੁਆਰਾ ਮੁਸਲਮਾਨਾਂ ਦੀ ਨਸਲਕੁਸ਼ੀ ਲਈ ਖੁੱਲ੍ਹੇਆਮ ਰੈਲੀਆਂ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਦਾ ਸੰਬੰਧ ਹਿੰਦੂ ਸਰਬੋਤਮ ਅੱਤਵਾਦੀ ਸਮੂਹਾਂ ਨਾਲ ਹੈ। ਇਨ੍ਹਾਂ ਸਮੂਹਾਂ ਦੀ ਜਾਂਚ ਕਰਨ ਅਤੇ ਉਨ੍ਹਾਂ ਨੂੰ ਖ਼ਤਮ ਕਰਨ ਤਾਂ ਬਹੁਤ ਦੂਰ, ਇਨ੍ਹਾਂ ਘਟਨਾਵਾਂ ਨੂੰ 'ਆਮ ਗੱਲ' ਦੇ ਹਿੱਸੇ ਵਜੋਂ ਦਬਾਇਆ ਜਾ ਰਿਹਾ ਹੈ। ਇਹ 2014 ਵਿਚ ਮੋਦੀ ਦੇ ਸੱਤਾ ਵਿਚ ਆਉਣ ਤੋਂ ਬਾਦ ਮੁਸਲਮਾਨਾਂ ਵਿਰੁੱਧ ਭਿਆਨਕ ਹਿੰਸਾ ਦੇ ਹੌਲੀ ਹੌਲੀ ਸਧਾਰਨ ਹੋਣ ਤੋਂ ਬਾਦ ਹੋਇਆ ਹੈ। ਮੁਸਲਿਮ ਇਲਾਕਿਆਂ ਵਿਚ ਹਜੂਮੀ ਕਤਲ, ਕਤਲੇਆਮ ਅਤੇ ਪੁਲਿਸ ਹਮਲੇ ਹੁਣ ਆਮ ਘਟਨਾਵਾਂ ਹਨ। ਇਹ ਸਧਾਰਨੀਕਰਨ, ਇਸ ਤੱਥ ਦੇ ਨਾਲ ਜੁੜ ਕੇ ਕਿ ਮੋਦੀ ਨੇ 2002 ਦੇ ਗੁਜਰਾਤ ਕਤਲੇਆਮ ਲਈ ਕਦੇ ਮੁਆਫ਼ੀ ਨਹੀਂ ਮੰਗੀ, ਜੋ ਕਿ ਮੁੱਖ ਮੰਤਰੀ ਵਜੋਂ ਉਸ ਦੀ ਨਿਗਰਾਨੀ ਹੇਠ ਹੋਇਆ ਸੀ, ਇਹ ਦਰਸਾਉਂਦਾ ਹੈ ਕਿ ਮੋਦੀ ਦੁਆਰਾ ਮੁਸਲਮਾਨਾਂ 'ਤੇ ਵੱਡੇ ਪੱਧਰ 'ਤੇ ਨਸਲਕੁਸ਼ੀ ਦੇ ਹਮਲੇ ਲਈ ਭਾਰਤ ਨੂੰ ਤਿਆਰ ਕੀਤਾ ਜਾ ਰਿਹਾ ਹੈ। ਇਸ ਨੂੰ ਕਦੇ ਵੀ ਦੁਬਾਰਾ ਵਾਪਰਨ ਨਹੀਂ ਦੇਣਾ ਚਾਹੀਦਾ! ਮੋਦੀ ਨੂੰ ਜ਼ਰੂਰ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ!

**2. ਦਲਿਤ ਔਰਤਾਂ ਅਤੇ ਲੜਕੀਆਂ ਦੇ ਬਲਾਤਕਾਰ ਅਤੇ ਕਤਲ**

ਨਰਿੰਦਰ ਮੋਦੀ ਦੇ ਅਧੀਨ ਦਲਿਤਾਂ ਦੇ ਵਿਰੁੱਧ ਲਗਾਤਾਰ ਹੋ ਰਹੀ ਹਿੰਸਾ ਵਿਚ ਕਈ ਗੁਣਾ ਵਾਧਾ ਹੋਇਆ ਹੈ, ਦਲਿਤ ਔਰਤਾਂ ਅਤੇ ਲੜਕੀਆਂ ਦੇ ਸਮੂਹਿਕ ਬਲਾਤਕਾਰ ਕੀਤੇ ਜਾਂਦੇ ਹਨ ਅਤੇ ਜਾਬਰ ਜਾਤੀ ਦੇ ਮਰਦਾਂ ਵੱਲੋਂ ਉਨ੍ਹਾਂ ਦੇ ਕਤਲ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਰਾਜ ਅਤੇ ਕੇਂਦਰ ਪੱਧਰ 'ਤੇ ਹੁਕਮਰਾਨ ਭਾਜਪਾ ਸਰਕਾਰਾਂ ਬਚਾ ਰਹੀਆਂ ਹਨ। ਹਾਥਰਸ ਸਮੂਹਿਕ ਬਲਾਤਕਾਰ ਅਤੇ ਕਤਲ ਮਸ਼ਹੂਰ ਹੈ। ਇਸੇ ਤਰ੍ਹਾਂ ਦੇ ਮਾਮਲੇ ਵਿਆਪਕ ਹਨ ਅਤੇ ਹਰ ਰੋਜ਼ ਤਾਜ਼ਾ ਭਿਆਨਕਤਾ ਸਾਹਮਣੇ ਆ ਰਹੀ ਹੈ। ਹਾਲ ਹੀ ਵਿਚ ਦਿੱਲੀ ਵਿਚ ਇਕ ਸ਼ਮਸ਼ਾਨਘਾਟ ਦੇ ਪੁਜਾਰੀ ਨੇ ਇਕ ਨੌਂ ਸਾਲਾ ਦਲਿਤ ਲੜਕੀ ਨਾਲ ਬਲਾਤਕਾਰ ਕੀਤਾ ਅਤੇ ਉਸ ਦਾ ਕਤਲ ਕਰ ਦਿੱਤਾ ਜਿਸ ਨੇ ਉਸ ਦੀ ਲਾਸ਼ ਨੂੰ ਸਾੜਨ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਦੀ ਅਕਹਿ ਹਿੰਸਾ ਅਤੇ ਬ੍ਰਾਹਮਣਵਾਦੀ ਕੁਕਰਮ ਦੇ ਬਾਵਜੂਦ ਪ੍ਰਧਾਨ ਮੰਤਰੀ ਚੁੱਪ ਰਿਹਾ। ਮੋਦੀ ਨੂੰ ਜ਼ਰੂਰ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ!

**3. ਖੇਤੀਬਾੜੀ ਉੱਪਰ ਕਾਰਪੋਰੇਟ ਕਬਜ਼ਾ**

ਮੋਦੀ ਸਰਕਾਰ ਨੇ ਤਿੰਨ ਖੇਤੀਬਾੜੀ ਕਾਨੂੰਨ ਪਾਸ ਕੀਤੇ ਹਨ ਜੋ ਸਮੁੱਚੇ ਖੇਤੀਬਾੜੀ ਸੈਕਟਰ ਨੂੰ ਉਨ੍ਹਾਂ ਦੇ ਕਾਰਪੋਰੇਟ ਸਾਥੀਆਂ ਗੌਤਮ ਅਡਾਨੀ ਅਤੇ ਮੁਕੇਸ਼ ਅੰਬਾਨੀ ਨੂੰ ਸੌਂਪਣ ਦਾ ਰਾਹ ਸਾਫ਼ ਕਰਦੇ ਹਨ। ਇਹ ਕਾਰਪੋਰੇਟੀਕਰਨ ਭਾਰਤ ਦੇ ਪਹਿਲਾਂ ਹੀ ਗ਼ਰੀਬ ਕਿਸਾਨਾਂ ਨੂੰ ਤਬਾਹੀ ਅਤੇ ਬੇਜ਼ਮੀਨੇਪਣ ਵੱਲ ਧੱਕ ਦੇਵੇਗਾ। ਮੁਲਕ ਦੀ ਭੋਜਨ ਦੀ ਸਵੈ-ਨਿਰਭਰਤਾ ਤਬਾਹ ਹੋ ਜਾਵੇਗੀ, ਭੁੱਖਮਰੀ ਹੋਰ ਡੂੰਘੀ ਹੋਵੇਗੀ। ਇਨ੍ਹਾਂ ਕਾਨੂੰਨਾਂ ਨੂੰ ਚੁਣੌਤੀ ਦੇਣ ਲਈ ਇਕ ਵਿਸ਼ਾਲ ਕਿਸਾਨ ਅੰਦੋਲਨ ਉੱਠਿਆ ਹੈ ਅਤੇ ਪਿਛਲੇ ਸਾਲ ਨਵੰਬਰ ਤੋਂ ਰਾਜਧਾਨੀ ਦੀਆਂ ਬਰੂਹਾਂ 'ਤੇ ਡੇਰੇ ਲਾਈ ਬੈਠਾ ਹੈ। ਮੋਦੀ ਨੇ ਭਾਰਤ ਦੇ ਕਿਰਤੀ ਲੋਕਾਂ ਦੇ ਇਸ ਮੁੱਖ ਹਿੱਸੇ ਦੀਆਂ ਆਵਾਜ਼ਾਂ ਨੂੰ ਲਗਾਤਾਰ ਨਜ਼ਰ ਅੰਦਾਜ਼ ਕੀਤਾ ਹੈ। ਮੋਦੀ ਨੂੰ ਜ਼ਰੂਰ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ!

**4. ਅਸਹਿਮਤੀ ਅਤੇ ਮਨੁੱਖੀ ਹੱਕਾਂ ਦੇ ਰਖਵਾਲਿਆਂ ਦੀ ਜੇਲਬੰਦੀ**

ਮੋਦੀ ਹਕੂਮਤ ਨੇ ਹਜ਼ਾਰਾਂ ਲੋਕਾਂ ਨੂੰ ਕੈਦ ਕੀਤਾ ਹੈ ਜਿਨ੍ਹਾਂ ਦਾ 'ਜੁਰਮ' ਸਿਰਫ਼ ਸਰਕਾਰ ਨਾਲ ਅਸਹਿਮਤੀ, ਸਭ ਤੋਂ ਹਾਸ਼ੀਏ 'ਤੇ ਧੱਕੇ ਅਤੇ ਦੱਬੇ-ਕੁਚਲੇ ਸਮੂਹਾਂ ਦੀ ਵਕਾਲਤ ਕਰਨਾ, ਜਾਂ ਯੂਏਪੀਏ ਵਰਗੇ ਸਖ਼ਤ ਕਾਨੂੰਨਾਂ ਅਧੀਨ ਅਹਿੰਸਕ ਵਿਰੋਧ ਪ੍ਰਦਰਸ਼ਨਾਂ ਵਿਚ ਹਿੱਸਾ ਲੈਣਾ ਹੈ। ਬਜ਼ੁਰਗ ਅਤੇ ਕਮਜ਼ੋਰ ਸਿਹਤ ਵਾਲੇ ਸਿੱਖਿਆ ਵਿਗਿਆਨੀ ਅਤੇ ਵਕੀਲ, ਵਿਦਿਆਰਥੀ ਅਤੇ ਨੌਜਵਾਨ ਕਾਰਕੁੰਨ, ਜਿਨ੍ਹਾਂ ਦੇ ਨਾਲ ਹਜ਼ਾਰਾਂ ਆਦਿਵਾਸੀ ਨੌਜਵਾਨ ਸ਼ਾਮਿਲ ਹਨ, ਮਹਾਂਮਾਰੀ ਦਰਮਿਆਨ ਭੀੜ-ਭੜੱਕੇ ਅਤੇ ਮਨੁੱਖੀ ਸਿਹਤ ਦੇ ਪ੍ਰਤੀਕੂਲ ਹਾਲਾਤ ਵਿਚ ਬੰਦ ਹਨ। ਉਨ੍ਹਾਂ ਦੀ ਜਾਨ ਬਹੁਤ ਜ਼ਿਆਦਾ ਖ਼ਤਰੇ ਵਿਚ ਹੈ। ਕੁਝ ਪਹਿਲਾਂ ਹੀ ਵਾਇਰਸ ਲਪੇਟ 'ਚ ਆ ਚੁੱਕੇ ਹਨ ਅਤੇ ਉਨ੍ਹਾਂ ਨੂੰ ਇਲਾਜ ਤੋਂ ਇਨਕਾਰ ਕੀਤਾ ਜਾ ਰਿਹਾ ਹੈ, ਜਾਂ ਸਿਰਫ਼ ਉਨ੍ਹਾਂ ਦੇ ਦੋਸਤਾਂ ਅਤੇ ਪਰਿਵਾਰਾਂ ਦੇ ਭਾਰੀ ਦਬਾਅ ਤੋਂ ਬਾਦ ਇਲਾਜ ਮੁਹੱਈਆ ਕਰਵਾਇਆ ਗਿਆ ਹੈ। ਦੂਸਰੇ, ਜਿਵੇਂ ਫਾਦਰ ਸਟੈਨ ਸਵਾਮੀ, ਇਕ 84 ਸਾਲਾ ਈਸਾਈ ਪਾਦਰੀ ਜੋ ਪਾਰਕਿਨਸਨ ਦੀ ਬੀਮਾਰੀ ਤੋਂ ਪੀੜਤ ਸਨ ਅਤੇ ਉਨ੍ਹਾਂ ਦੀਆਂ ਕੁਝ ਬੁਨਿਆਦੀ ਲੋੜਾਂ ਪੂਰੀਆਂ ਕਰਨ ਤੋਂ ਵੀ ਇਨਕਾਰ ਕਰ ਦਿੱਤਾ ਗਿਆ, ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ - ਮੋਦੀ ਹਕੂਮਤ ਵੱਲੋਂ ਹਿਰਾਸਤ ਵਿਚ ਕਤਲ ਕਰ ਦਿੱਤੇ ਗਏ। ਮੋਦੀ ਨੂੰ ਜ਼ਰੂਰ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ!

**5. ਕਸ਼ਮੀਰ ਵਿਚ ਬਸਤੀਵਾਦ ਦਾ ਕਬਜ਼ਾ**

ਕਸ਼ਮੀਰੀ ਲੋਕ ਦਹਾਕਿਆਂ ਤੋਂ ਭਾਰੀ ਫ਼ੌਜੀ ਕਬਜ਼ੇ, ਮਨੁੱਖੀ ਹੱਕਾਂ ਦੀ ਗੰਭੀਰ ਉਲੰਘਣਾ ਅਤੇ ਉਨ੍ਹਾਂ ਦੇ ਸਵੈ-ਨਿਰਣੇ ਦੇ ਹੱਕ ਤੋਂ ਇਨਕਾਰ ਦਾ ਸਾਹਮਣਾ ਕਰ ਰਹੇ ਹਨ। ਨਰਿੰਦਰ ਮੋਦੀ ਦੇ ਅਧੀਨ, ਕਸ਼ਮੀਰ ਦੇ ਨਾਲ ਭਾਰਤ ਦੇ ਰਿਸ਼ਤੇ ਇਜ਼ਰਾਈਲ ਦੇ ਕਾਬਜ਼ ਬਸਤੀਵਾਦ ਦੀ ਤਰ੍ਹਾਂ ਕਬਜ਼ੇ ਦੇ ਇਕ ਨਵੇਂ ਪੜਾਅ ਵਿਚ ਦਾਖ਼ਲ ਹੋਏ ਹਨ। 5 ਅਗਸਤ, 2019 ਨੂੰ ਧਾਰਾ 370 ਨੂੰ ਹਟਾਉਣਾ, ਭਾਰਤ ਦੇ ਸੰਵਿਧਾਨ ਅਤੇ ਅੰਤਰਰਾਸ਼ਟਰੀ ਕਾਨੂੰਨ ਦੋਵਾਂ ਦੀ ਉਲੰਘਣਾ ਦੇ ਬਾਦ, ਦੋ ਸਾਲਾਂ ਤੋਂ ਬੇਕਿਰਕੀ ਨਾਲ ਤਾਲਾਬੰਦੀ, ਕਰਫ਼ਿਊ, ਜਨਤਕ ਕੈਦ ਅਤੇ ਕਿਸੇ ਵੀ ਲੋਕਤੰਤਰ ਦੇ ਇਤਿਹਾਸ ਵਿਚ ਹੁਣ ਤੱਕ ਦੀ ਸਭ ਤੋਂ ਲੰਬੀ ਇੰਟਰਨੈੱਟ ਅਤੇ ਸੰਚਾਰ ਨਾਕਾਬੰਦੀ ਹੈ। ਇਸ ਦੇ ਤਹਿਤ ਕਸ਼ਮੀਰ ਵਿਚ ਮੋਦੀ ਸਰਕਾਰ ਦੀਆਂ ਯੋਜਨਾਵਾਂ ਜਨਸੰਖਿਆ 'ਚ ਰੱਦੋਬਦਲ, ਕਾਰਪੋਰੇਟ ਲੁੱਟ ਅਤੇ ਵਾਤਾਵਰਣ ਤਬਾਹੀ ਦੀਆਂ ਹਨ। ਮੋਦੀ ਨੂੰ ਜ਼ਰੂਰ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ!

**6. ਮੋਦੀ ਦੇ ਨਿਊਰਮਬਰਗ ਕਾਨੂੰਨ**

ਮੋਦੀ ਸਰਕਾਰ ਦੁਆਰਾ ਲਿਆਂਦਾ ਗਿਆ ਨਾਗਰਿਕਤਾ ਸੋਧ ਐਕਟ (ਸੀਏਏ) ਭਾਰਤੀ ਨਾਗਰਿਕਤਾ ਦੇ ਆਧਾਰ 'ਤੇ ਹੀ ਹਮਲਾ ਹੈ। ਇਹ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਦੇ ਪ੍ਰਵਾਸੀਆਂ ਨੂੰ ਭਾਰਤੀ ਨਾਗਰਿਕ ਬਣਨ ਦੀ ਆਗਿਆ ਦਿੰਦਾ ਹੈ ਬਸ਼ਰਤੇ ਕਿ ਉਹ ਹਿੰਦੂ, ਸਿੱਖ, ਪਾਰਸੀ, ਜੈਨ ਜਾਂ ਈਸਾਈ ਹੋਣ। ਭਾਰਤੀ ਨਾਗਰਿਕਤਾ ਨੂੰ ਸਪੱਸ਼ਟ ਤੌਰ 'ਤੇ ਧਾਰਮਿਕ ਮਾਨਤਾ ਨਾਲ ਜੋੜ ਕੇ, ਅਤੇ ਮੁਸਲਮਾਨਾਂ ਨੂੰ ਸਾਫ਼-ਸਾਫ਼ ਛੱਡ ਕੇ, ਸੀ.ਏ.ਏ. ਭਾਰਤ ਦੇ ਧਰਮ ਨਿਰਪੱਖ ਸੰਵਿਧਾਨ ਦੀ ਉਲੰਘਣਾ ਕਰਦਾ ਹੈ ਅਤੇ ਇਕ ਫਾਸ਼ੀਵਾਦੀ ਹਿੰਦੂ ਰਾਜ ਬਣਾਉਣ ਦੇ ਭਾਜਪਾ ਦੇ ਐਲਾਨੇ ਸੁਪਨੇ ਲਈ ਇਕ ਕਾਨੂੰਨੀ ਨੀਂਹ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਖ਼ਤਰਾ ਇਹ ਹੈ ਕਿ ਕੌਮੀ ਨਾਗਰਿਕਤਾ ਰਜਿਸਟਰ (ਐੱਨ.ਆਰ.ਸੀ.) ਅਤੇ ਰਾਸ਼ਟਰੀ ਜਨਸੰਖਿਆ ਰਜਿਸਟਰ (ਐੱਨ.ਪੀ.ਆਰ.) ਨਾਲ ਜੁੜ ਕੇ, ਨਵੇਂ ਨਾਗਰਿਕਤਾ ਨਿਯਮ ਭਾਰਤ ਦੇ 20 ਕਰੋੜ ਮੁਸਲਮਾਨਾਂ ਨੂੰ ਵੋਟ ਦੇ ਹੱਕ ਤੋਂ ਵਾਂਝੇ ਕਰ ਦੇਣਗੇ। ਇਸ ਦੌਰਾਨ ਭਾਜਪਾ ਕੀ ਹਕੂਮਤ ਵਾਲੇ ਰਾਜਾਂ ਨੇ ਅਖੌਤੀ 'ਲਵ ਜਿਹਾਦ' ਕਾਨੂੰਨ ਲਿਆਂਦੇ ਹਨ ਜੋ ਅੰਤਰ-ਧਰਮ ਸੰਬੰਧਾਂ ਨੂੰ ਗੈਰਕਾਨੂੰਨੀ ਬਣਾਉਣ ਦੀ ਕੋਸ਼ਿਸ਼ ਹਨ। ਇਹ ਸਾਰੇ ਕਾਨੂੰਨ ਨਾਜ਼ੀਆਂ ਦੇ ਨਿਊਰਮਬਰਗ ਕਾਨੂੰਨਾਂ ਨਾਲ ਬਹੁਤ ਮਿਲਦੇ-ਜੁਲਦੇ ਹਨ। ਮੋਦੀ ਨੂੰ ਜ਼ਰੂਰ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ!

**7. ਮੋਦੀ ਦੇ ਵਾਤਾਵਰਣ ਸਬੰਧੀ ਜੁਰਮ**

ਵਾਤਾਵਰਣ ਕਾਰਗੁਜ਼ਾਰੀ ਸੂਚਕ-ਅੰਕ ਵਿਚ ਭਾਰਤ ਵਿਸ਼ਵ ਦਾ ਚੌਥਾ ਸਭ ਤੋਂ ਖ਼ਰਾਬ ਮੁਲਕ ਹੈ। ਜਦੋਂ ਵਿਸ਼ਵਵਿਆਪੀ ਜਲਵਾਯੂ ਸੰਕਟ ਵਧਦਾ ਜਾ ਰਿਹਾ ਹੈ, ਮੋਦੀ ਪ੍ਰਮੁੱਖ ਵਾਤਾਵਰਣੀ ਜੁਰਮਾਂ ਦਾ ਦੋਸ਼ੀ ਹੈ। ਉਸ ਨੇ ਖਣਨ ਅਤੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਨੂੰ ਜੰਗਲਾਂ, ਜ਼ਮੀਨ ਅਤੇ ਪਾਣੀ ਉੱਪਰ ਕਬਜ਼ਾ ਕਰਨ ਦੀ ਖੁੱਲ੍ਹ ਦੇ ਦਿੱਤੀ ਹੈ ਅਤੇ ਬਦਨਾਮ ਗੌਤਮ ਅਡਾਨੀ ਸਮੇਤ ਉਸਦੇ ਸਰਮਾਏਦਾਰ ਜੋਟੀਦਾਰਾਂ ਵੱਲੋਂ ਵਪਾਰਕ ਖਣਨ ਲਈ ਵੱਡੇ ਕੋਲਾ ਖੇਤਰਾਂ ਦੀ ਨਿਲਾਮੀ ਕੀਤੀ ਜਾ ਰਹੀ ਹੈ! ਮੋਦੀ ਨੂੰ ਜ਼ਰੂਰ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ!

**8. ਲੋਕਤੰਤਰੀ ਚੋਣ ਅਮਲ ਦੀ ਉਲੰਘਣਾ**

ਨਰਿੰਦਰ ਮੋਦੀ ਦੇ ਸੱਤਾ ਵਿਚ ਆਉਣ ਤੋਂ ਬਾਦ ਕੋਈ ਵੀ ਚੋਣ ਆਜ਼ਾਦ ਅਤੇ ਨਿਰਪੱਖ ਨਹੀਂ ਹੋਈ। ਚੋਣਾਂ ਮੁਸਲਮਾਨਾਂ ਨੂੰ ਬਲੀ ਦੇਣ, ਬੈਲਟ ਬਕਸਿਆਂ ਅਤੇ ਈਵੀਐਮ ਨਾਲ ਛੇੜਛਾੜ ਕਰਨ ਅਤੇ ਹਾਲ ਹੀ ਵਿਚ ਘਾਤਕ ਹਿੰਸਾ ਦੇ ਮੌਕੇ ਰਹੀਆਂ ਹਨ। ਇਸ ਸਾਲ ਦੇ ਸ਼ੁਰੂ ਵਿਚ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿਚ ਹਥਿਆਰਬੰਦ ਪੁਲਿਸ, ਜਿਸ ਉੱਪਰ ਕੇਂਦਰ ਦਾ ਕੰਟਰੋਲ ਹੈ, ਨੇ ਵੋਟ ਪਾਉਣ ਲਈ ਕਤਾਰ ਵਿਚ ਖੜ੍ਹੇ ਲੋਕਾਂ ਉੱਤੇ ਗੋਲੀਆਂ ਦੀ ਵਾਛੜ ਕੀਤੀ - ਚਾਰ ਜਣਿਆਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖ਼ਮੀ ਹੋ ਗਏ। ਮੋਦੀ ਰਾਜ ਅਧੀਨ ਭਾਰਤ ਦੇ 'ਲੋਕਤੰਤਰ' ਦੀ ਹਾਲਤ ਇਹ ਹੈ! ਮੋਦੀ ਨੂੰ ਜ਼ਰੂਰ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ!

**9. ਕੋਵਿਡ -19 ਮਹਾਂਮਾਰੀ ਦੀ ਮੁਜਰਮਾਨਾ ਬਦਇੰਤਜ਼ਾਮੀ**

ਆਖ਼ਰੀ, ਪਰ ਨਿਸ਼ਚਤ ਤੌਰ 'ਤੇ ਇਹ ਵੀ ਘੱਟ ਮਹੱਤਵਪੂਰਨ ਨਹੀਂ, ਕੋਵਿਡ-19 ਨਾਲ ਬੇਥਾਹ ਮੌਤਾਂ ਲਈ ਮੋਦੀ ਜ਼ਿੰਮੇਵਾਰ ਹੈ, ਜਿਨ੍ਹਾਂ ਨੂੰ ਰੋਕਿਆ ਜਾ ਸਕਦਾ ਸੀ। ਚਾਰ ਘੰਟਿਆਂ ਦੇ ਨੋਟਿਸ 'ਤੇ ਥੋਪੀ ਤਾਲਾਬੰਦੀ ਕਾਰਨ ਲੱਖਾਂ ਪ੍ਰਵਾਸੀ ਮਜ਼ਦੂਰਾਂ ਲਈ ਗੰਭੀਰ ਪ੍ਰੇਸ਼ਾਨੀ ਅਤੇ ਬੇਸ਼ੁਮਾਰ ਮੌਤਾਂ ਹੋਈਆਂ, ਜੋ ਕਿ ਆਪਣੇ ਘਰਾਂ ਤੋਂ ਦੂਰ ਸ਼ਹਿਰਾਂ ਵਿਚ ਫਸੇ ਹੋਏ ਸਨ, ਜਿਨ੍ਹਾਂ ਕੋਲ ਰੋਜ਼ੀ-ਰੋਟੀ ਦਾ ਕੋਈ ਸਾਧਨ ਨਹੀਂ ਸੀ ਅਤੇ ਜੋ ਬਿਨਾਂ ਸਾਧਨ ਪੈਦਲ ਘਰਾਂ ਨੂੰ ਜਾਣ ਲਈ ਮਜਬੂਰ ਸਨ। ਹਾਲ ਹੀ ਵਿਚ ਕੋਵਿਡ-19 ਦੀ ਦੂਜੀ ਲਹਿਰ ਨੇ ਅੰਦਾਜ਼ਨ ਚਾਲੀ ਲੱਖ ਮੌਤਾਂ ਨਾਲ ਮੁਲਕ ਨੂੰ ਤਬਾਹ ਕਰ ਦਿੱਤਾ ਹੈ। ਇਹ ਮੋਦੀ ਦੀ ਲਾਪਰਵਾਹੀ ਅਤੇ ਘੋਰ ਨਲਾਇਕੀ ਦਾ ਨਤੀਜਾ ਹੈ, ਜਿਸ ਵਿਚ ਪੱਛਮੀ ਬੰਗਾਲ ਚੋਣਾਂ ਦੌਰਾਨ ਕੁੰਭ ਮੇਲਾ ਅਤੇ ਉਸ ਦੀ ਆਪਣੀ ਪਾਰਟੀ ਦੇ ਜਨਤਕ ਰੋਡ ਸ਼ੋਅ ਵਰਗੇ 'ਸੁਪਰ ਸਪੈਡਰ' ਸਮਾਗਮਾਂ ਦੀ ਪ੍ਰਵਾਨਗੀ ਅਤੇ ਉਸ ਦੇ ਕਾਰਪੋਰੇਟ ਮਿੱਤਰਾਂ ਦੁਆਰਾ ਟੀਕਿਆਂ ਤੋਂ 'ਸੁਪਰ ਮੁਨਾਫ਼ਿਆਂ' ਨੂੰ ਤਰਜੀਹ ਦੇਣਾ ਸ਼ਾਮਲ ਹੈ। ਮੋਦੀ ਨੇ ਸਾਬਤ ਕਰ ਦਿੱਤਾ ਹੈ ਕਿ ਉਸ ਦੇ ਲਈ, ਜ਼ਿੰਦਗੀਆਂ ਬਚਾਉਣ ਨਾਲੋਂ ਆਪਣੀ ਸੱਤਾ ਨੂੰ ਮਜ਼ਬੂਤ ਕਰਨਾ ਜ਼ਿਆਦਾ ਮਹੱਤਵਪੂਰਨ ਹੈ। ਇਹ ਮਨੁੱਖਤਾ ਵਿਰੁੱਧ ਜੁਰਮ ਹਨ! ਮੋਦੀ ਨੂੰ ਜ਼ਰੂਰ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ!

**10. ਯੂ.ਕੇ. ਵਿਚ ਘੋਰ ਸੱਜੇਪੱਖੀ ਹਿੰਦੂ ਸਰਵਉੱਚਤਾਵਾਦੀ ਸਾਡੇ ਲਈ ਨਹੀਂ ਬੋਲਦੇ!**

ਵਰਤਮਾਨ ਵਿਚ ਯੂ.ਕੇ. ਸਰਕਾਰ ਦੇ ਸੱਜੇਪੱਖੀ ਮੰਤਰੀ ਪ੍ਰੀਤੀ ਪਟੇਲ, ਰਿਸ਼ੀ ਸੁਨਕ ਅਤੇ ਆਲੋਕ ਸ਼ਰਮਾ ਸਾਰੇ ਮੋਦੀ ਦੇ ਸਹਿਯੋਗੀ ਹਨ, ਅਤੇ ਐੱਚ.ਐੱਸ.ਐੱਸ (ਖੁੱਲ੍ਹੇ ਰੂਪ ਵਿਚ ਫਾਸ਼ੀਵਾਦੀ ਆਰ.ਐੱਸ.ਐੱਸ. ਦਾ ਅੰਤਰਰਾਸ਼ਟਰੀ ਵਿੰਗ, ਜਿਸ ਵਿਚ ਮੋਦੀ ਇਕ ਜੀਵਨ ਭਰ ਮੈਂਬਰ ਹਨ) ਅਤੇ ਹੋਰ ਹਿੰਦੂ-ਸਰਵਉੱਚਤਾਵਾਦੀ ਸੰਗਠਨ ਹਨ। ਯੂ.ਕੇ. ਵਿਚ ਸਰਗਰਮੀ ਨਾਲ ਨਫ਼ਰਤ ਫੈਲਾ ਰਿਹਾ ਹੈ। ਉਹ ਦਾਅਵਾ ਕਰਦੇ ਹਨ ਕਿ ਮੋਦੀ ਨੂੰ ਪ੍ਰਵਾਸੀਆਂ ਦੀ ਹਮਾਇਤ ਪ੍ਰਾਪਤ ਹੈ। ਪਰ ਉਹ ਸਾਡੇ ਨਾਂ 'ਤੇ ਨਹੀਂ ਬੋਲਦੇ। ਮੋਦੀ ਨੂੰ ਜ਼ਰੂਰ ਹੀ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ!

# ਪੁਲਾੜ ਦਾ ਸੈਰ-ਸਪਾਟਾ ਜਾਂ ਪੁਲਾੜ ਦਾ ਨਿੱਜੀਕਰਨ



-ਸੁਖਵੰਤ ਹੁੰਦਲ-

12 ਜੁਲਾਈ ਨੂੰ ਵਿਰਜਨ ਗਲੈਕਟਿਕ ਦੇ ਮਾਲਕ ਰਿਚਰਡ ਬਰੈਨਸਨ ਨੇ ਅਤੇ ਫਿਰ 20 ਜੁਲਾਈ ਨੂੰ ਬਲੂ ਓਰੀਜਨ ਦੇ ਮਾਲਕ ਜੈੱਫ ਬੈਜ਼ੋ ਨੇ ਆਪਣੀ ਆਪਣੀ ਕੰਪਨੀ ਦੇ ਰਾਕਟਾਂ 'ਤੇ ਪੁਲਾੜ ਵਿੱਚ ਉਡਾਣਾਂ ਭਰੀਆਂ ਹਨ। ਰਿਚਰਡ ਬਰੈਨਸਨ ਸਮੁੰਦਰ ਦੇ ਤਲ ਤੋਂ 53.5 ਮੀਲ ਦੀ ਉਚਾਈ ਤੱਕ ਗਿਆ ਹੈ। ਇਹ ਉਚਾਈ ਉਸ ਉਚਾਈ ਤੋਂ ਸਾਢੇ-ਤਿੰਨ ਮੀਲ ਉੱਪਰ ਹੈ ਜਿਸ ਨੂੰ ਨਾਸਾ (ਨੈਸਨਲ ਐਰੋਨੌਟਿਕ ਐਂਡ ਸਪੇਸ ਐਡਮਿਨਸਟ੍ਰੇਸਨ) ਪੁਲਾੜ ਦੀ ਹੇਠਲੀ ਹੱਦ ਸਮਝਦੀ ਹੈ। ਉੱਪਰ ਜਾ ਕੇ ਬਰੈਨਸਨ ਅਤੇ ਉਸ ਦੇ ਸਾਥੀਆਂ ਨੇ ਤਿੰਨ ਮਿੰਟ ਦੇ ਸਮੇਂ ਲਈ ਭਾਰ-ਰਹਿਤ ਹੋਣ ਦਾ ਅਨੁਭਵ ਕੀਤਾ ਅਤੇ ਉਸ ਉਚਾਈ ਤੋਂ ਆਲੇ ਦੁਆਲੇ ਦੇ ਨਜਾਰਿਆਂ ਦਾ ਆਨੰਦ ਮਾਣਿਆ। ਜੈੱਫ ਬੈਜ਼ੋ ਸਮੁੰਦਰ ਦੇ ਤਲ ਤੋਂ 66 ਕੁ ਮੀਲ ਦੀ ਉਚਾਈ ਤੱਕ ਗਿਆ। ਇਹ ਉਚਾਈ ਉਸ ਉਚਾਈ ਤੋਂ ਕੁੱਝ ਕੁ ਮੀਲ ਉੱਪਰ ਹੈ ਜਿਸ ਨੂੰ ਵਰਲਡ ਏਅਰ ਸਪੋਰਟਸ ਫੈਡਰੇਸਨ ਪੁਲਾੜ ਦੀ ਹੇਠਲੀ ਹੱਦ ਸਮਝਦੀ ਹੈ। ਇਸ ਉਚਾਈ 'ਤੇ ਜਾ ਕੇ ਬੈਜ਼ੋ ਅਤੇ ਉਸ ਦੇ ਸਾਥੀਆਂ ਨੇ ਵੀ ਤਿੰਨ ਕੁ ਮਿੰਟ ਦੇ ਸਮੇਂ ਲਈ ਭਾਰ-ਰਹਿਤ ਹੋਣ ਦਾ ਅਨੁਭਵ ਕੀਤਾ ਅਤੇ ਆਲੇ ਦੁਆਲੇ ਦੇ ਸੁੰਦਰ ਨਜਾਰਿਆਂ ਦਾ ਆਨੰਦ ਮਾਣਿਆ।

ਇਹਨਾਂ ਉਡਾਣਾਂ ਦੀ ਕਾਮਯਾਬੀ ਤੋਂ ਬਾਅਦ ਬਰੈਨਸਨ, ਬੈਜ਼ੋ ਅਤੇ ਉਹਨਾਂ ਦੀ ਇਸ ਪ੍ਰਾਪਤੀ 'ਤੇ ਤਾੜੀਆਂ ਮਾਰਨ ਵਾਲੇ ਲੋਕਾਂ ਨੇ ਬਿਆਨ ਦਿੱਤੇ ਹਨ ਕਿ ਇਹਨਾਂ ਉਡਾਣਾਂ ਨਾਲ ਪੁਲਾੜ ਦੀ ਯਾਤਰਾ ਵਿੱਚ ਇਕ "ਨਵੇਂ ਯੁੱਗ" ਦੀ ਸੁਰੂਆਤ ਹੋ ਗਈ ਹੈ। ਇਹ ਨਵਾਂ ਯੁੱਗ ਮਨੁੱਖਤਾ ਲਈ ਬਹੁਤ ਸਾਰੇ ਫਾਇਦੇ ਲੈ ਕੇ ਆਵੇਗਾ। ਬਰੈਨਸਨ, ਬੈਜ਼ੋ ਅਤੇ ਐਲਨ ਮਸਕ ਦੀਆਂ ਕੰਪਨੀਆਂ ਵਲੋਂ ਵਿਕਸਤ ਕੀਤੀ ਜਾ ਰਹੀ ਤਕਨੌਲੌਜੀ ਪੁਲਾੜ ਤਕਨੌਲੌਜੀ ਵਿੱਚ ਸੁਧਾਰ ਕਰੇਗੀ। ਇਸ ਨਾਲ ਪੁਲਾੜ ਸੈਰ-ਸਪਾਟੇ ਨੂੰ ਹੁਲਾਰਾ ਮਿਲੇਗਾ ਅਤੇ ਇਹ ਵੱਧ ਤੋਂ ਵੱਧ ਲੋਕਾਂ ਦੀ ਪਹੁੰਚ ਵਿੱਚ ਆ ਜਾਵੇਗਾ। ਪੁਲਾੜ ਵਿੱਚ ਖਣਿਜ ਪਦਾਰਥਾਂ ਦੇ ਬਹੁਤ ਵੱਡੇ ਭੰਡਾਰ ਹਨ ਅਤੇ ਸਾਨੂੰ ਉਨ੍ਹਾਂ ਨੂੰ ਕੱਢਣ (ਮਾਈਨ ਕਰਨ) ਦੇ ਮੌਕੇ ਮਿਲਣਗੇ। ਅਸੀਂ ਭਵਿੱਖ ਵਿੱਚ ਖਾਣਾਂ 'ਚੋਂ ਖਣਿਜ ਕੱਢਣ ਦੇ ਕਾਰਜ ਅਤੇ ਭਾਰੀ ਸਨਅਤ (ਹੈਵੀ ਇੰਡਸਟਰੀ) ਨੂੰ ਪੁਲਾੜ ਵਿੱਚ ਲੈ ਜਾਵਾਂਗੇ, ਜਿਸ ਨਾਲ ਧਰਤੀ ਤੋਂ ਪ੍ਰਦੂਸਨ ਘਟੇਗਾ ਅਤੇ ਮੌਸਮਾਂ ਦੀ ਤਬਦੀਲੀ (ਕਲਾਈਮੇਟ ਚੇਂਜ) ਵਰਗੀਆਂ ਵਾਤਾਵਰਨ ਦੇ ਸੰਕਟ ਨਾਲ ਸੰਬੰਧਿਤ ਮੁਸਕਿਲਾਂ ਨੂੰ ਹੱਲ ਕਰਨ ਵਿੱਚ ਮਦਦ ਮਿਲੇਗੀ।

ਦੂਸਰੇ ਪਾਸੇ ਇਹਨਾਂ ਉਡਾਣਾਂ ਨੂੰ ਆਲੋਚਨਾਤਮਕ ਦ੍ਰਿਸਟੀ ਨਾਲ ਦੇਖਣ ਵਾਲੇ ਲੋਕ ਇਹਨਾਂ ਉਡਾਣਾਂ ਦੀ ਕਾਮਯਾਬੀ 'ਤੇ ਤਾੜੀਆਂ ਮਾਰਨ ਦੀ ਥਾਂ ਇਹਨਾਂ ਉਡਾਣਾਂ ਬਾਰੇ ਕਈ ਤਰ੍ਹਾਂ ਦੇ ਸਵਾਲ ਉਠਾ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਇਹ ਖਰਬਾਂਪਤੀ ਅੱਜ ਪੁਲਾੜ ਦੀ ਹੇਠਲੀ ਹੱਦ ਤੱਕ ਇਸ ਲਈ ਜਾ ਸਕੇ ਹਨ, ਕਿਉਂਕਿ ਪਿਛਲੇ 60-70 ਸਾਲਾਂ ਦੇ ਸਮੇਂ ਦੌਰਾਨ ਸਰਕਾਰਾਂ ਵਲੋਂ ਖਰਚੇ ਕਰਕੇ ਪੁਲਾੜ ਨਾਲ ਸੰਬੰਧਿਤ ਇਕ ਬੁਨਿਆਦੀ ਢਾਂਚਾ ਤਿਆਰ ਕੀਤਾ ਗਿਆ ਸੀ, ਜਿਹੜੀ ਤਕਨੌਲੌਜੀ ਦੇ ਘਨੇੜੀ ਚੜ੍ਹ ਕੇ ਇਹ ਖਰਬਾਂਪਤੀ ਪੁਲਾੜ ਵਿੱਚ ਪਹੁੰਚੇ ਹਨ, ਉਹ ਪਹਿਲਾਂ ਹੀ ਸਰਕਾਰੀ ਖਰਚੇ 'ਤੇ ਤਿਆਰ ਹੋ ਚੁੱਕੀ ਸੀ। ਪੁਲਾੜ ਦੇ ਸੈਰ ਸਪਾਟੇ ਲਈ ਇਹ ਜਿਹੜੀ ਦੌੜ ਸੁਰੂ ਹੋਈ ਹੈ, ਇਸ ਦੇ ਵਾਤਾਵਰਨ ਦੇ ਸੰਕਟ ਨਾਲ ਸੰਬੰਧਿਤ ਆਲਮੀ ਤਪਸ (ਗਲੋਬਲ ਵਾਰਮਿੰਗ) 'ਤੇ ਕੀ ਅਸਰ ਪਏਗਾ? ਪੁਲਾੜ ਵਿੱਚ ਮਾਈਨਿੰਗ ਦੇ ਕਾਰਜ ਨਾਲ ਕਿਸ ਤਰ੍ਹਾਂ ਦਾ ਪ੍ਰਦੂਸਨ ਫੈਲੇਗਾ? ਸਾਨੂੰ ਇਨ੍ਹਾਂ ਸਵਾਲ 'ਤੇ ਗੌਰ ਕਰਨਾ ਪਵੇਗਾ। ਸਭ ਤੋਂ ਵੱਡੀ ਗੱਲ ਅੰਤਰਰਾਸਟਰੀ ਕਾਨੂੰਨ ਅਨੁਸਾਰ ਪੁਲਾੜ ਨੂੰ ਸਾਰੀ ਮਨੁੱਖਤਾ ਦੀ ਸਾਂਝੀ ਮਲਕੀਅਤ ਮੰਨਿਆ ਗਿਆ ਹੈ। ਹੁਣ ਜਦੋਂ ਪ੍ਰਾਈਵੇਟ ਕਾਰਪੋਰੇਸਨਾਂ ਪੁਲਾੜ 'ਤੇ ਮਾਈਨਿੰਗ ਕਰਨ ਅਤੇ ਬਸਤੀਆਂ ਵਸਾਉਣ ਦੀ ਗੱਲ ਕਰ ਰਹੀਆਂ ਹਨ, ਤਾਂ ਇਸ ਨਾਲ 'ਪੁਲਾੜ ਮਨੁੱਖਤਾ ਦੀ ਸਾਂਝੀ ਮਲਕੀਅਤ ਹੈ' ਦੇ ਦਾਅਵੇ 'ਤੇ ਕੀ ਅਸਰ ਪਏਗਾ? ਇਹ ਲੋਕ ਇਹ ਗੱਲ ਤਾਂ ਮੰਨਦੇ ਹਨ ਕਿ ਪ੍ਰਾਈਵੇਟ ਕਾਰਪੋਰੇਸਨਾਂ ਵੱਲੋਂ ਪੁਲਾੜ ਨਾਲ ਸੰਬੰਧਿਤ ਇਨ੍ਹਾਂ ਸਰਗਰਮੀਆਂ ਨਾਲ ਇਕ 'ਨਵੇਂ ਯੁੱਗ' ਦੀ ਸੁਰੂਆਤ ਹੋ ਰਹੀ ਹੈ, ਪਰ ਇਸ 'ਨਵੇਂ ਯੁੱਗ' ਦਾ ਨਤੀਜਾ ਸਮੁੱਚੀ ਮਨੁੱਖਤਾ ਦੀ ਭਲਾਈ ਵਿੱਚ ਨਿਕਲੇ, ਇਸ ਬਾਰੇ ਉਹ ਵੱਡੇ ਸਵਾਲ ਖੜ੍ਹੇ ਕਰ ਰਹੇ ਹਨ।

ਇਨ੍ਹਾਂ ਵਿਚਾਰਾਂ ਨੂੰ ਧਿਆਨ ਵਿੱਚ ਰੱਖਦਿਆਂ ਹੁਣ ਅਸੀਂ ਪੁਲਾੜ ਨਾਲ ਸੰਬੰਧਿਤ ਇਹਨਾਂ ਸਰਗਰਮੀਆਂ ਨਾਲ ਜੁੜੇ ਕੁੱਝ ਪੱਖਾਂ ਬਾਰੇ ਗੱਲ ਕਰਾਂਗੇ। ਸਭ ਤੋਂ ਪਹਿਲੀ ਗੱਲ ਪੁਲਾੜ ਦੇ ਸੈਰ ਸਪਾਟੇ ਬਾਰੇ ਕਰਦੇ ਹਾਂ। ਪੁਲਾੜ ਦੀ ਸੈਰ ਬਾਰੇ ਤਿੰਨ ਤਰ੍ਹਾਂ ਦੀ ਪੇਸਕਸ ਕੀਤੀ ਜਾ ਰਹੀ ਹੈ। ਸਭ ਤੋਂ ਪਹਿਲੀ ਵਿੱਚ ਪੁਲਾੜ ਦੀ ਹੇਠਲੀ ਹੱਦ ਤੱਕ ਰਾਕਟ ਦੇ ਝੂਟੇ ਬਾਰੇ ਕਿਹਾ ਜਾ ਰਿਹਾ ਹੈ ਜਿਸ ਤਰ੍ਹਾਂ ਰਿਚਰਡ ਬਰੈਨਸਨ ਅਤੇ ਜੈੱਫ ਬੈਜ਼ੋ ਨੇ ਕੀਤਾ ਹੈ। ਇਸ ਝੂਟੇ ਦੀ ਕੀਮਤ ਪ੍ਰਤੀ ਵਿਅਕਤੀ 2 ਤੋਂ 3 ਲੱਖ ਡਾਲਰ ਵਿਚਕਾਰ ਦੱਸੀ ਜਾ ਰਹੀ ਹੈ। ਦੂਸਰੀ ਪੇਸਕਸ ਵਿੱਚ ਧਰਤੀ ਦੇ ਆਰਬਿਟ ਤੱਕ ਲੈ ਕੇ ਜਾਣ ਦੀ ਗੱਲ ਕੀਤੀ ਜਾ ਰਹੀ ਹੈ। ਇਸ ਵਿੱਚ ਜਾਣ ਵਾਲੇ ਲੋਕ ਧਰਤੀ ਦੇ ਆਰਬਿਟ ਵਿੱਚ ਕੁੱਝ ਦਿਨ ਲੰਘਾਉਣਗੇ। ਇਸ ਦਾ ਟੈਸਟ ਕਰਨ ਲਈ ਐਲਨ ਮਸਕ ਦੀ ਕੰਪਨੀ ਸਪੇਸ ਐਕਸ ਇਸ ਸਾਲ ਦੇ ਸਤੰਬਰ ਵਿੱਚ ਉਡਾਣ ਭਰੇਗੀ। ਇਸ ਤੋਂ ਬਿਨਾਂ ਉਹ ਇੰਟਰਨੈਸਨਲ ਸਪੇਸ ਸਟੇਸਨ ਤੱਕ ਦਾ ਪ੍ਰਾਈਵੇਟ ਟ੍ਰਿਪ ਵੀ ਪੇਸ ਕਰੇਗੀ ਅਤੇ ਚੰਦ ਦੁਆਲੇ ਗੇੜਾ ਕੱਢਣ ਦਾ ਵੀ। ਇਸ ਉਡਾਣ 'ਤੇ ਜਾਣ ਦਾ ਖਰਚਾ ਲੱਖਾਂ-ਤੋਂ ਕ੍ਰੋੜਾਂ ਡਾਲਰਾਂ ਵਿਚਕਾਰ ਹੋਵੇਗਾ। ਉਦਾਹਰਨ ਲਈ ਸੰਨ 2001 ਵਿੱਚ ਇਕ ਅਮਰੀਕਨ ਬਿਜਨਿਸਮੈਨ ਡੈਨਿਸ ਟੀਟੋ ਨੇ ਸਪੇਸ ਐਡਵੈਂਚਰ ਕੰਪਨੀ ਨੂੰ ਇੰਟਰਨੈਸਨਲ ਸਪੇਸ ਸਟੇਸਨ 'ਤੇ ਜਾਣ ਲਈ 2 ਕ੍ਰੋੜ (20 ਮਿਲੀਅਨ) ਡਾਲਰ ਦੇ ਕਰੀਬ ਪੈਸੇ ਦਿੱਤੇ ਸਨ। ਸਪੇਸ ਐਡਵੈਂਚਰ ਨੇ ਉਸ ਸਮੇਂ ਰੂਸੀ ਸਪੇਸ ਏਜੰਸੀ ਰੌਸਕੌਸਮੋਸ ਦੇ ਰੌਕਟ 'ਤੇ ਟੀਟੋ ਨੂੰ ਸਪੇਸ ਸਟੇਸਨ ਵਿੱਚ ਭੇਜਿਆ ਸੀ। ਉਸ ਤੋਂ ਬਾਅਦ ਸਪੇਸ ਐਡਵੈਂਚਰ 6 ਹੋਰ ਲੋਕਾਂ ਨੂੰ ਸਪੇਸ ਸਟੇਸਨ ਤੱਕ ਲੈ ਕੇ ਗਈ ਸੀ ਅਤੇ ਇਨ੍ਹਾਂ ਸਾਰਿਆਂ ਨੇ ਆਪਣੇ ਆਪਣੇ ਟ੍ਰਿਪ ਲਈ 2 ਕ੍ਰੋੜ (20 ਮਿਲੀਅਨ) ਤੋਂ ਲੈ ਕੇ 4 ਕ੍ਰੋੜ (40 ਮਿਲੀਅਨ) ਡਾਲਰ ਤੱਕ ਕੀਮਤ ਦਿੱਤੀ ਸੀ। ਕੁੱਝ ਸਾਲ ਪਹਿਲਾਂ ਅਮਰੀਕਾ ਦੀ ਸਿਲੀਕੌਨ ਵੈਲੀ ਵਿਚਲੀ ਇਕ ਕੰਪਨੀ ਓਰੀਅਨ ਸਪੈਨ ਨੇ ਪੁਲਾੜ ਯਾਤਰਾ ਬਾਰੇ ਆਪਣੀਆਂ ਯੋਜਨਾਵਾਂ ਦਸਦਿਆਂ ਦਾਅਵਾ ਕੀਤਾ ਸੀ ਕਿ ਉਹ ਬਹੁਤ ਛੇਤੀ ਧਰਤੀ ਤੋਂ 200 ਮੀਲ ਦੀ ਉਚਾਈ ਉੱਤੇ ਇਕ ਅਰੋਰਾ ਨਾਂ ਦਾ ਸਪੇਸ ਸਟੇਸਨ ਸਥਾਪਤ ਕਰੇਗੀ। ਕੰਪਨੀ ਅਨੁਸਾਰ ਇਹ ਸਪੇਸ ਸਟੇਸ਼ਨ ਇਕ 'ਲਗਜਰੀ ਹੋਟਲ' ਵਰਗਾ ਹੋਵੇਗਾ। ਇਸ ਸਟੇਸਨ 'ਤੇ ਜਾਣ ਲਈ ਕੰਪਨੀ 12 ਦਿਨਾਂ ਦੇ ਇਕ ਟ੍ਰਿਪ ਦਾ ਪੈਕੇਜ ਦੇਵੇਗੀ, ਜਿਸ ਦੀ ਕੀਮਤ 95 ਲੱਖ (9.5 ਮਿਲੀਅਨ) ਡਾਲਰ ਹੋਵੇਗੀ। ਉਨ੍ਹਾਂ ਦੇ ਇਸ ਦਾਅਵੇ ਬਾਰੇ ਬਹੁਤ ਸਾਰੇ ਲੋਕਾਂ ਨੇ ਸੰਕਾ ਜਾਹਰ ਕੀਤਾ ਸੀ ਕਿ 95 ਲੱਖ ਡਾਲਰ ਵਿੱਚ ਇਕ ਵਿਅਕਤੀ ਨੂੰ 12 ਦਿਨਾਂ ਲਈ ਪੁਲਾੜ ਵਿੱਚ ਰੱਖਣਾ ਸੰਭਵ ਨਹੀਂ ਹੈ। ਫਿਰ ਵੀ ਉਨ੍ਹਾਂ ਦਾ ਦਾਅਵਾ, ਸਾਨੂੰ ਧਰਤੀ ਦੇ ਆਰਬਿਟ ਤੱਕ ਪੁਲਾੜ ਯਾਤਰਾਵਾਂ ਦੀਆਂ ਸੰਭਾਵਨਾਵਾਂ ਦੇ ਦਰਸਨ ਜ਼ਰੂਰ ਕਰਵਾ ਦਿੰਦਾ ਹੈ। ਪੁਲਾੜ ਯਾਤਰਾ ਬਾਰੇ ਤੀਜੀ ਪੇਸਕਸ ਵਿੱਚ ਇੰਟਰਨੈਸਨਲ ਸਪੇਸ ਸਟੇਸਨ ਤੋਂ ਅਗਾਂਹ ਪੁਲਾੜ ਦੇ ਧੁਰ ਅੰਦਰ ਚੰਦ ਤੱਕ ਜਾਣ ਦੀ ਗੱਲ ਕੀਤੀ ਜਾ ਰਹੀ ਹੈ। ਪੁਲਾੜ ਦੀ ਇਸ ਤਰ੍ਹਾਂ ਦੀ ਯਾਤਰਾ ਦੀ ਪੇਸਕਸ ਕਰਨ ਵਾਲੀ ਇਕ ਕੰਪਨੀ ਸਪੇਸ ਐਡਵੈਂਚਰ ਦਾ ਕਹਿਣਾ ਹੈ ਕਿ ਉਹ ਇਸ ਯਾਤਰਾ ਦੀ ਪਹਿਲੀ ਉਡਾਣ ਲਈ 15-15 ਕ੍ਰੋੜ (150-150 ਮਿਲੀਅਨ) ਡਾਲਰ ਦੀਆਂ ਦੋ ਟਿਕਟਾਂ ਵੇਚ ਚੁੱਕੀ ਹੈ।

ਜੁਲਾਈ ਵਿੱਚ ਭਰੀਆਂ ਗਈਆਂ ਉਡਾਣਾਂ ਤੋਂ ਬਾਅਦ ਆ ਰਹੀਆਂ ਖਬਰਾਂ ਅਨੁਸਾਰ ਉਪ੍ਰੋਕਤ ਬਿਆਨੀ ਪਹਿਲੀ ਤਰ੍ਹਾਂ ਦੀ ਯਾਤਰਾ ਲਈ ਲੋਕ ਟਿਕਟਾਂ ਖ੍ਰੀਦ ਰਹੇ ਹਨ। ਵਿਰਜਨ ਗਲੈਕਟਿਕ ਦੇ ਸੀ ਈ ਓ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਕੰਪਨੀ ਕੋਲੋਂ 2.5 ਲੱਖ ਡਾਲਰ ਪ੍ਰਤੀ ਟਿਕਟ ਦੇ ਹਿਸਾਬ ਨਾਲ 600 ਲੋਕਾਂ ਨੇ ਟਿਕਟਾਂ ਖ੍ਰੀਦੀਆਂ ਹੋਈਆਂ ਹਨ। ਉਹ ਦੋ ਹੋਰ ਟੈਸਟ ਉਡਾਣਾਂ ਭਰਨਗੇ ਅਤੇ 2022 ਵਿੱਚ ਰੈਗੂਲਰ ਕਮਰਸੀਅਲ ਫਲਾਈਟਾਂ ਸੁਰੂ ਕਰਨਗੇ। ਇਸ ਸਮੇਂ ਉਹਨਾਂ ਦਾ ਇਰਾਦਾ ਸਾਲ ਵਿੱਚ 400 ਫਲਾਈਟਾਂ ਸੁਰੂ ਕਰਨ ਦਾ ਹੈ। ਇਹ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਦੂਜੀਆਂ ਕੰਪਨੀਆਂ ਵੀ ਆਪਣੀਆਂ ਕਮਰਸੀਅਲ ਫਲਾਈਟਾਂ ਛੇਤੀ ਹੀ ਸੁਰੂ ਕਰਨਗੀਆਂ। ਸਾਰੀਆਂ ਕੰਪਨੀਆਂ ਵੱਲੋਂ ਸਾਲ ਵਿੱਚ ਕੁੱਲ ਕਿੰਨੀਆਂ ਫਲਾਈਟਾਂ ਚਲਾਈਆਂ ਜਾਣਗੀਆਂ ਅਤੇ ਸਪੇਸ ਟੂਰਿਜਮ ਇੰਡਸਟਰੀ ਕਿੰਨੀ ਕੁ ਹੱਦ ਤੱਕ ਅਤੇ ਕਿੰਨੀ ਕੁ ਤੇਜੀ ਨਾਲ ਵਧੇਗੀ, ਇਸ ਸਮੇਂ ਇਹ ਗੱਲ ਪੂਰੀ ਤਰ੍ਹਾਂ ਸਪਸਟ ਨਹੀਂ। ਪਰ ਇਕ ਅੰਦਾਜੇ ਅਨੁਸਾਰ ਅਗਲੇ ਦਹਾਕੇ ਦੌਰਾਨ ਸਪੇਸ ਟੂਰਿਜਮ ਇੰਡਸਟਰੀ ਵਿੱਚ ਹਰ ਸਾਲ 17.15 ਫੀਸਦੀ ਦਾ ਵਾਧਾ ਹੋਵੇਗਾ ਅਤੇ ਸੰਨ 2031 ਤੱਕ ਇਹ ਇੰਡਸਟਰੀ 2.58 ਅਰਬ (ਬਿਲੀਅਨ) ਡਾਲਰ ਸਾਲਾਨਾ ਦੀ ਸਨਅਤ ਤੱਕ ਪਹੁੰਚ ਜਾਵੇਗੀ।

ਜੇ ਅਸੀਂ ਵੱਖ ਵੱਖ ਪੁਲਾੜ ਯਾਤਰਾਵਾਂ ਦੀਆਂ ਕੀਮਤਾਂ ਨੂੰ ਦੇਖੀਏ ਤਾਂ ਇਹ ਗੱਲ ਸਪਸਟਤਾ ਨਾਲ ਕਹਿ ਸਕਦੇ ਹਾਂ ਕਿ ਇਹ ਯਾਤਰਾਵਾਂ ਆਮ ਬੰਦੇ ਲਈ ਨਹੀਂ ਸਗੋਂ ਅਰਬਾਂ/ਖਰਬਾਂ ਪਤੀਆਂ ਲਈ ਹਨ। ਇਹ ਦੇਖਦਿਆਂ ਕੁੱਝ ਲੋਕਾਂ ਦੇ ਮਨ ਵਿੱਚ ਖਿਆਲ ਆ ਸਕਦਾ ਹੈ ਕਿ ਇਹ ਅਮੀਰਾਂ ਦੀਆਂ ਖੇਡਾਂ ਹਨ ਜਾਂ ਅਮੀਰਾਂ ਵੱਲੋਂ ਆਪਣੀ ਦੌਲਤ ਦਾ ਭੱਦਾ ਵਿਖਾਵਾ ਹੈ, ਇਸ ਲਈ ਆਮ ਬੰਦੇ ਦਾ ਇਸ ਨਾਲ ਕੀ ਸੰਬੰਧ। ਉਹ ਇਸ ਬਾਰੇ ਕਿਉਂ ਸੋਚੇ? ਪਰ ਇਸ ਵਰਤਾਰੇ ਨੂੰ ਆਲੋਚਨਾਤਮਕ ਨਜਰੀਏ ਨਾਲ ਦੇਖਣ ਵਾਲੇ ਲੋਕ ਇਹ ਗੱਲ ਉਭਾਰ ਰਹੇ ਹਨ ਕਿ ਬੇਸ਼ੱਕ ਪੁਲਾੜ ਸੈਰ-ਸਪਾਟੇ ਦੀ ਇਹ ਖੇਡ ਦੇਖਣ ਨੂੰ ਕੁੱਝ ਅਰਬਾਂ/ਖਰਬਾਂ ਪਤੀਆਂ ਦੀ ਹੀ ਖੇਡ ਲੱਗੇ, ਪਰ ਇਸ ਤੋਂ ਨਿਕਲਣ ਵਾਲੇ ਨਤੀਜੇ ਆਮ ਲੋਕਾਂ ਦੇ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਸਕਦੇ ਹਨ। ਉਦਾਹਰਨ ਲਈ ਉਹ ਇਹਨਾਂ ਯਾਤਰਵਾਂ ਕਾਰਨ ਵਾਤਾਵਰਨ ਨੂੰ ਨੁਕਸਾਨ, ਆਲਮੀ ਤਪਸ (ਗਲੋਬਲ ਵਾਰਮਿੰਗ) ਵਿੱਚ ਵਾਧੇ ਅਤੇ ਮੌਸਮਾਂ ਦੀ ਤਬਦੀਲੀ (ਕਲਾਈਮੇਟ ਚੇਂਜ) ਵਿੱਚ ਵਾਪਰਨ ਵਾਲੀਆਂ ਬਦਤਰ ਸੰਭਾਵਨਾਵਾਂ ਵੱਲ ਧਿਆਨ ਦਿਵਾ ਰਹੇ ਹਨ। ਵਾਤਾਵਰਨ ਨਾਲ ਸੰਬੰਧਿਤ ਇਹ ਤਬਦੀਲੀਆਂ ਵਿਸਵ ਪੱਧਰ 'ਤੇ ਗਰਮੀ ਦੀਆਂ ਲਹਿਰਾਂ, ਸੋਕਿਆਂ, ਹੜ੍ਹਾਂ, ਜੰਗਲਾਂ ਦੀਆਂ ਅੱਗਾਂ ਆਦਿ ਵਰਗੀਆਂ ਕੁਦਰਤੀ ਆਫਤਾਂ ਵਿੱਚ ਵਾਧਾ ਕਰਕੇ ਆਮ ਲੋਕਾਂ ਦੇ ਜੀਵਨ ਨੂੰ ਹੋਰ ਬਦਤਰ ਬਣਾ ਸਕਦੀਆਂ ਹਨ।

ਇਹ ਨਵਾਂ ਸੁਰੂ ਹੋਇਆ ਪੁਲਾੜ ਮੁਕਾਬਲਾ ਵਾਤਾਵਰਨ 'ਤੇ ਕਿਸ ਤਰ੍ਹਾਂ ਅਸਰ ਪਾ ਸਕਦਾ ਹੈ, ਇਸ ਬਾਰੇ 19 ਜੁਲਾਈ ਦੇ ਗਾਰਡੀਅਨ ਵਿੱਚ ਇਕ ਆਰਟੀਕਲ ਛਪਿਆ ਹੈ ਜਿਸ ਦਾ ਨਾਂ ਹੈ "ਖਰਬਾਂਪਤੀਆਂ ਦਾ ਇਹ ਪੁਲਾੜ ਮੁਕਾਬਲਾ ਕਿਸ ਤਰ੍ਹਾਂ ਪ੍ਰਦੂਸਨ ਲਈ ਇਕ ਵੱਡੀ ਪੁਲਾਂਘ ਹੋਵੇਗਾ"। ਇਸ ਆਰਟੀਕਲ ਵਿੱਚ ਬਾਲਣ (ਫਿਊਲ) ਅਤੇ ਇੰਡਸਟਰੀ ਕਾਰਨ ਵਾਯੂਮੰਡਲ 'ਤੇ ਪੈਂਦੇ ਅਸਰਾਂ ਦਾ ਅਧਿਐਨ ਕਰਨ ਵਾਲੀ ਯੂਨੀਵਰਸਿਟੀ ਕਾਲਜ ਲੰਡਨ ਵਿੱਚ ਐਸੋਸੀਏਟਿਡ ਪ੍ਰੋਫੈਸਰ ਐਲੋਈਜ ਮਾਰੇਅ ਪੁਲਾੜ ਦੀਆਂ ਉਡਾਣਾਂ ਕਾਰਨ ਵਾਤਾਵਰਨ 'ਤੇ ਪੈਣ ਵਾਲੇ ਅਸਰਾਂ ਬਾਰੇ ਦਸਦੀ ਹੈ। ਉਸ ਅਨੁਸਾਰ ਸਪੇਸ ਐਕਸ ਦੇ ਫਾਲਕਨ 9 ਰਾਕਟ ਬਾਲਣ (ਫਿਊਲ) ਲਈ ਕੈਰੋਸੀਨ ਵਰਤਦੇ ਹਨ ਅਤੇ ਨਾਸਾ ਦੇ ਨਿਊ ਸਪੇਸ ਲਾਂਚ ਸਿਸਟਮ ਵਿਚਲੇ ਰਾਕਟ ਲਿਕੁਇਡ ਹਾਈਡਰੋਜਨ ਵਰਤਦੇ ਹਨ। ਇਹ ਬਾਲਣ ਵਾਯੂਮੰਡਲ ਵਿੱਚ ਕਈ ਤਰ੍ਹਾਂ ਦੇ ਪਦਾਰਥ ਛੱਡਦੇ ਹਨ, ਜਿਵੇਂ ਕਾਰਬਨ-ਡਾਈਔਕਸਾਈਡ, ਪਾਣੀ, ਕਲੋਰੀਨ ਅਤੇ ਕਈ ਹੋਰ ਰਸਾਇਣਕ ਪਦਾਰਥ। ਇਕ ਰਾਕਟ ਲਾਂਚ ਤਕਰੀਬਨ 300 ਟਨ ਕਾਰਬਨ-ਡਾਈਔਕਸਾਈਡ ਵਾਯੂਮੰਡਲ ਵਿੱਚ ਛੱਡਦਾ ਹੈ। ਰਾਕਟਾਂ ਵਲੋਂ ਵਾਯੂਮੰਡਲ ਵਿੱਚ ਛੱਡੇ ਜਾਂਦੇ ਇਹ ਪਦਾਰਥ ਗਰੀਨ ਹਾਊਸਾਂ ਵਾਂਗ ਕੰਮ ਕਰਕੇ ਵਿਸਵ ਪੱਧਰ 'ਤੇ ਆਲਮੀ ਤਪਸ ਦੇ ਵਾਧੇ ਦਾ ਕਾਰਨ ਬਣ ਸਕਦੇ ਹਨ, ਇਹ ਓਜੋਨ ਦੀ ਤਹਿ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇਸ ਸੰਬੰਧ ਵਿੱਚ ਛਪੇ ਇਕ ਹੋਰ ਆਰਟੀਕਲ ਵਿੱਚ ਦੱਸਿਆ ਗਿਆ ਹੈ ਕਿ ਵਿਰਜਿਨ ਗਲੈਕਟਿਕ ਵਲੋਂ ਵਰਤਿਆ ਜਾਂਦਾ ਸਪੇਸਸ਼ਿੱਪ ਟੂ, ਇਕ ਤਰ੍ਹਾਂ ਦੀ ਸਿੰਥੈਟਿਕ ਰਬਰ ਨੂੰ ਬਾਲਣ ਦੇ ਤੌਰ 'ਤੇ ਵਰਤਦਾ ਹੈ ਅਤੇ ਇਸ ਦੇ ਬਲਣ ਨਾਲ ਨਾਈਟਰਸ ਔਕਸਾਈਡ ਗੈਸ ਪੈਦਾ ਹੁੰਦੀ ਹੈ, ਜਿਹੜੀ ਕਿ ਇਕ ਸਕਤੀਸਾਲੀ ਗ੍ਰੀਨ ਹਾਊਸ ਗੈਸ ਹੈ। ਇਸ ਆਰਟੀਕਲ ਵਿੱਚ ਅਗਾਂਹ ਦੱਸਿਆ ਗਿਆ ਹੈ ਕਿ ਇਹ ਬਾਲਣ ਵਾਯੂਮੰਡਲ ਦੇ ਉਪਰਲੇ ਹਿੱਸੇ (ਧਰਤੀ ਤੋਂ 30-50 ਕਿਲੋਮੀਟਰ ਦੀ ਉਚਾਈ 'ਤੇ) ਵਿੱਚ ਬਲੈਕ ਕਾਰਬਨ ਛੱਡਦਾ ਹੈ। ਇਸ ਥਾਂ 'ਤੇ ਵੱਡੀ ਮਾਤਰਾਂ ਵਿੱਚ ਇਕੱਤਰ ਹੋਏ ਬਲੈਕ ਕਾਰਬਨ ਦੇ ਕਣ (ਪਾਰਟੀਕਲ) ਕਈ ਤਰ੍ਹਾਂ ਦੇ ਅਸਰ ਪਾ ਸਕਦੇ ਹਨ। ਇਹ ਉਜੌਨ ਦੀ ਤਹਿ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਅਤੇ ਸੂਰਜ ਦੀ ਰੋਸਨੀ ਦੇ ਧਰਤੀ ਤੱਕ ਪਹੁੰਚਣ ਵਿੱਚ ਰੁਕਾਵਟ ਬਣ ਸਕਦੇ ਹਨ ਅਤੇ ਪਰਮਾਣੂ ਸਰਦੀ (ਨਿਊਕਲੀਅਰ ਵਿੰਟਰ ਇਫੈਕਟ) ਪੈਦਾ ਕਰਨ ਦਾ ਕਾਰਨ ਬਣ ਸਕਦੇ ਹਨ।

ਇਸ ਤਰ੍ਹਾਂ ਪੁਲਾੜ ਦੇ ਸੈਰ ਸਪਾਟੇ ਲਈ ਪੁਲਾੜ ਦੀਆਂ ਉਡਾਣਾਂ ਵਿੱਚ ਹੋਣ ਵਾਲੇ ਵਾਧੇ ਕਾਰਨ ਵਾਤਾਵਰਨ 'ਤੇ ਇਸ ਤਰ੍ਹਾਂ ਦੇ ਮਾੜੇ ਅਸਰ ਪੈਣ ਦੀਆਂ ਸੰਭਾਵਨਾਵਾਂ ਬਾਰੇ ਖਦਸੇ ਜਾਹਿਰ ਕੀਤੇ ਜਾ ਰਹੇ ਹਨ ਅਤੇ ਵਾਤਾਵਰਨ 'ਤੇ ਪੈਣ ਵਾਲੇ ਇਹ ਮਾੜੇ ਅਸਰ ਵਿਸਵ ਪੱਧਰ 'ਤੇ ਆਲਮੀ ਤਪਸ (ਗਲੋਬਲ ਵਾਰਮਿੰਗ) ਵਿੱਚ ਵਾਧਾ ਕਰਕੇ ਅਤੇ ਮੌਸਮਾਂ ਦੀ ਤਬਦੀਲੀ (ਕਲਾਈਮੇਟ ਚੇਂਜ) ਨੂੰ ਤੇਜ ਕਰਕੇ ਸਮੁੱਚੀ ਮਨੁੱਖਤਾ ਅਤੇ ਧਰਤੀ ਦੇ ਹੋਰ ਜੀਵ ਜੰਤੂਆਂ ਲਈ ਵੱਡੀਆਂ ਸਮੱਸਿਆਵਾਂ ਖੜ੍ਹੀਆਂ ਕਰ ਸਕਦੇ ਹਨ।

ਇਨ੍ਹਾਂ ਪੁਲਾੜ ਉਡਾਣਾਂ ਦੀ ਕਾਮਯਾਬੀ ਤੋਂ ਬਾਅਦ ਪੁਲਾੜ ਦੇ ਸੈਰ ਸਪਾਟੇ ਤੋਂ ਇਲਾਵਾ ਪੁਲਾੜ ਵਿੱਚ ਖਣਿਜ ਪਦਾਰਥਾਂ ਦੀ ਮਾਈਨਿੰਗ ਕਰਨ ਦੇ ਵੱਡੇ ਦਾਅਵੇ ਕੀਤੇ ਜਾ ਰਹੇ ਹਨ। ਪੁਲਾੜ ਵਿੱਚ ਪਲਾਟੀਨਮ ਗਰੁੱਪ ਨਾਲ ਸੰਬੰਧਿਤ ਧਾਤਾਂ, ਰੇਅਰ ਐਲੀਮੈਂਟ, ਹੀਲੀਅਮ, ਪਾਣੀ, ਲੋਹਾ, ਨਿਕਲ, ਸੋਨਾ ਆਦਿ ਧਾਤਾਂ ਦੇ ਵੱਡੇ ਭੰਡਾਰ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ। ਇਕ ਅੰਦਾਜੇ ਅਨੁਸਾਰ ਪੁਲਾੜ ਵਿੱਚ ਘੱਟੋ ਘੱਟ 700 ਅਰਬ ਅਰਬ (ਬਿਲੀਅਨ ਬਿਲੀਅਨ) ਡਾਲਰ ਦੇ ਕੀਮਤ ਦੇ ਖਣਿਜ ਪਦਾਰਥ ਮੌਜੂਦ ਹਨ। ਇਹਨਾਂ ਖਣਿਜ ਪਦਾਰਥਾਂ ਵਿੱਚੋਂ ਹੀਲੀਅਮ ਊਰਜਾ ਦਾ ਇਕ ਵੱਡਾ ਸ੍ਰੋਤ ਹੋ ਸਕਦੀ ਹੈ ਅਤੇ ਇਸ ਨੂੰ ਇਕ ਸਾਫ ਬਾਲਣ (ਕਲੀਨ ਫਿਊਲ) ਦੱਸਿਆ ਜਾ ਰਿਹਾ ਹੈ। ਚੰਦ 'ਤੇ ਪਾਣੀ ਦਾ ਲੱਭਣਾ ਹਾਈਡ੍ਰੋਜਨ ਫਿਊਲ ਦਾ ਇਕ ਵੱਡਾ ਸ੍ਰੋਤ ਬਣ ਸਕਦਾ ਹੈ। ਇਸ ਲਈ ਹੀ ਚੰਦ 'ਤੇ ਪਾਣੀ ਲੱਭਣ ਦੀ ਤੁਲਨਾ ਧਰਤੀ 'ਤੇ ਤੇਲ ਲੱਭਣ ਨਾਲ ਕੀਤੀ ਜਾ ਰਹੀ ਹੈ। ਇਕ ਆਰਟੀਕਲ ਵਿੱਚ ਲਿਖਿਆ ਹੈ ਕਿ ਚੰਦ 'ਤੇ ਪਾਣੀ ਲੱਭਣ ਨਾਲ ਚੰਦ ਦੀ ਸਥਿਤੀ ਪੁਲਾੜ ਵਿੱਚ ਇਕ ਵੱਡੇ ਗੈਸ ਸਟੇਸਨ ਵਰਗੀ ਬਣ ਜਾਵੇਗੀ। ਇਸ ਦੇ ਨਾਲ ਨਾਲ ਇਹ ਵੀ ਕਿਹਾ ਜਾ ਰਿਹਾ ਹੈ ਕਿ ਪੁਲਾੜ ਦੀ ਮਾਈਨਿੰਗ ਕਾਰਨ ਸਾਨੂੰ ਕੁੱਝ ਇਸ ਤਰ੍ਹਾਂ ਦੇ ਖਣਿਜ ਪਦਾਰਥ ਮਿਲ ਸਕਦੇ ਹਨ, ਜਿਹੜੇ ਧਰਤੀ 'ਤੇ ਨਹੀਂ ਹਨ ਅਤੇ ਇਹ ਖਣਿਜ ਪਦਾਰਥ ਮਨੁੱਖਤਾ ਦੇ ਫਾਇਦੇ ਲਈ ਨਵੀਆਂ ਦਵਾਈਆਂ ਬਣਾਉਣ ਦੇ ਕੰਮ ਆ ਸਕਦੇ ਹਨ।

ਪੁਲਾੜ ਵਿੱਚ ਖਣਿਜ ਪਦਾਰਥਾਂ ਦੀ ਦੌਲਤ ਤੱਕ ਪਹੁੰਚਣ ਤੋਂ ਇਲਾਵਾ ਮਾਈਨਿੰਗ ਦੀ ਸਨਅਤ ਨੂੰ ਪੁਲਾੜ ਵਿੱਚ ਲਿਜਾਣ ਨਾਲ ਧਰਤੀ ਦੇ ਵਾਤਾਵਰਨ ਨੂੰ ਬਚਾਉਣ ਦੇ ਦਾਅਵੇ ਵੀ ਕੀਤੇ ਜਾ ਰਹੇ ਹਨ। ਇਹਨਾਂ ਦਾਅਵਿਆਂ ਅਨੁਸਾਰ ਮਾਈਨਿੰਗ ਇਕ ਪ੍ਰਦੂਸਣ ਫੈਲਾਉਣ ਵਾਲੀ ਸਨਅਤ ਹੈ ਅਤੇ ਜੇ ਇਹ ਸਨਅਤ ਪੁਲਾੜ ਵਿੱਚ ਚਲੀ ਜਾਵੇ ਤਾਂ ਇਸ ਸਨਅਤ ਕਾਰਨ ਧਰਤੀ 'ਤੇ ਫੈਲਣ ਵਾਲਾ ਪ੍ਰਦੂਸਣ ਖਤਮ ਹੋ ਜਾਵੇਗਾ। ਬੀ ਬੀ ਸੀ ਦੇ ਸਾਇੰਸ ਫੋਕਸ ਮੈਗਜੀਨ ਵਿੱਚ ਛਪੇ ਇਕ ਆਰਟੀਕਲ ਵਿੱਚ ਪੁਲਾੜ ਵਿੱਚ ਮਾਈਨਿੰਗ ਕਰਨ ਲਈ ਬਣਾਈ ਗਈ ਯੂ ਕੇ ਸਥਿਤ ਕੰਪਨੀ ਐਸਟਰੌਇਡ ਦਾ ਬਾਨੀ ਮਿੱਚ ਹੰਟਰ-ਸਕੱਲਨ ਕਹਿੰਦਾ ਹੈ ਕਿ ਮਾਈਨਿੰਗ ਅਤੇ ਪ੍ਰਦੂਸਨ ਫੈਲਾਉਣ ਵਾਲੀਆਂ ਹੋਰ ਸਨਅਤਾਂ ਦੇ ਪੁਲਾੜ ਵਿੱਚ ਜਾਣ ਨਾਲ "ਧਰਤੀ ਸੂਰਜ ਮੰਡਲ ਦਾ ਇਕ ਸੁਰੱਖਿਅਤ ਬਾਗ ਬਣ ਜਾਵੇਗੀ"।

ਪੁਲਾੜ ਵਿੱਚ ਮਾਈਨਿੰਗ ਬਾਰੇ ਕੀਤੇ ਜਾ ਰਹੇ ਇਹਨਾਂ ਦਾਅਵਿਆਂ ਬਾਰੇ ਕਈ ਤਰ੍ਹਾਂ ਦੇ ਸਵਾਲ ਉੱਠ ਰਹੇ ਹਨ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਇਹ ਪਤਾ ਨਹੀਂ ਕਿ ਪੁਲਾੜ ਵਿੱਚ ਮਾਈਨਿੰਗ ਦਾ ਕਾਰਜ ਸੁਰੂ ਹੋ ਵੀ ਸਕੇਗਾ ਜਾਂ ਨਹੀਂ। ਜੇ ਇਹ ਹੋ ਸਕੇਗਾ ਤਾਂ ਕਦੋਂ ਹੋ ਸਕੇਗਾ? ਅਗਲੇ ਇਕ ਦੋ ਦਹਾਕਿਆਂ ਵਿੱਚ ਜਾਂ ਇਸ ਨੂੰ ਇਸ ਤੋਂ ਜ਼ਿਆਦਾ ਸਮਾਂ ਲੱਗੇਗਾ? ਦੂਸਰੀ ਗੱਲ ਇਹ ਹੈ ਕਿ ਧਰਤੀ ਉੱਤੇ ਮਾਈਨਿੰਗ ਇਕ ਬਹੁਤ ਹੀ ਪ੍ਰਦੂਸਣ ਫੈਲਾਉਣ ਵਾਲੀ ਸਨਅਤ ਹੈ। ਕੀ ਪੁਲਾੜ ਵਿੱਚ ਵੀ ਇਸ ਤਰ੍ਹਾਂ ਹੀ ਹੋਵੇਗਾ? ਕੀ ਪੁਲਾੜ ਵਿੱਚਲੇ ਪ੍ਰਦੂਸਣ ਦਾ ਧਰਤੀ 'ਤੇ ਕੋਈ ਅਸਰ ਹੋਵੇਗਾ? ਜੇ ਪੁਲਾੜ ਵਿੱਚ ਮਾਈਨਿੰਗ ਦੇ ਪ੍ਰਦੂਸਣ ਨਾਲ ਕੋਈ ਨੁਕਸਾਨ ਹੋਵੇਗਾ ਤਾਂ ਉਸ ਲਈ ਕੌਣ ਜ਼ਿੰਮੇਵਾਰ ਹੋਵੇਗਾ? ਧਰਤੀ ਉੱਤੇ ਬਹੁਤੀ ਵਾਰ ਅਜਿਹਾ ਹੁੰਦਾ ਹੈ ਕਿ ਮਾਈਨਿੰਗ ਨਾਲ ਸੰਬੰਧਿਤ ਕਾਰਪੋਰੇਸਨਾਂ ਮਾਈਨਿੰਗ ਕਾਰਨ ਹੋਏ ਪ੍ਰਦੂਸਣ ਨਾਲ ਨਿਪਟਣ ਦੀ ਆਪਣੀ ਜ਼ਿੰਮੇਵਾਰੀ ਤੋਂ ਟਾਲਾ ਵੱਟ ਜਾਂਦੀਆਂ ਹਨ ਅਤੇ ਇਸ ਪ੍ਰਦੂਸਣ ਨਾਲ ਨਿਪਟਣ ਦੀ ਜ਼ਿੰਮੇਵਾਰੀ ਸਥਾਨਕ ਲੋਕਾਂ ਅਤੇ ਸਰਕਾਰਾਂ ਸਿਰ ਪੈ ਜਾਂਦੀ ਹੈ। ਬਹੁਤੀ ਵਾਰੀ ਕਾਰਪੋਰੇਸਨਾਂ ਨੂੰ ਪ੍ਰਦੂਸ਼ਣ ਕਾਰਨ ਹੋਏ ਨੁਕਸਾਨ ਨਾਲ ਨਿਪਟਣ ਲਈ ਮਜਬੂਰ ਕਰਨ ਲਈ ਉਨ੍ਹਾਂ ਨੂੰ ਅਦਾਲਤਾਂ ਵਿੱਚ ਲਿਜਾਣਾ ਪੈਂਦਾ ਹੈ, ਜਿੱਥੇ ਕੇਸ ਸਾਲਾਂ ਬੱਧੀ ਲਟਕਦੇ ਰਹਿੰਦੇ ਹਨ। ਪਰ ਪੁਲਾੜ ਵਿੱਚ ਪ੍ਰਦੂਸਣ ਬਾਰੇ ਸਾਡੇ ਕੋਈ ਕਾਨੂੰਨ ਹੀ ਨਹੀਂ ਹਨ। ਇਸ ਲਈ ਕਾਰਪੋਰੇਸਨਾਂ ਨੂੰ ਇਸ ਪ੍ਰਦੂਸਣ ਦੀ ਜ਼ਿੰਮੇਵਾਰੀ ਉਠਾਉਣ ਲਈ ਕਿਸ ਤਰ੍ਹਾਂ ਮਜਬੂਰ ਕੀਤਾ ਜਾ ਸਕੇਗਾ? ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਅਜੇ ਇਹ ਪਤਾ ਨਹੀਂ ਕਿ ਪੁਲਾੜ ਵਿੱਚ ਮਾਈਨਿੰਗ ਲਿਜਾਣ ਲਈ ਕਿੰਨਾ ਸਮਾਂ ਲੱਗੇਗਾ। ਇਸ ਲਈ ਪੁਲਾੜ ਵਿੱਚ ਮਾਈਨਿੰਗ ਲਿਜਾ ਕੇ ਧਰਤੀ ਦੇ ਵਾਤਾਵਰਨ ਨੂੰ ਬਚਾਉਣ ਦੇ ਦਾਅਵਿਆਂ ਦਾ ਕੋਈ ਅਰਥ ਨਹੀਂ ਹੈ। ਦੁਨੀਆ ਭਰ ਦੇ ਵਿਗਿਆਨੀਆਂ ਅਤੇ ਵਾਤਾਵਰਨ ਦੇ ਮਾਹਰਾਂ ਦਾ ਕਹਿਣਾ ਹੈ ਕਿ ਧਰਤੀ ਦੇ ਵਾਤਾਵਰਨ ਨੂੰ ਬਚਾਉਣ ਲਈ ਫੌਰੀ ਐਕਸਨ ਲੈਣ ਦੀ ਲੋੜ ਹੈ। ਜੇ ਫੌਰੀ ਐਕਸਨ ਨਾ ਲਿਆ ਗਿਆ ਤਾਂ ਆਲਮੀ ਤਪਸ (ਗਲੋਬਲ ਵਾਰਮਿੰਗ) ਦਾ ਵਰਤਾਰਾ ਉਸ ਪੱਧਰ ਤੱਕ ਪਹੁੰਚ ਜਾਵੇਗਾ, ਜਿੱਥੋਂ ਵਾਪਸ ਪਰਤਣਾ ਮੁਸਕਿਲ ਹੋ ਜਾਇਗਾ। ਇਸ ਲਈ ਕੁੱਝ ਦਹਾਕਿਆਂ ਬਾਅਦ ਪੁਲਾੜ ਵਿੱਚ ਮਾਈਨਿੰਗ ਲਿਜਾ ਕੇ ਆਲਮੀ ਤਪਸ ਅਤੇ ਮੌਸਮਾਂ ਦੀ ਤਬਦੀਲੀ (ਕਲਾਈਮੇਟ ਚੇਂਜ) ਨੂੰ ਹੱਲ ਕਰਨ ਦੇ ਕੀਤੇ ਜਾ ਰਹੇ ਦਾਅਵਿਆਂ ਨਾਲ ਇਕ ਝੂਠੀ ਉਮੀਦ ਜਗਾਈ ਜਾ ਰਹੀ ਹੈ ਕਿ ਅਸੀਂ ਪੁਲਾੜ ਵਿੱਚ ਜਾ ਕੇ ਇਹ ਮਸਲੇ ਹੱਲ ਕਰ ਲਵਾਂਗੇ, ਅਤੇ ਸਾਨੂੰ ਧਰਤੀ 'ਤੇ ਕੋਈ ਐਕਸਨ ਲੈਣ ਦੀ ਲੋੜ ਨਹੀਂ ਹੈ। ਇਕ ਤਰ੍ਹਾਂ ਨਾਲ ਇਹ ਦਾਅਵੇ ਜੋ ਕੁੱਝ ਹੁਣ ਚੱਲ ਰਿਹਾ ਹੈ, ਉਸ ਨੂੰ ਤਿਵੇਂ ਦਾ ਤਿਵੇਂ ਚੱਲਦਾ ਰੱਖਣ ਦਾ ਸੁਨੇਹਾ ਦੇ ਰਹੇ ਹਨ, ਤਾਂਕਿ ਕਾਰਪੋਰੇਸਨਾਂ ਧਰਤੀ ਦੇ ਵਾਤਾਵਰਨ ਦਾ ਨੁਕਸਾਨ ਕਰਦਿਆਂ ਹੋਇਆਂ ਆਪਣਾ ਮੁਨਾਫਾ ਕਮਾਉਣ ਦਾ ਕੰਮ ਜਾਰੀ ਰੱਖ ਸਕਣ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਪੁਲਾੜ ਵਿੱਚ ਮਾਈਨਿੰਗ ਕਰਨ ਬਾਰੇ ਯੋਜਨਾਵਾਂ ਬਣਾਉਣ ਵਾਲੀਆਂ ਕਾਰਪੋਰੇਸਨਾਂ, ਪੁਲਾੜ ਵਿੱਚਲੇ ਖਣਿਜ ਸ੍ਰੋਤਾਂ ਨੂੰ ਕੱਢਣ ਦੀਆਂ ਹੱਕਦਾਰ ਕਿਵੇਂ ਹਨ। ਸੰਨ 1967 ਵਿੱਚ ਯੂਨਾਈਟਿਡ ਨੇਸਨ ਦੀ ਅਗਵਾਈ ਵਿੱਚ ਪੁਲਾੜ ਬਾਰੇ ਇਕ ਸੰਧੀ ਹੋਈ ਸੀ ਜਿਸ ਨੂੰ ਆਊਟਰ ਸਪੇਸ ਟ੍ਰੀਟੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਸੰਧੀ 'ਤੇ ਜਨਵਰੀ 1967 ਵਿੱਚ ਯੂ. ਕੇ., ਅਮਰੀਕਾ, ਸਾਬਕਾ ਸੋਵੀਅਤ ਯੂਨੀਅਨ ਅਤੇ 57 ਹੋਰ ਦੇਸਾਂ ਨੇ ਸਾਈਨ ਕੀਤੇ ਸਨ ਅਤੇ ਇਹ ਅਕਤੂਬਰ 1967 ਵਿੱਚ ਲਾਗੂ ਹੋਈ ਸੀ। ਇਸ ਸੰਧੀ ਵਿੱਚ ਇਹ ਕਿਹਾ ਗਿਆ ਹੈ ਕਿ ਇਕ ਤਾਂ ਕੋਈ ਵੀ ਦੇਸ ਪੁਲਾੜ ਵਿੱਚ ਵੈਪਨਜ ਆਫ ਮਾਸ ਡਿਸਟ੍ਰਕਸਨ (ਬਹੁਤ ਥੋੜ੍ਹੇ ਸਮੇਂ ਵਿੱਚ ਬਹੁਤ ਵੱਡੀ ਪੱਧਰ 'ਤੇ ਤਬਾਹੀ ਮਚਾ ਸਕਣ ਦੀ ਸਮਰੱਥਾ ਵਾਲੇ ਹਥਿਆਰ ਜਿਵੇਂ ਪਰਮਾਣੂ ਹਥਿਆਰ, ਰਸਾਇਣਕ ਹਥਿਆਰ, ਬਾਇਓਲੌਜੀਕਲ ਵੈਪਨਜ) ਨਹੀਂ ਰੱਖ ਸਕਦਾ। ਦੂਸਰਾ ਕੋਈ ਵੀ ਦੇਸ ਪੁਲਾੜ ਦੇ ਕਿਸੇ ਵੀ ਹਿੱਸੇ 'ਤੇ ਆਪਣੀ ਪ੍ਰਭੁਸੱਤਾ (ਸੌਵਰਨਿਟੀ) ਦਾ ਐਲਾਨ ਨਹੀਂ ਕਰ ਸਕਦਾ। ਇਸ ਦਾ ਭਾਵ ਹੈ ਕਿ ਇਸ ਸੰਧੀ ਅਨੁਸਾਰ ਪੁਲਾੜ (ਸਪੇਸ) ਸਾਰੀ ਮਨੁੱਖਤਾ ਦੀ ਸਾਂਝੀ ਥਾਂ ਹੈ। ਜੇ ਪੁਲਾੜ ਸਾਰੀ ਮਨੁੱਖਤਾ ਦੀ ਸਾਂਝੀ ਥਾਂ ਹੈ ਤਾਂ ਕੁੱਝ ਕੁ ਕਾਰਪੋਰੇਸਨਾਂ ਪੁਲਾੜ ਦੇ ਖਣਿਜ ਪਦਾਰਥ ਨੂੰ ਕਿਵੇਂ ਕੱਢ ਸਕਦੀਆਂ ਹਨ? ਇਸ ਸਮੇਂ ਦੁਨੀਆ ਦੇ ਬਹੁਤ ਸਾਰੇ ਦੇਸਾਂ ਦੀਆਂ ਸਰਕਾਰਾਂ ਜਾਂ ਕਾਰਪੋਰੇਸਨਾਂ ਕੋਲ ਇਹ ਸਮਰੱਥਾ ਨਹੀਂ ਹੈ ਕਿ ਉਹ ਪੁਲਾੜ ਵਿੱਚ ਜਾ ਕੇ ਮਾਈਨਿੰਗ ਕਰ ਸਕਣ। ਪਰ ਹੋ ਸਕਦਾ ਹੈ ਕਿ ਭਵਿੱਖ ਵਿੱਚ ਕਿਸੇ ਸਮੇਂ ਉਹ ਪੁਲਾੜ ਵਿੱਚ ਮਾਈਨਿੰਗ ਕਰਨ ਦੇ ਕਾਬਲ ਹੋ ਜਾਣ। ਪਰ ਉਦੋਂ ਤੱਕ ਸਾਇਦ ਉਹਨਾਂ ਵੱਲੋਂ ਮਾਈਨਿੰਗ ਕਰਨ ਲਈ ਕੁੱਝ ਨਹੀਂ ਬਚੇਗਾ। ਇਸ ਲਈ ਇਹ ਸਵਾਲ ਉਠਾਇਆ ਜਾ ਰਿਹਾ ਹੈ ਕਿ ਕੀ ਇਸ ਸਮੇਂ ਪੁਲਾੜ ਵਿੱਚ ਮਾਈਨਿੰਗ ਕਰਨ ਦੀਆਂ ਯੋਜਨਾਵਾਂ ਮੁੱਠੀ ਭਰ ਕਾਰਪੋਰੇਸਨਾਂ ਵਲੋਂ ਬਹੁਗਿਣਤੀ ਮਨੁੱਖਤਾ ਦੇ ਪੁਲਾੜ ਵਿਚਲੇ ਹੱਕਾਂ ਦੀ ਲੁੱਟ ਕਰਨ ਦੇ ਬਰਾਬਰ ਨਹੀਂ?

ਪਰ ਲੱਗਦਾ ਹੈ ਕਿ ਕਾਰਪੋਰੇਸਨਾਂ ਇਸ ਸੰਧੀ ਵਿਚਲੀਆਂ ਚੋਰ ਮੋਰੀਆਂ ਦਾ ਫਾਇਦਾ ਉਠਾ ਕੇ ਇਸ ਨੂੰ ਆਪਣੇ ਪੱਖ ਵਿੱਚ ਵਰਤਣ ਲਈ ਅਮਰੀਕਾ ਦੀ ਸਰਕਾਰ ਕੋਲ ਲੌਬੀ ਕਰ ਰਹੀਆਂ ਹਨ। ਉਦਾਹਰਨ ਲਈ ਇਹ ਆਊਟਰ ਸਪੇਸ ਸੰਧੀ ਇਹ ਗੱਲ ਤਾਂ ਕਹਿੰਦੀ ਹੈ ਕਿ ਕੋਈ ਵੀ ਦੇਸ ਪੁਲਾੜ ਦੇ ਕਿਸੇ ਹਿੱਸੇ 'ਤੇ ਆਪਣੀ ਪ੍ਰਭੁਸੱਤਾ ਨਹੀਂ ਜਤਾ ਸਕਦਾ, ਪਰ ਉੱਥੋਂ ਦੇ ਵਸੀਲਿਆਂ ਬਾਰੇ ਇਹ ਸਪਸ਼ਟ ਰੂਪ ਵਿੱਚ ਕੁੱਝ ਨਹੀਂ ਕਹਿੰਦੀ। ਇਸ ਅਸਪਸਟਤਾ ਦਾ ਫਾਇਦਾ ਉਠਾਉਂਦਿਆਂ ਅਮਰੀਕਾ ਨੇ ਸੰਨ 2015 ਵਿੱਚ

ਕਮਰਸੀਅਲ ਸਪੇਸ ਲਾਂਚ ਕੰਪੈਟੈਟਿਵ ਐਕਟ ਆਫ 2015 ਪਾਸ ਕੀਤਾ। ਇਸ ਕਾਨੂੰਨ ਨੇ ਇਹ ਕਾਨੂੰਨੀ ਬਣਾ ਦਿੱਤਾ ਕਿ ਪ੍ਰਾਈਵੇਟ ਅਦਾਰਿਆਂ ਵੱਲੋਂ ਪੁਲਾੜ ਤੋਂ ਵਸੀਲੇ ਲਿਆਂਦੇ ਜਾ ਸਕਦੇ ਹਨ ਅਤੇ ਇਸ ਨਾਲ 1967 ਦੀ ਆਊਟਰ ਸਪੇਸ ਟ੍ਰੀਟੀ ਦੀ ਉਲੰਘਣਾ ਨਹੀਂ ਹੁੰਦੀ। ਬੈਲਜੀਅਮ, ਰੂਸ, ਬਰਾਜ਼ੀਲ ਵਰਗੇ ਕਈ ਦੇਸਾਂ ਨੇ ਇਸ 'ਤੇ ਕੁੱਝ ਸਵਾਲ ਉਠਾਏ ਹਨ, ਪਰ ਇਸ ਕਾਨੂੰਨ ਨੇ ਇਨ੍ਹਾਂ ਕਾਰਪੋਰੇਸ਼ਨਾਂ ਵੱਲੋਂ ਪੁਲਾੜ ਵਿੱਚ ਮਾਈਨਿੰਗ ਆਦਿ ਕਰਨ ਲਈ ਰਾਹ ਖੋਲ੍ਹ ਦਿੱਤਾ ਹੈ। ਕੁੱਝ ਲੋਕ ਮੰਗ ਕਰ ਰਹੇ ਹਨ ਕਿ ਪੁਲਾੜ ਦੇ ਸੰਬੰਧ ਵਿੱਚ ਇਹ ਜੋ "ਨਵਾਂ ਯੁੱਗ" ਸ਼ੁਰੂ ਹੋਇਆ ਹੈ, ਇਸ ਨੂੰ ਦੇਖਦਿਆਂ ਸਾਨੂੰ ਇੰਟਰਨੈਸ਼ਨਲ ਪੱਧਰ 'ਤੇ ਪੁਲਾੜ ਬਾਰੇ ਨਵੇਂ ਕਾਨੂੰਨ ਬਣਾਉਣ ਦੀ ਲੋੜ ਹੈ। ਪਰ ਕਾਰਪੋਰੇਸ਼ਨਾਂ ਦੇ ਨੁਮਾਇੰਦੇ ਇਹ ਕਹਿ ਰਹੇ ਹਨ ਕਿ ਇਸ ਦੀ ਲੋੜ ਨਹੀਂ। ਪੁਲਾੜ ਦੇ ਮਾਮਲਿਆ ਨਾਲ ਨਿਪਟਣ ਲਈ 1967 ਦੀ ਆਊਟਰ ਸਪੇਸ ਟ੍ਰੀਟੀ ਹੀ ਕਾਫੀ ਹੈ। ਉਹ ਇਹ ਇਸ ਲਈ ਕਹਿ ਰਹੇ ਹਨ, ਕਿਉਂਕਿ ਇਹ ਟ੍ਰੀਟੀ ਉਨ੍ਹਾਂ ਦੇ ਹੱਕ ਵਿੱਚ ਕੰਮ ਕਰਦੀ ਹੈ। ਜਿਹੜੀਆਂ ਚੀਜਾਂ ਬਾਰੇ ਇਹ ਟ੍ਰੀਟੀ ਸਪਸ਼ਟ ਰੂਪ ਵਿੱਚ ਕੁੱਝ ਨਹੀਂ ਕਹਿੰਦੀ, ਉਹ ਉਨ੍ਹਾਂ ਦੀ ਵਿਆਖਿਆ ਉਹ ਆਪਣੇ ਢੰਗ ਨਾਲ ਕਰ ਸਕਦੇ ਹਨ।

ਇਹਨਾਂ ਪੁਲਾੜ ਉਡਾਣਾਂ ਦੀ ਕਾਮਯਾਬੀ ਦੇ ਸੰਬੰਧ ਵਿੱਚ ਸੋਚਣ ਵਾਲੀ ਅਗਲੀ ਗੱਲ ਹੈ, ਪੁਲਾੜ ਵਿੱਚ ਬਸਤੀਆਂ ਵਸਾਉਣ ਦੀਆਂ ਯੋਜਨਾਵਾਂ। ਸਪੇਸ ਐਕਸ ਦੇ ਮਾਲਕ ਐਲਨ ਮਸਕ ਦੀ ਯੋਜਨਾ ਵਿੱਚ ਮੰਗਲ ਗ੍ਰਹਿ 'ਤੇ ਬਸਤੀ ਵਸਾਉਣਾ ਵੀ ਸਾਮਲ ਹੈ। ਉਸ ਦੀ ਸੋਚ ਹੈ ਕਿ ਧਰਤੀ ਤੀਜੀ ਸੰਸਾਰ ਜੰਗ ਜਾਂ ਇਸ ਤਰ੍ਹਾਂ ਦੇ ਕਿਸੇ ਹੋਰ ਕਾਰਨ ਕਰਕੇ ਖਤਮ ਹੋ ਸਕਦੀ ਹੈ। ਇਸ ਲਈ ਸਾਡੇ ਕੋਲ ਪਲੈਨ ਬੀ ਹੋਣੀ ਚਾਹੀਦੀ ਹੈ, ਜਿਸ ਅਧੀਨ ਕੁੱਝ ਲੋਕ ਧਰਤੀ ਤੋਂ ਦੂਰ ਪੁਲਾੜ ਵਿੱਚ ਬਸਤੀ ਵਿੱਚ ਰਹਿੰਦੇ ਹੋਣ ਤਾਂ ਕਿ ਧਰਤੀ ਦੇ ਖਾਤਮੇ ਕਾਰਨ ਸ਼ੁਰੂ ਹੋਣ ਵਾਲਾ "ਅੰਧਕਾਰ ਦਾ ਯੁੱਗ (ਡਾਰਕ ਏਜਸ)" ਜਾਂ ਆਦਾ ਦੇਰ ਨਾ ਰਹਿ ਸਕੇ। ਉਸ ਨੇ ਇਹ ਗੱਲ ਸੰਨ 2018 ਵਿੱਚ ਇਕ ਪਬਲਿਕ ਸਮਾਗਮ ਵਿੱਚ ਬੋਲਦਿਆਂ ਇਸ ਤਰ੍ਹਾਂ ਕਹੀ ਸੀ, "ਮੰਗਲ ਗ੍ਰਹਿ 'ਤੇ ਆਪਣੇ ਆਪ ਨੂੰ ਕਾਇਮ ਰੱਖ ਸਕਣ ਵਾਲਾ ਬੇਸ ਬਣਾਉਣਾ ਮਹੱਤਵਪੂਰਨ ਹੈ, ਕਿਉਂਕਿ ਮੰਗਲ ਗ੍ਰਹਿ ਧਰਤੀ ਤੋਂ ਕਾਫੀ ਦੂਰ ਹੈ, ਅਤੇ ਇਸ ਲਈ ਇਸ ਦੇ ਚੰਦ ਉਪਰਲੇ ਬੇਸ ਦੇ ਮੁਕਾਬਲੇ ਬਚਣ ਦੇ ਜ਼ਿਆਦਾ ਮੌਕੇ ਹਨ। ਜੇ ਤੀਜੀ ਸੰਸਾਰ ਜੰਗ ਲੱਗਦੀ ਹੈ ਤਾਂ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਕਿਸੇ ਹੋਰ ਥਾਂ 'ਤੇ ਮਨੁੱਖੀ ਸਭਿਅਤਾ ਦਾ ਗੁਜਾਰੇਯੋਗ ਬੀਜ ਮੌਜੂਦ ਹੋਵੇ, ਜਿਹੜਾ ਇਸ (ਮਨੁੱਖੀ ਸਭਿਅਤਾ) ਨੂੰ ਵਾਪਸ ਲਿਆ ਸਕੇ ਅਤੇ ਅੰਧਕਾਰ ਦੇ ਯੁੱਗ (ਡਾਰਕ ਏਜਸ) ਦੇ ਅਰਸੇ ਨੂੰ ਘੱਟ ਕਰ ਸਕੇ।"

ਮਸਕ ਦੇ ਇਸ ਬਿਆਨ 'ਤੇ ਪਹਿਲਾ ਸਵਾਲ ਤਾਂ ਇਹ ਉੱਠਦਾ ਹੈ ਕਿ 'ਮਨੁੱਖੀ ਸਭਿਅਤਾ ਦੇ ਗੁਜਾਰੇਯੋਗ ਬੀਜ' ਵਿੱਚ ਸਾਮਲ ਲੋਕ ਕੌਣ ਹੋਣਗੇ? ਕੀ ਉਹ ਦੁਨੀਆ ਦੇ ਆਮ ਲੋਕ ਹੋਣਗੇ ਜਾਂ ਅਰਬਪਤੀ ਅਤੇ ਖਰਬਪਤੀ। ਪੁਲਾੜ ਵਿੱਚ ਸੈਰ-ਸਪਾਟੇ ਲਈ ਜਾਣ ਵਾਸਤੇ ਉਪਰੋਕਤ ਦੱਸੀਆਂ ਟਿਕਟਾਂ ਦੀਆਂ ਕੀਮਤਾਂ ਨੂੰ ਦੇਖਦਿਆਂ ਤਾਂ ਇਹ ਹੀ ਕਿਹਾ ਜਾ ਸਕਦਾ ਹੈ ਕਿ ਉਹ ਅਰਬਾਂ-ਖਰਬਾਂ ਪਤੀ ਅਮੀਰ ਲੋਕ ਹੋਣਗੇ। ਇਸ ਬਾਰੇ ਦੂਸਰਾ ਸਵਾਲ ਇਹ ਹੈ ਕਿ ਸਮੁੱਚੀ ਮਨੁੱਖਤਾ ਦੀ ਸਾਂਝੀ ਮਲਕੀਅਤ ਪੁਲਾੜ ਵਿੱਚ ਇਹ ਬਸਤੀਆਂ ਵਸਾਉਣ ਦਾ ਹੱਕ ਇਹਨਾਂ ਅਮੀਰਾਂ ਅਤੇ ਕਾਰਪੋਰੇਸ਼ਨਾਂ ਨੂੰ ਕਿਸ ਨੇ ਦਿੱਤਾ ਹੈ? ਇਸ ਦੇ ਨਾਲ ਹੀ ਮਸਕ ਦੇ ਇਸ ਬਿਆਨ ਤੋਂ ਇਹ ਨਤੀਜਾ ਵੀ ਕੱਢਿਆ ਜਾ ਸਕਦਾ ਹੈ ਕਿ ਪੁਲਾੜ ਵਿੱਚ ਪਹੁੰਚਣ ਦੀ ਇਹ ਨਵੀਂ ਦੌੜ ਇਕ ਤਰ੍ਹਾਂ ਨਾਲ ਪੁਲਾੜ ਉੱਪਰ ਕਾਰਪੋਰੇਸ਼ਨਾਂ ਵੱਲੋਂ ਬਸਤੀਵਾਦੀ ਢੰਗ ਨਾਲ ਕਬਜਾ ਕਰਨ ਦੀ ਦੌੜ ਵੀ ਹੈ।

ਅਖੀਰ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਪੁਲਾੜ ਯਾਤਰਾ ਨਾਲ ਸੰਬੰਧਿਤ ਸ਼ੁਰੂ ਹੋਏ ਇਸ "ਨਵੇਂ ਯੁੱਗ" ਦਾ ਮਕਸਦ ਸਿਰਫ ਅਮੀਰਾਂ ਲਈ ਸੈਰ-ਸਪਾਟਾ ਜਾਂ ਸ਼ੁਗਲ ਮੇਲਾ ਨਹੀਂ ਹੈ। ਸਗੋਂ ਇਹ ਯੁੱਗ ਸਮੁੱਚੀ ਮਨੁੱਖਤਾ ਦੀ ਸਾਂਝੀ ਮਲਕੀਅਤ ਉੱਪਰ ਨਿੱਜੀ ਕਾਰਪਰੇਸ਼ਨਾਂ ਦੇ ਕਬਜੇ ਲਈ ਰਸਤਾ ਖੋਲ੍ਹ ਰਿਹਾ ਹੈ। ਇਸ ਦੇ ਨਾਲ ਹੀ ਕਾਰਪੋਰੇਸ਼ਨਾਂ ਵੱਲੋਂ ਸ਼ੁਰੂ ਕੀਤੀ ਪੁਲਾੜ ਦੌੜ ਕਾਰਨ ਵਾਤਾਵਰਨ ਵਿੱਚ ਫੈਲਣ ਵਾਲੇ ਪ੍ਰਦੂਸ਼ਣ ਦੇ ਨਤੀਜੇ ਮਨੁੱਖਤਾ ਲਈ ਚੰਗੇ ਨਹੀਂ ਹੋਣਗੇ। ਇਸ ਲਈ ਆਮ ਲੋਕਾਂ ਵਲੋਂ ਪੁਲਾੜ ਯਾਤਰਾ ਨਾਲ ਸੰਬੰਧਿਤ ਇਸ "ਨਵੇਂ ਯੁੱਗ" ਦੇ ਵੱਖ ਵੱਖ ਪਹਿਲੂਆਂ ਵੱਲ ਧਿਆਨ ਦੇਣਾ ਬਹੁਤ ਜ਼ਰੂਰੀ ਹੈ।

ਇਸ ਲੇਖ ਵਿੱਚ ਵਰਤੀ ਜਾਣਕਾਰੀ ਦੇ ਸ੍ਰੋਤਾਂ ਬਾਰੇ ਜਾਣਨ ਲਈ www.sukhwanthundal.wordpress.com 'ਤੇ ਜਾਓ।

# ਗੁਲਾਬ ਕੌਰ ਗ਼ਦਰ ਲਹਿਰ ਦੀ ਦਲੇਰ ਯੋਧਾ



ਰਾਕੇਸ਼ ਕੁਮਾਰ

'ਗੁਲਾਬ ਕੌਰ ਗ਼ਦਰ ਲਹਿਰ ਦੀ ਦਲੇਰ ਯੋਧਾ' ਰਾਕੇਸ਼ ਕੁਮਾਰ ਦੀ ਨਵੀਂ ਖੋਜ ਪੁਸਤਕ ਹੈ ਆਪਣੀ ਸਿਰਜਣਾ ਵਿੱਚ ਕਾਰਜਸ਼ੀਲ ਰਾਕੇਸ਼ ਕੁਮਾਰ ਗ਼ਦਰ ਲਹਿਰ ਨਾਲ ਸੰਬੰਧਿਤ ਨਾਇਕਾਂ ਸ਼ਹੀਦ ਊਧਮ ਸਿੰਘ ਅਤੇ ਇਤਿਹਾਸਕ ਘਟਨਾਵਾਂ, ਗ਼ਦਰ ਲਹਿਰ ਨਾਲ ਸੰਬੰਧਿਤ ਹੋਰ ਕਈ ਘਟਨਾਵਾਂ ਨਾਲ ਖੋਜ ਲਬਰੇਜ਼ ਪੁਸਤਕਾਂ ਪਾਠਕਾਂ ਦੀ ਝੋਲੀ ਪਾ ਚੁੱਕਾ ਹੈ। ਉਹ ਪੁਸਤਕ ਲਿਖਣ ਤੋਂ ਪਹਿਲਾਂ ਉਸ ਦੀ ਵਿਉਂਤਬੰਦੀ ਕਰਦਾ ਤੇ ਪ੍ਰਮਾਣਿਤ ਤੱਥ ਇਕੱਠੇ ਕਰਦਾ, ਜ਼ਮੀਨੀ ਪੱਧਰ ਤੇ ਵੀ ਉਸ ਵਿਸ਼ੇ ਨਾਲ ਜੁੜੇ ਸਰੋਤਾਂ ਦੀ ਭਾਲ ਕਰਦਾ ਫੇਰ ਕਿਤੇ ਜਾਕੇ ਪੁਸਤਕ ਦਾ ਜਾਮਾ ਪਹਿਨਾਉਂਦਾ ਹੈ। ਉਸਦੀਆਂ ਲਿਖਤਾਂ ਦੀ ਖਾਸੀਅਤ ਇਹ ਵੀ ਹੈ ਕਿ ਉਨ੍ਹਾਂ ਵਿੱਚ ਪੇਸ਼ ਘਟਨਾਵਾਂ ਜਾਂ ਨਾਇਕ ਸੁਣੇ ਸੁਣਾਏ ਨਹੀਂ ਹੁੰਦੇ ਪੁਸਤਕ ਵਿੱਚ ਦਿੱਤੇ ਹਵਾਲੇ ਇਸ ਦੀ ਠੋਸ ਗਵਾਹੀ ਭਰਦੇ ਹਨ। ਰਾਕੇਸ਼ ਕੁਮਾਰ ਗ਼ਦਰ ਲਹਿਰ ਜਾਂ ਦੇਸ਼ ਦੀ ਆਜ਼ਾਦੀ ਲਈ ਚੱਲੇ ਸੰਘਰਸ਼ਾਂ ਦੇ ਅਣਗੌਲੇ ਯੋਧਿਆਂ ਨੂੰ ਵੀ ਸਪੇਸ ਪ੍ਰਦਾਨ ਕਰਦਿਆਂ ਪਾਠਕਾਂ ਨਾਲ ਉਹਨਾਂ ਦੀ ਜਾਣ-ਪਹਿਚਾਣ ਕਰਵਾਉਣ ਦਾ ਵਲ ਜਾਣਦਾ ਹੈ। ਇਸ ਲਈ ਉਸ ਦਾ ਮਕਸਦ ਲੋਕਾਂ ਤੱਕ ਗੱਲ ਪਹੁੰਚਣੀ ਚਾਹੀਦੀ ਹੈ। ਇਸ ਲਈ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਹਰ ਭਾਸ਼ਾ ਵਿੱਚ ਉਹਦੀ ਮੁਹਾਰਤ ਹੈ।


ਗੁਲਾਬ ਕੌਰ ਬਾਰੇ ਪੁਸਤਕ ਉਲੀਕਦਿਆਂ ਇਸ ਦੀ ਪਿੱਠ ਭੂਮੀ 'ਚ ਇੱਕ ਵਿਚਾਰ ਰਾਕੇਸ਼ ਕੁਮਾਰ ਦੇ ਇਰਦ-ਗਿਰਦ ਚੇਤਨਾ 'ਚ ਸਵਾਰ ਰਿਹਾ। ਗੁਲਾਬ ਕੌਰ ਸਾਡੀ ਉਹ ਗ਼ਦਰੀ ਯੋਧਾ ਹੈ ਜਿਸ ਬਾਰੇ ਸੰਪੂਰਨ ਤੌਰ 'ਤੇ ਬੱਝਵਾਂ ਕੁਝ ਨਹੀਂ ਮਿਲਦਾ। ਅਜਿਹੀਆਂ ਨਾਇਕਾਵਾਂ ਬਾਰੇ ਲੋਕਾਂ ਨੂੰ ਜਾਣੂ ਕਰਵਾਉਣਾ ਵੀ ਜ਼ਰੂਰੀ ਹੈ। ਸਾਡੀ ਇਹ ਹੀ ਤ੍ਰਾਸਦੀ ਰਹੀ ਹੈ ਕਿ ਸਾਡੀਆਂ ਬਹੁਤ ਸਾਰੀਆਂ ਸੰਘਰਸ਼ਸ਼ੀਲ ਔਰਤਾਂ ਦਾ ਸਾਨਾਮੱਤਾ ਇਤਿਹਾਸ ਹੈ ਪਰ ਉਹ ਇਤਿਹਾਸ ਖਿੰਡਿਆ-ਪੁੰਡਿਆ ਹੈ। ਇੱਥੋਂ ਤੱਕ ਕਿ ਕਿਸੇ ਇੱਕ ਨਾਇਕਾ ਨਾਲ ਸੰਬੰਧਿਤ ਪੂਰਨ ਰੂਪ ਵਿੱਚ ਟੈਕਸਟ ਦਾ ਮਿਲਣਾ ਵੀ ਧੁੰਦਲਾ ਹੋਇਆ ਹੈ। ਰਾਕੇਸ਼ ਕੁਮਾਰ ਨੇ ਗੁਲਾਬ ਕੌਰ ਦੇ ਜੀਵਨ, ਸੰਘਰਸ਼ ਵਿੱਚ ਪਾਏ ਯੋਗਦਾਨ ਤੇ ਉਸ ਬਾਰੇ ਹੋਰ ਵਿਦਵਾਨਾਂ ਦੇ ਲਿਖੇ ਵਿਚਾਰਾਂ ਨੂੰ ਪਰੋਣ ਦੀ ਸ-ਲ ਕੋਸ਼ਿਸ਼ ਕੀਤੀ ਹੈ।

ਇਸ ਪੁਸਤਕ ਵਿੱਚੋਂ ਜਿੱਥੇ ਗੁਲਾਬ ਕੌਰ ਦਾ ਜੁਝਾਰੂ ਕਿਰਦਾਰ ਸਾਹਮਣੇ ਆਉਂਦਾ ਉਥੇ ਗ਼ਦਰ ਲਹਿਰ ਦੀਆਂ ਘਟਨਾਵਾਂ ਦੇ ਵੱਖੋ-ਵੱਖਰੇ ਪੱਖ ਸਾਡੇ ਸਾਹਮਣੇ ਦੀ ਗੁਜਰਦੇ ਲੱਗਦੇ ਹਨ। ਇਹ ਪੁਸਤਕ ਵਿੱਚ ਗ਼ਦਰ ਲਹਿਰ ਨਾਲ ਜੁੜੇ ਹੋਏ ਯੋਧੇ ਆਪਣੀ ਜ਼ਿੰਦਗੀ 'ਚ ਨਿੱਜ ਤੋਂ ਪਰ ਵੱਲ ਸ-ਰ ਕਰਦੇ ਹਨ। ਆਪਣੇ ਹਿੱਤਾਂ ਵਾਸਤੇ ਵਿਦੇਸ਼ ਵਿੱਚ ਜਾਂਦੇ ਤੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਸੰਘਰਸ਼ ਕਰਨ ਵਾਸਤੇ ਵਾਪਸ ਪਰਤਦੇ। ਇਹ ਪੁਸਤਕ ਪ੍ਰਸਥਿਤੀਆਂ ਦੇ ਪਏ ਪ੍ਰਭਾਵਾਂ ਨੂੰ ਕਈ ਦਿਸ਼ਾਵਾਂ ਤੋਂ ਚਿਤਰਮਾਨ ਕਰਦੀ ਹੈ। ਬੀਬੀ ਗੁਲਾਬ ਕੌਰ ਜੋ ਵਿਆਹ ਕਰਵਾ ਕੇ ਆਪਣੇ ਪਤੀ ਨਾਲ ਵਿਦੇਸ਼ ਵਿੱਚ ਰੋਜ਼ੀ ਰੋਟੀ ਦੀ ਤਲਾਸ਼ ਕਰਨ ਲਈ ਜਾਂਦੀ ਹੈ। ਉਹ ਇਸ ਘੁਟਨਮਈ, ਗੁਲਾਮੀਅਤ ਦੇ ਮਾਹੌਲ ਤੋਂ ਛੁਟਕਾਰਾ ਪਾਉਣ ਲਈ ਅਮਰੀਕਾ ਜਾਣ ਲਈ ਰਾਹ ਪਕੜਦੇ ਹਨ। ਉਸ ਸਮੇਂ ਤੱਕ ਉਹ ਇੱਕ ਆਮ ਵਿਆਹੁਦਾ ਔਰਤ ਹੁੰਦੀ ਹੈ। ਮਨੀਲਾ ਜੋ ਕਿ ਫਿਲਪਾਈਨ ਦੀ ਰਾਜਧਾਨੀ ਸੀ ਉਥੇ ਰਹਿੰਦੇ ਦੋਵੇਂ ਪਤੀ-ਪਤਨੀ ਉਥੇ ਆਪਣਾ ਗੁਜਾਰਾ ਵੀ ਕਰਦੇ ਤੇ ਭਾਰਤ ਵਿੱਚ ਆਪਣੇ ਪਰਿਵਾਰ ਲਈ ਵੀ ਪੈਸੇ ਭੇਜਦੇ। ਅਚਾਨਕ ਹੀ ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ ਗੁਲਾਬ ਕੌਰ ਦੀ ਜ਼ਿੰਦਗੀ ਦੇ ਬਦਲ ਦਾ ਮੀਲ-ਪੱਥਰ ਸਾਬਤ ਹੁੰਦੀ ਹੈ। ਉਸੇ ਸਮੇਂ ਹੀ ਅਮਰੀਕਾ ਵਿੱਚ ਗ਼ਦਰ ਪਾਰਟੀ ਦੀ ਸਥਾਪਨਾ ਹੋ ਰਹੀ ਸੀ। ਗ਼ਦਰ ਪਾਰਟੀ ਦੀਆਂ ਸਰਗਰਮੀਆਂ ਤੇ ਗ਼ਦਰੀਆਂ ਦੇ ਵਿਚਾਰਾਂ ਨੇ ਗੁਲਾਬ ਕੌਰ ਉਤੇ ਗਹਿਰਾ ਅਸਰ ਪਾਇਆ। ਮਨੀਲਾ ਵਿੱਚ ਬਣੀ ਗ਼ਦਰ ਕਮੇਟੀ ਤੇ ਗ਼ਦਰ ਦੀਆਂ ਮਨੀਲਾ ਵਿੱਚ ਹੁੰਦੀਆਂ ਸਰਗਰਮੀਆ 'ਚ ਗੁਲਾਬ ਕੌਰ ਕਿਵੇਂ ਭਾਗ ਲੈਂਦੀ। ਉਸ ਦੀ ਪਹਿਲੀ ਜ਼ਿੰਦਗੀ ਨਾਲ ਇਹ ਵਾਲੀ ਜ਼ਿੰਦਗੀ ਕਿਵੇਂ ਅਲੱਗ ਹੋ ਗਈ। ਕਿਹੜੀਆਂ ਪ੍ਰਸਥਿਤੀਆ/ਹਾਲਤਾਂ ਤੇ ਸੋਚ ਏਸ ਲਈ ਜ਼ਿੰਮੇਵਾਰ ਹੋਈ। ਇਸ ਪੁਸਤਕ ਦੇ ਭਾਗ (ੳ) ਵਿਚ ਸ਼ਾਮਿਲ 4 ਨਿੰਬਧ ਏਸੇ ਪੱਖ ਨੂੰ ਪ੍ਰਗਟਾਉਂਦੇ ਹਨ। ਏਸੇ ਹੀ ਭਾਗ ਵਿੱਚ ਲੇਖਕ ਨੇ ਗ਼ਦਰ ਪਾਰਟੀ ਦੀ ਸਥਾਪਨਾ, ਗ਼ਦਰ ਪਾਰਟੀ ਦੇ ਜਥੇਬੰਦਕ ਕੰਮਾਂ, ਗ਼ਦਰ ਅਖ਼ਬਾਰ ਦੀ ਸੰਪਾਦਨਾ ਆਦਿ ਨਾਲ ਜੁੜੇ ਅਨੇਕਾਂ ਅੰਸ਼ਾਂ ਇਸ ਵਿਚ ਸ਼ਾਮਿਲ ਕੀਤੇ ਹਨ।

ਭਾਗ (ਅ) ਦੇ ਵਿੱਚ ਗ਼ਦਰੀਆਂ ਦਾ ਭਾਰਤ ਆਕੇ ਗ਼ਦਰ ਮਚਾਉਣ ਦੀਆਂ ਸਰਗਰਮੀਆਂ ਦੇ ਨਾਲ-ਨਾਲ ਗੁਲਾਬ ਕੌਰ ਦੀ ਇਸ ਵਿੱਚ ਕੀ ਭੂਮਿਕਾ ਰਹੀ ਹੈ। ਮਨੀਲਾ ਤੋਂ ਭਾਰਤ ਤੱਕ ਦੇ ਸ-ਰ ਵਿੱਚ ਵੱਖੋ ਵੱਖਰੀਆਂ ਗਤੀਵਿਧੀਆਂ, ਭਾਸ਼ਣ, ਮੀਟਿੰਗਾਂ, ਜਲਸੇ ਤੇ ਪ੍ਰਚਾਰ ਦੇ ਨਾਲ ਨਾਲ ਗੁਲਾਬ ਕੌਰ ਵੱਲੋਂ ਸੁਣਾਈਆਂ ਜਾਂਦੀਆਂ ਜੋਸ਼ੀਲੀਆਂ ਕਵਿਤਾਵਾਂ ਆਦਿ ਤੋਂ ਬਿਨਾਂ ਗੁਲਾਬ ਕੌਰ ਨੂੰ ਬਾਕੀ ਗ਼ਦਰੀਆਂ ਦੇ ਨਾਲ ਕਿਤੇ ਰਾਹਾਂ 'ਚ ਪੁਲਿਸ ਦੁਆਰਾ ਖੱਜਲ ਖੁਆਰੀਆਂ ਸਹਿਣੀਆਂ ਪਈਆਂ ਸਭ ਕੁਝ ਇਸ ਭਾਗ ਵਿੱਚ ਪੜ੍ਹਣ ਨੂੰ ਮਿਲਦਾ ਹੈ। ਭਾਰਤ ਆ ਕੇ ਵੀ ਗੁਲਾਬ ਕੌਰ ਪੰਜਾਬ ਵਿੱਚ ਕਿਵੇਂ ਸਰਗਮ ਰਹੀ ਤੇ ਉਸ ਦੀਆਂ ਦੁਆਬੇ ਵਿੱਚ ਕੀਤੀਆਂ ਵੱਖ-ਵੱਖ ਸਰਗਰਮੀਆਂ ਜਿਵੇਂ ਕਿਤੇ ਗ਼ਦਰੀਆਂ ਨੂੰ ਸੁਨੇਹੇ ਪਹੁੰਚਾਉਣੇ, ਕਿਤੇ ਲੰਗਰ, ਕਿਤੇ ਹਥਿਆਰ ਤੇ ਕਦੇ ਪ੍ਰੈਸ ਤੇ ਨਿਗਰਾਨੀ ਰੱਖਣੀ ਆਦਿ ਬਾਰੇ ਪੁਸਤਕ ਵਿੱਚ ਅੰਕਿਤ ਕੀਤੇ ਗਏ 4 ਨਿੰਬਧਾਂ ਵਿੱਚੋਂ ਜਾਣਕਾਰੀ ਮਿਲਦੀ ਹੈ। ਗੁਲਾਬ ਕੌਰ ਦੀ ਗ੍ਰਿ-ਤਾਰੀ ਕਿਵੇਂ ਹੋਈ ਉਸ ਨੂੰ ਕਿਹੜੀ ਸਜ਼ਾ ਦਿੱਤੀ ਗਈ ਆਖਰ ਉਸਦਾ ਸਦੀਵੀ ਵਿਛੋੜਾ ਕਿਵੇਂ ਹੋਇਆ ਇਹ ਪੁਸਤਕ ਵਿਚ ਦਰਜ ਮਿਤੀ ਮੁਤਾਬਕ ਘਟਨਾਵਾਂ ਸੁਚੱਜੇ ਢੰਗ ਨਾਲ ਗੁੰਦੀਆਂ ਗਈਆਂ ਹਨ।

ਪੁਸਤਕ ਦੇ ਭਾਗ (ੲ) ਦੇ ਵਿੱਚ ਬੀਬੀ ਗੁਲਾਬ ਕੌਰ ਦੇ ਨਾਲ ਸੰਬੰਧਿਤ ਸਾਹਿਤਕ ਸਮੱਗਰੀ ਸ਼ਾਮਿਲ ਕੀਤੀ ਗਈ ਹੈ। ਨਾਇਕ ਨੂੰ ਕੇਂਦਰ ਵਿੱਚ ਰੱਖ ਕੇ ਬਹੁਤ ਸਾਰੀਆਂ ਸਾਹਿਤਕ ਵਿਧਾਵਾਂ ਸਾਹਮਣੇ ਆਉਂਦੀਆਂ ਹਨ। ਪੰਜਾਬੀ ਸਾਹਿਤ ਦੇ ਵਿੱਚ ਵੀ ਬਹੁਤ ਸਾਰੇ ਨਾਵਲ, ਨਾਟਕ, ਵਾਰਾਂ, ਕਹਾਣੀ, ਕਵੀਸ਼ਰੀਆਂ ਆਦਿ ਲਿਖੀਆਂ ਗਈਆਂ ਹਨ। ਇਸ ਤਰ੍ਹਾਂ ਜੋ ਰਚਨਾਵਾਂ ਗੁਲਾਬ ਕੌਰ ਨਾਲ ਸੰਬੰਧਿਤ ਲੇਖਕ ਨੂੰ ਮਿਲੀਆਂ ਉਨ੍ਹਾਂ ਨੂੰ ਅੰਸ਼ਿਕ ਤੌਰ ਤੇ ਇਸ ਵਿੱਚ ਦਰਜ ਕੀਤਾ ਗਿਆ ਹੈ। ਜਿਵੇਂ ਕੇਸਰ ਸਿੰਘ ਰਚਿਤ ਨਾਵਲ 'ਗ਼ਦਰੀ-ਗੁਲਾਬ (ਬੀਬੀ ਗੁਲਾਬ ਕੌਰ)' ਲੋਕ ਗੀਤ ਪ੍ਰਕਾਸ਼ਨ ਵੱਲੋਂ ਛਾਪਿਆ ਗਿਆ। ਇਸ ਵਿਚ ਗੁਲਾਬ ਕੌਰ ਦਾ ਜੁਝਾਰੂ ਬਿੰਬ ਕਿਵੇਂ ਉਘੜਦਾ ਹੈ ਇਹ ਤਾਂ ਨਾਵਲ ਪੜ੍ਹ ਕੇ ਪਤਾ ਲੱਗੇਗਾ ਪਰ ਲੇਖਕ ਨੇ ਇਸ ਨਾਵਲ ਬਾਰੇ ਸੰਖੇਪ ਜਾਣਕਾਰੀ ਦਰਜ ਕੀਤੀ ਹੈ। ਉਸੇ ਤਰ੍ਹਾਂ ਹੀ ਪੰਜ ਆਬ ਪ੍ਰਕਾਸ਼ਨ ਦਾ ਛਾਪਿਆ ਨਾਵਲ 'ਗ਼ਦਰੀ ਗੁਲਾਬ ਕੌਰ' ਹਰੀ ਸਿੰਘ ਢੁੱਡੀਕੇ ਦਾ ਲਿਖਿਆ ਹੋਇਆ ਹੈ।

ਚੇਤਨਾ ਪ੍ਰਕਾਸ਼ਕ ਦੁਆਰਾ ਛਾਪਿਆ ਪ੍ਰੋ. ਅਜਮੇਰ ਔਲਖ ਦਾ ਨਾਟਕ 'ਤੂੰ ਚਰਖਾ ਘੁਕਦਾ ਰੱਖ ਜ਼ਿੰਦੇ' ਦਾ ਵੀ ਏਸ ਪੁਸਤਕ ਨੇ ਜ਼ਿਕਰ ਕੀਤਾ ਹੈ। ਗੁਲਾਬ ਕੌਰ ਦੀ ਜ਼ਿੰਦਗੀ ਬਾਰੇ ਲਿਖਿਆ ਗਿਆ ਇਹ ਨਾਟਕ ਗ਼ਦਰੀ ਬਾਬਿਆਂ ਦੇ ਮੇਲੇ ਵਿੱਚ ਭਰਵੀ ਹਾਜ਼ਰੀ 'ਤੇ ਖੇਡਿਆ ਗਿਆ ਸੀ। ਗੁਲਾਬ ਕੌਰ ਦਾ ਗਹਿਰਾ ਨਾਤਾ ਗ਼ਦਰ ਲਹਿਰ ਦੇ ਨਾਲ ਜੁੜੇ ਯੋਧਿਆਂ ਨਾਲ ਰਿਹਾ। ਗ਼ਦਰ ਪਾਰਟੀ ਲਈ ਕੰਮ ਕਰਦਿਆਂ ਆਪਸੀ ਸਾਂਝ ਤੇ ਗ਼ਦਰ ਲਈ ਕੀਤੀਆਂ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਵੀ ਵੱਖ-ਵੱਖ ਰੂਪਾਂ ਵਿਚ ਪ੍ਰਗਟ ਹੋਇਆ ਹੈ। ਅਮਰ ਸਿੰਘ ਕੋਟਲਾ ਨੌਧ ਸਿੰਘ, ਜੀਵਨ ਸਿੰਘ ਦੌਲੇ ਸਿੰਘ ਵਾਲਾ, ਹਾਫਿਜ਼ ਅਬਦੁੱਲਾ ਆਦਿ ਨਾਲ ਜੁੜੀਆਂ ਯਾਦਾਂ ਦੀ ਤਸਵੀਰ ਵੀ ਉਤਾਰੀ ਗਈ ਹੈ। ਗ਼ਦਰ ਗੂੰਜ ਦੀਆਂ ਉਨ੍ਹਾਂ ਕਵਿਤਾਵਾਂ ਨੂੰ ਵੀ ਲੇਖਕ ਨੇ ਇਸ ਪੁਸਤਕ ਵਿੱਚ ਖ਼ਾਸ ਸਥਾਨ ਦਿੱਤਾ ਹੈ ਜਿਨ੍ਹਾਂ ਵਿੱਚ ਗੁਲਾਬ ਕੌਰ ਦਾ ਜ਼ਿਕਰ ਆਇਆ ਹੈ। ਦੇਸ ਰਾਜ ਛਾਜਲੀ ਦੀ ਲੋਕ ਸੰਗੀਤ ਮੰਡਲੀ ਵੱਲੋਂ ਗਾਈ ਜਾਂਦੀ ਬੀਰ ਗਾਥਾ ਗ਼ਦਰੀ ਗੁਲਾਬ ਕੌਰ ਵੀ ਇਸ ਪੁਸਤਕ ਵਿੱਚ ਸ਼ਾਮਿਲ ਹੈ। ਅੰਤਿਕਾ ਦੇ ਵਿੱਚ ਕੁਝ ਵਿਦਵਾਨਾਂ ਦੇ ਨਾਇਕ ਸਿਰਜਿਤ ਨਿਬੰਧ, ਵਾਰਤਾਲਾਪੀ ਅੰਸ਼ਿਕ ਲੇਖ ਵੀ ਸ਼ਾਮਿਲ ਹਨ। ਜਿਵੇਂ ਕੇਸਰ ਸਿੰਘ ਦਾ ਲਿਖਿਆ 'ਬੀਬੀ ਗੁਲਾਬ ਕੌਰ' ਮੁਕਤੀ ਮਾਰਗ ਵਿੱਚ ਛਪਿਆ 'ਗ਼ਦਰ ਲਹਿਰ ਦੀ ਵੀਰਾਂਗਣ ਗੁਲਾਬ ਕੌਰ', ਗੁਰਚਰਨ ਸਿੰਘ ਸਹਿੰਸਰਾ ਦੇ ਦੋ ਲੇਖ 'ਪੰਜਾਬ ਦੀ ਭੁੱਲੀ ਵਿਸਰੀ ਸ਼ੇਰਨੀ ਮਾਈ ਗੁਲਾਬ ਕੌਰ' ਤੇ 'ਮਾਈ ਗੁਲਾਬ ਕੌਰ' ਕਾਮਰੇਡ ਜਰਨੈਲ ਸਿੰਘ ਦਾ 'ਗ਼ਦਰ ਲਹਿਰ ਦੀ ਮਾਈ ਭਾਗੋ' ਆਦਿ ਨਿਬੰਧ ਸ਼ਾਮਿਲ ਕੀਤੇ ਗਏ ਹਨ। ਇਨ੍ਹਾਂ ਨੂੰ ਅੰਤਿਕਾ ਸਿਰਲੇਖ ਹੇਠ ਦਰਜ ਕੀਤਾ ਗਿਆ ਹੈ ਇਨ੍ਹਾਂ ਵਿੱਚ ਘਟਨਾਵਾਂ, ਗੱਲਬਾਤਾਂ ਗੁਲਾਬ ਕੌਰ ਦੇ ਅਸਲ ਬਿੰਬ ਨੂੰ ਆਪਣੀ ਆਪਣੀ ਦ੍ਰਿਸ਼ਟੀ ਨਾਲ ਉਭਾਰਦੀਆਂ ਹਨ ਜਿਵੇਂ ਜਦੋਂ ਭਾਰਤ ਵੱਲ ਆਉਣ ਲਈ ਮਨੀਲਾ ਤੋਂ ਸਾਥੀ ਹਾਂਗਕਾਂਗ ਪਹੁੰਚੇ ਤਾਂ ਉਥੇ ਅਮਰੀਕਾ, ਕੈਨੇਡਾ, ਜਾਪਾਨ ਤੇ ਹੋਰ ਦੇਸ਼ਾਂ ਤੋਂ ਆਉਣ ਵਾਲੇ ਸਾਥੀਆਂ ਨੂੰ ਹਾਂਗਕਾਂਗ ਤੋਂ ਹੀ ਹੋਰ ਜਹਾਜ਼ ਲੈਣਾ ਪੈਂਦਾ ਸੀ। ਗੁਰਦਵਾਰਾ ਅਤੇ ਹੋਰ ਥਾਵਾਂ ਗ਼ਦਰੀਆਂ ਨਾਲ ਭਰੀਆਂ ਹੋਈਆਂ ਸਨ। ਏਥੇ ਬੜੇ ਜੋਸ਼ੀਲੇ ਭਾਸ਼ਣ ਹੁੰਦੇ। ਭਾਰਤ ਦੀ ਅਜ਼ਾਦੀ ਲਈ ਜਥੇਬੰਦੀ ਦੀ ਪੁਲੀਟੀਕਲ ਤਿਆਰੀ ਹੁੰਦੀ ਅਤੇ ਜੰਗੀ ਸਮਾਨ, ਗੋਲੀਆਂ, ਪਿਸਟਲ ਆਦਿ ਪੈਕ ਕਰਨੇ ਅਤੇ ਜਹਾਜ਼ਾਂ ਵਿੱਚ ਲੱਦ ਕੇ ਭਾਰਤ ਭੇਜਣ ਦਾ ਕੰਮ ਪੂਰੀ ਸਿਆਣਪ ਨਾਲ ਕੀਤਾ ਜਾਂਦਾ। ਇਥੇ ਬੀਬੀ ਬੜੇ ਜੋਸ਼ੀਲੇ ਭਾਸ਼ਣ ਦਿੰਦੀ, ਇੱਥੋਂ ਤੱਕ ਕਿ ਬੋਲਦਿਆਂ ਬੋਲਦਿਆ ਆਪਣੀਆਂ ਚੂੜੀਆਂ ਲਾਹ ਕੇ ਸਟੇਜ ਤੇ ਰੱਖ ਦਿੰਦੀ ਅਤੇ ਕਹਿੰਦੀ ਕਿ ਜਿਹੜਾ ਦੇਸ਼ ਵਾਪਸ ਜਾਣ ਤੋਂ ਡਰਦਾ ਹੈ ਉਹ ਮੇਰੀਆਂ ਚੂੜੀਆਂ ਪਾ ਲਵੇਂ। ਇਸ ਤਰ੍ਹਾਂ ਬਹੁਤ ਸਾਰੇ ਦ੍ਰਿਸ਼ਟਾਂਤ ਏਸ ਪੁਸਤਕ ਨੂੰ ਰੋਚਕ ਵੀ ਬਣਾਉਂਦੇ ਹਨ ਤੇ ਬੀਬੀ ਦੇ ਕਿਰਦਾਰ ਨੂੰ ਵੀ ਸੁਚੱਜੇ ਰੂਪ ਵਿੱਚ ਸਾਕਾਰ ਕਰਦੇ ਹਨ। ਰਾਕੇਸ਼ ਕੁਮਾਰ ਨੇ ਇਹ ਹਵਾਲੇ ਤੇ ਜ਼ਿਕਰ ਜਿਨ੍ਹਾਂ ਪੁਸਤਕਾਂ ਵਿੱਚੋਂ ਲਏ ਗਏ ਹਨ ਉਨ੍ਹਾਂ ਦੀ ਪੁਸਤਕ ਸੂਚੀ ਵੀ ਇਸ ਵਿੱਚ ਸ਼ਾਮਿਲ ਹੈ। ਇਸ ਪੁਸਤਕ 'ਚ ਉਨ੍ਹਾਂ ਤਸਵੀਰਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ ਜਿਨ੍ਹਾਂ ਦਾ ਸੰਬੰਧ ਸਿੱਧੇ ਤੌਰ 'ਤੇ ਬੀਬੀ ਗੁਲਾਬ ਕੌਰ ਨਾਲ ਜੁੜਦਾ ਹੈ।




ਇਤਿਹਾਸ ਨੂੰ ਸਾਂਭਣਯੋਗ ਬਣਾਉਣ ਦੇ ਵੱਡਮੁੱਲੇ ਕਾਰਜ ਵਿੱਚ ਰਾਕੇਸ਼ ਕੁਮਾਰ ਦਾ ਅਹਿਮ ਯੋਗਦਾਨ ਹਮੇਸ਼ਾਂ ਯਾਦ ਰਹੇਗਾ। ਇੱਕ ਚੇਤੰਨਸ਼ੀਲ ਵਿਅਕਤੀ ਇਤਿਹਾਸ ਤੋਂ ਸਬਕ ਲੈ ਕੇ ਉਸ ਨੂੰ ਵਰਤਮਾਨ 'ਤੇ ਲਾਗੂ ਕਰਦਿਆਂ ਭਵਿੱਖ ਲਈ ਦਿਸ਼ਾ ਨਿਰਧਾਰਿਤ ਕਰਦਾ ਹੈ। ਇਤਿਹਾਸ ਦੀਆਂ ਬਹੁਤ ਸਾਰੀਆਂ ਘਟਨਾਵਾਂ ਸਾਡੇ ਲਈ ਪ੍ਰੇਰਨਾਸ੍ਰੋਤ ਹਨ। ਜੇਕਰ ਉਸ ਵਿੱਚ ਪ੍ਰਗਤੀਵਾਦੀ ਅੰਸ਼ਾਂ ਨੂੰ ਵਰਤਮਾਨ 'ਚ ਲਾਗੂ ਕਰਨ ਦੀ ਜਾਂਚ ਆਉਂਦੀ ਹੋਵੇ। ਇਤਿਹਾਸ ਕੋਲ ਬਹੁਤ ਕੁਝ ਸਿਖਾਉਣ ਦੀ ਸ਼ਕਤੀ ਹੁੰਦੀ ਹੈ। ਅਜਿਹੀਆਂ ਮੁਲਵਾਨ ਪੁਸਤਕਾਂ ਉਸ ਸਮੇਂ ਆਪਣਾ ਅਹਿਮ ਰੋਲ ਅਦਾ ਕਰਦੀਆ ਹਨ। ਅੱਜ ਜਿਸ ਵਕਤ ਵਿੱਚੋਂ ਅਸੀਂ ਗੁਜਰ ਰਹੇ ਹਾਂ। ਇਹ ਸਮਾਂ ਮਾਨਵੀ ਹਿੱਤਾਂ/ਹੱਕਾਂ ਉੱਤੇ ਹੋ ਰਹੇ ਲਗਾਤਾਰ ਹਮਲਿਆਂ ਦਾ ਦੌਰ ਹੈ। ਇਕ ਉਹ ਬ੍ਰਿਟਿਸ਼ ਸਾਮਰਾਜ ਜਿਸ ਵਿਰੁੱਧ ਗ਼ਦਰ ਲਹਿਰ ਖੜ੍ਹੀ ਹੋਈ ਸੀ ਜਿਸਨੇ ਦੇਸ਼ ਨੂੰਅਜ਼ਾਦ ਕਰਵਾਉਣ ਤੇ ਮੁਲਕ ਵਿੱਚ ਆਰਥਿਕ-ਸਮਾਜਿਕ ਬਰਾਬਰੀ ਲਿਆਉਣ ਦਾ ਸੁਪਨਾ ਪੂਰਾ ਕਰਨ ਲਈ ਜਦੋਜਹਿਦ ਕੀਤੀ। ਗ਼ਦਰ ਸਾਹਿਤ ਦੀ ਪੰਜਾਬੀ ਸਾਹਿਤ ਨੂੰ ਇੱਕ ਖ਼ਾਸ ਦੇਣ ਹੈ। ਜਿੱਥੋਂ ਤੱਕ ਗ਼ਦਰ ਲਹਿਰ ਦੇ ਸਮੁੱਚੇ ਪ੍ਰਭਾਵ ਦੀ ਗੱਲ ਕਰੀਏ ਤਾਂ ਸਾਰੇ ਹੀ ਗ਼ਦਰੀ ਸੰਘਰਸ਼ਸ਼ੀਲ ਲੋਕਾਂ ਲਈ ਰਾਹ ਦਸੇਰਾ ਹਨ। ਇਸ ਸਮੇਂ ਨੂੰ ਜੁਝਾਰੂ ਵਿਰਸੇ ਦੇ ਤੌਰ ਤੇ ਜਾਣਿਆ ਜਾਂਦਾ ਹੈ।

ਉਸ ਸਮੇਂ ਉੱਠੇ ਇਸ ਗ਼ਦਰ ਅੰਦੋਲਨ ਵਿਚ ਵੀ ਤੇ ਹੋਰ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲੇ ਸੰਘਰਸ਼ਾਂ ਵਿੱਚ ਸਾਡੀਆਂ ਔਰਤਾਂ ਦਾ ਅਹਿਮ ਯੋਗਦਾਨ ਹੈ। ਅੱਜ ਮੁਲਕ 'ਚ ਜਦੋਂ ਅਮਰੀਕੀ ਸਾਮਰਾਜ ਨੇ ਬਹੁ ਦਿਸ਼ਾਈ ਲੁੱਟ ਕਰਕੇ ਕੁਹਰਾਮ ਮਚਾਇਆ ਹੋਇਆ ਹੈ। ਖਪਤਕਾਰੀ ਸਭਿਆਚਾਰ ਨੂੰ ਥੋਪਦਿਆਂ ਨੌਜਵਾਨਾਂ ਦੀ ਚੇਤਨਾ ਨੂੰ ਖੁੰਢਾ ਕਰਨ ਵਾਸਤੇ ਬਾਜ਼ਾਰੀ ਬਿੰਬ ਉਭਾਰਦਿਆ ਆਪਣੇ ਹੀ ਨਾਇਕਾਂ ਨੂੰ ਪੈਦਾ ਕੀਤੇ ਜਾ ਰਹੇ ਹਨ ਉਥੇ ਸਾਰੇ ਜੁਝਾਰੂ ਨਾਇਕਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਅਜਿਹੇ ਸਮੇਂ ਜਦੋਂ ਦੇਸ਼ ਵਿੱਚ ਕੁੜੀਆਂ ਨਾਲ ਲਗਾਤਾਰ ਹਿੰਸਕ ਘਟਨਾਵਾਂ ਵਾਪਰ ਰਹੀਆਂ ਹਨ। ਇਸ ਦੇ ਨਾਲ ਨਾਲ ਕੁਝ ਚੇਤੰਨ ਕੁੜੀਆਂ ਮੈਦਾਨਾਂ 'ਚ ਨਿਕਲਕੇ ਹੈਵਾਨਾਂ ਖਿਲਾਫ ਬੋਲ ਰਹੀਆਂ ਹਨ। ਅੱਜ ਸਬਰ ਨੂੰ ਤੋੜ ਜਬਰ ਖਿਲਾਫ ਲੋਕ ਅੰਦੋਲਨ ਮੱਘ ਰਹੇ ਹਨ। ਉਨ੍ਹਾਂ ਵਿੱਚ ਵੀ ਕੁੜੀਆਂ/ਔਰਤਾਂ ਦੀ ਸ਼ਮੂਲੀਅਤ ਵੱਧ ਰਹੀ ਹੈ। ਏਨਾਂ ਅੰਦੋਲਨਾਂ ਵਿੱਚ ਬੀਬੀਆਂ ਨੂੰ ਖਾਸ ਸਪੇਸ ਦਿੱਤੀ ਵੀ ਜਾ ਰਹੀ ਹੈ। ਅਜੇ ਜ਼ਿਆਦਾਤਰ ਔਰਤਾਂ ਘਰਾਂ ਦੀ ਚਾਰਦਵਾਰੀ ਤੋਂ ਬਾਹਰ ਨਿਕਲਣ ਲਈ ਝਿਜਕਦੀਆਂ ਹਨ ਤੇ ਆਪਣੇ ਹੱਕਾਂ ਲਈ ਚੁੱਪ ਬੈਠੀਆਂ ਹਨ। ਅਸਲ ਵਿੱਚ ਦੇਸ਼ ਅੰਦਰ ਵਾਪਰ ਰਹੇ ਵਰਤਾਰੇ ਦੀ ਜੜ੍ਹ ਖ਼ਿਲਾ-ਬੀਬੀਆਂ ਨੂੰ ਉਤਸ਼ਾਹਿਤ ਕਰਨ ਵਾਸਤੇ ਸਾਡੇ ਜੁਝਾਰੂ ਵਿਰਸੇ ਦੀਆਂ ਵੀਰਾਂਗਣਾਂ ਨੂੰ ਰੋਲ-ਮਾਡਲ ਬਣਾਉਣ ਦੀ ਜ਼ਰੂਰਤ ਹੈ। ਗੁਲਾਬ ਕੌਰ ਦੇ ਪਾਏ ਯੋਗਦਾਨ ਬਾਰੇ ਜਾਣੂ ਕਰਵਾਉਣ ਦਾ ਸ਼ੁਭ ਕਾਰਜ ਏਸ ਪੁਸਤਕ ਨੇ ਕੀਤਾ ਹੈ। ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਕਈ ਵਾਰੀ ਬੀਬੀਆਂ ਦੇ ਪਾਏ ਯੋਗਦਾਨ ਨੂੰ ਇਤਿਹਾਸ ਵਿੱਚ ਘੱਟ ਸਪੇਸ ਦਿੱਤੀ ਜਾਂਦੀ ਹੈ। ਇਸ ਸਪੇਸ ਨੂੰ ਹੋਰ ਵਿਸਥਾਰਿਤ ਕਰਨਾ ਇੱਕ ਚੇਤੰਨਸ਼ੀਲ ਲੇਖਕ ਦਾ ਕਾਰਜ ਹੁੰਦਾ ਹੈ।

ਰਾਕੇਸ਼ ਕੁਮਾਰ ਦੀ ਇਹ ਪੁਸਤਕ ਇਸ ਗੱਲ ਦੀ ਪੂਰਨ ਸ਼ਾਹਦੀ ਭਰਦੀ ਹੈ ਕਿ ਸਾਡੇ ਇਤਿਹਾਸ ਵਿੱਚ ਜੁਝਾਰੂ ਬੀਬੀਆਂ ਦਾ ਵਿਸ਼ੇਸ਼ ਨਾਮ ਹੈ, ਏਸੇ ਲਈ ਗ਼ਦਰੀ ਯੋਧਾ ਬੀਬੀ ਗੁਲਾਬ ਕੌਰ ਇਸ ਦੀ ਮੂੰਹ ਬੋਲਦੀ ਤਸਵੀਰ ਹੈ। ਸਮੁੱਚੀ ਪੁਸਤਕ ਜਾਣਕਾਰੀ ਭਰਪੂਰ ਹੈ। ਇਸ ਲਈ ਰਾਕੇਸ਼ ਕੁਮਾਰ ਵਧਾਈ ਦਾ ਪਾਤਰ ਹੈ। ਅਜਿਹੀਆਂ ਸਾਰਥਕ ਪੁਸਤਕਾਂ ਹੀ ਠੀਕ ਦਿਸ਼ਾ ਨਿਰਦੇਸ਼ ਦਿੰਦੀਆਂ ਸੋਹਣਾ ਸਮਾਜ ਸਿਰਜਣ ਲਈ ਪ੍ਰੇਰਤ ਸਾਬਤ ਹੁੰਦੀਆਂ ਹਨ।

ਨਰਭਿੰਦਰ
93544-30211

ਲੋੜੀਂਦੀਆਂ ਸੁਰੱਖਿਆ ਸੇਵਾਵਾਂ ਕਾਨੂੰਨ 2021

# ਕੌਮੀ ਸੁਰੱਖਿਆ ਦੇ ਨਾਂ ਹੇਠ ਮਜ਼ਦੂਰਾਂ ਦੇ ਮੂਲ 'ਚ ਅੰਗੂਠਾ



ਮਜ਼ਦੂਰਾਂ ਦੀ ਸੰਘੀ ਉਤੇ ਸ਼ਿਕੰਜ਼ਾ ਹੋਰ ਕੱਸ ਦਿੱਤਾ ਹੈ, ਮੋਦੀ ਸਰਕਾਰ ਸਰਕਾਰੀ ਅਦਾਰੇ ਵੀ ਨਿੱਜੀ ਪੂੰਜੀ ਨੂੰ ਸੌਂਪ ਰਹੀ ਹੈ ਅਤੇ ਇਨ੍ਹਾਂ ਅਦਾਰਿਆਂ 'ਚ ਕੰਮ ਕਰਨ ਵਾਲੇ ਸਥਾਈ ਤੇ ਅਸਥਾਈ ਮਜ਼ਦੂਰਾਂ ਤੇ ਕਰਮਚਾਰੀਆਂ ਨੂੰ ਬੋਲਣ ਰੋਸ ਪ੍ਰਗਟ ਕਰਨ ਅਤੇ ਹੜਤਾਲ ਕਰਨ ਦੇ ਸੰਵਿਧਾਨਕ ਅਧਿਕਾਰਾਂ ਨੂੰ ਵੀ ਕਾਨੂੰਨੀ ਜਕੜਬੰਦੀ 'ਚ ਲੈ ਲਿਆ ਹੈ। ਯਾਦ ਹੋਵੇਗਾ ਕਿ ਪਿਛਲੇ ਸੰਸਦ ਸੈਸ਼ਨ 'ਚ 41 ਫੌਜੀ ਸਾਜੋ ਸਮਾਨ ਅਤੇ ਗੋਲਾ ਬਾਰੂਦ ਦੇ ਨਿਰਮਾਣ ਵਾਲੀਆਂ ਕੰਪਨੀਆਂ ਨੂੰ ਨਿੱਜੀ ਪੂੰਜੀ ਦੇ ਹੱਕ 'ਚ ਸੌਂਪਣ ਦਾ ਰਾਹ ਖੋਹਲ ਦਿੱਤਾ ਸੀ ਅਤੇ ਜਿਸ ਵਿਰੁੱਧ ਉਥੇ ਕੰਮ ਕਰਦੇ ਮਜ਼ਦੂਰਾਂ ਅਤੇ ਕਰਮਚਾਰੀਆਂ ਨੇ ਇਸ ਫੈਸਲੇ ਦਾ ਤਿੱਖਾ ਵਿਰੋਧ ਕੀਤਾ ਸੀ ਤਾਂ 30 ਜੂਨ 2021 ਨੂੰ ਰਾਸ਼ਟਰਪਤੀ ਨੇ ਇਕ ਆਰਡੀਨੈਂਸ "ਇਸੈਲਸਲ ਡਿਫੈਂਸ ਸਰਵਿਸ ਆਰਡੀਨੈਂਸ 2021" ਜਾਰੀ ਕੀਤਾ ਸੀ ਜਿਸ ਨੂੰ 3 ਅਗਸਤ ਨੂੰ ਸੰਸਦ ਵਿਚ ਰੌਲੇ ਰੱਪੇ ਦਾ ਲਾਹਾ ਲੈਂਦਿਆਂ ਪਾਸ ਕਰਵਾ ਲਿਆ ਗਿਆ। ਇਹ ਕਾਨੂੰਨ ਐਨੀ ਚਲਾਕੀ ਤੇ ਫੁਰਤੀ ਨਾਲ ਪਾਸ ਕਰਵਾਇਆ ਕਿ ਇਸ 'ਤੇ ਚਰਚਾ ਵੀ ਨਹੀਂ ਹੋਈ ਅਤੇ ਇਸ ਨੂੰ ਸੰਸਦ 'ਚ ਲਿਆਉਣ ਤੇ ਕਾਨੂੰਨੀ ਪੜਤਾਲੀਆ ਕਮੇਟੀਆਂ ਦੀ ਸਮੀਖਿਆ ਕਰਕੇ ਰੱਖਣ ਦੀ ਸੰਵਿਧਾਨਕ ਮਰਿਆਦਾਵਾਂ ਦੀ ਵੀ ਉਲੰਘਣਾ ਕੀਤੀ ਗਈ। ਐਨ ਉਸ ਮੌਕੇ ਜਦੋਂ ਸਮੁੱਚੀ ਵਿਰੋਧੀ ਧਿਰ ਪੈਗਾਸਿਸ ਜਗਾਊ ਕਾਂਡ ਨੂੰ ਲੈ ਕੇ ਇਸ ਦੀ ਜਾਂਚ ਦੀ ਮੰਗ ਕਰ ਰਹੀ ਸੀ, ਸਮੇਂ ਰੱਖਿਆ ਮੰਤਰੀ ਰਾਜ ਨਾਥ ਸਿੰਘ ਨੇ ਦੇਸ਼ ਦੀ ਸੁਰੱਖਿਆ ਨਾਲ ਜੁੜਿਆ ਮੁੱਦਾ ਕਹਿ ਕੇ ਸਦਨ 'ਚ ਰੱਖਿਆ ਮਹਿਜ ਦੋ ਤਿੰਨ ਕੁ ਸੰਸਦਾਂ ਨੇ ਹੀ ਇਸ ਬਿੱਲ ਉਤੇ ਆਪਣੀ ਪ੍ਰਤੀਕਿਰਿਆ ਜਾਹਿਰ ਕੀਤੀ ਜਿਸ 'ਚ ਰੈਵੋਲਸ਼ਨ ਹੀ ਸੋਸ਼ਲਿਸਟ ਪਾਰਟੀ ਦੇ ਐਨ.ਕੇ. ਰਾਮਾਚੰਦਰਨ ਵੀ ਸਨ ਜਿਨ੍ਹਾਂ ਨੇ ਇਸ ਕਾਨੂੰਨ ਬਣਨ ਨਾਲ ਕਰਮਚਾਰੀਆਂ ਦੇ ਹੜਤਾਲ ਕਰਨ ਦੇ ਸੰਵਿਧਾਨਕ ਅਧਿਕਾਰ ਦੇ ਖਾਤਮੇ ਦੀ ਚਿੰਤਾ ਜਤਾਈ। ਪਰ ਕਿਸੇ ਨੇ ਇਸ 'ਤੇ ਚਰਚਾ ਨਹੀਂ ਕੀਤੀ ਅਤੇ ਬਹੁਮਤ ਵਾਲੀ ਭਾਜਪਾ ਸੰਸਦ ਨੇ ਜੁਬਾਨੀ ਪਾਸ ਹੋਣ ਦਾ ਐਲਾਨ ਕਰ ਦਿੱਤਾ। ਇਕ ਨਹੀਂ ਇਸ ਰਾਮ ਰੌਲੇ 'ਚ ਲਗਭਗ 20 ਦੇ ਕਰੀਬ ਅਜਿਹੇ ਹੀ ਹੋਰ ਕਾਨੂੰਨ ਵੀ ਪਾਸ ਕੀਤੇ ਗਏ।

ਇਹ ਕਾਨੂੰਨ 1968 ਵਿਚ ਪਾਸ ਕੀਤੇ ਐਸਮਾ (ਅਸੈਨਸਲ ਸਰਵਿਸ ਮੈਂਟਨੈਸ ਐਕਟ 1968) ਨਾਲੋਂ ਵੀ ਖਤਰਨਾਕ ਹੈ ਅਤੇ ਇਸ ਵਿਚ ਖਤਰਨਾਕ ਤੱਤ ਇਹ ਵੀ ਹੈ ਕਿ ਇਸ ਨੂੰ ਰਾਸ਼ਟਰਵਾਦ ਦੀ ਚਾਸ਼ਨੀ 'ਚ ਲਪੇਟ ਕੇ ਲਿਆਂਦਾ ਗਿਆ ਹੈ। ਦੇਸ਼ ਦੀ ਸੁਰੱਖਿਆ ਦੀ ਦੁਹਾਈ ਪਾ ਕੇ, ਦੇਸ਼ ਦੀਆਂ ਸੁਰੱਖਿਆ ਦੀਆਂ ਲੋੜਾਂ ਤਹਿਤ ਗੋਲਾ ਬਾਰੂਦ ਤੇ ਹੋਰ ਸਾਜੋ ਸਮਾਨ ਦੀ ਨਿਰਵਿਘਨ ਸਪਲਾਈ ਦੇ ਨਾਂ ਹੇਠ ਇਹ ਅਪੀਲ ਕੀਤੀ ਗਈ ਕਿ ਇਸ ਬਿਲ ਨੂੰ ਸਾਰੇ ਸੰਗਠਨ ਇਸ ਲਈ ਪਾਸ ਕਰਨ ਕਿਉਂਕਿ ਇਹ ਦੇਸ਼ ਦੀ ਕੌਮੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ। ਭਾਵ ਕੌਮੀ ਸੁਰੱਖਿਆ ਦੇ ਨਾਂ ਹੇਠ ਮਜ਼ਦੂਰਾਂ ਦੇ ਸੰਵਿਧਾਨਕ ਅਧਿਕਾਰਾਂ ਨੂੰ ਖਤਮ ਕਰਨ ਦੀ ਇਕ ਤਾਨਾਸ਼ਾਹ ਪ੍ਰਵਿਰਤੀ ਦਾ ਇਕ ਹੋਰ ਪ੍ਰਤੱਖ ਕਦਮ ਸਾਹਮਣੇ ਆਇਆ ਹੈ। ਦਰਅਸਲ ਮੌਜੂਦਾ ਕਾਰਪੋਰੇਟ ਪੂੰਜੀ ਜਿਹੜੀ ਘੋਰ ਮਜ਼ਦੂਰ ਵਿਰੋਧੀ ਹੈ ਅਤੇ ਸਮਾਜ ਨੂੰ ਗੁਲਾਮ ਬਣਾਉਣ ਲਈ ਹਰ ਹਰਬਾ ਵਰਤਣ ਉਤੇ ਤੁਲੀ ਹੋਈ ਹੈ, ਨੇ ਚਾਰ ਲੇਬਰਾਂ ਕੋਡਾਂ ਤੋਂ ਪਿਛੋਂ ਇਕ ਹੋਰ ਖਤਰਨਾਕ ਕਦਮ ਚੁੱਕਿਆ ਹੈ ਅਤੇ ਹੜਤਾਲ ਕਰਨ ਦੇ ਮੌਲਿਕ ਅਧਿਕਾਰ ਨੂੰ ਹੀ ਖਤਮ ਕਰਨ ਦਾ ਰਾਹ ਖੋਹਲ ਲਿਆ ਹੈ।

ਯਾਦ ਹੋਵੇਗਾ ਕਿ ਜਦੋਂ 30 ਜੂਨ ਨੂੰ ਰਾਸ਼ਟਰਪਤੀ ਨੇ ਇਹ ਆਰਡੀਨੈਂਸ ਦੇ ਰੂਪ ਵਿਚ ਜਾਰੀ ਕੀਤਾ ਸੀ ਉਸ ਤੋਂ ਕੁਝ ਦਿਨ ਪਹਿਲਾਂ ਹੀ ਕੇਂਦਰ ਸਰਕਾਰ ਨੇ (16 ਜੂਨ 2021) ਨੂੰ ਆਰਡੀਨੈਂਸ ਫੈਕਟਰੀ ਬੋਰਡ ਨੂੰ ਭੰਗ ਕਰ ਦਿੱਤਾ ਸੀ। ਇਸ ਬੋਰਡ ਦੇ ਅਧੀਨ 41 ਕਾਰਖਾਨੇ ਸਨ (ਹਨ) ਜਿਹੜੇ ਫੌਜ ਲਈ ਸਾਜੋ ਸਮਾਨ ਤੋਂ ਲੈ ਕੇ ਗੋਲਾ ਬਾਰੂਦ ਤੱਕ ਦਾ ਨਿਰਮਾਣ ਕਰਦੇ ਸਨ। ਦਰਅਸਲ ਇਹ ਸਮੁੱਚੇ ਤੌਰ 'ਤੇ ਫੌਜੀ ਵਿਭਾਗ ਭਾਵ ਡਿਫੈਂਸ ਡਿਪਾਰਟਮੈਂਟ ਦੇ ਅਧੀਨ ਸਨ ਅਤੇ ਇਸ 'ਚ ਕੰਮ ਕਰਦੇ ਮਜ਼ਦੂਰ ਤੇ ਕਰਮਚਾਰੀਆਂ ਨੂੰ ਡਿਫੈਂਸ ਦਾ ਇਕ ਹਿੱਸਾ ਮੰਨ ਕੇ ਹੀ ਸਹੂਲਤਾਂ ਆਦਿ ਮੁਹੱਈਆ ਹੁੰਦੀਆਂ ਸਨ। ਹਜ਼ਾਰਾਂ ਵਰਗ ਮੀਲਾਂ ਵਿਚ ਫੈਲੇ ਵੱਖ ਵੱਖ ਥਾਵਾਂ ਉਤੇ ਉਸਾਰੇ ਇਨ੍ਹਾਂ ਫੌਜੀ ਨਿਗਰਾਨੀ ਵਾਲੇ ਕਾਰਖਾਨਿਆਂ 'ਚ ਟੈਂਕ, ਸਮੁੰਦਰੀ ਜੰਗੀ ਬੇੜੇ, ਹਵਾਈ ਫੌਜ ਦੀਆਂ ਲੋੜਾਂ ਲਈ ਹਵਾਈ ਜਹਾਜ਼ ਤੇ ਸਾਜੋ ਸਮਾਨ, ਪੈਦਲ ਫੌਜ ਲਈ ਤੋਪਾਂ ਮਸੀਨਗੰਨਾਂ ਤੇ ਹੋਰ ਹਥਿਆਰਾਂ ਦਾ ਅਤੇ ਗੋਲਾ ਬਾਰੂਦ ਦਾ ਸਾਜੋ ਸਮਾਨ, ਜੀਪਾਂ ਭਾਰੀ ਫੌਜੀ ਗੱਡੀਆਂ ਆਦਿ ਆਦਿ ਭਾਵ ਦੇਸ਼ ਦੀ ਸੁਰੱਖਿਆ ਲਈ ਲੋੜੀਂਦੇ ਉਸ ਸਾਰੇ ਸਾਜੋ ਸਮਾਨ ਦਾ ਨਿਰਮਾਣ ਆਦਿ ਹੁੰਦਾ ਸੀ। ਸਿੱਧੀ ਕੇਂਦਰ ਸਰਕਾਰ ਦੀ ਨਿਗਰਾਨੀ ਅਤੇ ਫੌਜੀ ਦੇਖ ਰੇਖ ਵਿਚ ਇਹ ਇਕ ਵੱਡੀ ਸਨਅਤ ਜਿਹੜੀ ਲੱਖਾਂ ਦੀ ਗਿਣਤੀ 'ਚ ਭਾਰਤੀ ਫੌਜ ਲਈ ਸਾਜੋ ਸਮਾਨ ਤਿਆਰ ਕਰਦੀ ਸੀ, ਵਿਚ ਹਜ਼ਾਰਾਂ ਦੀ ਗਿਣਤੀ 'ਚ ਮਜ਼ਦੂਰ ਤੇ ਕਰਮਚਾਰੀ ਕੰਮ ਕਰਦੇ ਸਨ। ਇਸ ਅਧੀਨ ਕਈ ਲੈਬਾਰਟੀਆਂ ਵੀ ਹਨ ਅਤੇ ਇੰਜੀਨੀਅਰਿੰਗ ਤੋਂ ਇਲਾਵਾ ਕਈ ਵੱਖ ਵੱਖ ਕਿਸਮ ਦੇ ਮਾਹਿਰ ਤੇ ਖੋਜਾਰਥੀ ਵੀ ਲੱਗੇ ਹੋਏ ਸਨ। ਜੋ ਸੁਰੱਖਿਆ ਦੀਆਂ ਲੋੜਾਂ ਹਿੱਤ ਅਸਲੀ ਕੌਮੀ ਭਾਵਨਾ ਤਹਿਤ ਕੰਮ ਕਰਦੇ ਸਨ। ਪਰ ਕਾਰਪੋਰੇਟ ਪੂੰਜੀ ਲਈ ਇਹ ਖੇਤਰ ਵੀ ਮੁਨਾਫ਼ੇ ਦਾ ਇਕ ਸੰਦ ਹੈ ਜਿਸ ਉਤੇ ਉਹਦੀ ਨਿਗਾਹ ਪਹਿਲਾਂ ਤੋਂ ਹੀ ਰਹੀ ਹੈ। ਪਹਿਲਾਂ ਪੂੰਜੀਪਤੀਆਂ ਨੇ ਫੌਜੀ ਸਾਜੋ ਸਮਾਨ ਦੇ ਦਲਾਲ ਬਣ ਕੇ ਆਪਣਾ ਰਾਖ ਖੋਹ ਲਿਆ। ਬਹੁਤ ਸਾਰੇ ਫੌਜੀ ਸਾਜੋ ਸਮਾਨ, ਹਵਾਈ ਜਹਾਜ਼ ਤੋਂ ਲੈ ਕੇ ਮਸ਼ੀਨਗੰਨਾਂ ਤੱਕ ਦੇ ਟੈਂਕਾਂ ਤੇ ਤੋਪਾਂ ਆਦਿ ਦੇ ਸਾਜੋ ਸਮਾਨ ਵਿਚ ਕਾਰਪੋਰੇਟੀ ਘਰਾਣਿਆਂ ਦੀਆਂ ਕੰਪਨੀਆਂ ਨੇ ਵਿਸ਼ਵ ਹਥਿਆਰਾਂ ਦੇ ਬਾਜ਼ਾਰ ਵਿਚ ਭਾਰਤੀ ਰੱਖਿਅਕ ਸਮਝੌਤਿਆਂ 'ਚ ਦਲਾਲਾਂ ਦੀ ਭੂਮਿਕਾ ਨਿਭਾਈ ਅਤੇ ਫਿਰ ਮੋਦੀ ਸਰਕਾਰ ਨੇ ਤਾਂ ਸਮੁੱਚੇ ਫੌਜੀ ਸਾਜੋ ਸਮਾਨ ਦੇ ਨਿਰਮਾਣ ਦੇ ਕੰਮ ਨੂੰ ਹੀ ਕਾਰਪੋਰੇਟ ਪੂੰਜੀ ਦੇ ਹੱਥਾਂ 'ਚ ਸੌਂਪ ਦਿੱਤਾ ਹੈ। ਮੋਦੀ ਸਰਕਾਰ ਨੇ ਆਰਡੀਨੈਂਸ ਫੈਕਟਰੀ ਬੋਰਡ ਨੂੰ ਤੋੜ ਕੇ 7 ਕਾਰਪੋਰੇਸ਼ਨਾਂ ਵਿਚ ਵੰਡ ਦਿੱਤਾ ਸੀ ਤੇ ਇਸ ਦੇ ਵਿਰੁੱਧ ਵਿਚ ਇਨ੍ਹਾਂ 41 ਫੈਕਟਰੀਆਂ ਵਿਚ ਕੰਮ ਕਰਦੇ ਹਜ਼ਾਰਾਂ ਦੀ ਗਿਣਤੀ 'ਚ ਮਜ਼ਦੂਰਾਂ ਤੇ ਕਰਮਚਾਰੀਆਂ ਨੇ ਜਬਰਦਸਤ ਵਿਰੁੱਧ ਕੀਤਾ। ਲਗਭਗ 200 ਸਾਲ ਪੁਰਾਣੇ ਓ.ਐਫ. ਬੋਰਡ ਦੇ ਹੇਠਾਂ ਲਗਭਗ 70 ਹਜ਼ਾਰ ਦੇ ਕਰੀਬ ਸਥਾਈ ਕਰਮਚਾਰੀ ਕੰਮ ਕਰਦੇ ਹਨ। ਬਾਕੀ ਹਜ਼ਾਰਾਂ ਅਸਥਾਈ ਮਜ਼ਦੂਰ ਠੇਕੇਦਾਰੀ ਅਧੀਨ ਕੰਮ ਕਰਦੇ ਹਨ। ਯਾਦ ਰਹੇ ਪਹਿਲਾਂ ਫੌਜੀ ਸਾਜੋ ਸਮਾਨ ਦਾ ਕਾਰਖਾਨਾ 1712 ਵਿਚ ਇਕ ਡੱਚ ਕੰਪਨੀ ਨੇ ਬੰਗਾਲ 'ਚ ਸਥਾਪਤ ਕੀਤਾ ਸੀ ਜਿਹੜਾ ਗੋਲਾ ਬਾਰੂਦ ਬਣਾਉਂਦਾ ਸੀ। ਹੁਣ ਤੱਕ ਇਸ 'ਚ 30 ਨਿਰਮਾਣ ਅਦਾਰੇ, 8 ਖੋਜ ਵਿੰਗ ਤੇ ਬਾਕੀ 7 ਹੋਰ ਖੇਤਰੀ ਕਾਰਖਾਨੇ ਆਦਿ ਕੰਮ ਕਰਦੇ ਹਨ।

ਸਰਕਾਰ ਦੀ ਇਸ ਬੋਰਡ ਨੂੰ ਭੰਗ ਕਰਨ ਪਿਛੇ ਦਲੀਲ ਇਹ ਹੈ ਕਿ ਨਿਰਮਾਣ ਕੀਤੇ ਸਾਜੋ ਸਮਾਨ ਉਤੇ ਵਿਸ਼ਵ ਬਾਜ਼ਾਰ ਨਾਲੋਂ ਵੱਧ ਖਰਚ, ਵੰਡ ਵੰਡਾਈ ਵਿਖੇ ਦੇਰੀ, ਚੁਸਤ ਫੁਰਤ ਕਰਨ ਦੀ ਯੋਜਨਾ ਆਦਿ ਹੈ। ਬੇਸ਼ੱਕ ਸਰਕਾਰ ਕਹਿ ਰਹੀ ਹੈ ਕਿ ਦੋ ਸਾਲ ਤੱਕ ਇਸ ਦਾ ਕੰਟਰੋਲ 100 ਵੀ ਸਦੀ ਹਿੱਸੇਦਾਰੀ ਸਰਕਾਰ ਕੋਲ ਹੀ ਰਹੇਗੀ। ਪਰ ਫਿਰ ਸਵਾਲ ਉਠਦਾ ਹੈ ਕਿ ਕੇਂਦਰ ਸਰਕਾਰ ਨੇ ਇਨ੍ਹਾਂ ਲਈ ਲੋੜੀਂਦੇ ਬਜਟ ਦੀ ਪੂਰਤੀ ਦੀ ਥਾਂ ਇਸ ਨੂੰ ਭੰਗ ਕਰਨ ਦਾ ਰਾਹ ਕਿਉਂ ਚੁਣਿਆ। ਖ਼ੁਦ ਸਰਕਾਰ ਦੀ ਰਿਪੋਰਟ ਕਹਿੰਦੀ ਹੈ ਕਿ ਇਨ੍ਹਾਂ ਗੋਲਾ ਬਾਰੂਦ ਦੇ ਕਾਰਖਾਨਿਆਂ 'ਚ ਫੌਜੀ ਲੋੜਾਂ ਲਈ ਸਿਰਫ਼ 49 ਫੀਸਦੀ ਹੀ ਉਤਪਾਦਨ ਹੋਇਆ। 51 ਫੀਸਦੀ ਵਿਸ਼ਵ ਬਜ਼ਾਰ 'ਚੋਂ ਖ਼ੀਦਿਆ ਗਿਆ। ਜਦੋਂ ਕਿ ਇਹ ਫੈਕਟਰੀਆਂ ਉਤਪਾਦਨ ਦੇ ਸਮਰੱਥ ਸਨ। ਦਰਅਸਲ ਮੋਦੀ ਸਰਕਾਰ ਦੀ ਮਨਸ਼ਾ ਸਾਫ਼ ਨਹੀਂ। ਇਕ ਪਾਸੇ ਫੌਜੀ ਸਾਜੋ ਸਮਾਨ ਦੇ ਨਿਰਮਾਣ ਦਾ ਬਜਟ ਘਟਾ ਦਿੱਤਾ ਦੂਸਰੇ ਪਾਸੇ ਵਿਸ਼ਵ ਸਮਝੌਤਿਆਂ ਤਹਿਤ ਵਿਸ਼ਵ ਬਜ਼ਾਰ 'ਚੋਂ ਸਾਜੋ ਸਮਾਨ ਦੀ ਖ਼ੀਦੋ ਫਰੋਖਤ ਕੀਤੀ ਗਈ ਅਤੇ ਇਸ ਕੰਮ ਲਈ ਕਾਰਪੋਰੇਟ ਘਰਾਣਿਆਂ ਨੇ ਰਾਤੋ ਰਾਤ ਅਜਿਹੇ ਵਪਾਰ ਲਈ ਕੰਪਨੀਆਂ ਵੀ ਖੜ੍ਹੀਆਂ ਕਰ ਲਈਆਂ ਅਤੇ ਫਿਰ ਫੌਜੀ ਕਾਰਖਾਨਿਆਂ ਨੂੰ ਬਦਨਾਮ ਕਰਕੇ, ਬੋਰਡ ਭੰਗ ਕਰਕੇ 7 ਨਿਗਮਾਂ ਦੇ ਨਿਰਮਾਣ ਰਾਹੀਂ ਨਿੱਜੀ ਪੂੰਜੀ ਲਈ ਦਾਖਲੇ ਦਾ ਰਾਹ ਖੋਲ੍ਹ ਦਿੱਤਾ। ਚਰਚਾ ਤਾਂ ਇਹ ਵੀ ਹੈ ਕਿ ਅਡਾਨੀ ਗਰੁੱਪ ਫੌਜੀ ਸਾਜੋ ਸਮਾਨ ਦੇ ਨਿਰਮਾਣ ਲਈ ਕਾਰਖਾਨੇ ਵੀ ਖੋਲ੍ਹ ਰਿਹਾ ਹੈ।

ਮੋਦੀ ਸਰਕਾਰ ਵਲੋਂ ਬੋਰਡ ਭੰਗ ਕਰਕੇ ਨਿਗਮੀਕਰਨ ਤੇ ਨਿੱਜੀਕਰਨ ਦਾ ਰਾਹ ਸਾਫ਼ ਕਰਨ ਪਿਛੋਂ ਇਨ੍ਹਾਂ 41 ਫੌਜੀ ਕਾਰਖਾਨਿਆਂ ਵਿਚ ਕੰਮ ਕਰਦੇ ਮਜ਼ਦੂਰਾਂ ਦੀਆਂ ਮਾਨਤਾ ਪ੍ਰਾਪਤ ਮਜ਼ਦੂਰ ਫੈਡਰੇਸ਼ਨਾਂ ਤੇਂ ਸਘਾ ਨੇ ਅਣਮਿਥੇ ਸਮੇਂ ਦੀ ਹੜਤਾਲ ਦਾ ਐਲਾਨ ਕਰ ਦਿੱਤਾ ਸੀ। ਮੋਦੀ ਹਕੂਮਤ ਨੇ ਮਜ਼ਦੂਰਾਂ ਨੂੰ ਕਈ ਲੋਲੋਪੋਪੋ ਦਿੱਤੇ ਪਰ 22 ਜੂਨ ਨੂੰ ਰੱਖਿਆ ਮੰਤਰੀ ਨੂੰ ਇਨ੍ਹਾਂ ਫੈਡਰੇਸ਼ਨਾਂ ਨੇ ਸਾਫ਼ ਜਵਾਬ ਦੇ ਦਿੱਤਾ ਕਿ ਉਹ ਹੜਤਾਲ ਉਤੇ ਜਾਣਗੇ ਅਤੇ ਅਣਮਿਥੇ ਸਮੇਂ ਲਈ ਹੜਤਾਲ ਕਰਨਗੇ। 8 ਜੁਲਾਈ ਨੂੰ ਹੜਤਾਲ ਦਾ ਨੋਟਿਸ ਦਿੱਤਾ ਜਾਣਾ ਸੀ ਪਰ ਇਸ ਤੋਂ ਪਹਿਲਾਂ ਹੀ 30 ਜੂਨ ਨੂੰ ਰਾਸ਼ਟਰਪਤੀ ਦੇ ਦਸਤਖਤਾਂ ਹੇਠ ਦਾ ਐਸ਼ੇਸ਼ੀਅਲ ਡਿਫੈਂਸ ਸਰਵਿਸਿਜ਼ ਆਰਡੀਨੈਂਸ 2021 ਜਾਰੀ ਕਰ ਦਿੱਤਾ ਅਤੇ ਕਾਹਲੀ ਨਾਲ ਇਹ ਦਾ ਨੋਟੀਫਿਕੇਸ਼ਨ ਭਾਵ ਗਜਟ ਸੂਚਨਾ ਵੀ ਜਾਰੀ ਕਰ ਦਿੱਤਾ। ਮਜ਼ਦੂਰਾਂ ਦੇ ਵਿਰੋਧ ਨੂੰ ਦਬਾਅ ਦੇਣ ਦੇ ਜਬਰ ਕਦਮ ਚੱਕ ਲਏ ਗਏ।

ਕਿਸੇ ਵਿਰੋਧੀ ਧਿਰ ਨੇ ਇਸ ਆਰਡੀਨੈਂਸ਼ ਦਾ ਵਿਰੋਧ ਨਹੀਂ ਕੀਤਾ। ਇਹ ਇਕ ਅਤਿ ਖਤਰਨਾਕ ਕਿਸਮ ਦਾ ਕਦਮ ਸੀ ਜਿਸ ਵਿਰੁੱਧ ਅਵਾਜ਼ ਉਠਣੀ ਚਾਹੀਦੀ ਸੀ। ਪਰ ਸਮੁੱਚੀ ਵਿਰੋਧੀ ਧਿਰ ਤਾਂ ਕਿਸਾਨ ਵਿਰੋਧੀ ਕਾਨੂੰਨਾਂ ਉਤੇ ਖੇਖਣਬਾਜ਼ੀ ਦਿਖਾਵੇ ਹੀ ਕਰ ਰਿਹਾ ਸੀ। ਸੰਸਦ ਵਿਚ ਵੀ ਇਸ ਉਤੇ ਬਹਿਸ ਲਈ ਵਿਰੋਧੀ ਧਿਰ ਨੇ ਕੋਈ ਗੰਭੀਰ ਨੋਟਿਸ ਨਹੀਂ ਲਿਆ।

ਫੌਰੀ ਤੌਰ 'ਤੇ ਇਸ ਕਾਨੂੰਨ ਦਾ ਅਸਰ ਉਨ੍ਹਾਂ 41 ਫੌਜੀ ਸਾਜੋ ਸਮਾਨ ਵਾਲੀਆਂ ਫੈਕਟਰੀਆਂ 'ਚ ਕੰਮ ਕਰਦੇ 80000 ਮਜ਼ਦੂਰਾਂ ਦੀ ਹੜਤਾਲ ਨੂੰ ਰੋਕਣ 'ਤੇ ਪਿਆ ਦਿਖ ਰਿਹਾ ਹੈ। ਪਰ ਇਸ ਜਾਬਰ ਕਦਮ ਦੇ ਮਨਸ਼ੇ ਸਮੁੱਚੇ ਸਨਅਤੀ ਅਦਾਰਿਆਂ 'ਚ ਕੰਮ ਕਰਦੇ ਮਜ਼ਦੂਰਾਂ ਨੂੰ ਉਨ੍ਹਾਂ ਦੇ ਹੜਤਾਲ ਕਰਨ, ਵਿਰੋਧ ਕਰਨ ਦੇ ਸੰਵਿਧਾਨ ਤੇ ਮੌਲਿਕ ਅਧਿਕਾਰਾਂ ਤੋਂ ਵਾਂਝਿਆ ਕਰਨਾ ਹੈ। ਇਸ ਕਾਨੂੰਨ ਦੇ ਹੋਂਦ 'ਚ ਆਉਣ ਨਾਲ ਮਜ਼ਦੂਰਾਂ ਦੇ ਹੱਥ ਪੈਰ ਬੰਨ੍ਹ ਦਿੱਤੇ ਹਨ ਅਤੇ ਉਨ੍ਹਾਂ ਦੇ ਮੂੰਹ ਉਤੇ ਤਾਲਾ ਲਾ ਦਿੰਤਾ ਗਿਆ ਹੈ ਤਾਂ ਕਿ ਉਨ੍ਹਾਂ ਦੀ ਕਿਰਤ ਸ਼ਕਤੀ ਨੂੰ ਹੋਰ ਜ਼ਾਬਰ ਢੰਗ ਨਾਲ ਨਿਚੋੜਿਆ ਜਾਵੇ। ਉਹ ਜਰ ਵੀ ਸਹਿਣ ਤੇ ਅਵਾਜ਼ ਵੀ ਨਾ ਕੱਢ ਸਕਣ।

ਦਰਅਸਲ ਮੋਦੀ ਦੀ ਸਰਕਾਰ ਨੇ ਇਕ ਤੋਂ ਪਿਛੋਂ ਦੂਸਰਾ ਹਮਲਾ ਜੋ ਮਜ਼ਦੂਰਾਂ 'ਤੇ ਲੋਕਾਂ ਉਤੇ ਠੋਸਿਆ ਹੈ। ਇਹ ਰਾਜ ਦੇ ਇਕ ਨਿਰੰਕਸ਼ ਤੇ ਤਾਨਾਸ਼ਾਹ ਹੋਣ ਦੀ ਕਦਮ-ਬ-ਕਦਮ ਵਧ ਰਹੀ ਪ੍ਰਵਿਰਤੀ ਦਾ ਰੂਪ ਹੀ ਹੈ। ਇਹ ਇਕ ਅਜਿਹੇ ਫਾਸ਼ੀਵਾਦੀ ਰਾਜ ਵੱਲ ਵੱਧਣ ਦੀ ਨਿਸ਼ਾਨੀ ਹੈ ਜਿਹੜਾ ਮਿਹਨਤਕਸ਼ ਵਰਗ ਨੂੰ ਗੁਲਾਮ ਬਣਾ ਕੇ ਰੱਖਣ ਦਾ ਲਖਾਇਕ ਹੋ ਨਿਬੜੇਗਾ। ਕਾਰਪੋਰੇਟ ਪੂੰਜੀ ਜਿਹਦਾ ਧਰਮ ਮੁਨਾਫ਼ਾ ਹੋਰ ਮੁਨਾਫ਼ਾ ਤੇ ਸਮੁੱਚੇ ਪੈਦਾਵਾਰੀ ਸਾਧਨਾਂ ਉਤੇ ਸਰਦਾਰੀ ਸਥਾਪਤ ਕਰਨਾ ਹੈ, ਲਈ ਕਿਰਤ ਨੂੰ ਵੀ ਗੁਲਾਮ ਬਣਾ ਕੇ ਰੱਖਣ ਦਾ ਫਤੂਰ ਭਾਰੂ ਰਹਿੰਦਾ ਹੈ ਅਤੇ ਉਹ ਅਜਿਹੇ ਹੀ ਕਦਮ ਚੁੱਕਦੀ ਹੈ। ਕਾਰਪੋਰੇਟ ਪੂੰਜੀ ਦੀ ਸੇਵਾ ਲਈ ਕੇਂਦਰ ਵਿਚਲੀ ਮੋਦੀ ਸਰਕਾਰ ਨੇ ਬੜੇ ਚੁਤਰਾਈ ਤੇ ਕਮੀਨੇ ਢੰਗ ਨਾਲ ਹੜਤਾਲ ਦੇ ਅਧਿਕਾਰ ਨੂੰ ਨਹੀਂ ਖੋਹ ਲਿਆ ਗਿਆ ਜਸਗੋਂ ਉਹਨੂੰ ਇਕ ਗੁਲਾਮ ਅਤੇ ਮਹਿਜ ਪਸ਼ੂ ਬਣਾ ਕੇ ਰੱਖਣ ਦਾ ਸੰਦ ਤਿਆਰ ਕਰ ਲਿਆ ਹੈ।

ਇਸ ਕਾਨੂੰਨ ਨਾਲ ਨਾ ਸਿਰਫ਼ ਰੱਖਿਆ ਦੇ ਖੇਤਰ ਵਿਚ ਉਦਯੋਗਿਕ ਅਦਾਰਿਆਂ ਵਿਚ ਮਜ਼ਦੂਰਾਂ ਤੇ ਕਰਮਚਾਰੀਆਂ ਦੀ ਹੜਤਾਲ ਨੂੰ ਗੈਰ ਕਾਨੂੰਨੀ ਦੇਣ ਦਾ ਮਸੌਦਾ ਹੈ ਸਗੋਂ, ਇਹਦੀ ਤਿਆਰੀ ਵਿਚ ਲੱਗੇ ਮਜ਼ਦੂਰ ਆਗੂਆਂ ਉਤੇ ਜੁਰਮਾਨੇ ਲਾਉਣ, ਜੇਲ੍ਹ 'ਚ ਬੰਦ ਕਰਨ ਅਤੇ ਬਿਨਾਂ ਜਾਂਚ ਪੜਤਾਲ ਦੇ ਬਰਖਾਸਤ ਕਰਨਦੇ ਅਧਿਕਾਰ ਵੀ ਸਰਕਾਰ ਕੋਲ ਆ ਗਏ ਹਨ। 'ਬਿਨਾਂ ਜਾਂਚ ਪੜਤਾਲ ਦੇ ਬਰਖਾਸਤ ਕਰਨ ਦਾ ਅਧਿਕਾਰ' ਜਿਥੇ ਮਾਲਕ ਜਾਂ ਪ੍ਰਬੰਧਕਾਂ ਨੂੰ ਜਾਲਮਾਨਾ ਤਾਨਾਸ਼ਾਹ ਅਧਿਕਾਰ ਦਿੰਦਾ ਹੈ, ਉਥੇ ਸੰਵਿਧਾਨਕ ਮਰਿਆਦਾ ਤੇ ਅਧਿਕਾਰਾਂ ਦੀ ਵੀ ਨੰਗੀ ਚਿੱਟੀ ਉਲੰਘਣਾ ਹੈ। ਇਸ ਕਾਨੂੰਨ ਮੁਤਾਬਕ ਕੋਈ ਵੀ ਕਰਮਚਾਰੀ ਜਾਂ ਮਜ਼ਦੂਰ ਜਿਹੜਾ ਪ੍ਰਬੰਧਕਾਂ ਦੀਆਂ ਅੱਖਾਂ ਦਾ ਨਿਸ਼ਾਨਾ ਹੈ, ਉਹ ਹੜਤਾਲ ਦੀ ਤਿਆਰੀ ਵਿਚ ਲੱਗਾ ਹੈ ਜਾਂ ਨਹੀਂ - ਜਬਰ ਦੇ ਕੁਹਾੜੇ ਹੇਠ ਆ ਜਾਵੇਗਾ। ਭਾਵ ਵਿਵਸਥਾ ਇਕ ਮਜ਼ਦੂਰਾਂ ਨੂੰ ਇਕ ਪਾਲਤੂ ਪਸ਼ੂ ਵਾਂਗੂੰ ਬਣਾਉਣ ਉਤੇ ਤੁਲੀ ਹੋਈ ਹੈ। ਇਹ ਕਾਨੂੰਨ ਆਪਣੇ ਆਪ ਵਿਚ ਐਨਾ ਖੌਫਜ਼ਦਾ ਮਾਹੌਲ ਮਜ਼ਦੂਰਾਂ ਲਈ ਤਿਆਰ ਕਰ ਦਿੰਦਾ ਹੈ ਤਾਂ ਕਿ ਸੰਘਰਸ਼ਸ਼ੀਲ ਆਗੂ ਮਜ਼ਦੂਰ ਮਾਲਕਾਂ ਤੇ ਸਰਕਾਰ ਦੇ ਹਰ ਜਾਬਰ ਕਦਮ ਵਿਰੁੱਧ ਆਵਾਜ਼ ਦੀ ਨਾ ਉਠ ਸਕਣ ਅਤੇ ਕੋਈ ਵੀ ਸੰਘਰਸ਼ ਦੇ ਰਾਹ ਹੀ ਨਾ ਪੈ ਸਕੇ।

ਹਾਲਤਾਂ ਨੂੰ ਵਾਦੀਏ ਕਿ ਦੇਸ਼ ਦੇ ਸੁਰੱਖਿਆ ਖੇਤਰ ਦੇ 80000 ਕਰਮਚਾਰੀ ਮਜ਼ਦੂਰ ਹੜਤਾਲ 'ਤੇ ਜਾਣ ਲਈ ਤਿਆਰ ਸਨ ਅਤੇ ਦੇਸ਼ ਵਿਚ ਕਿਸਨਾਂ ਤੇ ਹੋਰ ਵਰਗਾਂ ਦੇ ਸੰਘਰਸ਼ਾਂ ਪਿਛੋਂ ਸੁਰੱਖਿਆ ਖੇਤਰ ਦੇ ਇਨ੍ਹਾਂ ਕਾਮਿਆਂ ਨੇ ਆਪਣੀ ਹੱਕੀ ਆਵਾਜ਼ ਉਠਾਉਣੀ ਸੀ ਕਿ ਡਰੀ ਹੋਈ ਸਰਕਾਰ ਨੇ ਬੇਹੱਦ ਕੁਫਰਪੁਣੇ ਬੇਸ਼ਰਮਾ ਤੇ ਕਰੂਰ ਢੰਗ ਨਾਲ ਸਾਰੀਆਂ ਸੰਵਿਧਾਨਕ ਮਰਿਆਦਾਵਾਂ ਨੂੰ ਉਲੰਘ ਕੇ ਇਸ ਨੂੰ ਪਹਿਲਾਂ 30 ਜੂਨ ਨੂੰ ਇਕ ਆਰਡੀਨੈਂਸ ਤੇ ਫਿਰ 30 ਅਗਸਤ ਨੂੰ ਸੰਸਦ ਵਿਚ ਇਕ ਕਾਨੂੰਨ ਦੇ ਰੂਪ ਵਿਚ ਪਾਸ ਵੀ ਕਰਵਾ ਲੈਂਦੀ ਹੈ। ਯਾਦ ਹੋਵੇ ਮੋਦੀ ਸਰਕਾਰ ਨੇ ਪਹਿਲਾਂ ਹੀ 44 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ 4 ਕਿਰਤ ਕੋਡਾਂ ਰਾਹੀਂ ਮਜ਼ਦੂਰਾਂ ਦੇ ਅਧਿਕਾਰਾਂ ਨੂੰ ਖੋਹ ਲਿਆ ਸੀ ਤੇ ਹੁਣ ਇਹ ਜਾਬਰ ਕਦਮ ਇਹ ਦੱਸਦਾ ਹੈ ਕਿ ਮੋਦੀ ਸਰਕਾਰ ਇਕ ਫਾਸ਼ੀਵਾਦ ਰਾਜ ਦੀ ਸਿਰਜਨਾ ਕਰਨ ਲਈ ਕਾਰਪੋਰੇਟਾਂ ਪੂੰਜੀ ਲਈ ਕਿੰਨੀ ਵਫਾਦਾਰੀ ਨਾਲ ਕੰਮ ਕਰ ਰਹੀ ਹੈ।

ਵੇਖਣ ਨੂੰ ਇੰਝ ਹੀ ਲਗਦਾ ਹੈ ਕਿ ਇਸ ਕਾਲੇ ਕਾਨੂੰਨ ਦੀ ਜਦ ਵਿਚ ਰੱਖਿਆ ਖੇਤਰ ਦੇ ਕਾਰਖਾਨਿਆਂ, ਸੇਵਾਵਾਂ ਅਤੇ ਸੰਚਾਲਨ ਜਾਂ ਫੌਜ ਨਾਲ ਜੁੜੀਆਂ ਕਿਸੇ ਵੀ ਤਰ੍ਹਾਂ ਦੀਆਂ ਸਨਅਤ ਇਕਾਈਆਂ ਤੇ ਰੱਖ ਰਖਾਅ ਵਿਚ ਲੱਗੇ ਕਰਮਚਾਰੀ ਤੇ ਮਜ਼ਦੂਰ ਹੀ ਆਉਣਗੇ ਪਰ ਕੌਣ ਨਹੀਂ ਜਾਣਦਾ ਕਿ ਜਦੋਂ ਇਕ ਵਾਰ ਜ਼ਬਰ ਕਾਨੂੰਨ ਬਣ ਜਾਂਦਾ ਹੈ। ਉਸ ਦੀ ਵਰਤੋਂ ਵਿਆਪਕ ਹੋਣ ਲੱਗਦੀ ਹੈ। ਯੂ.ਏ.ਪੀ.ਏ. ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ ਇਸ ਦੀ ਸਪਸ਼ਟ ਮਿਸਾਲ ਹੈ। ਇਸ ਕਾਨੂੰਨ ਦੀ ਵਰਤੋਂ ਸਿਰਫ਼ ਰੱਖਿਆ। ਖੇਤਰ ਤੱਕ ਸੀਮਤ ਨਹੀਂ ਰਹਿਣੀ ਵਿਆਪਕ ਸਨਅਤੀ ਅਦਾਰਿਆਂ ਨੂੰ ਕੌਮੀ ਸੁਰੱਖਿਆ ਦੀ ਘਾੜ ਹੇਠ ਲਿਆ ਕੇ ਮਜ਼ਦੂਰਾਂ ਉਤੇ ਜਬਰ ਦਾ ਕੁਹਾੜਾ ਚਲਾ ਦਿੱਤਾ ਜਾਵੇਗਾ। ਸਾਰੇ ਕੋਰ ਖੇਤਰ ਦੇ ਅਦਾਰੇ ਜਿਨ੍ਹਾਂ 'ਚ ਕੋਇਲਾ ਤੇਲ ਤੇ ਗੈਸ ਰੇਲ, ਹੋਰ ਆਵਾਜਾਈ, ਬਿਜਲੀ ਊਰਜਾ ਆਦਿ ਦੇ ਅਦਾਰੇ ਆਦਿ ਕੌਮੀ ਸੁਰੱਖਿਆ ਦੇ ਘੇਰੇ 'ਚ ਆ ਜਾਣਗੇ, ਜਿਵੇਂ ਅਸੀਂ ਜ਼ਿਕਰ ਕੀਤਾ ਹੈ। ਇਹ ਹੁਣ ਤੱਕ ਦੇ ਮਜ਼ਦੂਰ ਕਾਨੂੰਨਾਂ ਨਾਲ ਸਭ ਤੋਂ ਵਧੇਰੇ ਭਿਆਨਕ ਹੈ, ਐਸਮਾ ਨਾਲੋਂ ਵੀ ਖਤਰਨਾਕ। ਭਾਵ 'ਕੋਈ ਵੀ ਵਿਅਕਤੀ' ਜਿਹੜਾ 'ਗੈਰ ਕਾਨੂੰਨ ਹੜਤਾਲ ਸ਼ੁਰੂ ਕਰਦਾ ਹੈ ਜਾਂ ਅਜਿਹੇ ਕਿਸੇ ਵੀ ਹੜਤਾਲ ਵਿਚ ਲੈਂਦਾ ਹੈ ਤਾਂ ਉਹਨੂੰ ਇਕ ਸਾਲ ਦੀ ਜੇਲ੍ਹ ਤੇ 10 ਹਜ਼ਾਰ ਜੁਰਮਾਨਾ ਦੋਹਾਂ 'ਚੋਂ ਕੋਈ ਵੀ ਜਾਂ ਦੋਵੇਂ ਹੀ ਸਕਦੀਆਂ ਹਨ। ਅਜਿਹੀ ਹੜਤਾਲ ਦੀ ਕਿਸੇ ਵੀ ਕਿਸਮ ਦੀ ਸਹਾਇਤਾ ਕਰਨ ਵਾਲੇ ਜਾਂ ਵਿੱਤੀ ਫੰਡ ਮੁਹੱਈਆ ਕਰਵਾਉਣ ਵਾਲੇ ਜਾਂ ਹੜਤਾਲ ਦੇ ਹੱਕ 'ਚ ਅਵਾਜ਼ ਉਠਾਉਣ ਵਾਲੇ ਵੀ ਇਨ੍ਹਾਂ ਦੰਡਾਂ ਦੇ ਭਾਗੀਦਾਰ ਹੋਣਗੇ।

ਇਸ ਕਾਨੂੰਨ ਨਾਲ ਪ੍ਰਬੰਧਨ, ਮਾਲਕਾਂ ਤੇ ਪੁਲਿਸ ਨੂੰ ਅਥਾਹ ਤਾਕਤਾਂ ਮਿਲ ਜਾਣਗੀਆਂ। ਇਸ ਕਾਨੂੰਨ ਵਿਚ ਤਾਂ ਇਹ ਵੀ ਦਰਜ ਹੈ ਕਿ ਜਿਥੇ ਕਰਮਚਾਰੀਆਂ/ਮਜ਼ਦੂਰਾਂ ਨੂੰ ਸਿੱਧੇ ਬਰਖਾਸ਼ਤ ਕਰਨ ਦਾ ਅਧਿਕਾਰ ਮਾਲਕਾਂ ਕੋਲ ਹੋਵੇਗਾ। ਉਥੇ ਚਿੰਤਨ ਉਦਯੋਗਾਂ ਦੇ ਮਜ਼ਦੂਰ-"ਓਵਰ ਟਾਈਮ ਕਰਨ ਤੋਂ ਵੀ ਕਿਸੇ ਕਿਸਮ ਦਾ ਇਨਕਾਰ ਨਹੀਂ ਕਰ ਸਕਦੇ।" ਅਤੇ ਅਜਿਹਾ ਇਨਕਾਰ ਵੀ ਵਿਰੋਧ ਹੇਠ ਆਵੇਗਾ।

ਇਸ 'ਚ ਕੋਈ ਸ਼ੱਕ ਨਹੀਂ ਕਿ ਕਾਰਪੋਰੇਟ ਪੂੰਜੀ ਦਿਨੋ-ਦਿਨ ਨਿਚੁੰਕਸ਼ ਤੇ ਜਾਬਰ ਹੋ ਰਹੀ ਹੈ ਅਤੇ ਅਜਿਹੀ ਹੀ ਕਾਨੂੰਨੀ ਤਾਨਾਸ਼ਾਹ ਰਾਜ ਦੀ ਸਿਰਜਨਾ ਵੱਲ ਵਧ ਰਹੀ ਹੈ ਪਰ ਇਹ ਵੀ ਸਾਫ਼ ਹੋ ਰਿਹਾ ਹੈ ਕਿ ਹੁਣ ਕਿਰਤ ਤੇ ਪੂੰਜੀ ਦੀ ਲੜਾਈ ਵਿਚ ਵਿਚਾਲੇ ਜਾਂ ਸੁਧਾਰਵਾਦ ਜਾਂ ਮੌਕਾਪ੍ਰਸਤੀ ਲਈ ਕੋਈ ਥਾਂ ਨਹੀਂ। ਲੜਾਈ ਬੜੀ ਸਾਫ਼ ਹੋ ਰਹੀ ਹੈ ਤੇ ਜਾਬਰ ਨਿਰੰਕਸ਼ ਪੂੰਜੀ ਇਕ ਗੁਲਾਮਦਾਰੀ ਅਵਸਥਾ ਠੋਸ ਰਹੀ ਹੈ ਤਾਂ ਇਸ ਪੂੰਜੀ ਵਿਰੁੱਧ ਲੋਕਾਂ ਦੇ ਮਨਾਂ 'ਚ ਵਿਆਪਕ ਰੋਸ ਵੀ ਪਣਪ ਰਿਹਾ ਹੈ। ਇਹ ਜਵਾਰਭਾਟਾ ਕਦੋਂ ਤੇ ਕਿਵੇਂ ਉਠੇਗਾ ਇਸ ਦੀ ਪੂਰੀ ਉਮੀਦ ਹੈ ਅਤੇ ਇਹ ਵੀ ਸਾਡੇ ਹੀ ਯੁੱਗ ਦੀ ਹੋਣ ਹੋਵੇਗੀ।

NEW SERVICE BY CARE INC
CARE AUDIOLOGY
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

# ਮਲਟੀਕਲਚਰਲ ਮਿੰਨੀ ਪਬਲਿਕ ਆਊਟਡੋਰ ਲਾਇਬ੍ਰੇਰੀ ਦਾ ਉਦਘਾਟਨ





ਸੈਡਲਰਿੱਜ ਕਮਿਊਨਿਟੀ ਵਿੱਚ 'ਲਵ ਵਿਦ ਹਿਊਮੈਨਿਟੀ ਐਸੋਸੀਏਸ਼ਨ' ਦੇ ਸਹਿਯੋਗ ਨਾਲ ਸ਼੍ਰੀਮਤੀ ਗੁਰਚਰਨ ਕੌਰ ਥਿੰਦ ਦੇ ਘਰ (186-ਸੈਡਲਬੈਕ ਰੋਡ ਨਾਰਥਈਸਟ) ਦੇ ਸਾਹਮਣੇ ਵਿਹੜੇ ਵਿੱਚ ਐਮ.ਐਲ.ਏ. ਇਰਫਾਨ ਸਬੀਰ ਜੀ ਵਲੋਂ ਮਲਟੀਕਲਚਰਲ ਮਿੰਨੀ ਪਬਲਿਕ ਆਊਟਡੋਰ ਲਾਇਬ੍ਰੇਰੀ ਦਾ ਉਦਘਾਟਨ ਕੀਤਾ ਗਿਆ। ਉਹਨਾਂ ਆਊਟਡੋਰ ਲਾਇਬ੍ਰੇਰੀ ਨੂੰ ਲੋਕਾਂ ਲਈ ਆਪਸੀ ਮੇਲਜੋਲ ਦਾ ਵਧੀਆ ਸਾਧਨ ਆਖਿਆ। ਇਸ ਮੌਕੇ ਕਮਿਊਨਿਟੀ ਦੇ ਲੋਕਾਂ ਦੀ ਭਰਵੀਂ ਹਾਜ਼ਰੀ ਸੀ। ਸਾਰੇ ਹੀ ਖਾਸ ਤੌਰ ਤੇ ਬੱਚੇ ਮੇਜ਼ਾਂ ਤੇ ਰੱਖੀਆਂ ਕਿਤਾਬਾਂ ਵਿੱਚ ਬੜੀ ਦਿਲਚਸਪੀ ਲੈ ਰਹੇ ਸਨ ਅਤੇ ਪੜ੍ਹਨ ਲਈ ਮਨਪਸੰਦ ਕਿਤਾਬਾਂ ਆਪਣੇ ਨਾਲ ਲੈ ਕੇ ਗਏ।

ਇਸ ਆਊਟਡੋਰ ਲਾਇਬ੍ਰੇਰੀ ਵਿਚੋਂ ਆਪੇ ਕਿਤਾਬਾਂ ਲੈ ਕੇ ਪੜ੍ਹਨ ਅਤੇ ਵਾਪਸ ਕਰਨ ਦੀ ਸੁਵਿਧਾ ਹੋਵੇਗੀ। ਇਸ ਲਾਇਬ੍ਰੇਰੀ ਦਾ ਉਦੇਸ਼ ਉਕਿਤਾਬਾਂ ਪੜ੍ਹੋ, ਕਿਤਾਬਾਂ ਵਾਪਸ ਕਰੋ ਅਤੇ ਕਿਤਾਬਾਂ ਸ਼ੇਅਰ ਕਰੋ" ਹੈ। ਇਹ ਹਰ ਵਰਗ ਅਤੇ ਉਮਰ ਦੇ ਲੋਕਾਂ ਵਿੱਚ ਕਿਤਾਬਾਂ ਪੜ੍ਹਨ ਦਾ ਰੁਝਾਨ ਪੈਦਾ ਕਰਨ ਅਤੇ ਆਪਸੀ ਮੇਲਜੋਲ ਵਧਾਉਣ ਦਾ ਕਾਰਗਾਰ ਉਪਰਾਲਾ ਸਾਬਤ ਹੋਵੇਗਾ। 'ਲਵ ਵਿਦ ਹਿਊਮੈਨਿਟੀ ਐਸੋਸੀਏਸ਼ਨ' ਦੇ ਪ੍ਰਧਾਨ ਸਈਅਦ ਹਸਨ ਨਜ਼ਮ ਵਲੋਂ ਕੈਲਗਰੀ ਅਤੇ ਇਸ ਦੇ ਆਸ ਪਾਸ ਦੇ ਇਲਾਕੇ ਵਿੱਚ ਖੋਲ੍ਹੀ ਗਈ ਇਹ ਸਤਾਰਵੀਂ ਆਊਟਡੋਰ ਲਾਇਬ੍ਰੇਰੀ ਹੈ। ਗੁਰਚਰਨ ਥਿੰਦ ਨੇ ਉਹਨਾਂ ਦੇ ਕਮਿਊਨਿਟੀ ਲਈ ਇਸ ਤੋਹਫ਼ੇ ਦਾ ਹਾਰਦਿਕ ਧੰਨਵਾਦ ਕੀਤਾ। ਥਿੰਦ ਪ੍ਰਵਾਰ ਵਲੋਂ ਪਰੋਸੇ ਚਾਹ ਪਾਣੀ ਦਾ ਸਾਰਿਆਂ ਭਰਪੂਰ ਆਨੰਦ ਮਾਣਿਆ।

**ਅਦਾਰਾ 'ਸਰੋਕਾਰਾਂ ਦੀ ਆਵਾਜ਼'**

Skyview BLINDS & SHADES
Quality Never Lies



For all your window and wall covering needs contact
(587) 496-9783 | (403) 714-0416
info@skyviewshades.ca | www.skyviewshades.ca
Unit# 129, 10985 38 St NE Calgary, AB, T3N1E7

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary Ph. : 403-701-4947

# ਇੱਕ ਹੋਰ ਜੋਤਿਸ਼ੀ ਆਇਆ ਅੜਿੱਕੇ







ਸਰ੍ਹੀ, (ਪਰਮਿੰਦਰ ਸਵੈਚ) : ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਕੈਨੇਡਾ ਵਹਿਮਾਂ ਭਰਮਾਂ ਵਿੱਚ ਉਲਝੇ ਲੋਕਾਂ ਨੂੰ ਇਸ ਗ਼ੈਰਵਿਗਿਆਨਿਕ, ਗੈਰਕਾਨੂੰਨੀ ਧੰਧੇ ਰਾਹੀਂ ਲੁੱਟ ਰਹੇ ਜੋਤਸ਼ੀ, ਤਾਂਤਰਿਕ, ਨਗ ਧਾਰਨ ਕਰਵਾਉਣ ਵਾਲੇ ਅਤੇ ਆਪਣੇ ਆਪਨੂੰ ਗੈਬੀ ਸ਼ਕਤੀਆਂ ਦੇ ਦਾਅਵੇਦਾਰ ਦੱਸਣ ਵਾਲੇ ਪਖੰਡੀਆਂ ਬਾਰੇ ਕੈਨੇਡਾ ਵਿਚ ਪਿਛਲੇ 25 ਸਾਲਾਂ ਤੋਂ ਜਾਗਰੂਕ ਕਰਦੀ ਆ ਰਹੀ ਹੈ। ਸਮੇਂ ਸਮੇਂ ਤੇ ਜਦੋਂ ਕੋਈ ਵੀ ਵਿਅੱਕਤੀ ਜੋ ਇਨ੍ਹਾਂ ਦੀ ਲੁੱਟ ਦਾ ਸ਼ਿਕਾਰ ਹੋਣ ਤੋਂ ਬਾਅਦ ਤਰਕਸ਼ੀਲ ਸੁਸਾਇਟੀ ਤੱਕ ਪਹੁੰਚ ਕਰਕੇ ਆਪਣੀ ਹੱਡ ਬੀਤੀ ਦੱਸਦਾ ਹੈ ਤਾਂ ਸੁਸਾਇਟੀ ਉਸਦੀ ਮਦਦ ਕਰਦੀ ਹੈ। ਪੀੜਤ ਦੀ ਸਾਰੀ ਕਹਾਣੀ ਸੁਣਨ ਉਪਰੰਤ ਉਸਨੂੰ ਪੁਲੀਸ ਪਾਸ ਲਿਖਤੀ ਰਿਪੋਰਟ ਕਰਨ ਲਈ ਕਿਹਾ ਜਾਂਦਾ ਹੈ ਤੇ ਪੁਲੀਸ ਕਾਰਵਾਈ ਦਾ ਜੁਆਬ ਉਡੀਕਣ ਲਈ ਵੀ ਸੁਝਾਇਆ ਜਾਂਦਾ ਹੈ। ਪੀੜਤ ਤੋਂ ਪੁੱਛਿਆ ਜਾਂਦਾ ਹੈ ਕਿ ਕੀ ਉਹ ਸੁਸਾਇਟੀ ਮੈਂਬਰਾਂ ਨਾਲ ਉਸ ਠੱਗ ਕੋਲ ਜਾਣ ਲਈ ਤਿਆਰ ਹੈ ? ਜੇਕਰ ਪੀੜਤ ਸੁਸਾਇਟੀ ਮੈਂਬਰਾਂ ਨਾਲ ਉਸ ਠੱਗ ਕੋਲ ਜਾਣ ਦੀ ਸਹਿਮਤੀ ਦੇਵੇ ਤਾਂ ਉਸਨੂੰ ਨਾਲ ਲੈਕੇ ਉਸ ਠੱਗ ਕੋਲ ਸੁਸਾਇਟੀ ਮੈਂਬਰ ਜਾਂਦੇ ਹਨ ਤੇ ਉਸਤੋਂ ਪੀੜਤ ਨਾਲ ਕੀਤੀ ਠੱਗੀ ਬਾਰੇ ਪੁੱਛਦੇ ਹਨ ਅਤੇ ਪੀੜਤ ਤੋਂ ਵੀ ਪੁੱਛਿਆ ਜਾਂਦਾ ਹੈ ਕਿ ਇਸ ਠੱਗ ਨੇ ਤੁਹਾਡੇ ਨਾਲ ਜਿਸ ਕੰਮ ਲਈ ਵਾਅਦਾ ਕੀਤਾ ਸੀ ਕੀ ਪੂਰਾ ਹੋ ਗਿਆ ਜਾਂ ਨਹੀਂ ? ਜੇਕਰ ਪੀੜਤ ਕਹੇ ਮੇਰਾ ਕੰਮ ਨਹੀਂ ਹੋਇਆ ਤਾਂ ਉਸ ਠੱਗ ਨੂੰ ਪੀੜਤ ਕੋਲੋਂ ਲਈ ਰਕਮ ਜਾਂ ਕੋਈ ਵੀ ਹੋਰ ਵਸਤੂ ਵਾਪਿਸ ਕਰਨ ਲਈ ਕਿਹਾ ਜਾਂਦਾ ਹੈ ਅਤੇ ਸਾਰਾ ਕੁਝ ਵਾਪਿਸ ਵੀ ਕਰਵਾਇਆ ਜਾਂਦਾ ਹੈ। ਠੱਗ ਕੋਲੋਂ ਲਿਖਤੀ ਮੁਆਫੀ ਅਤੇ ਲਿਖਤੀ ਵਾਅਦਾ ਵੀ ਲਿਆ ਜਾਂਦਾ ਹੈ ਕਿ ਉਹ ਹੁਣ ਅਜਿਹੀ ਠੱਗੀ ਅਤੇ ਭਵਿੱਖ ਵਿੱਚ ਇਹ ਕੰਮ ਨਹੀਂ ਕਰੇਗਾ।ਅਜਿਹਾ ਹੀ ਇੱਕ ਕੇਸ ਪਿਛਲੇ ਦਿਨੀ ਸੁਸਾਇਟੀ ਦੇ ਧਿਆਨ ਵਿੱਚ ਆਇਆ ਜਿਸ ਵਿੱਚ ਸਰ੍ਹੀ ਸ਼ਹਿਰ ਵਿੱਚ ਲੁੱਟ ਦਾ ਧੰਧਾ ਚਲਾ ਰਹੇ ਇੱਕ ਜੋਤਿਸ਼ੀ ਨੇ ਇੱਕ ਔਰਤ ਪਾਸੋਂ ਪੂਜਾ ਕਰਨ ਦੇ ਨਾਂ ਹੇਠ/2,000 ਨਗਦ ਅਤੇ ਪਾਣੀ ਵਿੱਚ ਤਾਰਨ ਲਈ 120 ਗ੍ਰਾਮ ਸੋਨੇ ਦੀ ਮੰਗ ਕੀਤੀ। ਉਸ ਠੱਗ ਜੋਤਿਸ਼ੀ ਨੇ ਉਸ ਔਰਤ ਦੇ ਘਰ ਜਾਕੇ ਕਿਹਾ ਕਿ ਉਸਦੇ ਘਰ ਵਿੱਚ ਬਹੁਤ ਖਤਰਨਾਕ 4 ਭੂਤ ਹਨ ਉਨ੍ਹਾਂ ਨੂੰ ਭਜਾਉਣ ਲਈ ਇਹ ਸੋਨਾ ਪਾਣੀ ਵਿਚ ਤਾਰਨਾ ਪਵੇਗਾ। ਉਸ ਔਰਤ ਨੇ 120 ਗ੍ਰਾਮ ਸੋਨਾ ਦੇਣ ਦੀ ਅਸਮਰੱਥਾ ਜਾਹਰ ਕਰਨ ਤੇ ਉਸਨੇ ਕਿਹਾ ਜਿੰਨਾ ਤੁਹਾਡੇ ਕੋਲ ਹੈ ਉਹ ਲੈ ਆਓ ਉਸ ਔਰਤ ਨੇ ਜੋ ਕੁਝ ਵੀ ਉਸ ਕੋਲ ਸੀ ਉਹ ਲੈ ਗਈ ਜੋ ਤਕਰੀਬਨ 60 ਗ੍ਰਾਮ ਸੀ। ਉਸ ਠੱਗ ਨੇ ਉਹ ਸੋਨਾ ਪਾਣੀ ਵਿਚ ਤਾਰਨ ਦੇ ਬਹਾਨੇ ਹਥਿਆ ਲਿਆ। ਉਪਰੰਤ ਕੋਈ ਵੀ ਕੰਮ ਨਾਂ ਹੋਣ ਤੇ ਜਦੋਂ ਉਸ ਔਰਤ ਨੇ ਉਸਨੂੰ ਕਿਹਾ ਕਿ ਉਸਦਾ ਕੰਮ ਨਹੀਂ ਹੋਇਆ ਤਾਂ ਕਹਿਣ ਲੱਗਾ ਕਿ ਤੇਰਾ ਕੰਮ ਨਹੀਂ ਹੋਣਾ ਤੂੰ ਬਹੁਤ ਵੱਡੀ ਗਲਤੀ ਕੀਤੀ ਹੈ ਤੇਰਾ ਉਹ ਸੋਨਾ ਪ੍ਰਵਾਨ ਨਹੀਂ ਹੋਇਆ ਅਤੇ ਤਿੰਨ ਬਹੁਤ ਖਤਰਨਾਕ ਭੂਤ ਤੇਰੇ ਘਰ ਵਿਚ ਮੌਜੂਦ ਹਨ। ਉਹ ਔਰਤ ਹੋਰ ਡਰ ਗਈ ਸਗੋਂ ਆਪਣੇ ਘਰ ਵਿਚ ਸੌਣ ਤੋਂ ਵੀ ਘਬਰਾਉਣ ਲੱਗੀ ਪਰ ਉਸਨੇ ਇਸ ਠੱਗ ਨੂੰ ਫੋਨ ਕਰਨੇ ਜਾਰੀ ਰੱਖੇ ਜਿਸਤੇ ਉਸ ਠੱਗ ਨੇ ਉਸ ਔਰਤ ਦਾ ਫੋਨ ਚੱਕਣਾ ਹੀ ਬੰਦ ਕਰ ਦਿੱਤਾ। ਉਸ ਔਰਤ ਨੂੰ ਇੱਕ ਹੋਰ ਲੜਕੀ ਨੇ ਸੁਸਾਇਟੀ ਬਾਰੇ ਦੱਸ ਪਾਈ ਤੇ ਪੀੜਤ ਨੇ ਸੁਸਾਇਟੀ ਨਾਲ ਸੰਪਰਕ ਕੀਤਾ ਜਿਸਤੇ ਐਕਸ਼ਨ ਲੈਂਦਿਆਂ ਸੁਸਾਇਟੀ ਮੈਂਬਰਾਂ ਨੇ ਉਸ ਠੱਗ ਨੂੰ ਜਾ ਘੇਰਿਆ ਅਤੇ ਸੁਆਲ ਜੁਆਬ ਉਪਰੰਤ ਉਸ ਠੱਗ ਨੇ 2,000/- ਨਗਦ ਅਤੇ ਆਪਣੀ ਘਰਵਾਲੀ ਦਾ ਮੰਗਲ ਸੂਤਰ ਜਿਸ ਵਿਚ ਸ਼ੁੱਧ ਸੋਨਾ 30.9 ਗ੍ਰਾਮ ਹੈ ਉਸ ਔਰਤ ਨੂੰ ਵਾਪਿਸ ਕਰਕੇ ਅਤੇ ਮੁਆਫੀ ਮੰਗੀ ਅਤੇ ਅੱਗੇ ਤੋਂ ਅਜਿਹਾ ਕੰਮ ਨਾ ਕਰਨ ਦਾ ਲਿਖਤੀ ਵਾਅਦਾ ਵੀ ਕੀਤਾ ਜਿਸਦੀ ਵੀਡੀਓ ਸੋਸ਼ਲ ਮੀਡੀਆ ਉੱਪਰ ਚੱਲ ਰਹੀ ਹੈ।

ਅਸੀਂ ਹਮੇਸ਼ਾਂ ਦੀ ਤਰ੍ਹਾਂ ਸਮੁੱਚੇ ਲੋਕਾਂ ਨੂੰ ਖ਼ਬਰਦਾਰ ਕਰਦੇ ਹਾਂ ਕਿ ਥਾਂ ਥਾਂ ਲੱਗੇ ਇਨ੍ਹਾਂ ਦੇ ਇਸ਼ਤਿਹਾਰ, ਮੀਡੀਆ ਦੇ ਹਰ ਖੇਤਰ ਵਿਚ ਛਪ ਰਹੇ ਇਨ੍ਹਾਂ ਦੇ ਇਸ਼ਤਿਹਾਰ ਦੁੱਖਾਂ ਵਿੱਚ ਘਿਰੇ ਲੋਕਾਂ ਨੂੰ ਆਪਣੇ ਵੱਲ ਖਿੱਚਦੇ ਹਨ ਕਿਓਂਕਿ ਉਨ੍ਹਾਂ ਵੱਲੋਂ ਕੀਤੇ ਜਾਂਦੇ ਦਾਅਵੇ ਬਹੁਤ ਖਿੱਚ ਭਰਪੂਰ ਅਤੇ ਲੋਕਾਂ ਦੀਆਂ ਸਮੱਸਿਆਵਾਂ ਨਾਲ ਜੁੜੇ ਹੁੰਦੇ ਹਨ। ਅਕਸਰ ਲੋਕ ਸਮਝਦੇ ਹਨ ਕਿ ਸ਼ਾਇਦ ਸਾਡੀ ਸਮੱਸਿਆ ਇਥੇ ਹੱਲ ਹੋ ਜਾਵੇ ਤੇ ਉਹ ਇਨ੍ਹਾਂ ਠੱਗਾਂ ਕੋਲ ਫਸ ਜਾਂਦੇ ਹਨ ਜਦੋਂਕਿ ਉਨ੍ਹਾਂ ਦੇ ਇਹ ਦਾਅਵੇ ਬਿਲਕੁਲ ਖੋਖਲੇ ਹੁੰਦੇ ਹਨ। ਸੁਸਾਇਟੀ ਵੱਲੋਂ ਅਜਿਹੇ ਠੱਗਾਂ ਨੂੰ ਸਿੱਧਾ ਚੈਲੇਂਜ ਦਿੱਤਾ ਹੋਇਆ ਹੈ ਕਿ ਉਨ੍ਹਾਂ ਵਿੱਚੋਂ ਕੋਈ ਵੀ ਸੁਸਾਇਟੀ ਦੀਆਂ 23 ਸ਼ਰਤਾਂ ਵਿੱਚੋਂ ਕਿਸੇ ਇੱਕ ਸ਼ਰਤ ਨੂੰ ਲੋਕਾਂ ਦੀ ਹਾਜ਼ਰੀ ਵਿਚ ਸਾਡੇ ਵੱਲੋਂ ਪਰਖ ਕਰ ਲੈਣ ਉਪਰੰਤ ਸਫਲਤਾਪੂਰਵਕ ਕਰਕੇ ਦਿਖਾਉਣ ਤੇ ਇੱਕ ਲੱਖ ਕੈਨੇਡੀਅਨ ਡਾਲਰ ਦਾ ਇਨਾਮ ਜਿੱਤਣ ਪਰ ਅੱਜ ਤੱਕ ਕੋਈ ਵੀ ਜੋਤਿਸ਼ੀ, ਤਾਂਤਰਿਕ, ਨਗ ਧਾਰਨ ਕਰਵਾਉਣ ਵਾਲਾ ਜਾਂ ਗ਼ੈਬੀ ਸ਼ਕਤੀਆਂ ਦਾ ਮਲਿਕ ਸਾਹਮਣੇ ਨਹੀਂ ਆਇਆ ਕਿਓਂਕਿ ਇਹ ਸਭ ਝੂਠੇ ਹਨ, ਇਹ ਕਿਸੇ ਦਾ ਵੀ ਕੁਝ ਸੁਆਰ ਜਾਂ ਵਿਗਾੜ ਨਹੀਂ ਸਕਦੇ। ਇਨ੍ਹਾਂ ਕੋਲ ਕਦੇ ਵੀ ਨਾਂ ਜਾਓ ਆਪਣੀਆਂ ਸਮੱਸਿਆਵਾਂ ਦਾ ਹੱਲ ਪਰਿਵਾਰ ਵਿੱਚ ਮਿਲ ਬੈਠਕੇ ਕਰੋ ਜਾਂ ਭਾਈਚਾਰੇ ਦੇ ਸੂਝਵਾਨ ਰਿਸ਼ਤੇਦਾਰ/ਦੋਸਤ ਵੀ ਸਹੀ ਸਲਾਹ ਦੇ ਸਕਦੇ ਹਨ। ਤੁਹਾਡੇ ਕੋਲ ਕੋਈ ਵੀ ਚਾਰਾ ਨਾਂ ਹੋਵੇ ਤਾਂ ਸੁਸਾਇਟੀ ਨਾਲ ਵੀ 604-728-7011 ਤੇ ਸੰਪਰਕ ਕੀਤਾ ਜਾ ਸਕਦਾ ਹੈ। ਅਸੀਂ ਤੁਹਾਡੀ ਸਾਰੀ ਜਾਣਕਾਰੀ ਗੁਪਤ ਰੱਖਦੇ ਹਾਂ ਤੇ ਸਹੀ ਸਲਾਹ ਦੇ ਸਕਦੇ ਹਾਂ ਤਾਂਕਿ ਕੋਈ ਵੀ ਵਿਅੱਕਤੀ ਇਨ੍ਹਾਂ ਠੱਗਾਂ ਕੋਲ ਆਪਣੀ ਲੁੱਟ ਨਾ ਕਰਵਾਏ।















ਕਰਮਜੀਤ ਮਾਣੂੰਕੇ
84377 50551

## ਚਰਖਿਆਂ ਤੋਂ ਲੈ ਯੋਗਾਜੀਵੀਆਂ ਦਾ ਕਿਰਦਾਰ ਉਹੀ ਰਿਹਾ

# ਪਰ ਜਲ੍ਹਿਆਂਵਾਲਾ ਬਾਗ ਉਹੀ ਨਹੀਂ ਰਿਹਾ



13 ਅਪ੍ਰੈਲ 1919 ਨੂੰ ਜਲਿਆਂ ਵਾਲਾ ਬਾਗ ਖ਼ੂਨੀ ਸਾਕਾ ਵਾਪਰਨ ਸਮੇਂ ਹਾਲਤ ਕੀ ਸੀ। ਪੰਜਾਬ ਦੀ 85% ਕਿਸਾਨੀ ਕਰਜੀ, 45% ਜਮੀਨਾਂ ਗਹਿਣੇ ਸੀ। 12 ਹਜਾਰ ਤੋਂ ਉਪਰ ਪੰਜਾਬੀ ਪਹਿਲੀ ਸੰਸਾਰ ਜੰਗ 'ਚ ਮਰੇ। 24 ਹਜਾਰ ਤੋਂ ਵੱਧ ਗੁੰਮ ਹੋਏ। ਅਸੀਂ ਸਾਹ ਵੀ ਨਾ ਕੱਢ ਸਕੀਏ ਇਸ ਲਈ ਅੰਗਰੇਜਾਂ ਨੇ ਰੌਲਟ ਐਕਟ ਦਿੱਤਾ। ਕਿਸੇ 'ਤੇ ਵੀ ਦੇਸ਼ ਧ੍ਰੋਹ ਦਾ ਮੁਕੱਦਮਾ, ਕਿਸੇ ਅਖਬਾਰ ਦੇ ਸੰਪਾਦਕ ਨੂੰ ਗ੍ਰਿਫਤਾਰ ਕਰਨ ਲਈ ਸਿਰਫ ਸੀਆਈਡੀ ਦੇ ਸਿਪਾਹੀ ਦੀ ਰਿਪੋਰਟ ਕਾਫੀ ਸੀ। ਕੋਈ ਸਫਾਈ, ਅਦਾਲਤੀ ਪ੍ਰਕਿਰਿਆ ਨਹੀਂ। ਪੁਲਿਸ ਲਈ ਚਾਰਜਸ਼ੀਟ ਪੇਸ਼ ਕਰਨਾ ਵੀ ਜਰੂਰੀ ਨਾ ਸੀ। ਕੋਈ ਦਲੀਲ,ਅਪੀਲ,ਵਕੀਲ ਨਹੀਂ।

ਇਸ ਦੇ ਖਿਲਾਫ ਪੰਜਾਬ ਜਾਗਿਆ 30 ਮਾਰਚ 1919 ਤੇ 6 ਅਪ੍ਰੈਲ 1919 ਨੂੰ 50000 ਲੋਕ ਸੜਕਾਂ 'ਤੇ ਆਏ। 9 ਅਪ੍ਰੈਲ ਹਿੰਦੂਆਂ ਦੇ ਪਵਿੱਤਰ ਤਿਉਹਾਰ ਰਾਮ ਨੌਮੀ ਮੌਕੇ ਮੁਸਲਮਾਨਾਂ ਨੇ ਛਬੀਲਾਂ ਲਗਾਈਆਂ। 10 ਅਪ੍ਰੈਲ ਨੂੰ ਡਾ. ਸੈਫੂਦੀਨ ਕਿਚਲੂ ਅਤੇ ਡਾ. ਸਤਿਆਪਾਲ ਦੀ ਗ੍ਰਿਫਤਾਰੀ ਖਿਲਾਫ ਲੋਕ ਰੋਹ ਭਖਿਆ। ਗੋਲੀ ਚੱਲੀ 20 ਸ਼ਹੀਦੀਆਂ ਹੋਈਆਂ। ਅੰਗਰੇਜਾਂ ਨੇ ਲਾਸ਼ਾਂ ਨੂੰ ਮੋਢਾ ਦੇਣ ਲਈ 4 ਤੋਂ ਵੱਧ ਬੰਦਿਆਂ ਦੀ ਇਜਾਜਤ ਨਾ ਦਿੱਤੀ। 12 ਅਪ੍ਰੈਲ ਨੂੰ ਜਨਰਲ ਡਾਇਰ ਮੁਨਿਆਦੀ ਕਰਵਾਉਂਦਾ "ਕੋਈ ਬਾਹਰ ਨਾ ਨਿੱਕਲੇ ਨਹੀਂ ਤਾਂ ਬੁਰੀ ਹੋਉ। ਲੋਕ ਮੁਨਿਆਦੀ ਕਰਵਾਉਂਦੇ ਨੇ ਕਿ 13 ਅਪ੍ਰੈਲ ਨੂੰ ਜਲਿਆਂ ਵਾਲਾ ਬਾਗ ਪਹੁੰਚੋ।

ਡਾਇਰ ਦੀ ਘੁਰਕੀ ਪੈਰਾਂ ਤਲੇ ਰੌਂਦ ਕੇ 20,000 ਲੋਕ ਜਲਿਆਂਵਾਲਾ ਬਾਗ ਨੂੰ ਭਰ ਦਿੰਦੇ ਹਨ। ਦਿਨ ਵੀ ਇਤਿਹਾਸਕ ਸੀ, ਵਿਸਾਖੀ, ਖਾਲਸਾ ਪੰਥ ਦਾ ਸਾਜਨਾ ਦਿਵਸ। ਡਾਇਰ ਤਾਬੜਤੋੜ ਗੋਲੀਆਂ ਚਲਾਉਣ ਦਾ ਹੁਕਮ ਦਿੰਦਾ, ਦੇਖਦੇ ਹੀ ਦੇਖਦੇ ਲਾਸ਼ਾਂ ਦੇ ਅੰਬਰ ਲੱਗਣ ਲੱਗੇ। ਲੋਕ ਕੰਧਾਂ ਟੱਪਣ ਲੱਗੇ, ਗੋਲੀ ਦਾ ਸਹੀ ਨਿਸ਼ਾਨਾ ਬੰਦਾ ਢੇਰ, ਗਲਤ ਨਿਸ਼ਾਨਾ ਕੰਧ 'ਤੇ ਗੋਲੀ ਦਾ ਨਿਸ਼ਾਨ ਉੱਕਰਿਆ ਜਾਂਦਾ। ਲੋਕਾਂ ਨੂੰ ਖੂਹ 'ਚ ਛਾਲਾਂ ਮਾਰਨੀਆਂ ਪਈਆਂ। ਜਲਿਆਂਵਾਲਾ ਬਾਗ ਦਾ ਇੱਕੋ ਤੰਗ ਗਲੀ ਰਸਤਾ, ਉਸ ਰਸਤੇ ਡਾਇਰ ਦੀਆਂ ਫੌਜਾਂ ਖੜੀਆਂ। ਸ਼ਹੀਦਾਂ 'ਚ ਸਰਕਾਰੀ ਰਿਕਾਰਡ ਮੁਤਾਬਿਕ 379 ਲਾਸ਼ਾਂ, 377 ਬੰਦੇ, 41 ਲੜਕੇ, ਇੱਕ ਸੱਤ ਹਫਤਿਆਂ ਦਾ ਬੱਚਾ, 1200 ਜਖਮੀਂ ਹੋਏ। ਪਰ ਨਹੀਂ ਸਵਾਮੀ ਸ਼ਰਧਾਨੰਦ ਅਨੁਸਾਰ 1500 ਸ਼ਹੀਦੀਆਂ, ਮਦਨ ਮੋਹਨ ਮਾਲਵੀਯ ਅਨੁਸਾਰ 971 ਲਾਸ਼ਾਂ। ਕਈ ਬਚ ਸਕਦੇ ਸੀ, ਸਾਰੀ ਰਾਤ ਕੁਰਲਾਏ,ਪਰ ਡਾਇਰ ਨੇ ਜਖ਼ਮੀਆਂ ਨੂੰ ਸਾਂਭਣ ਦੀ ਇਜਾਜਤ ਨਾ ਦਿੱਤੀ ਤਾਂ ਮਾਰੇ ਗਏ।

ਲੋਕਾਂ ਨੂੰ ਗਲੀਆਂ 'ਚ ਰੇਂਗ ਕੇ ਜਾਣ ਲਈ ਮਜਬੂਰ ਕੀਤਾ। 852 'ਤੇ ਕਾਨੂੰਨੀ ਕਾਰਵਾਈ, 581 ਨੂੰ ਸਜਾ ਸੁਣਾਈ, 108 ਨੂੰ ਮੌਤ ਦੀ ਸਜਾ, 85 ਜਣਿਆਂ ਨੂੰ ਸੱਤ ਸਾਲ ਦੀ। ਡਾ. ਕਿਚਲੂ ਤੇ ਡਾ. ਸੱਤਿਆਪਾਲ ਨੂੰ ਕਾਲੇ ਪਾਣੀ ਦੀ ਸਜਾ।

ਅੰਗਰੇਜੀ ਹਕੂਮਤ ਦੇ ਇਸ ਜੁਲਮ, ਲੋਕਾਂ ਦੀਆਂ ਲਹੂ ਇਹ ਡੋਲਵੀਆਂ ਕੁਰਬਾਨੀਆਂ, ਹਿੰਦੂ, ਸਿੱਖ, ਮੁਸਲਿਮ ਏਕਤਾ ਦੀ ਇਹ ਵਿਰਾਸਤ ਦਾ ਗਵਾਹ ਹੈ, ਜਲਿਆਂਵਾਲਾ ਬਾਗ। ਉਹ ਸਭ ਜੋ 100 ਪਹਿਲਾਂ ਵਾਪਰਿਆ, ਦੀ ਯਾਦ ਤਾਜਾ ਕਰਾਉਣ ਦੀ ਥਾਂ ਹੈ ਜਲਿਆਂਵਾਲਾ ਬਾਗ। ਜੋ ਸਾਡੇ ਖ਼ੂਨ 'ਚ ਉਬਾਲਾ ਲਿਆ ਸਕਣ ਦਾ ਦਮ ਰੱਖਦੀ ਹੈ।

ਅੰਗਰੇਜੀ ਹਕੂਮਤ ਦੇ ਇਸ ਬਿਲਕੁਲ ਸਾਫ ਇਸ ਕਰੂਰ ਚਿਹਰੇ ਦੇ ਬਾਵਜੂਦ ਚਰਖੇ ਕੱਤ ਆਜਾਦੀ ਲਿਆਉਣ ਦੇ ਝੂਠੇ ਸੁਪਨੇ ਦਿਖਾਉਣ ਵਾਲਿਆਂ ਅੰਗਰੇਜਾਂ ਹੱਥੋਂ ਮੈਡਲ ਲਏ। ਚਰਖਿਆਂ ਦੇ ਸਰਤਾਜ ਗਾਂਧੀ ਮੁਤਾਬਿਕ ਅੰਗਰੇਜ ਸਹੀ ਮੰਤਵ, ਮਨੁੱਖੀ ਸਵੈਮਾਣ ਅਤੇ ਸੱਭਿਅਤਾ ਦੀ ਖੁਸ਼ਹਾਲੀ ਲਈ ਲੜੇ। ਬੜੇ ਚੰਗੇ। ਭਾਰਤੀਆਂ ਨੂੰ ਜੰਗ 'ਚ ਅੰਗਰੇਜਾਂ ਦਾ ਸਾਥ ਦੇਣ ਲਈ ਕਿਹਾ। ਅੰਗਰੇਜਾਂ ਖਿਲਾਫ ਭਾਰਤੀ ਸੰਘਰਸ਼ ਤੇਜ ਕਰਦੇ ਤਾਂ ਗਾਂਧੀ ਰੋਕਦਾ। ਪਹਿਲੀ ਸੰਸਾਰ ਜੰਗ 'ਚ ਅੰਗਰੇਜਾਂ ਦੀ ਸੇਵਾ ਬਦਲੇ ਗਾਂਧੀ ਅੰਗਰੇਜਾਂ ਤੋਂ ਕੇਸਰ-ਏ-ਹਿੰਦ ਗੋਲਡ ਮੈਡਲ, ਜੁਲੂਵਰ ਮੈਡਲ ਲੈਂਦਾ।

ਜੱਲ੍ਹਿਆਂਵਾਲਾ ਬਾਗ਼ ਖ਼ੂਨੀ ਕਾਂਡ ਖ਼ਿਲਾਫ਼ ਜਨਤਕ ਸੰਘਰਸ਼ ਛੇੜਨ ਦੀ ਬਜਾਇ 1919 'ਚ ਕਾਂਗਰਸ ਮਤੇ ਪਾਸ ਕਰਦੀ ਕਿ "ਕਾਂਗਰਸ ਵੱਡੀਆਂ ਭੜਕਾਹਟਾਂ ਨੂੰ ਮੱਦੇਨਜ਼ਰ ਰੱਖਦੇ ਹੋਏ, ਜਿਸ ਕਾਰਨ ਆਮ ਲੋਕਾਂ 'ਚ ਰੋਹ ਫੁੱਟਿਆ, ਪੰਜਾਬ ਤੇ ਗੁਜਰਾਤ ਦੇ ਕੁੱਝ ਹਿੱਸਿਆਂ ਵਿੱਚ ਅਪ੍ਰੈਲ ਮਹੀਨੇ ਹੋਈਆਂ ਵਧੀਕੀਆਂ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦੀ ਹੈ।" ਇੱਕ ਹੋਰ ਮਤੇ 'ਚ ਗਾਂਧੀ ਕਹਿੰਦਾ, ਉਹ ਭੀੜਾਂ ਦੁਆਰਾ ਕੀਤੀ ਹਿੰਸਾ ਦੀ ਨਿਖੇਧੀ ਕਰਦਾ ਹੈ, ਉਹ ਚਾਹੁੰਦਾ ਹੈ ਕਿ ਵੱਡੀਆਂ ਭੜਕਾਹਟ ਵਾਲੀਆਂ ਕਾਰਵਾਈਆਂ ਵਿਚਕਾਰ ਵੀ ਲੋਕਾਂ ਨੂੰ ਆਪਣਾ ਦਿਮਾਗੀ ਤਵਾਜਨ ਨਹੀਂ ਗੁਆਉਣਾ ਚਾਹੀਦਾ। ਗੁੱਸੇ ਨੂੰ ਮਾਰਨਾ ਅਤੇ ਦੁੱਖਾਂ ਨੂੰ ਬਰਦਾਸ਼ਤ ਕਰਨਾ ਹੀ ਅਸਲੀ ਸੱਤਿਆਗ੍ਰਹਿ ਹੈ। ਇਹ ਸੀ 'ਰਾਸ਼ਟਰਪਿਤਾ' ਦਾ ਰਾਸ਼ਟਰ ਦੇ ਨਾਮ ਸੰਦੇਸ਼। ਗਾਂਧੀ 8 ਜੂਨ 1919 ਨੂੰ ਵਾਇਸਰਾਏ ਨੂੰ ਲਿਖਦਾ ਕਿ ਪਿਛਲੇ ਢਾਈ ਮਹੀਨਿਆਂ ਦੇ ਡਰਾਵਣੇ ਤਜ਼ਰਬੇ (ਲੋਕਾਂ ਦੇ ਕੁਰਬਾਨੀ ਭਰੇ ਘੋਲ਼ ਨੂੰ ਡਰਾਉਣਾ ਤਜ਼ਰਬਾ ਹੀ ਦੱਸਦਾ ਹੈ) ਤੋਂ ਮੈਨੂੰ ਪਤਾ ਲੱਗਿਆ ਕਿ ਸੱਤਿਆਗ੍ਰਹਿ ਜਿਸਦਾ ਨਾ-ਮਿਲਵਰਤਣ ਅੰਦੋਲਨ ਇੱਕ ਅਟੁੱਟ ਹਿੱਸਾ ਹੈ। ਇਹੀ ਚੀਜ਼ ਭਾਰਤ ਨੂੰ ਬਾਲਸ਼ਵਿਕ ਅਤੇ ਇਸਤੋਂ ਵੀ ਭੈੜੀ ਸਥਿਤੀ ਤੋਂ ਬਚਾ ਸਕਦੀ ਹੈ।

ਉਹ ਜੋ ਚਰਖੇ ਚਲਾਉਣ ਵਾਲਿਆਂ ਕੀਤਾ ਅਤੇ ਅੱਜ ਜੋ ਯੋਗੇ ਵਾਲੇ ਸੰਘੀ, ਭਾਜਪਾਈ ਕਰਦੇ। ਸਾਮਰਾਜੀ ਕੰਪਨੀਆਂ ਦੀ ਸੇਵਾ ਲਈ ਖੇਤੀ ਕਾਨੂੰਨ। ਕਾਨੂੰਨਾਂ ਖਿਲਾਫ ਮੋਰਚੇ 'ਚ 600 ਬਲੀਆਂ ਲਈਆਂ। ਮਜਦੂਰ ਵਿਰੋਧੀ ਲੇਬਰ ਕੋਡ। ਭੁੱਖ, ਤੇਹ, ਪਿਆਸ ਸਿਰਫ ਅੱਜ ਦੇ ਗਾਂਧੀਆਂ ਦੀ ਬਦੌਲਤ। ਚਰਖਿਆਂ ਤੋਂ ਯੋਗਾ ਤੱਕ ਦੇ ਸਫਰ 'ਚ ਲੋਕਾਂ ਦੀ ਲੁੱਟ, ਕੁੱਟ, ਭੁੱਖ 'ਚ ਕੁਝ ਨੀ ਬਦਲਦਾ। ਬੱਸ ਬਦਲਿਆ ਹੈ ਤਾਂ ਜਲਿਆਂਵਾਲਾ ਬਾਗ। ਆਪਣਿਆਂ ਮਰਿਆਂ ਦੀ ਸਮਾਧ 'ਤੇ ਟਿਕਟ ਕਟਾ ਕੇ ਜਾਣਾ ਪਵੇ ਤਾਂ ਕੀ ਕਰੋਗੇ?? ਪੂਰੀ ਤਾਕਤ ਲਾ ਕੇ ਜੋ ਸਰਿਆ ਉਹੀ। ਉਵੇਂ ਹੀ ਜਲਿਆਂਵਾਲਾ ਬਾਗ ਹੁਣ ਮੁਫਤ ਨੀ ਟਿਕਟ ਲੈ ਕੇ ਦੇਖੋਗੇ। ਲਾਈਟ ਐਂਡ ਸਾਊਂਡ, ਐਲ ਸੀ ਡੀ ਦੇ ਫਿਲਮਾਂਕਣ 'ਚ ਜਲਿਆਂਵਾਲਾ ਬਾਗ ਦੇ ਖ਼ੂਨੀ ਕਾਂਡ ਦੇ ਇਤਿਹਾਸ 'ਚ ਸ਼ਾਇਦ ਡਾ. ਸੈਫੂਦੀਨ ਕਿਚਲੂ ਨੀ ਦਿਖੇਗਾ, ਕਿਉਂਕਿ ਉਹ ਕਸ਼ਮੀਰੀ ਮੁਸਲਿਮ ਸੀ। ਜਲਿਆਂਵਾਲਾ ਬਾਗ 'ਚ ਜੁੜੇ ਹਜੂਮ ਦੀ ਹਿੰਦੂ, ਸਿੱਖ, ਮੁਸਲਿਮ ਏਕਤਾ ਦਾ ਚੈਪਟਰ ਖਤਮ। ਦੁਨੀਆਂ ਦੀ ਤਾਕਤਵਰ ਸ਼ਕਤੀ ਬ੍ਰਿਟਿਸ਼ ਸਾਮਰਾਜ ਦੀਆਂ ਲਵਾਈਆਂ ਗੋਡਣੀਆਂ ਦੀ ਚਰਚਾ ਭੁੱਲ ਜਾਉ। ਸ਼ਹੀਦੀ ਖੂਹ ਦਬੋਚਲਿਆ ਹੈ। ਇਹ ਥਾਂ ਥੋੜੇ ਗਲੀ,ਮੁਹੱਲੇ,ਸ਼ਹਿਰ ਦੇ ਆਸ਼ਕੀ ਅੱਡਿਆਂ ਵਾਲੇ ਪਾਰਕ, ਡਿਸਕੋ ਬਾਰ, ਹੋਟਲ ਤੋਂ ਵਧ ਕੁਝ ਨਹੀਂ ਰਹਿਣੀ। 13 ਅਪ੍ਰੈਲ 1919 ਦੀਆਂ ਚੀਕਾਂ, ਕੁਰਲਾਹਟਾਂ ਮਹਿਸੂਸ ਨਹੀਂ ਹੋਣੀਆਂ ਜੋ ਪੁਰਾਣੇ ਜਲਿਆਂਵਾਲਾ ਬਾਗ 'ਚ ਜਾ ਕੇ ਸੁਣਾਈ ਦਿੰਦੀਆਂ ਸੀ।

ਵਿਗਾੜੇ ਗਏ ਜਲਿਆਂਵਾਲਾ ਬਾਗ ਦਾ ਉਦਘਾਟਨ ਸ਼੍ਰੀ ਮੋਦੀ 28 ਅਗਸਤ ਨੂੰ ਕਰਨਗੇ। ਐ ਹਾਕਮ ਸੰਯੁਕਤ ਕਿਸਾਨ ਮੋਰਚੇ ਦਾ ਫੈਸਲਾ ਕਿਉਂ ਭੁੱਲਗੇ। ਪੰਜਾਬ 'ਚ ਵੜਨ ਦੇਣਾ ਥੋਨੂੰ। ਪੰਜਾਬ ਦੀ ਧਰਤੀ ਭਾਜਪਾ ਲਈ ਅੰਗਿਆਰਿਆਂ ਦੀ ਸੇਜ ਹੈ, ਸਮਝਲੋ। ਜੇਕਰ ਪੈਰ ਧਰੋਗੇ ਤਾਂ ਜਲ ਜਾਉਗੇ। ਡਾਇਰ ਪਹਿਲਾਂ ਮਾਰਦਾ, ਫੇਰ ਜੋ ਮਾਰੇ, ਜਿਵੇਂ ਮਾਰੇ, ਕਿਸ ਹਾਲਤ 'ਚ ਮਾਰੇ ਸਭ ਬਦਲਕੇ। ਫੇਰ ਭੇਸ ਬਦਲਕੇ ਆਉਂਦਾ ਆਪਣੇ ਹੀ ਕੀਤੇ ਕੁਕਰਮਾਂ ਦਾ ਉਦਘਾਟਨ ਕਰਨ, ਉਹ ਵੀ ਬਲਦੀ ਅੱਗ 'ਚ।

ਨਾ ਜੀ ਨਾ 100 ਸਾਲਾਂ 'ਚ ਡਾਇਰਾਂ ਦੇ ਭੇਸ ਬਦਲੇ ਹੋਣਗੇ ਪਰ ਸਾਡੇ ਕਿਰਦਾਰ ਨਹੀਂ। ਸਾਡੇ ਚੇਤੇ ਨਹੀਂ। ਸਾਡੇ ਸਿਦਕ, ਸਾਡੇ ਤਿਆਗ ਨਹੀਂ।

ਐ ਮੋਦੀ, ਐ ਡਾਇਰ, ਡਰਡਾਇਰ। ਆ ਰਹੇ ਹਾਂ ਤੈਨੂੰ ਰੋਕਣ। ਗੋਲੀ, ਬੈਰੀਕੇਡ, ਜੇਲਾਂ, ਪਰਚੇ ਬਤਾ ਇੰਤਜਾਮ ਕਿਆ-ਕਿਆ ਹੈ। ਪੰਜਾਬ ਦੀ, ਸ਼੍ਰੀ ਅੰਮ੍ਰਿਤਸਰ ਸਾਹਿਬ, ਜਲਿਆਂਵਾਲਾ ਬਾਗ ਦੀ ਪਾਕ ਪਵਿੱਤਰ ਧਰਤੀ 'ਤੇ ਭਾਜਪਾਈਓ ਥੋਨੂੰ ਪੈਰ ਨੀ ਧਰਨ ਦਿਆਂਗੇ, ਮਨਹੂਸ ਮੋਦੀ ਕੀ ਆਵਾਜ ਨਹੀਂ ਗੂੰਜਣ ਦਿਆਂਗੇ ਅਤੇ ਨਹੀਂ ਦਿਖਣ ਦਿਆਂਗੇ ਐਲ ਸੀ ਡੀਆਂ 'ਚ ਮਨਹੂਸ ਸ਼ਕਲ।

ਕਮਰਕੱਸੇ ਕਰਲੋ, 28 ਅਗਸਤ ਨੂੰ ਮੋਦੀ ਦੀ ਰੈਲੀ ਖਿਲਾਫ ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚੋ।



# ਸਾਂਝੇ ਘੋਲਾਂ ਦੀ ਸ਼ਾਨਾਮੱਤਾ ਵਿਰਾਸਤ






**ਬਲਜਿੰਦਰ ਸਿੰਘ**

ਕਾਲਜ ਤੋਂ ਵਾਪਸ ਪਰਤ ਰਹੀ +2 ਦੀ ਵਿਦਿਆਰਥਣ ਕਿਰਨਜੀਤ ਕੌਰ ਨੂੰ 29 ਜੁਲਾਈ 1997 ਮਹਿਲਕਲਾਂ ਦੇ ਪੁਲਿਸ ਅਤੇ ਸਿਆਸਤਦਾਨਾਂ ਦੇ ਆਸਰੇ ਪਲਦੇ ਬਦਨਾਮ ਗੁੰਡਾ ਟੋਲੇ ਵੱਲੋਂ ਤਿੱਖੜ ਦੁਪਿਹਰੇ ਅਗਵਾ ਕਰਕੇ ਸਮੂਹਿਕ ਜਬਰ ਦਾ ਸ਼ਿਕਾਰ ਬਣਾਉਣ ਤੋਂ ਬਾਅਦ ਕਤਲ ਕਰਕੇ ਲਾਸ਼ ਨੂੰ ਆਪਣੇ ਹੀ ਖੇਤਾਂ ਵਿੱਚ ਦੱਬ ਦਿੱਤਾ ਸੀ। ਇਹ ਅੱਤ ਦਾ ਬਦ ਇਖਲਾਖੀ ਅਤੇ ਵਹਿਸ਼ੀਆਨਾ ਕਾਰਾ ਸੀ। ਬੱਚੀਆਂ ਨਾਲ ਹੋ ਰਹੀ ਦਰਿੰਦਗੀ ਨੂੰ ਰੋਕਣ ਲਈ ਲੋਕਾਂ ਦਾ ਅੱਗੇ ਆਉਣਾ ਅਤੇ ਸੰਘਰਸ਼ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਇਹਨਾਂ ਘਟਨਾਵਾਂ ਦਾ ਦੋਸ਼ੀ, ਕੋਈ ਵੀ ਦਰਿੰਦਾ ਸਖਤ ਸਜ਼ਾ ਤੋਂ ਬਚ ਨਾ ਸਕੇ। ਇਸ ਵਿੱਚ ਸਫਲਤਾ ਅਜਿਹੀਆਂ ਘਟਨਾਵਾਂ ਵਾਪਰਨ ਤੋਂ ਬਾਅਦ ਅਗਵਾਈ ਕਰਨ ਵਾਲੀਆਂ ਆਗੂ ਟੀਮਾਂ ਦੀ ਸਮਝਦਾਰੀ ਤੇ ਨਿਰਭਰ ਕਰਦੀ ਹੈ ਕਿ ਉਹ ਅਜਿਹੀ ਘਟਨਾ ਵਾਪਰਨ ਦੇ ਕਾਰਨਾਂ ਨੂੰ ਕਿੰਨੀ ਕੁ ਡੂੰਘਾਈ ਨਾਲ ਉਸ ਦੀ ਤਹਿ ਤੱਕ ਜਾਂਦੇ ਕਾਰਨਾਂ ਦੀ ਪੜਚੋਲ ਕਰਦੀਆਂ ਹਨ। ਉਸੇ ਸਮਝਦਾਰੀ ਨਾਲ ਹਾਸਲ ਅਤੇ ਲੰਬੇ ਦਾਅ ਦੀਆਂ ਵਿਰੋਧਤਾਈਆਂ ਦੇ ਸਨਮੁਖ ਹੋਣਾ ਪੈਂਦਾ ਹੈ। ਫਿਰ ਚੇਤੰਨ ਅਗਵਾਈ ਦਾ ਰੋਲ ਸਾਹਮਣੇ ਆਉਂਦਾ ਹੈ। ਸਭ ਤੋਂ ਪਹਿਲਾ ਸਵਾਲ ਪੜਤਾਲ ਤੋਂ ਬਾਅਦ ਸਹੀ ਦੁਸ਼ਮਣ ਦੀ ਪਛਾਣ ਕਰਨਾ ਅਤੇ ਇਸ ਦੇ ਨਾਲ ਜੁੜਵਾਂ ਦੂਸਰਾ ਅਹਿਮ ਪੱਖ ਹੁੰਦਾ ਹੈ ਘੋਲ ਲੜਨ ਵੇਲੇ ਟੇਕ ਕਿੰਨਾ ਲੋਕਾਂ ਤੇ ਰੱਖੀ ਜਾਵੇ। ਇਹ ਵੀ ਜਰੂਰੀ ਪੱਖ ਹੁੰਦਾ ਹੈ ਕਿ ਵੱਖੋ-ਵੱਖ ਵਿਚਾਰ ਹੋਣ ਕਾਰਣ ਘੱਟੋ-ਘੱਟ ਸਹਿਮਤੀ ਦਾ ਪੂਰਾ ਖਿਆਲ ਰੱਖਣਾ ਵੀ ਅਹਿਮ ਹੁੰਦਾ ਹੈ। ਐਕਸ਼ਨ ਕਮੇਟੀ ਮਹਿਲ ਕਲਾਂ ਨੇ ਦਰੁੱਸਤ ਫੈਸਲਾ ਲੈਕੇ ਲੋਕਾਂ ਤੇ ਟੇਕ ਰੱਖਕੇ ਚੱਲਣ ਦੀ ਸਭ ਤੋਂ ਜਰੂਰੀ ਅਹਿਮ ਬੁਨਿਆਦ ਰੱਖੀ। ਘਟਨਾਵਾਂ ਨੂੰ ਸਤੱਹੀ ਤੌਰ ’ਤੇ ਵੇਖਣ, ਅਗਵਾਈ ਦੇਣ, ਦੋਸ਼ੀਆਂ ਨੂੰ ਸਜਾਵਾਂ ਦੇਣ ਦਾ ਤੱਕ ਸੀਮਤ ਅਮਲ ਵਧੇਰੇ ਆਮ ਪ੍ਰਚੱਲਤ ਵਰਤਾਰਾ ਹੈ। ਮਹਿਲਕਲਾਂ ਐਕਸ਼ਨ ਕਮੇਟੀ ਵਿੱਚ ਵੀ ਅਜਿਹੇ ਬਹੁਤ ਸਾਰੇ ਵਿਚਾਰ ਮੌਜੂਦ ਸਨ/ਹਨ। ਪਰ ਇੱਕ ਵਿਚਾਰ ਇਨਾਂ ਵਰਤਾਰਿਆਂ ਦੀ ਤਹਿ ਤੱਕ ਜਾਕੇ ਇਸ ਦੀਆਂ ਜੜਾਂ ਗੁੰਡਾ-ਪਲਿਸ-ਸਿਆਸੀ ਗਠਜੋੜ ਸਮੇਤ ਇਸ ਜਾਬਰ ਪ੍ਰਬੰਧ ਵਿੱਚ ਸਮੋਈਆਂ ਹੋਈਆਂ ਵੇਖਦਾ ਸੀ। ਕਿਉਂਕਿ ਗੁੰਡਾ ਟੋਲੇ ਦੇ ਲਾਣੇ ਦਾ ਤਿੰਨ ਪੀੜ੍ਹੀਆਂ ਦਾ ਥਾਣਿਆਂ ਵਿੱਚ ਦਰਜ ਵੱਖੋ-ਵੱਖ ਵਾਰਦਾਤਾਂ ਵਿੱਚ ਅਪਰਾਧਿਕ ਪਿਛੋਕੜ ਮੂੰਹ ਬੋਲਦੀ ਤਸਵੀਰ ਸਭ ਦੇ ਸਾਹਮਣੇ ਸੀ। ਗੁੰਡਾ ਟੋਲੇ ਦੇ ਹਰ ਅਪਰਾਧ ਨੂੰ ਅੰਜਾਮ ਦੇਣ ਤੋਂ ਬਾਅਦ ਪੁਲਿਸ ਅਤੇ ਸਿਆਸਤਦਾਨ ਇਨਾਂ ਦੀ ਪਿੱਠ ਪੂਰਦੇ ਰਹੇ ਹਨ। ਸਿਆਸਤਦਾਨ ਇਨਾਂ ਦੀ ਲੋਕਾਂ ਵਿੱਚ ਮੁੜ ਪੁੱਗਤ/ਸਥਾਪਤੀ ਕਰਦੇ ਹਨ।

ਦੂਜਾ ਅਹਿਮ ਪੱਖ ਇਹ ਵੀ ਹੈ ਕਿ ਅਜਿਹੀਆਂ ਜਬਰ ਦੀਆਂ ਘਟਨਾਵਾਂ ਅੱਗੇ ਹਿੱਕ ਡਾਹਕੇ ਖੜਨ/ਅਗਵਾਈ ਕਰਨ ਵਾਲੀ ਆਗੂ ਟੀਮ ਮੌਜੂਦ ਹੈ। ਇਸ ਆਗੂ ਟੀਮ ਨੇ ਬੀਤੇ ਇਤਿਹਾਸ ਦੀਆਂ ਇਲਾਕੇ ਵਿੱਚ ਚੱਲੀਆਂ ਲਹਿਰਾਂ/ਜੱਦੋਜਹਿਦਾਂ ਦੇ ਤਜਰਬੇ ਨੂੰ ਪੜਚੋਲ ਅਧੀਨ ਲਿਆਂਦਾ ਹੈ ਅਤੇ ਦਰੁਸਤ ਸਿੱਟੇ ਕੱਢੇ ਹਨ। ਆਪਣੀ ਅਤੇ ਦੁਸ਼ਮਣ ਦੀ ਤਾਕਤ ਦਾ ਠੀਕ ਅੰਦਾਜ਼ਾ ਲਾਉਣਾ ਵੀ ਜਰੂਰੀ ਹੁੰਦਾ ਹੈ। ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਐਕਸ਼ਨ ਕਮੇਟੀ ਅੰਦਰ ਛੋਟੀ ਇਨਕਲਾਬੀ ਵਿਗਿਆਨਕ ਵਿਚਾਰਾਂ ਨੂੰ ਪ੍ਰਣਾਈ ਆਗੂ ਟੁਕੜੀ ਲਈ ਅਜਿਹਾ ਕਰਨਾ ਵੀ ਜਰੂਰੀ ਹੁੰਦਾ ਹੈ। ਮਹਿਲਕਲਾਂ ਇਲਾਕਾ ਜੂਝ ਮਰਨ ਦੀ ਤਵਾਰੀਖ ਦਾ ਇਤਿਹਾਸ ਆਪਣੀ ਬੁੱਕਲਚ ਸਮੋਈ ਬੈਠਾ ਹੈ। ਵੱਡੇ ਘੱਲੂਘਾਰੇ ਤੋਂ ਸ਼ੁਰੂ ਹੋਕੇ ਗਦਰ ਲਹਿਰ, ਪਰਜਾ ਮੰਡਲ ਲਹਿਰ, ਪੈਪਸੂ ਮੁਜਾਰਾ ਲਹਿਰ, ਨਕਸਲਬਾੜੀ ਲਹਿਰ, ਨੌਜਵਾਨ ਭਾਰਤ ਸਭਾ, ਪੰਜਾਬ ਸਟੂਡੈਂਟਸ ਯੂਨੀਅਨ ਤੱਕ ਮੌਜੂਦਾ ਦੌਰ ਅੰਦਰ ਕਿਸਾਨ-ਮਜਦੂਰ-ਮੁਲਾਜਮ ਸਮੇਤ ਹੋਰਨਾਂ ਤਬਕਿਆਂ ਦੇ ਹੱਕੀ ਘੋਲਾਂ ਨੇ ਆਪਣੀ ਵੱਖਰੀ ਪਛਾਣ ਬਣਾਈ ਹੋਈ ਹੈ। ਇਸ ਦੌਰਾਨ ਦਹਿ ਹਜਾਰਾਂ ਸ਼ਹਾਦਤਾਂ ਤੋਂ ਲੈਕੇ ਨਿਹੱਕੀਆਂ ਜੇਲਾਂ ਕੱਟਣ ਤੱਕ ਦੇ ਦੌਰ ਦੀਆਂ ਵਡੇਰੀਆਂ ਚੁਣੌਤੀਆਂ ਦਾ ਪੂਰੀ ਸਿਦਕਦਿਲੀ ਨਾਲ ਟਾਕਰਾ ਕੀਤਾ ਹੈ। ਸਾਬਤ ਕੀਤਾ ਹੈ ਕਿ ਹਾਕਮਾਂ ਵੱਲੋਂ ਝੁਲਾਇਆ ਜਬਰ ਦਾ ਝੱਖੜ ਸ਼ਹਾਦਤਾਂ ਦਾ ਜਾਮ ਪੀਣ ਵਾਲੇ ਕਾਫਲਿਆਂ ਤੋਂ ਜੂਝ ਮਰਨ ਦੀ ਗੁੜਤੀ ਲੈਕੇ ਜੰਮੇ ਜੁਝਾਰੂਆਂ ਦੇ ਹੌਸਲਿਆਂ ਨੂੰ ਪਸਤ ਨਹੀਂ ਕਰ ਸਕਦਾ। ਸਗੋਂ ਇਹ ਸਾਬਤ ਕੀਤਾ ਹੈ ਕਿ ਸ਼ਹਾਦਤਾਂ, ਕੁਰਬਾਨੀਆਂ ਦਾ ਦੌਰ ਆਉਣ ਵਾਲੀਆਂ ਪੀੜੀਆਂ ਦੇ ਸੰਘਰਸ਼ਾਂ ਦੀ ਖ਼ੁਰਾਕ ਬਣ ਜਾਇਆ ਕਰਦਾ ਹੈ।

ਤੀਜਾ ਅਹਿਮ ਪੱਖ ਦੂਜੇ ਪੱਖ ਨਾਲ ਅੰਤਰ-ਸਬੰਧਿਤ ਹੁੰਦਾ ਹੈ, ਉਹ ਇਹ ਹੈ ਕਿ ਵੱਡੇ ਦੁਸ਼ਮਣ ਖਿਲ਼ਾਫ ਲੜਨ ਲਈ ਛੋਟੀਆਂ ਵੱਖੋ-ਵੱਖ ਵਿਚਾਰਾਂ ਦੀਆਂ ਟੁਕੜੀਆਂ ਨੂੰ ਨਾਲ ਲੈਕੇ ਚੱਲਣਾ। ਬਹੁਤਵਾਰ ਲੀਡਰਸ਼ਿਪ ਵੱਡੀ ਤਾਕਤ ਹੋਣ ਦੀ ਹਉਮੈ ਦੀ ਸ਼ਿਕਾਰ ਹੁੰਦੀ ਹੈ। ਅਜਿਹਾ ਇਤਿਹਾਸ ਅੰਦਰ ਜਬਰ ਦੀਆਂ ਘਟਨਾਵਾਂ ਖਿਲਾਫ ਲੜੇ ਹਏ ਘੋਲਾਂ ਦਾ ਕੌੜਾ ਤਜਰਬਾ ਹੈ। ਪਰ ਕੌਮਾਂਤਰੀ ਪੱਧਰਤੇ ਅਜਿਹੇ ਅਮੀਰ ਤਜਰਬੇ ਮੌਜੂਦ ਸਨ, ਜਿਨਾਂ ਨੂੰ ਪੱਲੇ ਬੰਨ ਦੁਸ਼ਮਣ ਤਾਕਤਾਂ ਨੂੰ ਹਰਾਇਆ ਗਿਆ। ਅਜਿਹੇ ਤਜਰਬਿਆਂ ਦੀ ਅਮੀਰ ਵਿਰਾਸਤ















ਐਕਸ਼ਨ ਕਮੇਟੀ ਅੰਦਰਲੀ ਇਨਕਲਾਬੀ ਟੁਕੜੀ ਨੇ ਸੁਚੇਤ ਰੂਪ ਚ ਪੱਲੇ ਬੰਨਕੇ ਰੱਖੀ ਹੋਈ ਸੀ। ਅੰਦਰੂਨੀ ਵਿਚਾਰਾਂ ਦਾ ਮੱਤਭੇਦ ਆਉਣ ਤੇ ਕਈ ਵਾਰ ਅਦਾਰਾ ਟੁੱਟਣ ਤੱਕ ਦੀ ਨੌਬਤ ਆ ਜਾਂਦੀ ਹੈ, ਘੱਟ ਸੰਮਤੀ ਵਿੱਚ ਰਹਿ ਕੇ ਲੀਡਰਸ਼ਿਪ ਦਾ ਤਿਆਗ ਕਰਨਾ ਪੈ ਸਕਦਾ ਹੁੰਦਾ ਹੈ। ਪਰ ਸਵਾਲ ਇਕੱਲਾ ਲੀਡਰਸ਼ਿਪ ਸਾਂਭਣ ਦਾ ਨਹੀਂ ਹੋਣਾ ਚਾਹੀਦਾ ਸਗੋਂ ਮਿਥੇ ਹੋਏ ਕਾਰਜ ਨੂੰ ਅੱਗੇ ਵਧਾਉਣ ਲਈ ਅਜਿਹੇ ਛੋਟੇ ਤਿਆਗ ਵੀ ਕਰਨੇ ਪੈ ਸਕਦੇ ਹੁੰਦੇ ਹਨ।

ਚੌਥਾ ਅਹਿਮ ਪੱਖ ਇਹ ਹੁੰਦਾ ਹੈ ਕਿ ਚਲਦੇ ਘੋਲ ਦੌਰਾਨ ਬਹੁਤ ਵਾਰ ਝੁਕਾਅ ਲੋਕਾਂ ਦੀ ਵਿਸ਼ਾਲ ਸ਼ਮੂਲੀਅਤ ਤੋਂ ਸੱਖਣੀਆਂ ਮਾਅਰਕੇਬਾਜ਼ ਕਾਰਵਾਈਆਂ ਕਰਨ ਦਾ ਆ ਜਾਂਦਾ ਹੈ, ਇਸ ਦੇ ਨਾਲ ਹੀ ਦੂਜਾ ਪੱਖ ਹੁੰਦਾ ਹੈ ਸਮੇਂ-ਸਮੇਂ ਸਿਰ ਸਮੇਂ ਦੀ ਮੰਗ ਘੋਲ ਨੂੰ ਅੱਗੇ ਵਧਾਉਣ ਦੀ ਹੁੰਦੀ ਹੈ ਪਰ ਲੀਡਰਸ਼ਿਪ ਘੋਲ ਦੇ ਅਜਿਹੇ ਪੈਂਤੜੇ ਲੈਂਦੀ ਹੈ ਜਾਂ ਘੋਲ ਸੱਦਾ ਦੇਣ ਤੋਂ ਟਾਲਾ ਵੱਟ ਜਾਂਦੀ ਹੈ ਜਿਸ ਨਾਲ ਲੋਕਾਂ ਵਿੱਚ ਨਿਰਾਸ਼ਤਾ ਫੈਲ ਜਾਂਦੀ ਹੈ। ਐਕਸ਼ਨ ਕਮੇਟੀ ਅੰਦਰਲੀ ਸਾਡੀ ਘੱਟ ਗਿਣਤੀ ਲੀਡਰਸ਼ਿਪ ਨੇ ਅਜਿਹੇ ਦੋਵੇਂ ਕਿਸਮ ਦੀਆਂ ਗਲਤ ਪ੍ਰਵਿਰਤੀਆਂ ਦਾ ਸਫਲ ਟਾਕਰਾ ਕੀਤਾ ਹੈ ਅਤੇ ਘੋਲ ਦਾ ਘੇਰਾ ਵਿਸ਼ਾਲ ਵੀ ਕੀਤਾ ਹੈ ਅਤੇ ਟਾਕਰੇ ਦੀ ਲਹਿਰ ਨੂੰ ਮਜ਼ਬੂਤ ਵੀ ਕੀਤਾ ਹੈ। ਇਸ ਲੋਕ ਘੋਲ ਨੇ ਲੋਕ ਮਨਾਂ ਅੰਦਰ ਔਰਤਾਂ ਸੰਘਰਸ਼ ਦੇ ਮੈਦਾਨ'ਚ ਨਹੀਂ ਜਾ ਸਕਦੀਆਂ ਵਰਗੀਆਂ ਪੁਰਾਣੀਆਂ ਪਿਛਾਂਹ ਖਿੱਚੂ ਜਗੀਰੂ ਕਿਸਮ ਦੀਆਂ ਰਵਾਇਤਾਂ ਨੂੰ ਪਰੇ ਵਗਾਹ ਮਾਰਦਿਆਂ ਨਵੀਂ ਸੋਝੀ/ਚੇਤਨਾ ਦਾ ਸੰਚਾਰ ਕੀਤਾ ਹੈ। ਔਰਤਾਂ ਦੀ ਇਸ ਲੋਕ ਘੋਲ ਵਿੱਚ ਨਿਭਾਈ ਵੱਡੀ ਸ਼ਾਨਾਮੱਤਾ ਭੂਮਿਕਾ ਮੀਲ ਪੱਥਰ ਬਣ ਗਈ ਹੈ। ਇੱਕ ਦਰਦਨਾਕ ਘਟਨਾ ਤੋਂ ਸ਼ੁਰੂ ਹੋਇਆ ਲੋਕ ਘੋਲ ਲੁੱਟ ਜਬਰ ਦਾਬੇ ਤੇ ਟਿਕੇ ਲੋਕ ਦੋਖੀ ਪ੍ਰਬੰਧ ਨੂੰ ਬਦਲਣ ਦੀ ਲੜਾਈ ਚ ਵਿਕਸਤ ਹੋਣ ਵੱਲ ਵਧਿਆ ਹੈ। 24 ਸਾਲ ਦੇ ਲੰਬੇ ਤਜਰਬੇ ਨੇ ਵੱਡੀਆਂ ਚੁਣੌਤੀਆਂ ਦਾ ਸਬਰ, ਸਿਦਕ, ਦਲੇਰੀ, ਸੂਝ ਸਿਆਣਪ ਨਾਲ ਟਾਕਰਾ ਕਰਕੇ ਇਤਿਹਾਸਕ ਪ੍ਰਾਪਤੀਆਂ ਦਾ ਆਪਣਾ ਇਤਿਹਾਸ ਸੁਨਿਹਰੀ ਅੱਖਰਾਂ ਵਿੱਚ ਲਿਖ ਦਿੱਤਾ ਹੈ। ਇਹ ਘੋਲ ਹੁਣ ਭਵਿੱਖ ਦੇ ਘੋਲਾਂ ਲਈ ਪ੍ਰੇਰਨਾ ਸ੍ਰੋਤ ਬਣਿਆ ਹੋਇਆ ਹੈ। ਇਹ ਘੋਲ ਪੀੜੀ ਦਰ ਪੀੜੀ ਚੱਲਣ ਵਾਲੇ ਸਮਾਜਿਕ ਜਬਰ ਖਾਸ ਕਰ ਔਰਤਾਂ ਉੱਪਰ ਹੁੰਦੇ ਜਬਰ ਵਿਰੋਧੀ ਘੋਲਾਂ ਦੀ ਬੁਨਿਆਦ ਤੋਂ ਅੱਗੇ ਹਕੂਮਤਾਂ ਦੀਆਂ ਲੋਕ ਵਿਰੋਧੀ ਨੀਤੀਆਂ ਜਿਵੇਂ ਹੁਣ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ ਚੱਲ ਰਹੇ ਕਿਸਾਨ ਅੰਦੋਲਨ ਦਾ ਵਿਸੇਸ ਕਰਕੇ ਮਹਿਲ ਕਲਾਂ ਇਲਾਕੇ ਅੰਦਰ ਰਾਹ ਰੁਸ਼ਨਾ ਰਿਹਾ ਹੈ।

ਇਸ ਸਾਂਝੇ ਲੋਕ ਘੋਲ ਤੋਂ ਪ੍ਰੇਰਨਾ ਲੈ ਕੇ ਵੱਡੀ ਗਿਣਤੀ ਚ ਕਿਸਾਨ ਮਰਦ ਔਰਤਾਂ ਦੇ ਜੁਝਾਰੂ ਕਾਫਲੇ ਦਿੱਲੀ ਦੀਆਂ ਬਰੂਹਾਂ ਤੇ ਚੱਲ ਰਹੇ ਕਿਸਾਨ ਮੋਰਚੇ ਅਤੇ ਬਰਨਾਲੇ ਰੇਲਵੇ ਸਟੇਸ਼ਨ, ਵੱਡੇ ਕਾਰਪੋਰੇਟ ਘਰਾਣਿਆਂ ਦੀ ਨਾਕਬੰਦੀ, ਟੋਲ ਪਲਾਜਿਆਂ ,ਬੀਜੇਪੀ ਆਗੂਆਂ ਦੀਆਂ ਰਿਹਾਇਸ਼ ਤੇ ਟੋਲ ਪਲਾਜਿਆਂ ਤੇ ਚੱਲ ਰਹੇ ਧਰਨਿਆਂ 'ਚ ਆਪਣਾ ਵੱਡਾ ਯੋਗਦਾਨ ਪਾ ਰਹੇ ਹਨ। ਇਹਨਾਂ ਵਿੱਚ ਔਰਤਾਂ ਦੀ ਵੱਡੀ ਭਾਗੀਦਾਰੀ ਸਪੱਸ਼ਟ ਦਿਖਾਈ ਦਿੰਦੀ ਹੈ। ਨਵੀਂ ਉੱਭਰ ਰਹੀ ਕਿਸਾਨ ਔਰਤਾਂ ਦੀ ਲੀਡਰਸ਼ਿਪ, ਮਾਂ ਦੀ ਕੁੱਛੜ ਦੇ ਦੁੱਧ ਚੁੰਘਦੇ ਬਾਲ ਤੋਂ ਲੈਕੇ 100 ਸਾਲ ਦੀ ਬੁੱਢੀ ਮਾਂ ਤੱਕ ਚਾਰ ਪੀੜੀਆਂ ਤੱਕ ਦਾ ਸੰਗਮ ਰੂਪੀ ਕਿਸਾਨ ਸੰਘਰਸ਼ ਚਾਰ ਚੁਫੇਰੇ ਫੈਲੇ ਘੁੱਪ ਹਨੇਰੇ ਵਿੱਚ "ਚਾਨਣ ਦੀ ਲੋਅ" ਬਿਖੇਰ ਰਿਹਾ ਹੈ। ਨਵੀਂ ਪੀੜੀ ਲਈ ਮਹਿਲਕਲਾਂ ਦਾ ਲੋਕ ਘੋਲ ਪ੍ਰੇਰਨਾ ਸ੍ਰੋਤ ਬਣਿਆ ਹੈ। ਨੌਜਵਾਨ ਕਿਸਾਨ ਆਗੂ ਅਰਥ ਭਰਪੂਰ ਜਿੰਦਗੀ ਦੇ ਮਾਅਨੇ ਸਿੱਖਣ ਲੱਗੇ ਹਨ। ਨਵੇਂ ਸਿਰੇ ਤੋਂ ਸਮਾਜ ਪ੍ਰਤੀ ਜਿੰਮੇਵਾਰੀਆਂ ਓਟਣ ਲਈ ਅੱਗੇ ਆ ਰਹੇ ਹਨ। ਨੌਜਵਨਾਂ ਦਾ ਇਨਕਲਾਬੀ ਲਹਿਰ ਸੰਗ ਜੁੜਨਾ ਨਵੀਂ ਆਸ ਦੀ ਕਿਰਨ ਬਣ ਭਵਿੱਖ ਦੀਆਂ ਚੁਣੌਤੀਆਂ ਦੇ ਸੰਗ ਭਿੜਨ ਲਈ ਇਨਕਲਾਬੀ ਲਹਿਰ ਦੇ ਅੰਗ ਸੰਗ ਬਣਿਆ ਰਹੇਗਾ।

ਇਸ ਵਾਰ ਐਕਸ਼ਨ ਕਮੇਟੀ ਮਹਿਲਕਲਾਂ ਦਾ ਸ਼ਹੀਦ ਕਿਰਨਜੀਤ ਕੌਰ ਦੇ 24 ਵੇਂ ਸ਼ਰਧਾਂਜਲੀ ਸਮਾਗਮ ਨੂੰ "ਕਿਸਾਨ ਅੰਦੋਲਨ" ਨੂੰ ਸਮਰਪਿਤ ਕਰਨਾ ਅਹਿਮ ਸਿਫਤੀ ਅਗਲਾ ਪੜਾਅ ਹੈ। ਅਜਿਹਾ ਕਰਕੇ ਐਕਸ਼ਨ ਕਮੇਟੀ ਨੇ ਆਪਣੀ ਵਿਗਿਆਨਕ ਜਮਾਤੀ ਚੇਤਨਾ ਦੀ ਸੋਝੀ ਦਾ ਸੁਚੇਤ ਪ੍ਰਗਟਾਵਾ ਕਰਕੇ ਨਵਾਂ ਕੀਰਤੀਮਾਨ ਕੀਤਾ ਹੈ। ਜੋ ਔਰਤਾਂ ਉੱਪਰ ਹੁੰਦੀਆਂ ਜਬਰ ਦੀਆਂ ਘਟਨਾਵਾਂ ਨੂੰ ਵਰਤਾਰੇ ਵਜੋਂ ਵੇਖਦੀ ਹੈ ਅਤੇ ਜਿੰਮੇਵਾਰ ਵੀ ਮੁੱਖ ਤੌਰਤੇ ਜਾਬਰ ਢਾਂਚੇ ਨੂੰ ਸਮਝਦੀ ਸੀ/ਹੈ। ਔਰਤ ਮੁਕਤੀ ਦੇ ਸਵਾਲ ਨੂੰ ਲੋਕ ਦੋਖੀ ਢਾਂਚੇ ਦੀ ਮੁਕੰਮਲ ਤਬਦੀਲੀ ਨਾਲ ਜੋੜਕੇ ਦਰੁਸਤ ਪੇਸ਼ਕਾਰੀ ਕਰਦੀ ਆ ਰਹੀ ਹੈ।

ਇਸ ਲਈ ਮਹਿਲਕਲਾਂ ਲੋਕ ਘੋਲ ਦੇ 24 ਸਾਲ ਪੂਰੇ ਹੋਣ ਮੌਕੇ 12 ਅਗਸਤ ਔਰਤ ਮੁਕਤੀ ਦਾ ਚਿੰਨ ਕਿਰਨਜੀਤ ਕੌਰ ਦੀ ਸ਼ਹਾਦਤ ਨੂੰ ਮਨਾਉਣਾ ਸਿਰਫ ਇੱਕ ਦਿਨ ਵਜੋਂ ਯਾਦ ਕਰਨ ਦਾ ਨਹੀਂ ਸਗੋਂ ਸਭ ਤੋਂ ਵਧਕੇ ਇਸ ਦਿਨ ਨੂੰ ਔਰਤਾਂ ਖਿਲਾਫ ਜਬਰ ਦੀ ਜੰਮਣ ਭੋਇੰ ਲੁੱਟ, ਜਬਰ ਤੇ ਦਾਬੇ ਵਾਲੇ ਲੋਕ ਦੋਖੀ ਪ੍ਰਬੰਧ ਨੂੰ ਮੁੱਢੋਂ-ਸੁੱਢੋਂ ਤਬਦੀਲ ਕਰਨ ਲਈ ਚੱਲ ਰਹੀ ਜਮਾਤੀ ਜੰਗ ਦਾ ਝੰਡਾ ਬੁਲੰਦ ਕਰਨ ਦੇ ਪ੍ਰਣ ਵਜੋਂ ਮਨਾਉਣਾ ਹੋਵੇਗਾ। ਸ਼ਾਲਾ! ਮਹਿਲਕਲਾਂ ਲੋਕ ਸੰਘਰਸ਼ ਸੰਸਾਰ ਪੱਧਰ ਤੇ ਸੰਘਰਸ਼ ਕਰ ਰਹੇ ਜੁਝਾਰੂ ਕਾਫਲਿਆਂ ਨੂੰ "ਛੱਟਾ ਚਾਨਣਾਂ ਦਾ" ਵੰਡਦਾ ਰਵੇ। ਇਹੋ ਅਸਲ ਮਾਅਨਿਆਂ 'ਚ ਔਰਤ ਮੁਕਤੀ ਦਾ ਚਿੰਨ੍ਹ ਸ਼ਹੀਦ ਕਿਰਨਜੀਤ ਕੌਰ ਮਹਿਲਕਲਾਂ ਨੂੰ ਸੱਚੀ ਸ਼ਰਧਾਂਜਲੀ ਹੈ।

# ਪਹਾੜਾਂ ਦਾ ਢਹਿ-ਢੇਰੀ ਹੋਣਾ, ਅਚਾਨਕ ਵਰਤਾਰਾ ਨਹੀਂ ਕਸੂਰ ਕੁਦਰਤ ਦਾ ਨਹੀਂ, ਬੰਦੇ ਦਾ ਹੈ

- ਵਿਜੈ ਬੰਬੇਲੀ

ਮਨੁੱਖ, ਕੁਦਰਤ ਦੀ ਬੇਹਤਰੀਨ ਪੈਦਾਵਾਰ ਹੈ। ਇੱਕ ਲੰਬੀ ਕੁਦਰਤੀ ਕਿਰਿਆ-ਪ੍ਰਕਿਰਿਆ ਉਪਰੰਤ ਮਨੁੱਖ ਦੀ ਉਤੱਪਤੀ ਹੋਈ। ਪਹਿਲਾਂ; ਪਾਣੀ-ਮਿੱਟੀ-ਬਨਸਪਤੀ ਦੀ ਅਨੰਤ ਗਾਥਾ। ਫਿਰ; ਸੂਖਮ ਜੀਵ ਤੋਂ ਵਰਾਸਤਾ ਜਾਨਵਰ-ਦਰ-ਜਾਨਵਰ, ਮਨੁੱਕ ਬਣਨ ਦਾ ਲੰਬਾ ਸਫਰ। ਜੰਗਲਾਂ, ਕੰਦਰਾਂ, ਗੁਫਾਵਾਂ, ਕੁੱਲੀਆਂ-ਢਾਰਿਆਂ ਤੋਂ ਸੁੱਖਾ-ਲੱਧੀਆਂ ਧੜਵੈਲ ਇਮਾਰਤਾਂ ਤੱਕ। ਗੋਲੀ, ਪਹੀਏ ਤੋਂ ਲੈ ਕੇ ਰਾਕਟ ਤੱਕ ਅਤੇ ਕੁਦਰਤੀ ਬਿਪਤਾਵਾਂ, ਮਹਾਂਮਾਰੀਆਂ ਦੇ ਦੌਰਾਂ ਤੋਂ ਵਿਗਿਆਨਕ ਸਹੂਲਤਾਂ ਤੱਕ। ਗੱਲ ਕੀ; ਹੁਣ ਵਾਲਾ "ਅਧੁਨਿਕ" ਮਨੁੱਖ ਮਗਰ ਲਖੂਖਾ ਸਾਲਾਂ ਦੀ ਘਾਲਣਾ ਹੈ। ਇਹ "ਰੱਬੀ" ਦੇਣ ਨਹੀਂ, ਕੁਦਰਤੀ ਕਿਰਿਆ-ਪ੍ਰਕਿਰਿਆ ਦੀ ਸਿਫਤੀ ਦੇਣ ਹੈ। ਪਰ ਇਸੇ ਮਨੁੱਖ ਨੇ ਆਪਣੀ ਜਨਮ ਦਾਤੀ ਕੁਦਰਤ ਵਿੱਚ ਖਲਲ ਪਾਉਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਮੋੜਵੇਂ ਰੂਪ ਵਿੱਚ ਇਸਦੇ ਭੈੜੇ ਸਿੱਟੇ ਨਿਕਲ ਰਹੇ ਹਨ।

ਮਨੁੱਖ, ਕੁਦਰਤ ਦੇ ਸਿਰਮੌਰ ਅੰਗ ਮਿੱਟੀ, ਪਾਣੀ, ਹਵਾ, ਸੂਰਜ (ਅਗਨੀ), ਅਕਾਸ਼ (ਟਾਇਮ) ਦੇ ਜਮਾਂ-ਮਨਫੀ ਦੀ ਸਿਰਜਣਾ ਹੈ। ਇਸੇ ਕਰਕੇ ਸਾਡੇ ਪੁਰਖਿਆਂ, ਇਸਨੂੰ ਪੰਜ ਤੱਤਾਂ ਦਾ ਪੁਤਲਾ ਕਿਹਾ, ਭਾਵੇਂ ਕਿ ਹੁਣ ਤੱਕ ਦੀਆਂ ਖੋਜਾਂ ਅਨੁਸਾਰ ਇਹਨਾ ਤੱਤਾਂ ਦੀ ਗਿਣਤੀ ਅੱਧਾ ਸੈਂਕੜਾ ਤੋਂ ਵੀ ਉੱਪਰ ਹੈ। ਬੰਦੇ ਨੇ ਹੁਣ ਇਹਨਾਂ ਨੂੰ ਖ਼ਤਮ ਕਰਨਾ ਜਾਂ ਗੰਧਲਾਉਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਆਬੋ-ਹਵਾ ਦੂਸ਼ਿਤ, ਜਲ-ਸੰਕਟ, ਮਿੱਟੀ ਜ਼ਹਿਰੀਲੀ। ਖੇਤਾਂ 'ਚ ਹੁਣ ਭੋਜਨ ਹੀ ਨਹੀਂ ਮੌਤ ਵੀ ਉੱਗਣ ਲੱਗ ਪਈ ਹੈ। ਵੱਧਵਾਂ ਕਸੂਰ ਪ੍ਰਬੰਧ ਅਤੇ ਧੰਨ ਕੁਬੇਰਾਂ ਪੱਖੀ ਨਿਜ਼ਾਮ ਦਾ ਹੈ, ਜਿਸਨੇ ਹੁਣ ਜੰਗਲਾਂ-ਪਹਾੜਾਂ ਨੂੰ ਵੀ ਨਿਗਲਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਜਿੰਦਗੀ ਦਾ ਲੁੱਤਫ ਮਾਨਣ ਲਈ, ਮਹਿਜ਼ ਪੈਸਾ ਜਾਂ ਭੌਤਿਕ ਸਹੂਲਤਾਂ ਦੀ ਹੀ ਲੋੜ ਨਹੀਂ। ਦਰ-ਹਕੀਕਤ; ਸਾਂਵੀ-ਪੱਧਰੀ ਜ਼ਿੰਦਗੀ ਵਸਰ ਕਰਨ ਲਈ ਮਿੱਟੀ-ਪਾਣੀ, ਹਵਾ-ਅਕਾਸ਼, ਜੰਗਲ-ਬੇਲੇ, ਦਰਿਆਵਾਂ ਸਮੇਤ ਪਹਾੜਾਂ ਅਰਥਾਤ ਸਰ-ਸ਼ਬਜ ਪਹਾੜਾਂ ਦੀ ਵੀ ਉੱਨੀ ਹੀ ਲੋੜ ਹੈ,ਜਿੰਨੀ ਕੁੱਲੀ-ਗੁੱਲੀ-ਜੁੱਲੀ ਦੀ। ਪਰ ਅਸੀਂ ਪਹਾੜਾਂ ਦੀ ਮਹੱਤਤਾ, ਦੇਣ ਅਤੇ ਇਹਨਾਂ ਪ੍ਰਤੀ ਆਪਣੇ ਫਰਜ਼ਾ ਨੂੰ ਭੁੱਲ-ਭੁਲਾਅ ਗਏ ਹਾਂ।

ਅੱਜ-ਕੱਲ ਪਹਾੜਾਂ ਦਾ ਖਿਸਕਣਾ ਜਾਂ ਢਹਿ-ਢੇਰੀ ਹੋਣਾ ਅਰਥਾਤ ਜਲ-ਸੈਲਾਬ ਜਾਂ ਲੈਂਡ ਸਲਾਈਡਿੰਗ ਦੀ ਬੜੀ ਚਰਚਾ ਹੈ। ਬੀਤੇ ਸਮਿਆਂ ਵਿੱਚ ਇਸ ਕਾਰਨ ਨੇਪਾਲ, ਉੱਤਰਾਖੰਡ ਤੇ ਹੁਣ ਮਹਾਂਰਾਸ਼ਟਰ ਅਤੇ ਹਿਮਾਚਲ 'ਚ ਵੱਡੇ ਕਹਿਰ ਵਾਪਰੇ ਹਨ। ਪਰ ਇਹ ਅਚਨਚੇਤ ਵਾਪਰਨ ਵਾਲਾ ਕੁਦਰਤੀ ਵਰਤਾਰਾ ਨਹੀਂ, ਜਿਵੇਂ ਬਹੁਤੇ ਸਮਝਦੇ ਹਨ ਅਤੇ ਨਾ ਹੀ ਕਿਸੇ ਕੁਲ-ਦੇਵਤੇ ਦੀ ਕਰੋਪੀ ਹੈ, ਜਿਵੇਂ ਸਰਲ-ਬਿਰਤੀ ਆਦਿ-ਕਬੀਲੇ ਸੋਚਦੇ ਹਨ। ਅਸਲ ਦੋਸ਼ੀ ਸਿਸਟਮ ਹੈ ਅਰਥਾਤ ਬੰਦਾ। ਕਿਵੇਂ? ਆਓ! ਗੱਲ ਕਰੀਏ: ਪਹਾੜ ਮਹਿਜ਼ ਮਿੱਟੀ ਦੇ ਢੇਰ ਨਹੀਂ ਹੁੰਦੇ। ਇਨ੍ਹਾਂ ਦਾ ਆਪਣਾ ਇੱਕ ਜੀਵੰਤ ਸੰਸਾਰ ਹੈ, ਬੇਹੱਦ ਸੂਖਮ ਅਤੇ ਜਟਿਲ। ਬਹੁਤ ਕੁੱਝ ਹੈ ਇਹਨਾ ਉੱਤੇ ਅਤੇ ਇਹਨਾਂ ਵਿੱਚ। ਜਰਖੇਜ਼ ਮਿੱਟੀ ਦੀਆਂ ਪਰਤਾਂ, ਬੇਸ਼-ਕੀਮਤੀ ਖਣਿਜ,ਵਿਲੱਖਣ ਜੀਵ-ਜੰਤੂ ਅਤੇ ਮਨ-ਭਾਉਂਦੇ ਜੰਗਲ-ਬੇਲੇ। ਕਿਤੇ-ਕਿਤੇ ਗਲੇਸ਼ੀਅਰ ਅਤੇ ਕਿਤੇ ਨਿਰੇ ਪਠਾਰ ਤੇ ਉੱਤਮ ਦ੍ਰਿਸ਼। ਜਿਹੜੇ ਰਲ-ਮਿਲ ਪੌਣ-ਪਾਣੀ, ਮਨੁੱਖੀ ਜ਼ਿੰਦਗੀ ਅਤੇ ਸੰਸਾਰ-ਤਰੱਕੀ ਵਿੱਚ ਅਹਿਮ ਰੋਲ ਨਿਭਾਉਂਦੇ ਹਨ। ਕਿਵੇਂ? ਬੜੀ ਲੰਬੀ ਗਾਥਾ ਹੈ, ਇਹ। ਕਿਤੇ ਫੇਰ ਸਹੀ...

ਪਰ, ਪਹਾੜਾਂ ਦੀ ਅਪਾਰ ਕ੍ਰਿਪਾ ਭੁੱਲ, ਅਸੀਂ ਇਹਨਾਂ ਨੂੰ ਮਹਿਜ਼ "ਆਮਦਨ ਦੇ ਸਾਧਨ" ਜਾਂ ਸੈਰ-ਸਪਾਟੇ ਜਾਂ ਫਿਰ ਅਯੋਤੀ ਮਨੋਰੰਜਨ ਦੇ ਸਾਧਨ ਮਾਤਰ ਸਮਝ ਲਿਆ ਹੈ। ਇਹੀ ਸਾਡੀ ਬੱਜਰ ਗਲਤੀ ਹੈ। ਪਹਾੜ ਕੁਦਰਤ ਦਾ ਸਿਰਮੌਰ ਅੰਗ ਹਨ, ਸਾਡੇ ਮੂਕ-ਸੇਵਾਦਾਰ। ਪ੍ਰੰਤੂ; ਜਦ ਇਹ ਸਾਡੀਆਂ ਕਰਤੂਤਾਂ ਕਾਰਨ ਰੁੱਸਦੇ ਹਨ ਤਦ ਭੀਸ਼ਣ ਦੁਖਾਂਤ ਸਾਡੇ ਪੱਲੇ ਪੈਂਦੇ ਹਨ। ਵਿਰਾਟ ਰੂਪ ਧਾਰ ਇਹ ਕੁੱਢਰ-ਚਾਲੇ ਵਹਿ ਤੁਰਦੇ ਹਨ, ਲਾਲਚੀ ਨਿਜ਼ਾਮਾ ਅਤੇ ਬੇ-ਸਮਝ ਬੰਦੇ ਦਾ ਸਿਰਜਿਆਂ ਸੱਭ ਕੁੱਝ ਢਹਿ-ਢੇਰੀ ਕਰਨ। ਭਲਾ! ਕਿਓਂ? ਇਹੀ ਉਹ ਗੱਲ ਹੈ ਜਿਹੜੀ ਕਰੀਬ-ਕਰੀਬ ਸਾਨੂੰ ਸਾਰਿਆਂ ਨੂੰ ਹੀ ਨਹੀਂ ਪਤਾ।

ਜਿਥੇ "ਅਧੁਨਿਕ" ਕਹਾਉਂਦਾ ਬੰਦਾ ਜੰਗਲਾਂ-ਪਹਾੜਾਂ 'ਚ ਪੈਟਰੋ-ਕੈਮੀਕਲਜ਼ ਅਤੇ ਪਲਾਸਟਿਕ ਕਲਚਰ ਲੈ ਵੜਿਆਂ, ਜਿਸਨੇ ਸਾਡੇ ਜਲ-ਸੋਮਿਆਂ ਗਲੇਸ਼ੀਅਰਾਂ ਨੂੰ ਵੀ ਨਿਗਲਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਹਕੂਮਤਾਂ ਨੇ ਅਖੌਤੀ ਵਿਕਾਸ ਦੇ ਨਾਂ ਕੁਦਰਤ 'ਚ ਅਣਸਾਂਵੀ ਦਖ਼ਲ-ਅੰਦਾਜ਼ੀ ਕੀਤੀ ਕੀਤੀ ਹੋਈ ਹੈ, ਜਿਸਨੇ ਚੌਗਿਰਦੇ ਉੱਪਰ ਭੈੜਾ ਅਸਰ ਪ੍ਰਤੱਖ ਹਨ ਹਾਕਮ-ਜਮਾਤਾਂ ਦੇ ਚਹੇਤੇ ਧੰਨ-ਕੁਬੇਰਾਂ ਨੇ ਖਣਿਜ-ਪਦਾਰਥਾਂ ਅਤੇ ਉਸਾਰੀਆਂ ਹਿੱਤ ਜਿਵੇਂ ਪਹਾੜਾਂ ਨੂੰ ਖੋਖਲਾ ਕਰਨਾ ਸ਼ੁਰੂ ਕੀਤਾ ਹੋਇਆ ਹੈ, ਦਰ-ਅਸਲ; ਇਹਨਾਂ ਸੱਭ ਦਾ ਹੀ ਮਾਰੂ ਸਿੱਟਾ ਹੈ, ਪਹਾੜਾਂ ਦਾ ਢਹਿ-ਢੇਰੀ ਹੋਣ ਲੱਗ ਪੈਣਾ।

ਮਿੱਟੀ ਸਿਰਜਣ ਅਤੇ ਪਹਾੜਾਂ ਨੂੰ ਜਕੜ-ਬੰਦ ਰੱਖਣ ਵਿੱਚ ਲਖੂਖਾਂ ਸਾਲਾਂ ਦੀ ਕੁਦਰਤੀ ਕਿਰਿਆ-ਪ੍ਰਕਿਰਿਆ ਅਤੇ ਬਨਸਪਤੀ ਦਾ ਵੱਡਾ ਯੋਗਦਾਨ ਹੈ। ਮਿੱਟੀ ਦੀ ਇਕ ਇੰਚ ਪਰਤ ਤਿਆਰ ਹੋਣ ਵਿਚ ਇਕ ਹਜ਼ਾਰ ਵਰ੍ਹਾ ਲੱਗ ਜਾਂਦਾ ਹੈ ਅਤੇ ਕੁਦਰਤਨ ਜਰਖੇਜ਼ ਹੋਣ ਵਿੱਚ ਤਿੰਨ ਸਦੀਆਂ। ਪਹਾੜ ਵੀ ਅੰਬਰੋਂ ਨਹੀਂ ਸੀ ਡਿੱਗੇ, ਇਕ ਲੰਬੀ ਦਾਸਤਾਂ ਹੈ ਇਹਨਾਂ ਦੇ ਉੱਗਮਣ ਅਤੇ ਸਭ ਦੀ ਸਰਬ-ਸਾਂਝੀ ਮਾਲਕੀ ਦੀ, ਇਹ ਵੀ ਕਿਤੇ ਫੇਰ ਸਹੀ। ਪਰ; ਧੰਨ-ਕੁਬੇਰਾਂ ਦੇ ਬੇ-ਲਗਾਮ ਲਾਲਚ ਨੇ ਜਲ, ਜੰਗਲ ਅਤੇ ਜ਼ਮੀਨ ਨੂੰ ਹਾਕਮ-ਜਮਾਤਾਂ ਨਾਲ ਬਰਾਬ-ਗੀਰ ਹੋ ਸਾਜ਼ਸੀ ਢੰਗ ਨਾਲ ਹੜੱਪਣਾ ਸ਼ੁਰੂ ਕੀਤਾ ਹੋਇਆ ਹੈ। ਸਿੱਟੇ ਵਜੋਂ ਕਈ ਹੋਰ ਦੁਸ਼ਵਾਰੀਆਂ ਸਮੇਤ ਜੰਗਲ ਨਿਗਲੇ ਜਾ ਰਹੇ ਹਨ ਅਤੇ ਪਹਾੜ ਖੋਖਲੇ। ਧੰਨ-ਕੁਬੇਰ ਅਤੇ ਹਾਕਮ ਇਹ ਵੀ ਭੁੱਲੀ ਬੈਠੇ ਹਨ ਕਿ ਕੁਦਰਤ ਅਤੇ ਵਾਤਾਵਰਣ ਨੂੰ ਉਲੰਘ ਕੇ ਕੀਤਾ ਗਿਆ ਕੋਈ ਵੀ "ਵਿਕਾਸ" ਅੰਤ ਉਹਨਾਂ ਨੂੰ ਵੀ ਲੈ ਬੈਠੇਗਾ। ਪਹਾੜਾਂ ਦੀ ਕੱਟ-ਵੱਢ ਉਪਰੰਤ ਤਿੱਖੇ ਜਲ-ਭੌਂ ਖੋਰ ਉਪਰੰਤ ਰਾਏਗੜ੍ਹ (ਮਹਾਰਾਸ਼ਟਰ) ਅਤੇ ਹੁਣ ਕਿੰਨੌਰ (ਹਿਮਾਚਲ) ਦਾ ਦੁਖਾਂਤ ਸਾਡੇ ਵੇਲਿਆਂ ਦੀ ਇੱਕ ਹੋਰ ਚਿਤਾਵਨੀ ਹੈ। ਕਿਵੇਂ?

ਕੁਦਰਤ ਦੁਆਰਾ ਜਾਂ ਕੁਦਰਤ ਵਿਰੋਧੀ ਮਨੁੱਖ ਵਲੋਂ ਕੁਦਰਤੀ ਸੋਮਿਆਂ ਦੀ ਮੁੜ-ਭਰਪਾਈ ਨਾ ਕਰਨ ਕਾਰਨ ਧਰਤੀ ਖੁਰਚਿਆਂ ਜਾਣਾ ਭੌਂ-ਖੋਰ ਜਾਂ ਪਹਾੜਾਂ ਦਾ ਖਿਸਕਾਅ ਕਹਾਉਂਦਾ ਹੈ। ਭੂਮੀ ਦੇ ਕਣਾਂ ਦਾ ਪਾਣੀ, ਹਵਾ, ਗਤੀ ਜਾਂ ਜੀਵਕ-ਗਤੀਵਿਧੀਆਂ ਦੁਆਰਾ ਆਪਣੀ ਮੂਲ ਥਾਂ ਤੋਂ ਦੂਜੀ ਥਾਂ ਜਾਣ ਨੂੰ ਭੌਂ-ਖੋਰ ਆਖਦੇ ਹਨ। ਸੀਮਤ ਤੇ ਸਾਧਾਰਨ ਭੌਂ-ਖੋਰ ਕੁਦਰਤ ਦੀ ਆਮ ਪ੍ਰਕਿਰਿਆ ਹੈ, ਇਹ ਨੁਕਸਾਨਦਾਇਕ ਵੀ ਨਹੀਂ। ਕੁਦਰਤੀ ਜਾਂ ਬੰਦੇ ਦੀਆਂ ਲੋੜਾਂ ਕਾਰਨ ਇਹ ਅੱਗੇ ਵੀ ਜਾਰੀ ਰਹੇਗੀ। ਕੁਦਰਤੀ ਸਮਤੋਲ ਜਾਂ ਭੌਂ-ਖੋਰ ਰੋਕੂ ਕਾਰਜਾਂ ਤਹਿਤ ਇਹ ਸੀਮਤ ਅਤੇ ਕਹਿਣੇ ਵਿੱਚ ਹੁੰਦੀ ਸੀ ਪਰ ਹੁਣ ਅਜਿਹਾ ਨਹੀਂ ਹੈ। ਭੂਮੀ ਖੋਰ ਦੋ ਕਿਸਮ ਦਾ ਹੁੰਦਾ ਹੈ ਸਹਿਜ (ਕੁਦਰਤੀ) ਅਤੇ ਵਧਿਆ ਹੋਇਆ (ਮਨੁੱਖੀ ਆਪ-ਹੁਦਰੀਆਂ ਕਾਰਨ)। ਜਦੋਂ ਭੂਮੀ ਖਾਰ ਦੀ ਦਰ ਭੂਮੀ ਬਣਤਰ ਦੀ ਦਰ ਤੋਂ ਘੱਟ ਜਾਂ ਬਰਾਬਰ ਹੋਵੇ ਤਾਂ ਇਸਨੂੰ ਕੁਦਰਤੀ ਜਾਂ ਸਹਿਜ ਕਿਹਾ ਜਾਂਦਾ ਹੈ ਪ੍ਰੰਤੂ ਇਹ ਉਸੇ ਸਥਿਤੀ ਵਿਚ ਹੁੰਦਾ ਹੈ ਜਦ ਭੂਮੀ ਬਨਸਪਤੀ ਨਾਲ ਪੂਰੀ ਤਰ੍ਹਾਂ ਢਕੀ ਹੋਈ ਹੋਵੇ ਮਨੁੱਖੀ ਲੋੜਾਂ ਪਰ ਬੇ-ਲਗਾਮ ਹਿਰਸਾ ਕਾਰਨ ਭੂਮੀ ਨੰਗ-ਧੜੰਗੀ ਅਤੇ ਖੋਖਲੀ ਕਰ ਦਿੱਤੀ ਗਈ ਹੈ।

ਪਹਿਲੀ ਸਟੇਜ ਵਿਚ ਜਦ ਮੀਂਹ ਦੀਆਂ ਬੂੰਦਾ ਨੰਗੀ ਧਰਤੀ 'ਤੇ ਪੈਂਦੀਆਂ ਹਨ ਤਾਂ ਇਹ ਭੂਮੀ ਕਣਾਂ ਨੂੰ ਨਿਖੇੜ ਕੇ 2 ਤੋਂ 5 ਫੁੱਟ ਦੀ ਦੂਰੀ 'ਤੇ ਲਿਜਾਕੇ ਸੁੱਟ ਦਿੰਦੀਆਂ ਹਨ। ਦੂਸਰੀ ਸਟੇਜ ਉੱਤੇ ਇਹ ਕਣ ਵਹਿਕੇ ਜਾਂ ਧਰਤੀ ਉਪਰਲੀ ਮਹੀਨ ਪਰਤ ਧੋਹ ਹੋ ਵਹਿ ਤੁਰਦੀ ਹੈ। ਇਸ ਬਾਰੀਕ ਪਰਤ ਦੀ ਖੁਰਚਾਈ ਦਿੱਸਦੀ ਨਹੀਂ ਪ੍ਰੰਤੂ ਇੱਕ-ਅੱਧੇ ਦਹਾਕੇ ਬਾਅਦ ਇਸਦੀ ਘਾਟ ਰੜਕਣ ਲੱਗ ਪੈਂਦੀ ਹੈ। ਇਸਤੋਂ ਅਗਲਾ ਕਦਮ, ਧਾਰਾਵੀਂ ਖੋਰ (ਰਿਲ ਇਰੋਜਨ) ਹੁੰਦੀ ਹੈ ਜਦ ਧਰਤੀ ਉੱਤੇ ਪੰਜਿਆਂ ਵਰਗੀਆਂ ਧਾਰਾਵਾਂ ਬਣ ਜਾਂਦੀਆਂ ਹਨ। ਪਾਣੀ ਦਾ ਲਗਾਤਾਰ ਵਹਿਣ ਉਂਗਲਾਂ ਵਰਗੀਆਂ ਨਾਲੀਆਂ ਉਸਾਰ ਕੇ ਭੌਂ-ਖੋਰ ਕਰਦਾ ਹੈ ਜਿਸ ਨਾਲ ਉਪਜਾਊ ਪਰਤਾਂ ਰੁੜ ਜਾਂਦੀਆਂ ਹਨ। ਤੀਜੀ ਧਾਰਾ ਚੋਈਆਂ ਦੀ ਉਸਾਰ ਹੁੰਦੀ ਹੈ। ਪਾਣੀ ਦੀ ਤੇਜ਼ ਗਤੀ ਦੋ ਕੁ ਸਾਲਾਂ 'ਚ ਹੀ ਚੋਈਆਂ (ਨਾਲੀਆਂ) ਦੀ ਉਸਾਰੀ ਕਰ ਦਿੰਦੀ ਹੈ। ਇਸ ਤੋਂ ਅਗਾਂਹ ਖੁਰ ਕੇ ਚੋਈਆਂ ਤੇ ਡੂੰਘੀਆਂ ਖੱਡਾ-ਖਾਈਆਂ ਬਣ ਜਾਂਦੀਆਂ ਹਨ। ਬਰਫਾਨੀ, ਹਵਾਈ ਤੇ ਢਿੱਗਾਂ ਡਿੱਗਣ ਵਾਲੀਆਂ ਹੋਰ ਵੀ ਕਈ ਕਿਸਮਾਂ ਭੂਮੀ ਖੋਰ ਦੀਆਂ ਸ਼ਕਲਾਂ ਹਨ ਪ੍ਰੰਤੂ ਡੂੰਘੀਆਂ ਖਾਈਆਂ ਇਸਦਾ ਵਿਰਾਟ ਰੂਪ ਹਨ ਜਿਹੜਾ ਪਰਬਤਾਂ ਨੂੰ ਵੀ ਲੈ ਬਹਿੰਦਾ ਹੈ।

ਵੀਰਾਨ, ਨੰਗ-ਧੜੰਗੀ ਤੇ ਰੁੱਖ ਵਿਹੂਣੀ ਇਕ ਹੈਕਟੇਅਰ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ। ਬਨਸਪਤੀ ਦੀਆਂ ਜੜ੍ਹਾਂ ਅਤੇ ਰੋਕਾਂ ਹੀ ਸਾਡੀ ਮਿੱਟੀ ਨੂੰ ਰੁੜ੍ਹਨੋ-ਉੱਡਨੋ ਬਚਾਉਂਦੀਆਂ ਹਨ। ਜੇ ਇਕ ਹੈਕਟੇਅਰ ਵਿੱਚੋਂ ਹਰ ਵਰ੍ਹੇ ਇਕ ਘਣਮੀਟਰ ਮਿੱਟੀ ਰੁੜ੍ਹਦੀ ਰਹੇ ਅਤੇ ਇਹ ਕਿਰਿਆ ਇਕ ਪੀੜ੍ਹੀ (25 ਵਰ੍ਹੇ) ਜਾਰੀ ਰਹੇ ਤਾਂ ਇਕ ਫੁੱਟ ਉੱਤਲੀ ਪਰਤ ਰੁੜ੍ਹ-ਖੁਰ ਸਮੁੰਦਰਾਂ ਪੇਟੇ ਜਾ ਪਵੇਗੀ। ਦਰਅਸਲ, ਹੁਣ ਭੂਮੀ ਅਤੇ ਜੰਗਲਾਂ-ਪਹਾੜਾਂ ਦੀ ਵਰਤੋਂ ਉਸ ਦੀ ਯੋਗਤਾ ਅਤੇ ਕੁਦਰਤੀ ਸਮਤੋਲ ਦੇ ਮੱਦੇ-ਨਜ਼ਰ ਨਹੀਂ ਹੋ ਰਹੀ। ਜਿਸ ਕਾਰਨ ਵੀ ਭੂਮੀ ਖੋਰ, ਮਾਰੂਥਲੀਕਰਨ, ਜਲ-ਸੰਕਟ ਅਤੇ ਪਹਾੜਾਂ 'ਚ ਜਲ-ਸਲਾਬ ਵੱਧਰਹੇ ਹਨ। ਭਾਰਤ ਨੂੰ ਦਰਪੇਸ਼ ਖ਼ਤਰਿਆਂ ਵਿੱਚੋਂ ਭੌਂ ਖੋਰ ਅਤੇ ਜਲ-ਸੰਕਟ ਹੁਣ ਵੱਡੇ ਖ਼ਤਰੇ ਹਨ। ਹਰ ਸਾਲ 6 ਕਰੋੜ ਟਨ, ਜਲ ਕੁੰਡਾਂ ਨੂੰ ਜਾ ਰਹੀ ਹੈ। ਭਾਰੀ ਮੀਂਹਾਂ ਅਤੇ ਤੇਜ਼ ਹਨੇਰੀਆਂ ਵਿੱਚ ਇਹ ਭੌਂ-ਖੋਰ ਬੜੀ ਤੇਜ਼ ਹੁੰਦੀ ਹੈ।

ਪਹਾੜਾਂ ਵਿੱਚ 60 ਹਿੱਸੇ ਦੇ ਹਿਸਾਬ ਨਾਲ ਰੁੱਖ ਨਾ ਲੱਗੇ ਹੋਣ ਤਾਂ ਮੀਂਹ ਪਹਾੜਾਂ-ਮੈਦਾਨਾਂ ਦੀ ਮਿੱਟੀ ਨੂੰ ਖੋਰਦਾ-ਰੋੜ੍ਹਦਾ ਹੈ। ਜਦੋਂ ਪਾਣੀ ਢਲਾਨ ਤੋਂ ਉਤਰਦਾ ਹੈ, ਉਥੇ ਜੇ ਧਰਤੀ ਨੰਗੀ ਹੋਵੇ ਜਾਂ ਮੂਹਰੇ ਅੜਿੱਕੇ ਨਾ ਹੋਣ ਤਾਂ ਜੇ ਇਸਦੀ ਗਤੀ ਦੁੱਗਣੀ ਹੋ ਜਾਵੇ ਤਾਂ ਭੂਮੀ ਦੀ ਕੱਟ-ਵੱਢ 4 ਗੁਣਾਂ ਹੋ ਜਾਂਦੀ ਹੈ ਅਤੇ ਇਸ ਗਤੀ ਉੱਤੇ ਮਾਦਾ ਚੁੱਕ-ਖੜਨ ਦੀ ਸਮਰੱਥਾ 32 ਗੁਣਾ ਅਤੇ ਰੋੜ੍ਹ ਸਮਰੱਥਾ 64 ਗੁਣਾ ਹੋ ਜਾਂਦੀ ਹੈ। ਅਰਥਾਤ ਜੇ ਗਤੀ ਦੁੱਗਣੀ ਤਾਂ ਰੋੜ੍ਹ ਸਮਰੱਥਾ 64 ਪ੍ਰੰਤੂ ਜੇ ਜਲ-ਗਤੀ ਤਿੰਨ ਗੁਣਾ ਹੋਵੇ ਤਾਂ ਰੋੜ੍ਹ ਸਮਰੱਥਾ 729 ਗੁਣਾ ਹੋ ਜਾਂਦੀ ਹੈ। ਤਿੱਖੀ ਗਤੀ ਹਜ਼ਾਰਾ ਟਨ ਮਲਬਾ ਵੀ ਲੈ ਤੁਰਦੀ ਹੈ, ਜਿਹੜਾ ਸਾਨੂੰ ਮਿੱਧਦਾ, ਦਰੜਦਾ ਅਤੇ ਮਾਰਦਾ ਹੈ। ਪਹਾੜ ਖਿਸਕਦੇ ਅਤੇ ਵਹਿ ਤੁਰਦੇ ਹਨ। ਭੌਂ ਖੋਰ ਨਾਲ ਧਰਤੀ ਦੀ ਉਪਜਾਊ ਪਰਤ ਗੁਆਚ ਜਾਂਦੀ ਹੈ, ਮੈਦਾਨੀ ਜਲ ਵਹਿਣਾ ਦੇ ਪਾਟ ਭਰਨ ਨਾਲ ਹੜ੍ਹਾਂ ਦਾ ਖਤਰਾ, ਜਲ-ਕੁੰਡ ਮਿੱਟੀ ਨਾਲ ਪੂਰ ਹੋਣ ਨਾਲ ਜਲ-ਗ੍ਰਹਿਣ ਸਮਰੱਥਾ 'ਚ ਘਾਟਾ, ਜ਼ਮੀਨ ਦਾ ਟੋਇਆਂ-ਟੋਟਿਆਂ ਵਿਚ ਵੰਡੇ ਜਾਣਾ, ਜਲ ਤਲ ਦਾ ਨੀਵੇਂ ਤੋਂ ਨੀਵਾਂ ਹੁੰਦੇ ਜਾਣਾ, ਸਮੁੰਦਰ ਦਾ ਤਲ ਉੱਚਾ ਹੁੰਦੇ ਜਾਣਾ, ਵਰਖਾ ਗੜਬੜਾ ਜਾਣਾ ਤੋਂ ਬਿਨ੍ਹਾਂ ਭੋਜਨ ਪਦਾਰਥਾਂ ਦੀ ਪੈਦਾਵਾਰ ਦਾ ਘਟਣਾ ਅਤੇ ਸੰਪਤੀਆਂ ਸਮੇਤ ਜਾਨਾਂ ਦਾ ਖੋਹ ਆਦਿ ਇਸਦੀਆਂ ਭੈੜੀਆਂ ਅਲਾਮਤਾਂ ਹਨ। ਬਨਸਪਤੀ ਵਿਹੂਣੀ ਧਰਤੀ ਅਤੇ ਖੋਖਲੇ ਪਹਾੜਾਂ ਦੀ ਜਲ ਅਤੇ ਹਵਾ ਨਾਲ ਲਗਾਤਾਰ ਹੁੰਦੀ ਭੌਂ-ਖੋਰ, ਕੱਟ-ਵੱਢ ਤੇ ਉਡਾਈ ਸਾਡੇ ਪੱਲੇ ਜਲ-ਸਲਾਬ, ਦਰਾੜਾਂ ਅਤੇ ਮਾਰੂਥਲ ਤਾਂ ਪਾ ਹੀ ਜਾਵੇਗੀ ਸਗੋਂ ਅਸੀਂ ਪਹਾੜੀ ਜਨ-ਜੀਵਨ, ਸਮੁੰਦਰ ਕੰਢਲੇ ਸ਼ਹਿਰਾਂ ਅਤੇ ਨੀਵੇਂ ਮੁਲਕਾਂ ਨੂੰ ਵੀ ਲੈ ਬੈਠਾਂਗੇ।

ਭਾਰਤ ਅਤੇ ਪਾਕਿਸਤਾਨ ਵਿਚਲੇ ਥਾਰ ਦੀ ਦੋ ਹਜ਼ਾਰ ਵਰ੍ਹੇ ਪੁਰਾਣੀ ਦਾਸਤਾਂ ਅਤੇ ਪਹਾੜਾਂ ਦੇ ਮੌਜੂਦਾ ਜਲ-ਸਲਾਬ ਅਸਲ ਵਿਚ ਮਨੁੱਖ ਦੇ ਕੁਦਰਤ ਪ੍ਰਤੀ ਗਲਤ ਵਿਵਹਾਰ ਦੀ ਹੀ ਵਿੱਥਿਆ ਹੈ ਲੱਗਦਾ, ਅਸੀਂ ਹੱਥੀ ਉਜਾੜੇ ਰਾਜਸਥਾਨ ਦੀ ਹੋਣੀ ਨੂੰ ਭੁੱਲ ਗਏ ਹਾਂ। ਕਿਸੇ ਸਮੇਂ ਸਾਰੇ ਸਥਾਨਾਂ 'ਚੋਂ ਰਾਜ (ਸਿਰਮੌਰ) ਸਥਾਨ ਰੱਖਦਾ ਸਰ-ਸਬਜ਼ ਇਹ ਖਿੱਤਾ ਕੁਝ ਹੀ ਦਹਿ-ਸਦੀਆਂ ਵਿੱਚ ਉਦੋਂ ਧੂੜ ਤੇ ਟੋਇਆਂ-ਟਿੱਬਿਆਂ ਵਿਚ ਬਦਲ ਗਿਆ ਜਦ ਜੰਗਲ ਅਤੇ ਪਹਾੜ ਰੁੱਸ ਗਏ ਤਵਾਰੀਖ ਗਵਾਹ ਹੈ ਕਿ ਜ਼ਰੂਰੀ ਵਰਤੋਂ ਉਪਰੰਤ ਕੁਦਰਤੀ ਸੋਮਿਆਂ ਦੀ ਮੁੜ-ਭਰਪਾਈ ਨਾ ਕਰਨ ਵਾਲੀ ਤਕਰੀਬਨ ਹਰ 'ਸਲਤਨਤ' ਦਾ ਅੰਤ ਦਰਾੜਾਂ ਅਤੇ ਮਾਰੂਥਲ ਦੇ ਜਨਮ ਨਾਲ ਹੋਇਆ ਹੈ। ਕਿਥੇ ਗਈਆਂ ਸਾਡੀਆਂ ਹੜੱਪਾ ਅਤੇ ਮਹਿੰਜੋਦੜੋ ਦੀਆਂ ਸੱਭਿਆਤਾਵਾਂ? ਮੌਜੂਦਾ ਮਾਰੂਥਲ ਮਰਾਕੋ, ਅਲਜ਼ੀਰੀਆ ਅਤੇ ਟਿਊਨੇਸ਼ੀਆ ਕਿਸੇ ਵਕਤ ਰੋਮਨ ਸ਼ਹਿਨਸ਼ਾਹੀ ਦੇ ਪ੍ਰਸਿੱਧ ਅਨਾਜ ਖੇਤਰ ਸਨ। ਇਸੇ ਦੀ ਉਪਜ ਇਟਲੀ ਅਤੇ ਸਿਸਲੀ ਦਾ ਭੌਂ-ਖੋਰ ਹੈ। ਮੈਸੋਪਟਾਮੀਆਂ, ਫਲਸਤੀਨ, ਸੀਰੀਆ ਅਤੇ ਅਰਬ ਦੇ ਕੁਝ ਭਾਗ, ਉਰ, ਸੁਮੇਰੀਆ, ਬੇਬੀਲੋਨ ਅਤੇ ਅਸੀਰੀਆ ਕਦੇ ਮਹਾਨ ਬਾਦਸ਼ਾਹੀਆਂ ਦੇ ਮਾਣ-ਮੱਤੇ ਤਖਤ ਸਨ ਕੱਲ੍ਹ ਦਾ ਉਪਜਾਊ ਪਰਸ਼ੀਆ ਅੱਜ ਦਾ ਮਾਰੂਥਲ ਹੈ। ਸਿਕੰਦਰ ਦਾ ਹਰਿਆ-ਭਰਿਆ ਯੂਨਾਨ ਅੱਜ ਆਪਣੀ ਬੰਜਰ ਭੂਮੀ ਕਾਰਨ ਝੂਰ ਰਿਹਾ ਹੈ।

ਕਿਓਂ?

ਇਨ੍ਹਾਂ ਕੁਦਰਤ ਦੀ ਅਸਮਤ ਜੁ ਲੀਰੋ-ਲੀਰ ਕਰ ਦਿੱਤੀ ਸੀ।

ਕੀ ਅਸੀਂ ਬਚੇ ਰਹਾਂਗੇ ? ਇਹੀ ਉਹ ਸਵਾਲ ਹੈ, ਜਿਹੜਾ ਹਾਕਮਾਂ ਅਤੇ ਸਾਡੇ-ਤੁਹਾਡੇ ਪੱਲੇ ਨਹੀਂ ਪੈਂਦਾ।

ਆਓ;<br>
ਉਬਿਰਖਾਂ ਦੀ ਬਾਤ ਪਾਈਏ,<br>
ਪਹਾੜਾਂ ਦੀ ਕਦਰ ਕਰੀਏ,<br>
ਦਰਿਆਵਾਂ ਦੀ ਬਾਂਹ ਫੜੀਏ,<br>
ਧਰਤੀ ਦਾ ਅਦਬ ਕਰੀਏ॥"

94634 39075



ਸੁਖਪਾਲ ਸਿੰਘ
98760-63523

# ਕਾਲੇ ਖੇਤੀ ਕਾਨੂੰਨਾਂ ਦੀ ਰਾਜਨੀਤਿਕ ਆਰਥਿਕਤਾ

### ਖੇਤੀਬਾੜੀ ਕਾਨੂੰਨ: ਇਹ ਜਮੂਦ ਕਿਉਂ ?

ਨਵੇਂ ਖੇਤੀ ਕਾਨੂੰਨਾਂ ਖਿਲਾਫ ਪਿਛਲੇ ਨੌਂ ਮਹੀਨਿਆਂ ਤੋਂ ਕਿਸਾਨ ਅੰਦੋਲਨ ਲੋਕ ਅੰਦੋਲਨ ਬਣ ਕੇ ਵਿਲੱਖਣ ਰੂਪ ਧਾਰਨ ਕਰ ਗਿਆ ਹੈ। ਇਸ ਨੂੰ ਸਮਾਜ ਦੇ ਹਰ ਵਰਗ, ਹਰ ਸੂਬੇ ਅਤੇ ਹਰ ਮੁਲਕ ਵਿਚੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਪਰ ਕੇਂਦਰ ਸਰਕਾਰ ਕਾਨੂੰਨ ਲਾਗੂ ਕਰਨ ਲਈ ਬਜਿਦ ਹੈ। ਇਹ ਤੱਥ ਸਮਝਣ ਲਈ ਇਹ ਵਿਸਲੇਸਣ ਬੇਹੱਦ ਜਰੂਰੀ ਹੈ ਕਿ ਇਹ ਕਾਨੂੰਨ ਲਿਆਉਣ ਵਿਚ ਕਿਹੜੇ ਕਾਰਕ ਕੰਮ ਕਰਦੇ ਹਨ। ਸਭ ਤੋਂ ਵੱਡਾ ਕਾਰਕ ਖੇਤੀ ਖੇਤਰ ਉੱਪਰ ਕਾਰਪੋਰੇਟ ਸੈਕਟਰ ਨੂੰ ਕੰਟਰੋਲ ਕਰਨ ਦਾ ਮਨਸਾ ਛੁਪਿਆ ਹੋਇਆ ਹੈ। ਅਸਲ ਵਿਚ ਪੂਰੇ ਸੰਸਾਰ ਵਿਚ ਪੂੰਜੀਵਾਦ ਬਹੁਤ ਗਹਿਰੇ ਸੰਕਟ ਵਿਚੋਂ ਗੁਜਰ ਰਿਹਾ ਹੈ। ਨਵ-ਉਦਾਰਵਾਦ ਦੇ ਇਸ ਦੌਰ ਵਿਚ ਸਮੁੱਚਾ ਅਰਥਚਾਰਾ, ਵਿਸੇਸ ਕਰਕੇ ਉਦਯੋਗ ਅਤੇ ਨਿਰਮਾਣ ਸੈਕਟਰ ਦੇ ਵਿਕਾਸ ਦੀ ਦਰ ਬਹੁਤ ਧੀਮੀ ਜਾਂ ਰਿਣਾਤਮਕ ਹੈ। ਕਾਰਪੋਰੇਟ ਆਪਣੇ ਸੰਕਟ ਵਿਚੋਂ ਨਿਕਲਣ ਲਈ ਖੇਤੀ ਸੈਕਟਰ ਉਪਰ ਕੰਟਰੋਲ ਚਾਹੁੰਦੇ ਹਨ ਅਤੇ ਉਹ 'ਖੇਤੀ



ਸੁਧਾਰਾਂ' ਲਈ ਤਤਪਰ ਹਨ। ਇਸੇ ਪ੍ਰਸੰਗ ਵਿਚ ਕਾਰਪੋਰੇਟ ਘਰਾਣਿਆਂ ਦੇ ਅੱਡੀ-ਚੋਟੀ ਦੇ ਜੋਰ ਰਾਹੀਂ ਸੱਤਾ ਉਪਰ ਬਿਰਾਜਮਾਨ ਸਰਕਾਰ ਲੋਕਾਈ ਦਾ ਨਹੀਂ, ਸਿਰਫ ਕਾਰਪੋਰੇਟ ਅਦਾਰਿਆਂ ਦੇ ਹਿਤਾਂ ਦੀ ਪੂਰਤੀ ਕਰ ਰਹੀ ਹੈ।

ਅੱਜ ਸਮੁੱਚੇ ਸੰਸਾਰ ਅਰਥਚਾਰੇ ਵਿਚ ਖਾਧ ਪਦਾਰਥਾਂ ਦੀ ਵੱਡੀ ਕਿੱਲਤ ਆਉਣ ਦਾ ਖਦਸਾ ਹੈ। ਵਾਤਾਵਰਨ ਤਬਦੀਲੀਆਂ ਹੋਣ ਕਰਕੇ ਪਾਣੀ, ਸੋਕੇ, ਅਤਿ ਦੀ ਤਪਸ ਅਤੇ ਹੜ੍ਹਾਂ ਦੇ ਦਿਉ ਕੱਦ ਸੰਕਟ ਨਾਲ ਖੇਤੀ 'ਤੇ ਅਸਰ ਲਾਜਮੀ ਹੈ ਜਿਸ ਨਾਲ ਭੁੱਖਮਰੀ ਫੈਲਣ ਦੀਆਂ ਕਿਆਸਅਰਾਈਆਂ ਵੀ ਹਨ। ਕਾਰਪੋਰੇਟ ਸੈਕਟਰ ਦਾ ਮੁੱਖ ਮਕਸਦ ਖੇਤੀ ਵਿਚੋਂ ਵਸੋਂ ਨੂੰ ਬਾਹਰ ਕੱਢਣਾ ਅਤੇ ਆਧੁਨਿਕ ਤਕਨਾਲੋਜੀ ਰਾਹੀਂ ਖੇਤੀ ਨਿਵੇਸ ਕਰਨਾ ਹੈ। ਉਦਯੋਗਿਕ ਖੇਤਰ ਵਿਚ ਵਾਧੂ ਉਤਪਾਦਨ (ਜੋ ਲੋਕਾਂ ਦੀ ਲੋੜ ਹੁੰਦਿਆਂ ਵੀ ਘੱਟ ਖਰੀਦ ਸਕਤੀ ਕਰਕੇ ਅਣਵਿਕਿਆ ਰਹਿੰਦਾ ਹੈ) ਹੋਣ ਕਰਕੇ ਹੀ ਕਾਰਪੋਰੇਟ ਸੈਕਟਰ ਦਾ ਕਿਸੇ ਹੋਰ ਖੇਤਰ ਵਿਚ ਨਿਵੇਸ ਕਰਨ ਲਈ ਥਾਂ ਲੱਭਣਾ ਹੈ। ਇਹ ਖੇਤਰ ਸਿਰਫ ਖੇਤੀਬਾੜੀ ਹੀ ਹੈ ਜਿੱਥੇ ਵੱਡੇ ਨਿਵੇਸ ਕਰਨ ਦੀਆਂ ਸੰਭਾਵਨਾਵਾਂ ਹਨ। ਇਸੇ ਕਰਕੇ ਭਾਰਤੀ ਹੁਨਰ ਵਿਕਾਸ ਕੌਂਸਲ ਦੀਆਂ ਸਿਫਾਰਸਾਂ ਹਨ ਕਿ ਭਾਰਤੀ ਖੇਤੀ ਵਿਚ ਲੱਗੀ 57% ਕਿਰਤ ਸਕਤੀ ਘਟਾ ਕੇ 38% ਕੀਤੀ ਜਾਵੇ ਤਾਂ ਕਿ ਕਿਰਤ ਉਤਪਾਦਕਤਾ ਵਧਾਈ ਜਾ ਸਕੇ ਪਰ ਅਸਲ ਹਾਲਤ ਇਹ ਹੈ ਕਿ ਭਾਰਤ ਵਰਗੇ ਖੇਤੀ ਪ੍ਰਧਾਨ ਮੁਲਕ ਵਿਚ ਖੇਤੀ ਵਿਚੋਂ ਕੱਢੀ ਵੱਡੀ ਕਿਰਤ ਸਕਤੀ ਨੂੰ ਕਿਸੇ ਹੋਰ

# ਪੰਜਾਬ ਦੇ ਖੇਤ ਮਜਦੂਰਾਂ ਦੇ ਹਾਲਾਤ



ਡਾ. ਗਿਆਨ ਸਿੰਘ

09 ਤੋਂ 11 ਅਗਸਤ ਤੱਕ ਪੰਜਾਬ ਦੀਆਂ ਪੇਂਡੂ ਅਤੇ ਖੇਤ ਮਜਦੂਰ ਜਥੇਬੰਦੀਆਂ ਦਾ ਸਾਂਝਾ ਮੋਰਚਾ ਪਟਿਆਲਾ ਵਿਚ ਰੋਸ ਧਰਨਾ ਲਾ ਰਿਹਾ ਹੈ। ਇਨ੍ਹਾਂ ਜਥੇਬੰਦੀਆਂ ਦੀਆਂ ਮੁੱਖ ਮੰਗਾਂ ਵਿਚ ਕੇਂਦਰ ਸਰਕਾਰ ਦੇ ਮੜ੍ਹੇ ਖੇਤੀਬਾੜੀ ਕਾਨੂੰਨ ਅਤੇ ਬਿਜਲੀ ਸੋਧ ਬਿੱਲ-2020 ਰੱਦ ਕਰਵਾਉਣੇ, ਜਨਤਕ ਵੰਡ ਪ੍ਰਣਾਲੀ ਮਜਬੂਤ ਕਰਕੇ ਪੇਂਡੂ ਤੇ ਖੇਤ ਮਜਦੂਰਾਂ ਸਮੇਤ ਸਹਿਰੀ ਗਰੀਬਾਂ ਤੇ ਸਭ ਲੋੜਵੰਦਾਂ ਲਈ ਸਸਤਾ ਰਾਸਨ ਤੇ ਰਸੋਈ ਵਰਤੋਂ ਦੀਆਂ ਸਾਰੀਆਂ ਵਸਤਾਂ ਸਸਤੀਆਂ ਕੀਮਤਾਂ ਉੱਤੇ ਮੁਹੱਈਆ ਕਰਵਾਉਣੀਆਂ, ਕਿਰਤ ਕਾਨੂੰਨਾਂ ਵਿਚ ਕੀਤੀਆਂ ਮਜਦੂਰ ਵਿਰੋਧੀ ਸੋਧਾਂ ਰੱਦ ਕਰਨਾ, ਮਜਦੂਰਾਂ ਤੇ ਗਰੀਬ ਕਿਸਾਨਾਂ ਸਿਰ ਖੜ੍ਹੇ ਸਾਰੇ ਸੰਸਥਾਈ ਅਤੇ ਗੈਰ-ਸੰਸਥਾਈ ਕਰਜੇ ਮੁਆਫ ਕਰਨਾ ਅਤੇ ਉਨ੍ਹਾਂ ਨੂੰ ਬਿਨਾ ਵਿਆਜ ਤੇ ਗਰੰਟੀ ਲੰਮੀ ਮਿਆਦ ਦੇ ਕਰਜੇ ਦੇਣ ਦੀ ਵਿਵਸਥਾ ਕਰਨਾ, ਸਹਿਕਾਰੀ ਸਭਾਵਾਂ ਵਿਚ ਬੇਜਮੀਨੇ ਮਜਦੂਰਾਂ ਦੇ ਹਿੱਸੇ ਪੁਆਉਣਾ, ਖੁਦਕੁਸੀ ਪੀੜਤਾਂ ਨੂੰ ਮੁਆਵਜਾ ਤੇ ਨੌਕਰੀਆਂ ਦੇਣ ਦਾ ਪ੍ਰਬੰਧ ਕਰਨਾ, ਲੋੜਵੰਦ ਮਜਦੂਰਾਂ ਨੂੰ 10-10 ਮਰਲੇ ਦੇ ਪਲਾਟ ਤੇ ਮਕਾਨ ਉਸਾਰੀ ਲਈ ਪੰਜ ਲੱਖ ਰੁਪਏ ਗਰਾਂਟ ਦੇਣਾ, ਪਹਿਲਾਂ ਅਲਾਟ ਪਲਾਟਾਂ ਦੇ ਕਬਜੇ ਦੇਣਾ, ਮਜਦੂਰਾਂ ਲਈ ਪੱਕੇ ਰੁਜਗਾਰ ਦਾ ਪ੍ਰਬੰਧ ਕਰਨਾ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਬੰਦ ਕਰਨਾ, ਮਗਨਰੇਗਾ ਅਧੀਨ ਪੂਰੇ ਪਰਿਵਾਰ ਨੂੰ ਸਾਲ ਭਰ ਲਈ ਕੰਮ ਤੇ ਮਜਦੂਰੀ 600 ਰੁਪਏ ਪ੍ਰਤੀ ਦਿਨ ਕਰਨਾ, ਸਿਹਤ ਸੇਵਾਵਾਂ ਵਿਚ ਸੁਧਾਰ, ਜਮੀਨ ਹੱਦਬੰਦੀ ਕਾਨੂੰਨ ਲਾਗੂ ਕਰਕੇ ਵਾਧੂ ਜਮੀਨਾਂ ਬੇਜਮੀਨੇ ਲੋਕਾਂ ਵਿਚ ਵੰਡਣੀਆਂ, ਪੰਚਾਇਤੀ ਜਮੀਨਾਂ ਵਿਚੋਂ ਤੀਜੇ ਹਿੱਸੇ ਦੀ ਜਮੀਨ ਦਲਿਤਾਂ ਨੂੰ ਠੇਕੇ ਉੱਪਰ ਦੇਣ ਨੂੰ ਯਕੀਨੀ ਬਣਾਉਣਾ, ਦਲਿਤਾਂ ਉੱਪਰ ਜਾਤਪਾਤੀ ਦਾਬੇ ਤਹਿਤ ਕੀਤਾ ਜਾਂਦਾ ਸਮਾਜਿਕ ਤੇ ਸਰਕਾਰੀ ਜਬਰ ਬੰਦ ਕਰਨਾ ਅਤੇ ਲੋੜਵੰਦਾਂ ਲਈ ਸਮਾਜਿਕ ਸੁਰੱਖਿਆ ਵਧਾਉਣਾ ਸਾਮਲ ਹਨ।

ਲੇਖਕ ਦੀ ਅਗਵਾਈ ਵਿਚ ਪੰਜਾਬ ਦੇ ਸਾਰੇ ਤਿੰਨ ਖੇਤੀਬਾੜੀ ਜਲਵਾਯੂ ਖੇਤਰਾਂ ਵਿਚ ਕਿਸਾਨਾਂ ਤੇ ਖੇਤ ਮਜਦੂਰਾਂ ਸਿਰ ਕਰਜੇ ਤੇ ਗਰੀਬੀ ਦਾ ਅਧਿਐਨ ਕਰਨ ਲਈ 27 ਵਿਕਾਸ ਖੰਡਾਂ ਦੇ 27 ਪਿੰਡਾਂ ਵਿਚੋਂ 1007 ਕਿਸਾਨ ਅਤੇ 301 ਖੇਤ ਮਜਦੂਰ ਪਰਿਵਾਰਾਂ ਦਾ ਸਰਵੇਖਣ ਕੀਤਾ ਗਿਆ। ਸਰਵੇਖਣ ਤੋਂ ਇਹ ਸਾਹਮਣੇ ਆਇਆ ਕਿ ਕਿਸਾਨਾਂ ਦੇ ਮਾਮਲੇ ਵਿਚ ਜਿਵੇਂ ਜਿਵੇਂ ਅਸੀਂ ਵੱਡੇ ਕਿਸਾਨ ਸ੍ਰੇਣੀ ਤੋਂ ਸੀਮਾਂਤ ਕਿਸਾਨ ਸ੍ਰੇਣੀ ਵੱਲ ਹੇਠਾਂ ਆਉਂਦੇ ਹਾਂ ਤਾਂ ਉਨ੍ਹਾਂ ਦੀਆਂ ਕਰਜੇ ਤੇ ਗਰੀਬੀ ਦੇ ਸਬੰਧ ਵਿਚ ਹਾਲਾਤ ਮਾੜੇ ਹੁੰਦੇ ਜਾਂਦੇ ਹਨ। ਖੇਤ ਮਜਦੂਰ ਪੇਂਡੂ ਖੇਤੀਬਾੜੀ ਆਰਥਿਕਤਾ ਦੀ ਪੌੜੀ ਦਾ ਸਭ ਤੋਂ ਹੇਠਲਾ ਡੰਡਾ ਹੈ ਜੋ ਘਸਦਾ ਵੀ ਜ਼ਿਆਦਾ ਤੇ ਟੁੱਟਦਾ ਵੀ ਜ਼ਿਆਦਾ ਹੈ ਅਤੇ ਇਸ ਨੂੰ ਠੁੱਡੇ ਵੀ ਜ਼ਿਆਦਾ ਮਾਰੇ ਜਾਂਦੇ ਹਨ। ਅੰਕੜੇ ਅਤੇ ਤੱਥ ਬੋਲਦੇ ਹਨ ਕਿ ਪੰਜਾਬ ਦੇ ਖੇਤ ਮਜਦੂਰਾਂ ਦੇ ਖੀਸੇ ਖਾਲੀ, ਢਿੱਡ ਭੁੱਖੇ ਅਤੇ ਤਨ ਉੱਤੇ ਲੀਰਾਂ ਹਨ।

ਖੇਤ ਮਜਦੂਰ ਪਰਿਵਾਰਾਂ ਦੇ 31 ਫੀਸਦ ਦੇ ਕਰੀਬ ਜੀਅ ਕਮਾਊ, 27 ਫੀਸਦ ਦੇ ਕਰੀਬ ਅਰਧ-ਕਮਾਊ ਅਤੇ ਬਾਕੀ ਦੇ 48 ਫੀਸਦ ਨਿਰਭਰ ਸ੍ਰੇਣੀ ਵਿਚ ਆਉਂਦੇ ਹਨ। ਖੇਤ ਮਜਦੂਰ ਪਰਿਵਾਰਾਂ ਵਿਚੋਂ 94.68 ਫੀਸਦ ਅਨੁਸੂਚਿਤ ਜਾਤੀਆਂ, 4.32 ਫੀਸਦ ਪਛੜੀਆਂ ਜਾਤੀਆਂ ਅਤੇ ਸਿਰਫ 1 ਫੀਸਦ ਜਨਰਲ ਜਾਤੀਆਂ ਨਾਲ ਸਬੰਧਿਤ ਹਨ। ਖੇਤ ਮਜਦੂਰਾਂ ਵਿਚੋਂ 19.6 ਫੀਸਦ ਕੱਚੇ ਮਕਾਨਾਂ, 72.43 ਫੀਸਦ ਅਰਧ-ਪੱਕੇ ਮਕਾਨਾਂ ਅਤੇ ਸਿਰਫ 7.79 ਫੀਸਦ ਪੱਕੇ ਮਕਾਨਾਂ ਵਿਚ ਰਹਿੰਦੇ ਹਨ। ਇਨ੍ਹਾਂ ਮਜਦੂਰਾਂ ਦੇ 41.2 ਫੀਸਦ ਪਰਿਵਾਰ ਅਜਿਹੇ ਹਨ ਜਿਨ੍ਹਾਂ ਕੋਲ ਨਹਾਉਣ ਲਈ ਗੁਸਲਖਾਨਾ ਤੱਕ ਨਹੀਂ। ਇਨ੍ਹਾਂ ਪਰਿਵਾਰਾਂ ਦੇ 42.06 ਫੀਸਦ ਜੀਅ ਕੋਰੇ ਅਨਪੜ੍ਹ ਹਨ ਅਤੇ ਸਿਰਫ 2.7 ਫੀਸਦ ਨੇ ਗ੍ਰੈਜੂਏਸਨ, 0.7 ਫੀਸਦ ਨੇ ਪੋਸਟ-ਗ੍ਰੈਜੂਏਸਨ ਪੱਧਰ ਤੱਕ ਦੀ ਵਿੱਦਿਆ ਪ੍ਰਾਪਤ ਕੀਤੀ ਹੋਈ ਹੈ। ਇਨ੍ਹਾਂ ਪਰਿਵਾਰਾਂ ਦੇ 23.28 ਫੀਸਦ ਜੀਅ 15 ਸਾਲ ਤੱਕ ਉਮਰ ਅਤੇ 7.03 ਫੀਸਦ ਜੀਅ 60 ਸਾਲ ਤੋਂ ਵਧੇਰੇ ਉਮਰ ਦੇ ਹਨ। ਖੇਤ ਮਜਦੂਰਾਂ ਦੇ ਸਰਵੇ ਕੀਤੇ ਸਾਰੇ ਪਰਿਵਾਰ ਬੇਜਮੀਨੇ ਹਨ।

ਖੇਤ ਮਜਦੂਰ ਪਰਿਵਾਰਾਂ ਦੇ ਖੀਸਿਆਂ ਵੱਲ ਦੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਇਕ ਖੇਤ ਮਜਦੂਰ ਪਰਿਵਾਰ ਦੀ ਔਸਤਨ ਸਾਲਾਨਾ ਆਮਦਨ 81452 ਰੁਪਏ ਹੈ ਜਿਸ ਵਿਚੋਂ 90.89 ਫੀਸਦ ਖੇਤੀਬਾੜੀ ਖੇਤਰ ਵਿਚ ਮਜਦੂਰੀ, 5.39 ਫੀਸਦ ਗੈਰ-ਖੇਤੀਬਾੜੀ ਵਿਚ ਮਜਦੂਰੀ, 0.93 ਫੀਸਦ ਦੁੱਧ ਤੇ ਦੁੱਧ ਪਦਾਰਥ ਵੇਚਣ ਅਤੇ ਬਾਕੀ ਦੀ ਥੋੜ੍ਹੀ ਜਿਹੀ ਆਮਦਨ ਹੋਰ ਸ੍ਰੋਤਾਂ ਤੋਂ ਪ੍ਰਾਪਤ ਹੋਈ ਹੈ। ਖੇਤ ਮਜਦੂਰ ਪਰਿਵਾਰਾਂ ਦੀ ਸਾਲਾਨਾ ਪ੍ਰਤੀ ਜੀਅ ਆਮਦਨ 16735 ਰੁਪਏ ਹੈ ਜੋ 1395 ਰੁਪਏ ਪ੍ਰਤੀ ਮਹੀਨਾ ਅਤੇ 46 ਰੁਪਏ ਦੇ ਕਰੀਬ ਪ੍ਰਤੀ ਦਿਨ ਬਣਦੀ ਹੈ। ਇਨ੍ਹਾਂ ਅੰਕੜਿਆਂ ਤੋਂ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਖੇਤ ਮਜਦੂਰਾਂ ਦੇ ਖੀਸੇ ਖਾਲੀ ਹਨ।

ਪੰਜਾਬ ਦੇ ਖੇਤ ਮਜਦੂਰ ਪਰਿਵਾਰਾਂ ਦਾ ਸਾਲਾਨਾ ਖਪਤ ਖਰਚ 90897 ਰੁਪਏ ਬਣਦਾ ਹੈ। ਖੇਤ ਮਜਦੂਰ ਪਰਿਵਾਰ ਗੈਰ-ਟਿਕਾਊ ਵਸਤਾਂ ਉੱਪਰ ਸਭ ਤੋਂ ਵੱਧ (51477 ਰੁਪਏ) ਖਰਚ ਕਰਦੇ ਹਨ। ਇਸ ਤੋਂ ਬਾਅਦ ਸੇਵਾਵਾਂ, ਸਮਾਜਿਕ ਧਾਰਮਿਕ ਰਸਮਾਂ, ਅਤੇ ਟਿਕਾਊ ਵਸਤਾਂ ਉੱਪਰ ਖਰਚ ਆਉਂਦਾ ਹੈ। ਜੇ ਖੇਤ ਮਜਦੂਰ ਪਰਿਵਾਰਾਂ ਦੇ ਖਪਤ ਖਰਚ ਦੀ ਬਣਤਰ ਦੇ ਅੰਕੜੇ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਕੁੱਲ ਖਰਚ ਦਾ 56.63 ਫੀਸਦ ਗੈਰ-ਟਿਕਾਊ ਵਸਤਾਂ ਉੱਪਰ ਖਰਚ ਕੀਤਾ ਗਿਆ, ਗੈਰ-ਟਿਕਾਊ ਵਸਤਾਂ ਵਿਚ ਭੋਜਨ ਸਭ ਤੋਂ ਮਹੱਤਵਪੂਰਨ ਵਸਤ ਹੈ ਅਤੇ ਔਸਤਨ ਖੇਤ ਮਜਦੂਰ ਪਰਿਵਾਰ ਦਾ ਕੁੱਲ ਖਪਤ ਖਰਚ ਦਾ 14.06 ਫੀਸਦ ਭੋਜਨ ਪਦਾਰਥਾਂ ਉੱਪਰ ਖਰਚ ਕੀਤਾ ਗਿਆ ਹੈ। ਇਸ ਤੋਂ ਬਾਅਦ ਦੁੱਧ ਤੇ ਦੁੱਧ ਪਦਾਰਥਾਂ ਅਤੇ ਕੱਪੜਿਆਂ ਉੱਪਰ ਕ੍ਰਮਵਾਰ 11.56 ਤੇ 5.58 ਫੀਸਦ ਖਰਚ ਕੀਤਾ ਗਿਆ ਹੈ। ਔਸਤਨ ਖੇਤ ਮਜਦੂਰ ਪਰਿਵਾਰ ਕੁੱਲ ਖਪਤ ਖਰਚ ਦਾ 18.62 ਫੀਸਦ ਸੇਵਾਵਾਂ ਉੱਪਰ ਖਰਚਦਾ ਹੈ। ਸੇਵਾਵਾਂ ਵਿਚ ਔਸਤਨ ਖੇਤ ਮਜਦੂਰ ਪਰਿਵਾਰ ਦੇ ਖਪਤ ਖਰਚ ਵਿਚ ਸਭ ਤੋਂ ਵੱਡਾ ਹਿੱਸਾ (8.72 ਫੀਸਦ) ਸਿਹਤ ਸੇਵਾਵਾਂ ਦਾ ਹੈ। ਔਸਤਨ ਖੇਤ ਪਰਿਵਾਰ ਸਿੱਖਿਆ ਉੱਪਰ ਸਿਰਫ 4.39 ਫੀਸਦ ਖਰਚਦਾ ਹੈ। ਇਸ ਤੋਂ ਬਾਅਦ ਆਵਾਜਾਈ, ਮਨੋਰੰਜਨ ਅਤੇ ਸੰਚਾਰ ਉੱਪਰ ਖਰਚ ਕੀਤਾ ਗਿਆ ਹੈ।

ਇਕ ਖੇਤ ਮਜਦੂਰ ਪਰਿਵਾਰ ਦਾ ਕੁੱਲ ਖਪਤ ਖਰਚ ਦਾ 16.43 ਫੀਸਦ ਸਮਾਜਿਕ ਧਾਰਮਿਕ ਰਸਮਾਂ ਉੱਪਰ ਖਰਚ ਕੀਤਾ ਗਿਆ ਹੈ। ਸਮਾਜਿਕ ਧਾਰਮਿਕ ਰਸਮਾਂ ਵਿਚੋਂ ਸਭ ਤੋਂ ਵੱਧ ਹਿੱਸਾ (13.92 ਫੀਸਦ) ਵਿਆਹਾਂ ਉੱਤੇ ਖਰਚਿਆ ਗਿਆ। ਇਕ ਖੇਤ ਮਜਦੂਰ ਪਰਿਵਾਰ ਦਾ ਕੁਲ ਖਪਤ ਖਰਚ ਦਾ 8.32 ਫੀਸਦ ਟਿਕਾਊ ਵਸਤਾਂ ਉੱਪਰ ਖਰਚਿਆ ਗਿਆ। ਟਿਕਾਊ ਵਸਤਾਂ ਵਿਚ ਸਭ ਤੋਂ ਵੱਧ ਹਿੱਸਾ (5.67 ਫੀਸਦ) ਘਰ ਦੀ ਉਸਾਰੀ, ਨਵੇਂ ਕਮਰੇ ਦੀ ਉਸਾਰੀ ਅਤੇ ਘਰ ਦੀ ਮੁਰੰਮਤ ਉੱਪਰ ਖਰਚਿਆ ਗਿਆ। ਪੰਜਾਬ ਦੇ ਖੇਤ ਮਜਦੂਰ ਪਰਿਵਾਰਾਂ ਦਾ ਪ੍ਰਤੀ ਵਿਅਕਤੀ ਸਾਲਾਨਾ ਖਪਤ ਖਰਚ 18676 ਰੁਪਏ ਹੈ। ਇਹ ਪਰਿਵਾਰ ਗੈਰ-ਟਿਕਾਊ ਵਸਤਾਂ ਉੱਪਰ 10576 ਰੁਪਏ ਪ੍ਰਤੀ ਜੀਅ ਖਰਚ ਕਰਦੇ ਹਨ ਜੋ 1556 ਰੁਪਏ ਪ੍ਰਤੀ ਮਹੀਨਾ ਅਤੇ 51 ਰੁਪਏ ਪ੍ਰਤੀ ਦਿਨ ਬਣਦਾ ਹੈ।

ਇਨ੍ਹਾਂ ਅੰਕੜਿਆਂ ਤੋਂ ਸਪੱਸਟ ਹੈ ਕਿ ਖੇਤ ਮਜਦੂਰ ਪਰਿਵਾਰਾਂ ਦੇ ਖਪਤ ਖਰਚ ਦਾ ਪੱਧਰ ਬਹੁਤ ਨੀਵਾਂ ਹੈ। ਫੀਲਡ ਸਰਵੇਖਣ ਮੁਤਾਬਿਕ ਇਹ ਪਰਿਵਾਰ ਕਿਸਾਨਾਂ ਦੇ ਕੰਮ ਕਰਾਉਣ ਬਦਲੇ ਦਿੱਤੀਆਂ ਕਈ ਵਸਤਾਂ ਆਪਣੀ ਖਪਤ ਲਈ ਵਰਤਦੇ ਹਨ। ਕਈ ਵਾਰ ਤਾਂ ਇਹ ਵਸਤਾਂ ਕਿਸਾਨ ਵਰਤ ਕੇ ਬਾਅਦ ਵਿਚ ਖੇਤ ਮਜਦੂਰਾਂ ਨੂੰ ਦੇ ਦਿੰਦੇ ਹਨ। ਇਸ ਸਬੰਧ ਵਿਚ ਸਭ ਤੋਂ ਵੱਧ ਤੰਗ ਕਰਨ ਵਾਲਾ ਤੱਥ ਇਹ ਹੈ ਕਿ ਕਿਸਾਨ ਪਰਿਵਾਰ ਆਪਣੇ ਵਰਤੇ ਕੱਪੜੇ ਖੇਤ ਮਜਦੂਰਾਂ ਨੂੰ ਦੇ ਦਿੰਦੇ ਹਨ। ਇਨ੍ਹਾਂ ਪਰਿਵਾਰਾਂ ਦੁਆਰਾ ਵਰਤੀਆਂ ਜਾ ਰਹੀਆਂ ਬਹੁਤ ਟਿਕਾਊ ਵਸਤਾਂ ਪਹਿਲਾਂ ਹੀ ਵਰਤੀਆਂ ਹੁੰਦੀਆਂ ਹਨ ਜਿਵੇਂ ਪੁਰਾਣਾ ਸਾਈਕਲ, ਮੋਪਡ, ਸਕੂਟਰ, ਕੁਰਸੀਆਂ, ਬਰਤਨ ਆਦਿ। ਖੇਤ ਮਜਦੂਰਾਂ ਦਾ ਖਪਤ ਦੀਆਂ ਗੈਰ-ਟਿਕਾਊ ਵਸਤਾਂ ਉੱਪਰ ਸਭ ਤੋਂ ਵੱਧ ਖਰਚ ਇਹ ਸਪਸਟ ਕਰਦਾ ਹੈ ਕਿ ਇਨ੍ਹਾਂ ਦਾ ਖਪਤ ਖਰਚ ਜ਼ਿਆਦਾਤਰ ਜਿਉਂਦੇ ਰਹਿਣ ਵਾਲਾ ਹੈ।

ਗਰੀਬੀ ਦੀ ਰੇਖਾ ਦੀਆਂ ਵੱਖ ਵੱਖ ਪਰਿਭਾਸ਼ਾਵਾਂ ਹਨ। ਇਕ ਪਰਿਭਾਸਾ ਜਿਸ ਬਾਰੇ ਕਿਸੇ ਵੀ ਸਿਆਣੇ ਇਨਸਾਨ ਦੀ ਅਸਹਿਮਤੀ ਨਹੀਂ ਹੋ ਸਕਦੀ, ਉਹ ਇਹ ਹੈ ਕਿ ਜਿਹੜੇ ਲੋਕ ਆਪਣੀਆਂ ਮੁਢਲੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੇ, ਉਨ੍ਹਾਂ ਨੂੰ ਗਰੀਬ ਮੰਨਿਆ ਜਾਵੇ। ਇਸ ਪਰਿਭਾਸਾ ਨੂੰ ਅਪਣਾਉਣ ਲਈ ਬਹੁਤੇ ਸਰਮਾਏਦਾਰ ਮੁਲਕਾਂ ਦੀਆਂ ਸਰਕਾਰਾਂ ਤਿਆਰ ਨਹੀਂ। ਭਾਰਤ ਵਿਚ ਆਮਦਨ ਅਤੇ ਖਪਤ ਖਰਚ ਦੇ ਆਧਾਰ ਉੱਤੇ ਅਪਣਾਈਆਂ ਗਰੀਬੀ ਦੀ ਰੇਖਾ ਦੀਆਂ ਪਰਿਭਾਸਾਵਾਂ ਵਿਚੋਂ ਮਾਹਰ ਗਰੁੱਪ, ਰਾਜ ਦੀ ਪ੍ਰਤੀ ਵਿਅਕਤੀ ਆਮਦਨ ਦਾ 50 ਫੀਸਦ ਅਤੇ ਰਾਜ ਦੀ ਪ੍ਰਤੀ ਵਿਅਕਤੀ ਆਮਦਨ ਦਾ 40 ਫੀਸਦ ਮਾਪਦੰਡਾਂ ਅਨੁਸਾਰ ਪ੍ਰਤੀ ਵਿਅਕਤੀ ਆਮਦਨ ਦੇ ਆਧਾਰ ਉੱਪਰ ਪੰਜਾਬ ਦੇ ਖੇਤ ਮਜਦੂਰ ਪਰਿਵਾਰਾਂ ਦੇ ਕ੍ਰਮਵਾਰ 82.06 ਫੀਸਦ, 99.67 ਅਤੇ 98.34 ਫੀਸਦ ਅਤੇ ਪ੍ਰਤੀ ਵਿਅਕਤੀ ਖਪਤ ਦੇ ਆਧਾਰ ਉੱਪਰ ਕ੍ਰਮਵਾਰ 80.07 ਫੀਸਦ, 98.01 ਅਤੇ 96.01 ਫੀਸਦ ਜੀਅ ਗਰੀਬੀ ਦਾ ਸੰਤਾਪ ਹੰਢਾਉਣ ਲਈ ਮਜਬੂਰ ਹਨ।

ਖੇਤ ਮਜਦੂਰ ਪਰਿਵਾਰਾਂ ਨੂੰ ਖਪਤ ਦਾ ਘੱਟੋ-ਘੱਟ ਪੱਧਰ ਬਣਾਈ ਰੱਖਣ ਲਈ 100 ਰੁਪਏ ਦੀ ਆਮਦਨ ਪਿੱਛੇ 112 ਰੁਪਏ ਖਰਚ ਕਰਨੇ ਪੈ ਰਹੇ ਹਨ ਜਿਸ ਲਈ ਉਨ੍ਹਾਂ ਨੂੰ ਉਧਾਰ ਲੈਣਾ ਪੈਂਦਾ ਹੈ। ਸਮੇਂ ਸਿਰ ਉਧਾਰ ਨਾ ਮੋੜਨ ਕਰਕੇ ਉਹ ਕਰਜੇ ਦਾ ਰੂਪ ਧਾਰਨ ਲੈਂਦਾ ਹੈ। ਔਸਤਨ ਇਕ ਕਰਜਈ ਖੇਤ ਮਜਦੂਰ ਪਰਿਵਾਰ ਸਿਰ 68330 ਰੁਪਏ ਦਾ ਕਰਜਾ ਹੈ ਜਿਸ ਵਿਚੋਂ 92 ਫੀਸਦ ਦੇ ਕਰੀਬ ਗੈਰ-ਸੰਸਥਾਈ ਅਤੇ ਬਾਕੀ ਦਾ 8 ਫੀਸਦ ਸੰਸਥਾਈ ਸਰੋਤਾਂ ਦਾ ਹੈ। ਇਹ ਪਰਿਵਾਰਾਂ ਜ਼ਿਆਦਾਤਰ ਉਧਾਰ ਆਪਣੀਆਂ ਖਪਤ ਲੋੜਾਂ ਪੂਰੀਆਂ ਕਰਨ ਲਈ ਲੈਂਦੇ ਹਨ। ਖੇਤ ਮਜਦੂਰ ਪਰਿਵਾਰਾਂ ਸਿਰ 52.11 ਫੀਸਦ ਕਰਜ਼ਾ 22 ਤੋਂ 28 ਫੀਸਦ ਵਿਆਜ ਦਰਾਂ ਅਤੇ 3.86 ਫੀਸਦ ਕਰਜਾ 29 ਫੀਸਦ ਜਾਂ ਜ਼ਿਆਦਾ ਵਿਆਜ ਦਰਾਂ ਉੱਪਰ ਹੈ। ਖੇਤ ਮਜਦੂਰਾਂ ਸਿਰ ਖੜ੍ਹਾ ਕਰਜ਼ਾ ਦੇਖਣ ਨੂੰ ਭਾਵੇਂ ਥੋੜ੍ਹਾ ਲੱਗਦਾ ਹੈ ਪਰ ਇਸ ਵਰਗ ਦੀ ਆਮਦਨ ਦੇ ਨੀਵੇਂ ਪੱਧਰ ਨੂੰ ਦੇਖਦਿਆਂ ਇਹ ਕਰਜਾ ਇਸ ਕਿਰਤੀ ਵਰਗ ਲਈ ਅਨੇਕਾਂ ਅਸਹਿ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਹੈ।

ਪੰਜਾਬ ਵਿਚ ਖੇਤ ਮਜਦੂਰ ਪਰਿਵਾਰਾਂ ਦੇ ਸਮਾਜਿਕ ਆਰਥਿਕ ਹਾਲਾਤ ਅਤੇ ਇਸ ਵਰਗ ਦੇ ਖੇਤੀਬਾੜੀ ਖੇਤਰ ਵਿਚ ਯੋਗਦਾਨ ਨੂੰ ਦੇਖਦਿਆਂ ਹਰ ਸੋਚਵਾਨ ਇਨਸਾਨ ਇਸ ਨਤੀਜੇ ਉੱਪਰ ਪਹੁੰਚੇਗਾ ਕਿ ਇਸ ਵਰਗ ਦੀਆਂ ਮੰਗਾਂ ਬਿਲਕੁਲ ਜਾਇਜ ਹਨ ਜਿਨ੍ਹਾਂ ਨੂੰ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਤੁਰੰਤ ਮੰਨਣਾ ਚਾਹੀਦਾ ਹੈ। ਇਸ ਦੇ ਨਾਲ ਹੀ ਸਮਾਜ ਦੇ ਬਾਕੀ ਵਰਗਾਂ ਨੂੰ ਕਿਰਤੀ ਵਰਗ ਨਾਲ ਠੀਕ ਸਲੂਕ ਕਰਨਾ ਬਣਦਾ ਹੈ।

*ਸਾਬਕਾ ਪ੍ਰੋਫੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਸੰਪਰਕ: 99156-82196

ਸੈਕਟਰ ਦੁਆਰਾ ਸਮੋਏ ਜਾਣ ਦੀਆਂ ਸੰਭਾਵਨਾਵਾਂ ਮੱਧਮ ਹਨ।

ਨਵੇਂ ਖੇਤੀ ਕਾਨੂੰਨਾਂ ਰਾਹੀਂ 'ਖੇਤੀ ਸੁਧਾਰ' ਕਰਨ ਲਈ ਪਹਿਲਾਂ ਹੀ ਵੱਡੇ ਪੱਧਰ 'ਤੇ ਤਿਆਰੀ ਕੀਤੀ ਹੋਈ ਸੀ। ਦਰਅਸਲ ਅਮਰੀਕਾ ਅਤੇ ਹੋਰ ਪੂੰਜੀਪਤੀ ਮੁਲਕਾਂ ਨੇ ਚੌਥੀ ਉਦਯੋਗਿਕ ਕ੍ਰਾਂਤੀ ਨੂੰ ਇਸ ਤਰ੍ਹਾਂ ਪ੍ਰਚਾਰਿਆ ਕਿ ਇਸ ਨਾਲ ਪੂੰਜੀਵਾਦੀ ਅਰਥਚਾਰੇ ਦੇ ਸੰਕਟ ਦਾ ਹੱਲ ਕੱਢਿਆ ਜਾ ਸਕਦਾ ਹੈ। ਇਸ ਕ੍ਰਾਂਤੀ ਅਧੀਨ ਮਨਸੂਈ ਬੌਧਿਕਤਾ ਨੂੰ ਖੇਤੀ ਅਤੇ ਹੋਰ ਖੇਤਰਾਂ ਵਿਚ ਵਰਤਣ ਉਪਰ ਜੋਰ ਦਿੱਤਾ ਗਿਆ। ਇਸ ਕਾਰਜ ਲਈ ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਵਿਚ ਪ੍ਰਾਜੈਕਟ ਦਿੱਤੇ ਗਏ; ਕਾਨਫਰੰਸਾਂ, ਸੈਮੀਨਾਰ ਤੇ ਗੋਸ਼ਟੀਆਂ ਕਰਵਾਈਆਂ ਗਈਆਂ। ਇਹ ਗੱਲ ਵੱਡੀ ਪੱਧਰ 'ਤੇ ਉਭਾਰੀ ਕਿ ਡੁੱਬਦੇ ਅਰਥਚਾਰੇ ਨੂੰ ਹੁਣ ਡਿਜੀਟਲਾਈਜੇਸ਼ਨ ਤੇ ਰੋਬੋਟਾਈਜੇਸ਼ਨ ਤੋਂ ਬਿਨਾ ਬਚਾਇਆ ਨਹੀਂ ਜਾ ਸਕਦਾ ਅਤੇ ਇਹ ਕੰਮ ਕਾਰਪੋਰੇਟ ਹੀ ਕਰ ਸਕਦੇ ਹਨ। ਕੇਂਦਰ ਸਰਕਾਰ ਨੇ ਕਿਸਾਨ ਉਤਪਾਦਨ ਸੰਗਠਨ/ਕੰਪਨੀਆਂ (ਐਫਪੀਓ/ਸੀ) ਰਾਹੀਂ ਕਿਸਾਨ ਅਤੇ ਹੋਰ ਕਿਰਤ ਸ਼ਕਤੀ ਨੂੰ ਤਿਆਰ ਕੀਤਾ ਕਿ ਉਹ ਕਾਰਪੋਰੇਟ ਖੇਤੀ ਵਿਚ ਏਜੰਟ ਵਜੋਂ ਕੰਮ ਕਰਨ। ਇਸੇ ਤਹਿਤ ਵਿਚ ਯੂਨੀਵਰਸਿਟੀਆਂ ਵਿਚ ਐਗਰੀ-ਬਿਜਨਸ ਦੇ ਕੋਰਸ ਚਲਾਏ ਤਾਂ ਕਿ ਕੰਪਨੀਆਂ ਨੂੰ ਸਿੱਖਿਅਤ ਕਾਮਿਆਂ ਦੀ ਘਾਟ ਨਾ ਆਵੇ। ਸੰਸਾਰ ਸਿਹਤ ਸੰਸਥਾ, ਸੰਸਾਰ ਬੈਂਕ ਅਤੇ ਸੰਯੁਕਤ ਰਾਸ਼ਟਰ ਨੇ ਦੁਨੀਆ ਵਿਚ ਖਾਧ ਪਦਾਰਥਾਂ ਦੀ ਵੱਡੀ ਕਮੀ ਹੋਣ ਦੀ ਚਿਤਾਵਨੀ ਦਿੱਤੀ। 2020 ਦਾ ਸ਼ਾਂਤੀ ਨੋਬੇਲ ਇਨਾਮ ਸੰਯੁਕਤ ਰਾਸ਼ਟਰ ਖਾਧ ਪ੍ਰੋਗਰਾਮ ਨੂੰ ਦਿੱਤਾ ਜਿਸ ਦੁਆਰਾ 88 ਮੁਲਕਾਂ ਦੇ 10 ਕਰੋੜ ਲੋਕਾਂ ਨੂੰ ਭੁੱਖਮਰੀ ਤੋਂ ਬਚਾਉਣ ਲਈ ਖਾਧ ਪਦਾਰਥ ਮੁਹੱਈਆ ਕਰਵਾਏ ਸਨ। ਇਸੇ ਸੰਸਥਾ ਨੂੰ 2021 ਵਿਚ ਫਿਰ ਕਿਹਾ ਗਿਆ ਕਿ ਉਹ ਅਨਾਜ/ਖਾਧ ਪਦਾਰਥਾਂ ਦਾ ਪ੍ਰਬੰਧ ਕਰੇ ਤਾਂ ਕਿ ਲੋਕਾਂ ਨੂੰ ਭੁੱਖਮਰੀ ਤੋਂ ਬਚਾਉਣ ਲਈ ਖਾਧ ਪਦਾਰਥਾਂ ਦੀ ਸੰਭਾਵੀ ਕਮੀ ਨਾਲ ਨਜਿੱਠਿਆ ਜਾ ਸਕੇ। ਇਉਂ ਚੌਤਰਫਾ ਸਮਝ ਵਿਚੋਂ ਇਹ ਉਭਾਰਿਆ ਕਿ ਕਾਰਪੋਰੇਟ ਖੇਤੀ ਹੀ ਪਾਇਦਾਰ ਹੱਲ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਕੰਪਨੀਆਂ ਦੀ ਅੱਖ ਭਾਰਤੀ ਖੇਤੀ 'ਤੇ ਹੀ ਕਿਉਂ ਟਿਕੀ ਹੋਈ ਹੈ? ਅਸਲ ਵਿਚ ਭਾਰਤ ਹੀ ਦੁਨੀਆ ਦਾ ਖੇਤੀ ਪ੍ਰਧਾਨ ਅਰਥਚਾਰਾ ਹੈ। ਇੱਥੋਂ ਦਾ ਇੰਡੋ-ਗੈਂਗੇਟਿਕ ਪਲੇਨ ਜੋਨ ਜਿਸ ਵਿਚ ਮੁੱਖ ਤੌਰ 'ਤੇ ਪੰਜਾਬ, ਹਰਿਆਣਾ, ਯੂਪੀ, ਬਿਹਾਰ ਅਤੇ ਪੱਛਮੀ ਬੰਗਾਲ ਦਾ ਇਲਾਕਾ ਸ਼ਾਮਿਲ ਹੈ, ਬਹੁਤ ਉਪਜਾਊ ਹੈ। ਇਸ ਖੇਤਰ ਦੇ ਭੌਤਿਕ ਅਤੇ ਵਾਤਾਵਰਨ ਹਾਲਾਤ ਖੇਤੀ ਦੇ ਅਨੁਕੂਲ ਹਨ। ਇਸੇ ਕਰਕੇ ਇਸ ਇਲਾਕੇ ਦੀ ਖੇਤੀ ਉਤਪਾਦਕਤਾ ਕਾਫੀ ਵੱਧ ਹੈ; ਇੱਥੋਂ ਤਕ ਕਿ ਪੰਜਾਬ ਵਿਚ ਹੁੰਦੀਆਂ ਮੁੱਖ ਫਸਲਾਂ (ਕਣਕ ਤੇ ਝੋਨਾ) ਦੀ ਉਤਪਾਦਕਤਾ 11 ਟਨ/ਹੈਕਟੇਅਰ ਸਾਲਾਨਾ ਹੈ ਜੋ ਦੁਨੀਆ ਭਰ ਵਿਚ ਸਭ ਤੋਂ ਵੱਧ ਹੈ; ਭਾਵ, ਸੰਸਾਰ ਵਿਚ ਕਿਤੇ ਵੀ ਇੱਕ ਸਾਲ ਵਿਚ ਇੱਕ ਏਕੜ ਜਮੀਨ ਵਿਚੋਂ ਪੰਜਾਬ ਨਾਲੋਂ ਵੱਧ ਅਨਾਜ ਪੈਦਾ ਨਹੀਂ ਹੁੰਦਾ। ਇੱਥੇ ਬਾਕੀ ਫਸਲਾਂ ਦੀ ਖੇਤੀ ਵੀ ਇਸੇ ਤਰ੍ਹਾਂ ਹੀ ਪ੍ਰਫੁੱਲਤ ਕੀਤੀ ਜਾ ਸਕਦੀ ਹੈ। ਇਸ ਇਲਾਕੇ ਵਿਚ ਫਸਲਾਂ ਦੇ ਫੇਲ੍ਹ ਹੋਣ ਦੀ ਤੀਬਰਤਾ ਸਭ ਤੋਂ ਘੱਟ ਹੈ। ਇਸੇ ਕਰਕੇ ਕੰਪਨੀਆਂ ਇਸ ਖਿੱਤੇ ਦੀ ਖੇਤੀ ਕੰਟਰੋਲ ਕਰਨ ਦੀ ਦੌੜ ਵਿਚ ਹਨ। ਕਾਰਪੋਰੇਟ ਸਿਰਫ ਅਤਿ ਉਪਜਾਊ ਜਮੀਨ ਨੂੰ ਹੀ ਕੰਟਰੋਲ ਕਰਨ ਲਈ ਤੱਤਪਰ ਹਨ। ਭਾਰਤ ਦਾ ਲਗਭਗ ਦੋ-ਤਿਹਾਈ ਹਿੱਸਾ ਅਜੇ ਵੀ ਬਰਾਨੀ ਹੈ ਜਿੱਥੇ ਫਸਲੀ ਘਣਤਾ ਬਹੁਤ ਘੱਟ ਹੈ ਪਰ ਕਾਰਪੋਰੇਟ ਜਗਤ ਦੀ ਉਸ ਇਲਾਕੇ ਵਿਚ ਕੋਈ ਦਿਲਚਸਪੀ ਨਹੀਂ। ਅਸਲ ਵਿਚ ਹਰੀ ਕ੍ਰਾਂਤੀ ਦਾ ਮਾਡਲ ਵੀ ਸਿਰਫ ਉਪਜਾਊ ਇਲਾਕੇ (ਪੰਜਾਬ, ਹਰਿਆਣਾ ਅਤੇ ਪੱਛਮੀ ਯੂਪੀ) 'ਤੇ ਹੀ ਕੇਂਦਰਤ ਸੀ। ਨਵੇਂ ਕਾਨੂੰਨਾਂ ਰਾਹੀਂ ਵੀ ਇਸੇ ਇਲਾਕੇ ਵਿਚ ਖੇਤੀ ਕੀਤੀ ਜਾਵੇਗੀ। ਇਸ ਨਾਲ ਇੱਥੋਂ ਦੀਆਂ ਫਸਲਾਂ ਦੇ ਉਤਪਾਦਨ ਅਤੇ ਨਿਯਮਤ ਮੰਡੀਕਰਨ ਅਧੀਨ ਫਸਲਾਂ ਦੀ ਘੱਟੋ-ਘੱਟ ਸਮਰਥਨ ਕੀਮਤ (ਐੱਮਐੱਸਪੀ) ਉਪਰ ਹੋ ਰਹੀ ਸਰਕਾਰੀ ਖਰੀਦ ਦਾ ਭੋਗ ਪਾਇਆ ਜਾਵੇਗਾ। ਇਸ ਕਦਮ ਰਾਹੀਂ ਸਿਰਫ ਇਹੀ ਇਲਾਕਾ ਨਹੀਂ ਬਲਕਿ ਭਾਰਤ ਦੀ ਸਮੁੱਚੀ ਖੇਤੀ ਪ੍ਰਭਾਵਿਤ ਹੋਵੇਗੀ ਕਿਉਂਕਿ ਐੱਮਐੱਸਪੀ ਤੋਂ ਬਿਨਾ ਫਸਲਾਂ ਦੀ ਆਧਾਰ ਕੀਮਤ ਤੈਅ ਨਹੀਂ ਹੋਵੇਗੀ। ਇਉਂ ਕਿਸਾਨਾਂ ਨੂੰ ਫਸਲਾਂ ਦੀਆਂ ਬਿਲਕੁਲ ਨਿਗੂਣੀਆਂ ਕੀਮਤਾਂ ਦੇ ਕੇ ਉਨ੍ਹਾਂ ਨੂੰ ਠੇਕਾ/ਕਾਰਪੋਰੇਟ ਖੇਤੀ ਵੱਲ ਤੋਰਿਆ ਜਾਵੇਗਾ। ਕੰਪਨੀਆਂ ਫਸਲਾਂ ਦੇ ਉਤਪਾਦਨ, ਪ੍ਰੋਸੈਸਿੰਗ, ਮੁੱਲ ਵਾਧਾ ਅਤੇ ਮੰਡੀਕਰਨ ਉਪਰ ਪੂਰਨ ਕੰਟਰੋਲ ਕਰ ਲੈਣਗੀਆਂ।

ਬਹੁਕੌਮੀ ਕੰਪਨੀਆਂ ਦੇ ਪਿਛੋਕੜ ਤੋਂ ਪਤਾ ਲੱਗਦਾ ਹੈ ਕਿ ਇਹ ਕੰਪਨੀਆਂ ਠੇਕਾ ਖੇਤੀ ਕਰਦੀਆਂ ਜਾਂ ਕਰਵਾਉਂਦੀਆਂ ਸਨ ਪਰ ਜਮੀਨ ਖਰੀਦਣ ਵਿਚ ਦਿਲਚਸਪੀ ਨਹੀਂ ਰੱਖਦੀਆਂ ਸਨ ਪਰ ਪਿਛਲੇ ਲਗਭਗ ਇੱਕ ਦਹਾਕੇ ਤੋਂ ਇਸ ਵਰਤਾਰੇ ਵਿਚ ਵੱਡੀ ਤਬਦੀਲੀ ਦੇਖਣ ਨੂੰ ਮਿਲੀ ਹੈ। 2008 ਤੋਂ ਬਾਅਦ ਕੰਪਨੀਆਂ ਨੇ ਵੱਡੀ ਪੱਧਰ 'ਤੇ ਜਮੀਨ ਦੀ ਖਰੀਦੋ-ਫਰੋਖਤ ਕੀਤੀ ਹੈ। ਹੁਣ ਬਿੱਲ ਗੇਟਸ ਕੋਲ 2.42 ਲੱਖ ਏਕੜ ਅਤੇ ਸਟੇਵਾਰਟ ਤੇ ਲਿੰਡਾ ਰੇਜਨਿਕ ਕੋਲ 1.90 ਲੱਖ ਏਕੜ ਉਪਜਾਊ ਜਮੀਨ ਹੈ। ਇਸ ਤੋਂ ਇਲਾਵਾ ਚੀਨੀ, ਯੂਰੋਪੀਅਨ ਅਤੇ ਅਮਰੀਕੀ ਕੰਪਨੀਆਂ ਨੇ ਅਫਰੀਕਾ, ਲਾਤੀਨੀ ਅਮਰੀਕਾ ਅਤੇ ਏਸ਼ੀਆ ਦੇ ਮੁਲਕਾਂ ਵਿਚ ਜਮੀਨਾਂ ਦੀ ਕਾਫੀ ਖਰੀਦ ਕੀਤੀ ਹੈ। ਇਸ ਸਮੇਂ ਦੁਨੀਆ ਦੀਆਂ ਵੱਡੀਆਂ ਬਹੁ-ਕੌਮੀ ਕੰਪਨੀਆਂ ਐਗਰੀ-ਬਿਜਨਸ ਦੇ ਕਾਰੋਬਾਰ ਵਿਚੋਂ ਵੱਡੇ ਮੁਨਾਫੇ ਕਮਾ ਰਹੀਆਂ ਹਨ। ਭਾਰਤ ਵਿਚ ਵੀ ਅਡਾਨੀ ਇਸ ਖੇਤਰ ਵਿਚ ਬਹੁਤ ਅਗਲੇਰੀ ਸਟੇਜ ਉਪਰ ਪਹੁੰਚਿਆ ਹੋਇਆ ਹੈ। ਅਡਾਨੀ ਐਗਰੀ ਲੌਜਿਸਟਿਕ ਲਿਮਟਿਡ ਨੇ ਨਵੇਂ ਕਾਨੂੰਨ ਆਉਣ ਤੋਂ ਕਾਫੀ ਪਹਿਲਾਂ ਹੀ ਸਿੱਧੀਆਂ ਰੇਲਵੇ ਲਾਈਨਾਂ ਨਾਲ ਜੁੜੇ ਅਤਿ-ਆਧੁਨਿਕ ਹਾਈ-ਟੈੱਕ ਸਾਈਲੋ ਤਿਆਰ ਕਰ ਲਏ ਸੀ। ਇਸ ਨੇ 2007 ਵਿਚ ਮੋਗਾ ਵਿਚ 2 ਲੱਖ ਟਨ ਦੀ ਅਨਾਜ ਦੀ ਸਮਰੱਥਾ ਵਾਲਾ ਲਗਭਗ 700 ਕਰੋੜ ਰੁਪਏ ਦੀ ਲਾਗਤ ਨਾਲ ਸਾਈਲੋ ਬਣਾਇਆ ਹੈ। ਇਸੇ ਤਰ੍ਹਾਂ 2013 ਵਿਚ ਕੈਥਲ (ਹਰਿਆਣਾ) ਵਿਚ 2 ਲੱਖ ਟਨ ਦੀ ਸਮਰੱਥਾ ਵਾਲਾ ਅਨਾਜ ਸਾਈਲੋ ਬਣਾਇਆ ਹੈ। ਇਸ ਤੋਂ ਇਲਾਵਾ, 2007 ਵਿਚ ਚੇਨਈ, ਕੋਇੰਬਟੂਰ ਅਤੇ ਬੰਗਲੌਰ ਵਿਚ 25-25 ਹਜਾਰ ਟਨ, 2013 ਵਿਚ ਮੁੰਬਈ ਵਿਚ 50 ਹਜਾਰ ਟਨ, ਹੁਗਲੀ ਵਿਚ 25 ਹਜਾਰ ਟਨ ਵਾਲੇ ਅਤੇ 2017 ਵਿਚ ਕਪੂਰਥਲਾ ਵਿਚ 25 ਹਜਾਰ ਟਨ ਦੀ ਸਮਰੱਥਾ ਵਾਲੇ ਫੀਲਡ ਡਿਪੂ ਬਣਾਏ ਹਨ। ਅਡਾਨੀ ਪੰਜਾਬ, ਹਰਿਆਣਾ, ਤਾਮਿਲਨਾਡੂ, ਕਰਨਾਟਕ, ਮਹਾਰਾਸ਼ਟਰ ਅਤੇ ਪੱਛਮੀ ਬੰਗਾਲ ਵਿਚੋਂ ਭਾਰਤੀ ਖਾਧ ਨਿਗਮ (ਐੱਫਸੀਆਈ) ਲਈ ਲਗਭਗ 5.75 ਲੱਖ ਟਨ ਅਨਾਜ ਦਾ ਪ੍ਰਬੰਧ ਕਰਦਾ ਹੈ। ਉਹਨੇ ਉੱਤਰ ਪ੍ਰਦੇਸ਼, ਬਿਹਾਰ ਅਤੇ ਗੁਜਰਾਤ ਵਿਚ ਵੀ ਆਪਣਾ ਕਾਰੋਬਾਰ ਵਧਾਇਆ ਹੈ। ਇੰਨੇ ਅਗਲੇਰੇ ਪੱਧਰ 'ਤੇ ਪਹੁੰਚਣ ਤੋਂ ਬਾਅਦ ਕਾਰਪੋਰੇਟ ਜਗਤ ਦਾ ਸਰਕਾਰ ਦੁਆਰਾ ਨਵੇਂ ਕਾਨੂੰਨਾਂ ਨੂੰ ਲਾਗੂ ਕਰਵਾਉਣਾ ਸੁਭਾਵਿਕ ਹੈ।

ਜਾਹਿਰ ਹੈ ਕਿ ਕਾਰਪੋਰੇਟ ਅਦਾਰੇ ਨਵੇਂ ਤਿੰਨ ਖੇਤੀ ਕਾਨੂੰਨਾਂ ਰਾਹੀਂ ਖੇਤੀ ਜਮੀਨ ਹੜੱਪਣ, ਮਨਸੂਈ ਬੌਧਿਕਤਾ ਨਾਲ ਖੇਤੀ ਵੱਡੇ ਪੱਧਰ 'ਤੇ ਕਰਨ, ਸਰਕਾਰੀ ਮੰਡੀਕਰਨ ਦਾ ਮਲੀਆਮੇਟ ਕਰਕੇ ਪ੍ਰਾਈਵੇਟ ਮੰਡੀ ਦਾ ਵਿਸਥਾਰ ਕਰਨ ਅਤੇ ਠੇਕਾ/ਕਾਰਪੋਰੇਟ ਖੇਤੀ ਰਾਹੀਂ ਸਮੁੱਚੇ ਅਰਥਚਾਰੇ ਉਪਰ ਕੰਟਰੋਲ ਬਣਾ ਕੇ ਸੰਸਾਰ ਦੀ ਖਾਧ ਮੰਡੀ 'ਤੇ ਕੰਟਰੋਲ ਕਰਨ ਲਈ ਉਤਾਵਲੇ ਹਨ। ਇਨ੍ਹਾਂ ਦੇ ਦਬਾਉ ਕਰਕੇ ਹੀ ਸਰਕਾਰ ਨਵੇਂ ਖੇਤੀ ਕਾਨੂੰਨਾਂ ਨੂੰ ਮਨਸੂਖ ਨਾ ਕਰਨ 'ਤੇ ਅੜੀ ਹੋਈ ਹੈ।

*ਪ੍ਰਮੁੱਖ ਅਰਥਸ਼ਾਸਤਰੀ, ਪੀਏਯੂ, ਲੁਧਿਆਣਾ।

# ਕਰਜ਼ੇ ਖੇਤ ਮਜਦੂਰਾਂ ਦੇ- ਅੰਦਾਜ਼ੇ ਤੋਂ ਵੀ ਵੱਡੀ ਸਮੱਸਿਆ



ਡਾ. ਕੇਸਰ ਸਿੰਘ ਭੰਗੂ
98154-27127

ਪੰਜਾਬ ਸਰਕਾਰ ਨੇ ਹਾਲ ਹੀ 'ਚ ਖੇਤ ਮਜਦੂਰਾਂ ਤੇ ਬੇਜਮੀਨੇ ਕਿਸਾਨਾਂ ਲਈ 590 ਕਰੋੜ ਰੁਪਏ ਦੀ ਕਰਜਾ ਮੁਆਫੀ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਵੀ ਵੱਖ ਵੱਖ ਸੂਬਿਆਂ ਨੇ ਕਿਸਾਨਾਂ, ਬੇਜਮੀਨੇ ਕਿਸਾਨਾਂ ਅਤੇ ਖੇਤ ਮਜਦੂਰਾਂ ਲਈ ਸਮੇਂ ਸਮੇਂ ਕਰਜ ਮੁਆਫੀ ਸਕੀਮਾਂ ਐਲਾਨੀਆਂ ਅਤੇ ਲਾਗੂ ਕੀਤੀਆਂ। ਅਜਿਹੀਆਂ ਕਈ ਸਕੀਮਾਂ ਪੰਜਾਬ ਵਿਚ ਵੱਖ ਵੱਖ ਸਰਕਾਰਾਂ ਨੇ ਵੀ ਐਲਾਨੀਆਂ ਅਤੇ ਲਾਗੂ ਕੀਤੀਆਂ ਹਨ ਪਰ ਦੇਖਣ ਵਾਲੀ ਪਹਿਲੀ ਗੱਲ ਇਹ ਹੈ ਕਿ ਇਨ੍ਹਾਂ ਕਰਜ ਮੁਆਫੀ ਸਕੀਮਾਂ ਦਾ ਲਾਭ ਕਿਸਾਨਾਂ, ਖੇਤ ਮਜਦੂਰਾਂ ਅਤੇ ਬੇਜਮੀਨੇ ਕਿਸਾਨਾਂ ਤੱਕ ਪਹੁੰਚਦਾ ਵੀ ਹੈ ਕਿ ਨਹੀਂ? ਦੂਜਾ, ਜੇ ਲਾਭ ਪਹੁੰਚਦਾ ਹੈ ਤਾਂ ਇਹ ਉਨ੍ਹਾਂ ਦੀ ਆਰਥਿਕ ਮੰਦਹਾਲੀ ਨੂੰ ਠੀਕ ਕਰਕੇ ਖੁਦਕੁਸ਼ੀਆਂ ਨੂੰ ਠੱਲ੍ਹ ਪਾਉਣ ਵਿਚ ਸਹਾਇਕ ਹੁੰਦਾ ਹੈ ਜਾਂ ਨਹੀਂ?

ਮਿਸਾਲ ਦੇ ਤੌਰ 'ਤੇ, ਮੌਜੂਦਾ ਪੰਜਾਬ ਸਰਕਾਰ ਨੇ 2018 ਵਿਚ ਕਿਸਾਨਾਂ ਲਈ ਕਰਜਾ ਮੁਆਫੀ ਸਕੀਮ ਲਾਗੂ ਕੀਤੀ ਸੀ। ਇਸ ਮੁਤਾਬਿਕ ਸਰਕਾਰ ਨੇ 561390 ਕਰਜਈ ਕਿਸਾਨਾਂ ਦਾ 4603 ਕਰੋੜ ਰੁਪਏ ਦਾ ਕਰਜਾ ਮੁਆਫ ਕੀਤਾ। ਦੱਸਣਯੋਗ ਹੈ ਕਿ 2018 ਵਿਚ ਅਨੁਮਾਨਾਂ ਅਨੁਸਾਰ ਕਿਸਾਨਾਂ ਸਿਰ 70000 ਕਰੋੜ ਰੁਪਏ ਤੋਂ ਵੱਧ ਦਾ ਕਰਜਾ ਸੀ, ਇਸ ਹਿਸਾਬ ਨਾਲ ਕਰਜ਼ਾ ਰਾਹਤ ਰਾਸ਼ੀ ਬਹੁਤ ਘੱਟ ਸੀ। ਇਹ ਵੀ ਵਰਨਣਯੋਗ ਹੈ ਕਿ ਇਸ ਸਕੀਮ ਤਹਿਤ ਅੰਦਾਜਿਆਂ ਮੁਤਾਬਿਕ ਲਗਭਗ ਸੂਬੇ ਦੇ 50 ਫੀਸਦ ਕਿਸਾਨਾਂ ਨੂੰ ਰਾਹਤ ਦਿੱਤੀ ਗਈ ਪਰ ਪੰਜਾਬ ਦੀ ਕਿਸਾਨੀ ਸਿਰ ਇਸ ਰਾਹਤ ਸਕੀਮ ਨੇ ਨਾ ਤਾਂ ਕਰਜੇ ਦੀ ਪੰਡ ਹੌਲੀ ਕੀਤੀ (ਅੰਦਾਜਿਆਂ ਮੁਤਾਬਿਕ ਕਿਸਾਨਾਂ ਸਿਰ ਕਰਜੇ ਦਾ ਭਾਰ ਹੁਣ 80000 ਕਰੋੜ ਰੁਪਏ ਤੋਂ ਵੀ ਵੱਧ ਹੋ ਗਿਆ ਹੈ) ਅਤੇ ਨਾ ਕਿਸਾਨਾਂ ਦੀਆਂ ਖੁਦਕੁਸ਼ੀਆਂ ਠੱਲ੍ਹਣ ਵਿਚ ਕਾਮਯਾਬ ਹੋਈ। ਉਂਝ ਵੀ, ਜੇ ਕਿਸਾਨਾਂ ਨੂੰ ਕੋਈ ਰਾਹਤ ਮਹਿਸੂਸ ਹੋਈ ਹੁੰਦੀ ਤਾਂ ਉਹ ਸਰਕਾਰ ਦੇ ਗੁਣ ਗਾਉਂਦੇ ਪਰ ਕਿਸਾਨ ਤਾਂ ਅੱਜ ਵੀ ਅੰਦੋਲਨ ਕਰਕੇ ਕਰਜਾ ਮੁਆਫੀ ਦੀ ਮੰਗ ਕਰ ਰਹੇ ਹਨ।

ਪੰਜਾਬ 'ਚ ਕਿਸਾਨਾਂ ਤੇ ਖੇਤ ਮਜਦੂਰਾਂ ਦੀਆਂ ਖੁਦਕੁਸ਼ੀਆਂ ਬਾਰੇ ਰਿਪੋਰਟਾਂ ਤੇ ਅਧਿਐਨਾਂ ਨੇ ਸਪੱਸ਼ਟ ਕੀਤਾ ਹੈ ਕਿ ਖੁਦਕੁਸ਼ੀਆਂ 'ਚ ਖੇਤ ਮਜਦੂਰਾਂ ਦੀਆਂ ਖੁਦਕੁਸ਼ੀਆਂ 44-45% ਸਨ ਅਤੇ ਬਾਕੀ 55-56% ਖੁਦਕੁਸ਼ੀਆਂ ਕਿਸਾਨਾਂ ਨੇ ਕੀਤੀਆਂ। ਕਿਸਾਨ ਖੁਦਕੁਸ਼ੀਆਂ 'ਚ ਵੀ ਵੱਡੀ ਗਿਣਤੀ ਸੀਮਾਂਤ, ਛੋਟੀ ਤੇ ਦਰਮਿਆਨੀ ਕਿਸਾਨੀ ਨਾਲ ਸਬੰਧਿਤ ਸੀ। ਕੁੱਲ ਖੁਦਕੁਸ਼ੀਆਂ ਵਿਚੋਂ 75% ਦੇ ਨੇੜੇ ਖੁਦਕੁਸ਼ੀਆਂ ਦਾ ਕਾਰਨ ਕਰਜ਼ਾ ਸੀ ਤੇ 25% ਦਾ ਮੌਕੇ 'ਤੇ ਕਾਰਨ ਭਾਵੇਂ ਹੋਰ ਹੋਵੇ ਪਰ ਪਿਛੋਕੜ ਵਿਚ ਕਰਜਾ ਕਿਸੇ ਨਾ ਕਿਸੇ ਰੂਪ ਵਿਚ ਇਨ੍ਹਾਂ ਖੁਦਕੁਸ਼ੀਆਂ ਲਈ ਵੀ ਜਿੰਮੇਵਾਰ ਸੀ। ਇਨ੍ਹਾਂ ਹੀ ਅਧਿਐਨਾਂ ਨੇ ਇਹ ਵੀ ਸਾਹਮਣੇ ਲਿਆਂਦਾ ਹੈ ਕਿ ਕਿਸਾਨ ਅਤੇ ਖੇਤ ਮਜਦੂਰ ਕਰਜ਼ਾ ਇਸ ਕਰਕੇ ਲੈਂਦੇ ਹਨ ਕਿਉਂਕਿ ਉਨ੍ਹਾਂ ਦੀ ਖੇਤੀਬਾੜੀ ਤੋਂ ਆਮਦਨ ਘੱਟ ਹੋਣ ਕਾਰਨ ਉਨ੍ਹਾਂ ਦੇ ਖੇਤੀਬਾੜੀ ਅਤੇ ਘਰੇਲੂ ਖਰਚੇ ਪੂਰੇ ਨਹੀਂ ਹੁੰਦੇ। ਖੇਤੀ ਲਾਗਤਾਂ ਬਹੁਤ ਵੱਧ, ਖੇਤੀਬਾੜੀ ਪੈਦਾਵਾਰ ਤੋਂ ਆਮਦਨ ਘੱਟ ਤੇ ਸਹਾਇਕ ਧੰਦਿਆਂ ਤੋਂ ਆਮਦਨ ਨਾ ਹੋਣ ਜਾਂ ਬਹੁਤ ਘੱਟ ਹੋਣ ਕਾਰਨ ਕਿਸਾਨ ਅਤੇ ਮਜਦੂਰ ਕਰਜੇ ਲੈਣ ਅਤੇ ਸਮੇਂ ਸਿਰ ਨਾ ਮੋੜਨ ਦੇ ਮੁੱਖ ਕਾਰਨ ਸਾਹਮਣੇ ਆਏ ਹਨ। ਇਸ ਦੇ ਨਾਲ ਹੀ ਕਿਸਾਨਾਂ ਅਤੇ ਖੇਤ ਮਜਦੂਰਾਂ ਦੇ ਸਿਰ ਬਹੁਤ ਮਿਕਦਾਰ ਵਿਚ ਕਰਜਾ ਚੜ੍ਹਨ ਦੇ ਤਿੰਨ ਹੋਰ ਕਾਰਨ ਵੀ ਹਨ। ਪਹਿਲਾਂ ਕੁਦਰਤੀ ਆਫਤਾਂ ਕਾਰਨ ਫਸਲਾਂ ਦਾ ਖਰਾਬ ਹੋਣਾ; ਦੂਜਾ, ਪੇਂਡੂ ਖੇਤਰਾਂ ਵਿਚ ਸਿਹਤ ਸੇਵਾਵਾਂ ਨਾ ਦੇ ਬਰਾਬਰ ਹੋਣ ਕਾਰਨ ਸਿਹਤ ਸੰਭਾਲ ਅਤੇ ਬਿਮਾਰੀਆਂ ਉਪਰ ਖਰਚ ਕਰਨ ਲਈ ਵਾਧੂ ਕਰਜਾ ਲੈਣ ਲਈ ਮਜਬੂਰ ਹੋਣਾ; ਤੀਜਾ, ਪੇਂਡੂ ਖੇਤਰਾਂ ਵਿਚ ਚੰਗੀ ਸਿੱਖਿਆ ਦਾ ਪ੍ਰਬੰਧ ਨਾ ਹੋਣ ਕਾਰਨ ਬੱਚਿਆਂ ਦੀ ਚੰਗੀ ਸਿੱਖਿਆ ਲਈ ਕਰਜਾ ਲੈਣਾ ਸ਼ਾਮਲ ਹਨ।

ਪੰਜਾਬ ਵਿਚ ਲਗਭਗ 14-15 ਲੱਖ ਖੇਤ ਮਜਦੂਰ ਅਤੇ ਬੇਜਮੀਨੇ ਕਿਸਾਨ ਹਨ



ਜਿਨ੍ਹਾਂ ਵਿਚੋਂ 12-13 ਲੱਖ ਲਗਭਗ 90 ਫੀਸਦ ਕਰਜਈ ਸਨ। ਇਸ ਬਾਰੇ ਰਿਪੋਰਟਾਂ/ਅਧਿਐਨਾਂ ਮੁਤਾਬਿਕ ਖੇਤ ਮਜਦੂਰਾਂ ਅਤੇ ਬੇਜਮੀਨੇ ਕਿਸਾਨਾਂ ਸਿਰ ਚੜ੍ਹੇ ਕਰਜੇ ਦਾ ਵੱਡਾ ਹਿੱਸਾ ਲਗਭਗ 90 ਫੀਸਦ ਸ਼ਾਹੂਕਾਰਾਂ ਅਤੇ ਰਿਸ਼ਤੇਦਾਰਾਂ ਦਾ ਸੀ ਅਤੇ ਕਰਜੇ ਦਾ ਬਹੁਤ ਹੀ ਘੱਟ ਹਿੱਸਾ, ਲਗਭਗ 10 ਫੀਸਦ ਸਰਕਾਰੀ ਖੇਤਰ ਦੇ ਬੈਂਕਾਂ ਅਤੇ ਸਹਿਕਾਰੀ ਸਭਾਵਾਂ ਤੇ ਅਦਾਰਿਆਂ ਦਾ ਸੀ। ਕਿਸਾਨਾਂ ਦੇ ਮਾਮਲੇ ਵਿਚ ਲਗਭਗ 60 ਫੀਸਦ ਕਰਜਾ ਸਰਕਾਰੀ ਖੇਤਰ ਦੇ ਬੈਂਕਾਂ ਅਤੇ ਸਹਿਕਾਰੀ ਸਭਾਵਾਂ ਤੇ ਅਦਾਰਿਆਂ ਦਾ ਸੀ ਅਤੇ 40 ਫੀਸਦ ਆੜ੍ਹਤੀਆਂ, ਸ਼ਾਹੂਕਾਰਾਂ ਤੇ ਰਿਸ਼ਤੇਦਾਰਾਂ ਦਾ ਸੀ। ਮੌਜੂਦਾ ਅੰਦਾਜਿਆਂ ਮੁਤਾਬਕ ਕਰਜ਼ਈ ਖੇਤ ਮਜਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਸਿਰ ਪ੍ਰਤੀ ਪਰਿਵਾਰ ਔਸਤਨ ਕਰਜਾ 2013 ਲਗਭਗ 70000 ਰੁਪਏ ਸੀ ਜਿਹੜਾ ਤਾਜਾ ਅਨੁਮਾਨਾਂ ਅਨੁਸਾਰ ਹੁਣ ਇਕ ਲੱਖ ਰੁਪਏ ਦੇ ਨੇੜੇ ਤੇੜੇ ਹੈ, ਭਾਵ ਸਰਕਾਰੀ ਖੇਤਰ ਦੇ ਬੈਂਕਾਂ ਅਤੇ ਸਹਿਕਾਰੀ ਸਭਾਵਾਂ ਦਾ ਕਰਜਾ ਔਸਤਨ 10000 ਰੁਪਏ ਪ੍ਰਤੀ ਪਰਿਵਾਰ ਹੈ। ਇਹ ਵੀ ਦੇਖਣ ਵਿਚ ਆਇਆ ਹੈ ਕਿ ਪੰਜਾਬ ਦੇ ਮਾਲਵਾ ਖੇਤਰ ਵਿਚ ਕਿਸਾਨਾਂ ਅਤੇ ਖੇਤ ਮਜਦੂਰਾਂ ਨੇ ਆਰਥਿਕ ਤੰਗੀ ਕਾਰਨ ਵਧੇਰੇ ਖੁਦਕੁਸ਼ੀਆਂ ਕੀਤੀਆਂ ਹਨ, ਭਾਵ ਕਿਸਾਨਾਂ ਅਤੇ ਖੇਤ ਮਜਦੂਰਾਂ ਦੀਆਂ ਖੁਦਕੁਸ਼ੀਆਂ ਵਿਚ ਇਕਸਾਰਤਾ ਦੇਖਣ ਨੂੰ ਮਿਲਦੀ ਹੈ।

ਹੁਣ ਗੱਲ ਕਰਦੇ ਹਾਂ ਪੰਜਾਬ ਸਰਕਾਰ ਦੀ ਅਗਸਤ 2021 ਵਿਚ ਸ਼ੁਰੂ ਹੋਣ ਵਾਲੀ ਖੇਤ ਮਜਦੂਰਾਂ ਤੇ ਬੇਜ਼ਮੀਨੇ ਕਿਸਾਨਾਂ ਲਈ 590 ਕਰੋੜ ਕਰਜਾ ਰਾਹਤ ਸਕੀਮ ਦੀ। ਸਭ ਤੋਂ ਪਹਿਲਾਂ ਇਹ ਸਕੀਮ ਸਿਰਫ ਸਹਿਕਾਰੀ ਸਭਾਵਾਂ ਅਤੇ ਅਦਾਰਿਆਂ ਦੇ ਕਰਜਈ ਖੇਤ ਮਜਦੂਰਾਂ ਅਤੇ ਬੇਜਮੀਨੇ ਕਿਸਾਨਾਂ ਲਈ ਹੈ, ਭਾਵ ਇਸ ਵਰਗ ਦੇ ਇਕ ਪਰਿਵਾਰ ਸਿਰ ਚੜ੍ਹੇ ਕਰਜੇ ਦਾ ਵੱਧ ਤੋਂ ਵੱਧ 10 ਫੀਸਦ ਔਸਤਨ 10000 ਰੁਪਏ ਕਰਜਾ ਹੀ ਮੁਆਫ ਹੋਵੇਗਾ, ਕਿਉਂਕਿ ਇਨ੍ਹਾਂ ਪਰਿਵਾਰਾਂ ਸਿਰ ਸਰਕਾਰੀ ਅਤੇ ਸਹਿਕਾਰੀ ਅਦਾਰਿਆਂ ਦਾ ਕਰਜਾ ਔਸਤਨ 10000 ਰੁਪਏ ਹੀ ਹੈ। ਸਰਕਾਰ ਨੇ ਇਹ ਹੱਦ 20000 ਰੁਪਏ ਪ੍ਰਤੀ ਪਰਿਵਾਰ ਮਿਥੀ ਹੈ। ਦੂਜਾ, ਇਸ ਸਕੀਮ ਅਧੀਨ ਕਰਜਈ 12-13 ਲੱਖ ਖੇਤ ਮਜਦੂਰਾਂ ਅਤੇ ਬੇਜਮੀਨੇ ਕਿਸਾਨਾਂ ਦਾ ਬਹੁਤ ਛੋਟਾ ਹਿੱਸਾ, ਲਗਭਗ 20 ਫੀਸਦ ਹੀ ਆਵੇਗਾ ਕਿਉਂਕਿ ਕੁੱਲ 285000 ਖੇਤ ਮਜਦੂਰ ਅਤੇ ਬੇਜਮੀਨੇ ਕਿਸਾਨ ਹੀ ਫਾਇਦਾ ਲੈਣ ਸਕਣਗੇ; ਬਾਕੀ 80 ਫੀਸਦ ਕਰਜਈ ਖੇਤ ਮਜਦੂਰਾਂ ਅਤੇ ਬੇਜਮੀਨੇ ਕਿਸਾਨਾਂ ਨੂੰ ਇਸ ਸਕੀਮ ਦਾ ਲਾਭ ਨਹੀਂ ਮਿਲੇਗਾ। ਪਿਛਲੇ ਸਮੇਂ ਵਿਚ ਲਾਗੂ ਕੀਤੀਆਂ ਕਰਜਾ ਰਾਹਤ ਸਕੀਮਾਂ ਦੇ ਤਜਰਬਿਆਂ ਤੋਂ ਪਤਾ ਲੱਗਦਾ ਹੈ ਕਿ ਕਰਜਾ ਰਾਹਤ ਲੋੜਵੰਦਾਂ ਤੱਕ ਨਹੀਂ ਪਹੁੰਚਦਾ, ਕਿਉਂਕਿ ਸਰਕਾਰ ਦੇ ਦਫਤਰੀ ਕੰਮ ਕਰਨ ਦੇ ਢੰਗ-ਤਰੀਕੇ ਅਤੇ ਦਫਤਰੀ ਅੜਿੱਕਿਆਂ ਕਾਰਨ ਬਹੁਤੇ ਖੇਤ ਮਜਦੂਰਾਂ ਅਤੇ ਬੇਜਮੀਨੇ ਕਿਸਾਨਾਂ ਦੇ ਕਾਗਜ ਵਗੈਰਾ ਠੀਕ ਨਹੀਂ ਨਿੱਕਲਣਗੇ। ਜੇ ਇਹ ਵੀ ਮੰਨ ਲਈਏ ਕਿ ਕਰਜਾ ਰਾਹਤ ਸਕੀਮ ਤਹਿਤ 285000 ਖੇਤ ਮਜਦੂਰਾਂ ਅਤੇ ਬੇਜਮੀਨੇ ਕਿਸਾਨਾਂ ਨੂੰ ਲਾਭ ਪਹੁੰਚਦਾ ਹੈ ਤਾਂ ਇਹ ਲਾਭ ਲੋੜ ਨਾਲੋਂ ਬਹੁਤ ਘੱਟ ਤੇ ਨਾਮਾਤਰ ਹੋਵੇਗਾ, ਕਿਉਂਕਿ ਇਹ ਰਾਹਤ ਨਾ ਤਾਂ ਖੇਤ ਮਜਦੂਰਾਂ ਅਤੇ ਬੇਜਮੀਨੇ ਕਿਸਾਨਾਂ ਸਿਰ ਚੜ੍ਹੇ ਕਰਜੇ ਦਾ ਭਾਰ ਘੱਟ ਕਰੇਗਾ, ਨਾ ਹੀ ਇਸ ਵਰਗ ਦੀਆਂ ਖੁਦਕੁਸ਼ੀਆਂ ਨੂੰ ਠੱਲ੍ਹ ਪਾਏਗਾ। ਤਜਰਬੇ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਮੁਲਕ ਅਤੇ ਪੰਜਾਬ ਵਿਚ ਦਿੱਤੀਆਂ ਕਰਜ਼ਾ ਰਾਹਤ ਸਕੀਮਾਂ ਦਾ ਕਿਸਾਨਾਂ ਅਤੇ ਖੇਤ ਮਜਦੂਰਾਂ ਨੂੰ ਸੀਮਤ ਲਾਭ ਹੀ ਪਹੁੰਚਿਆ ਹੈ। ਮੁਲਕ ਭਰ ਵਿਚ ਕਰਜਾ ਰਾਹਤ ਅਤੇ ਕਰਜਾ ਮੁਆਫੀ ਸਕੀਮਾਂ ਨੂੰ ਸਮੇਂ ਦੀਆਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਨੇ ਵੋਟਾਂ ਵਟੋਰਨ ਦੇ ਹਥਿਆਰ ਦੇ ਤੌਰ 'ਤੇ ਜਰੂਰ ਵਰਤਿਆ ਹੈ।

ਸਪੱਸ਼ਟ ਹੈ ਕਿ ਕਰਜਾ ਰਾਹਤ ਸਕੀਮਾਂ ਨੇ ਖੇਤ ਮਜਦੂਰਾਂ, ਬੇਜਮੀਨੇ ਕਿਸਾਨਾਂ ਤੇ ਕਿਸਾਨਾਂ ਦੀ ਆਰਥਿਕ ਹਾਲਤ ਤੇ ਮੰਦਹਾਲੀ ਨੂੰ ਠੀਕ ਨਹੀਂ ਕੀਤਾ ਅਤੇ ਨਾ ਹੀ ਖੁਦਕੁਸ਼ੀਆਂ ਨੂੰ ਠੱਲ੍ਹ ਪਾਈ ਹੈ। ਇਸ ਲਈ ਸਮਾਂ ਮੰਗ ਕਰਦਾ ਹੈ ਕਿ ਹੁਣ ਸਮੱਸਿਆ ਦੇ ਹੱਲ ਲਈ ਨਵੇਂ ਬਦਲਵੇਂ ਢੰਗ-ਤਰੀਕੇ ਅਪਨਾਏ ਜਾਣ। ਇਸ ਕਾਰਜ ਲਈ ਪਹਿਲਾਂ ਪੇਂਡੂ ਅਰਥ-ਵਿਵਸਥਾ ਵਿਚ ਵੰਨ-ਸਵੰਨਤਾ ਲਿਆਉਣੀ ਪਵੇਗੀ, ਭਾਵ ਗੈਰ ਖੇਤੀ ਧੰਦੇ ਅਪਨਾਉਣ ਅਤੇ ਉਤਸ਼ਾਹਤ ਕਰਨਾ ਪਵੇਗਾ। ਦੂਜਾ, ਲੋੜਵੰਦ ਖੇਤ ਮਜਦੂਰਾਂ, ਬੇਜਮੀਨੇ ਕਿਸਾਨਾਂ ਅਤੇ ਕਿਸਾਨਾਂ ਨੂੰ ਖੇਤੀ ਕਰਨ ਲਈ ਸਿੱਧੇ ਤੌਰ 'ਤੇ ਫਸਲਾਂ ਦੀ ਬਿਜਾਈ ਅਤੇ ਵਾਢੀ ਸਮੇਂ ਲੋੜੀਂਦੀ ਆਰਥਿਕ ਮਦਦ ਦਿੱਤੀ ਜਾਵੇ। ਤੀਜਾ, ਪੇਂਡੂ ਖੇਤਰਾਂ ਵਿਚ ਸਿੱਖਿਆ ਸਮੇਂ ਦੇ ਹਾਣ ਮੁਤਾਬਿਕ ਵਿਕਸਤ ਕੀਤੀ ਜਾਣੀ ਚਾਹੀਦੀ ਹੈ ਅਤੇ ਇਹ ਸਿਖਿਆ ਗਰੀਬਾਂ, ਖੇਤ ਮਜ਼ਦੂਰਾਂ, ਬੇਜ਼ਮੀਨੇ ਕਿਸਾਨਾਂ ਤੇ ਕਿਸਾਨਾਂ ਦੇ ਬੱਚਿਆਂ ਨੂੰ ਮੁਫਤ ਮੁਹੱਈਆ ਕਰਵਾਉਣੀ ਚਾਹੀਦੀ ਹੈ। ਪੇਂਡੂ ਖੇਤਰਾਂ ਵਿਚ ਸਿਹਤ ਸਹੂਲਤਾਂ ਮੁਫਤ ਮਿਲਣੀਆਂ ਚਾਹੀਦੀਆਂ ਹਨ। ਪੇਂਡੂ ਖੇਤਰਾਂ ਵਿਚ ਸਿਹਤ ਤੇ ਸਿੱਖਿਆ ਦਾ ਸੁਧਾਰ ਕਰਕੇ ਖੇਤ ਮਜਦੂਰਾਂ, ਬੇਜ਼ਮੀਨੇ ਕਿਸਾਨਾਂ ਤੇ ਕਿਸਾਨਾਂ ਨੂੰ ਗੈਰ ਖੇਤੀ ਧੰਦਿਆਂ ਵੱਲ ਉਤਸ਼ਾਹਤ ਕੀਤਾ ਜਾ ਸਕਦਾ ਹੈ ਅਤੇ ਪੰਜਾਬ ਨੂੰ ਖੇਤੀ ਅਤੇ ਪੇਂਡੂ ਸੰਕਟ ਵਿਚੋਂ ਉਭਾਰਿਆ ਜਾ ਸਕਦਾ ਹੈ।


*ਸਾਬਕਾ ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।



Dr Hardeep Atwal
Cambridge,
Ontario

## Freedom of every life matter -don't forget shackles of salivary.

# 'Emancipation Day' will be 1st August all over Canada.




Now in 2021, Canadian federal Government has decided to mark day of 1st August every year as "Emancipation Day" to know the bad days of slavery system in Canadian past. The aim is to provide a chance for Canadians to note the 'harms caused by slavery' to oppressed community and Canadian society. "Did slavery exist in Canada?" Viger wrote to his mid-19th century audience. "Yes, slavery existed in Canada."

Till date, Ontario has been the only province to have marked Emancipation Day, but now it is officially a federal day in Canada, after members of parliament in the House of Commons voted unanimously on to designate it nationwide for Aug. 1 — denoting the day in year 1834 that the Act came into effect. They cast 335 votes in favour and no abstentions or nay votes.

Recognizing "Emancipation Day" at the federal level is a step forward in acknowledging the multigenerational harms caused by slavery and recognizing the heritage of people of African descent in Canada and the many contributions they have made and continue to make," Emelyana Titarenko, the spokesperson for Minister of Diversity and Inclusion and Youth Bardish Chagger, announced in media. Liberal MP for Richmond Hill Majid Jowhari's motion earlier this year was seconded by Alex Ruff, a Conservative MP who represents Owen Sound, where Emancipation Day has been celebrated for more than 160 years.

A dozen years ago Ontario designated Aug. 1 Emancipation Day but few know it as such. Because, it's called with different names in different communities in Canada, recognizing local historical dignitaries or acknowledging a cultural past. It is known as "Colonel By Day" in Ottawa, "Joseph Brant Day" in Burlington and "John Galt Day" in Guelph. Outside the province, the holiday is known as as "Natal Day" in Nova Scotia and Prince Edward Island, "Regatta Day" in Newfoundland and British Columbia Day in B.C.

In Toronto, it commemorates Lieutenant Governor John Graves Simcoe, who established the city of York, which later became Toronto. Passionately in favour of ensuring people's freedoms, he also helped begin abolition with his Act to Limit Slavery in Upper Canada. Each year through 2019, the 'Emancipation Day Underground Freedom Train' event has taken place on Aug. 1 with a symbolic subway ride acknowledging the role of the Underground Railroad in helping bring U.S. slaves to freedom in Canada.

Presence of slavery in Canada is virtually unknown, while slavery and its legacies play a massive role in the American story. Until recent years, one of the only dedicated books about slavery in Canada was the 1960 tome Two centuries of slavery in French Canada. Meticulously researched by the renowned historian Marcel Trudel, it upended a popular conception among Quebecers that slavery, if it existed, had been forced upon them by their English conquerors.

It's perhaps easier for Canadians to overlook its slavery past because human bondage never became a defining practice the way it did in the United States. "Canada might not have been a slave society — that is, a society whose economy was based on slavery—but it was a society with slaves," wrote Canadian historian Afua Cooper in her 2006 book, 'The Hanging of Angelique, a chronicle of Canadian slavery'.

There are estimates that over the 200 years of Canadian slavery, between 4,000 and 8,000 Africans and Indigenous people (known as "panis") were held in bondage. Even at the height of slavery in Montreal, slaves constituted only 0.01 per cent of the population. By contrast, at the outbreak of the American Civil War, slaves constituted 40 per cent of the population of the Confederate States of America. The result was a society and economy wholly geared towards slavery in ways that never quite materialized in Canada. Though in Canada, Full-time bounty hunters roaming the countryside for fugitive slaves, columns of shackled men and women being marched into frontier settlements, vast plantations of slaves overseen by whip-wielding overseers; these were all scenes distinct to the territories south of the Mason Dixon line.

In 1859, Jacques Viger, the first mayor of Montreal, felt so alarmed by the apparent erasure of Canadian slavery that he was compelled to publish a brief collection of historical documents proving that Canadians had indeed once held their fellow humans in bondage. One of the most obvious proofs was that in the 1763 terms dictating the conquest of New France, the British affirmed that "the negroes and panis of both sexes shall remain, in their quality of slaves."

In Canadian history, the 1793 Act to limit Slavery in Upper Canada set up the first ever move of Ontario territory as the first of the British Empire's jurisdictions in northern part of American continent. This act was framed to abolish slavery. Though, the Act didn't provide total freedom to all slaves, but it did outlaw the importation of them and set up a timeline for the phasing out of slaveholding system. With this act, Slaves older than six were thereafter simply called "apprentices" and were made to work 40 hours a week without pay as part of compensation payment to their former owners. Children born into slavery after 1793 would be freed when they turned 25 and their children would be born free. Four decades later, the Slavery Abolition Act of 1834 — which the Act commemorates — freed the few remaining slaves in Upper Canada. A federal spokesman told that "The root advantage of bringing this motion to mark this day, is to make sure we never forget, and at the same time that we educate. it's about being an informed and inclusive society that is willing to listen to the experience of various ethnicities and cultural backgrounds, and acknowledging the wrongs done in the past."

In Canada, the march towards emancipation was jumpstarted three decades earlier, largely due to the grassroots actions of the country's own black community. In 1793, witnesses on the streets of Niagara-on-the-Lake saw the troubling scene of a screaming woman named Chloe Cooley being violently forced onto a boat by a group of armed men taking her to the United States. The action was perfectly legal; Cooley was owned by one of the men, United Empire Loyalist Adam Vrooman, who was well within his rights to beat her into compliance and sell her south. What made the incident noteworthy, however, was Cooley's fierce and dogged resistance.

The incident prompted Peter Martin, a free Black Loyalist and veteran of the Revolutionary War, to appeal to Upper Canadian authorities. Appearing before an executive council whose names now adorn streets and landmarks across Canada (John Graves Simcoe, William Osgoode, Peter Russell), Martin told of the "violent outrage" committed against Cooley by men who intended to "deliver her against her will to persons unknown."

What Martin would help inspire was the 1793 Act to Limit Slavery in Upper Canada. Although it ranks as the first piece of anti-slavery legislation in the British Empire, it was by no means a radical document. The act enshrined the legality of slavery, but banned the importation of slaves and set out a program to free the children of Canadian slaves once they had reached age 25.

**How was slavery looked like in Canada?**

When Canadian historians talk about Africans coming here after the American Revolution, they generally focus on the Black Loyalists; freed slaves escaped from American masters who were emancipated by the British and settled in Nova Scotia. But not every African brought to Canada after the Revolutionary War was free. They came here with slave owners from southern part of American continent. They came in northern part ( Canada) in great, dusty columns trudging north; the persecuted refugees of a new country of southern part of this continent, named " USA" which was founded on freedom and liberty. These refugees were the United Empire Loyalists; the thousands of men, women and children loyal to the Crown who were forced into Canada by the victory of rebel forces in the American War of Independence. And these slave owner refugee crowds brought their slaves with them.

In the official Act of Parliament that welcomed white Loyalist refugees to British North America,they were permitted to bring along "any negroes" in their possession without paying duty to the Crown. As many as 2,500 Black slaves were brought to Nova Scotia, instantly making it the most slaveholding territory in both the Maritime colonies and New England. "During the late 18th century practically every county in mainland Nova Scotia had slaves, and this






story remains to be told," wrote historian Ken Donovan in 2014.

Only a generation before Abraham Lincoln's Emancipation Proclamation, Canada had been a place where human beings were listed for sale in newspapers, where enslaved children were given as gifts, where authorities hunted down fugitive slaves and where the murder and rape of enslaved Africans was endorsed by the Crown.

The Canadian slave most well-known to history is probably a young woman named Angélique, who was tortured and hanged in 1734 following accusations that she had set fire to a large section of Montreal. The man who pulled the hang lever that caused Angélique to plunge to her death was himself a slave.

James McGill, founder of McGill University, owned three black slaves and two indigenous children. Marguerite d'Youville, the first Canadian-born Catholic Saint, likely owned an enslaved domestic servant. When the Mohawk leader Joseph Brant was corralling Indigenous armed resistance to the American Revolution, he owned as many as 40 black slaves.

It was very common, that The Montreal Gazette published ads of slaves for sale, or offering rewards for escaped slaves. "FOR SALE: A Young healthy Negro Wench between 12 and 13 years of age, lately from Upper Canada, where she was brought up," reads one from 1795.

The first Canadian slave is generally believed to have come to Quebec City in 1628. Soon, New France was actively encouraging the use of both African and Indigenous slavery to build and serve the growing colony. Later, after the conquest of New France in the Seven Years' War, Canada became the westernmost outpost of a British Empire that, for a time, was the world's leading slave trader.


The arrival of unchallenged English rule to the continent after the Seven Year's War arguably made the lot of Canada's slaves worse, at least on paper. While French law had generally recognized slaves as humans of diminished rights, under English law any slave within Canada was mere property: Rape, murder, and assault did not apply, as the law required those offences to be committed against someone who was legally considered a human being.

Slavery in the British Empire would be dramatically reversed in the early 19th century thanks to one of the most remarkable campaigns of political activism. After only a generation of coordinated boycotts, letter-writing campaigns, and other political pressure tactics, a nation of slave traders transformed into one that now saw anti-slavery as proof of its national superiority. By the 1840s,Great Britain was spending half of its naval budget on anti-slavery patrols off the West African Coast.

Nevertheless, it began the slow fizzling out of an institution that would be definitively ended with London's passage of the 1833 Slave Emancipation Act. Notably, although the act offered compensation to any slaveowner who had seen their slaves freed by the Crown, not one request came in from British North America.

By the time the question of slavery had begun to burst into open conflict in the United States by the 1850s, the institution was already so far in Canada's rear-view mirror that British North America had shifted quite comfortably into a haven for abolitionist sentiment. Abolitionist Harriet Tubman was able to live quite openly in what is now St. Catharines, Ont., despite her actions of shepherding fugitive slaves to freedom being considered a federal crime in the United States.

But perhaps our biggest contrast with the United States is that most African-Canadians do not have a direct familial link to Canadian slavery. The civil rights leader Martin Luther King Jr. grew up only 90 minutes away from the plantation where his great-grandfather had been held as a slave. Oprah Winfrey can trace her last name to Absalom Winfrey, a man who had purchased her




greatgreat-grandfather Constantine. The slave ancestors of basketball star Michael Jordan lay buried in unmarked graves on Georgia plantations.

But in Canada, the ancestors of most African Canadians arrived in the country long after abolition. There are 1.2 million Black Canadians by last count, 50 per cent of whom are first-generation immigrants. For most Black Canadians, any slave ancestors were held in Jamaica or Mississippi, not in Montreal or Kingston. This day of August will provide an opportunity to tell new generations about darker side of Canadian history. The past will provide a lesson to our community to learn the value of democratic, free and society based on equality without any racial discrimination.

# Ryerson University, Toronto decides to change name, as namesake was the architect of Indigenous residential schools.



**Dr Hardeep Atwal**
**Cambridge, Ontario**






Toronto (August 2021) In wake of public outcry about previous crimes against indigenous children, Ryerson University will change its name to get rid of the legacy of its namesake, Egerton Ryerson. In June of this year, the statue of Ryerson was defaced and toppled by protesting students. It was demanded since long ago by many indigenous student organizations for the role of Egerton Ryerson in the history of Indigenous Residential school system. Now, the name change is decided following a recommendation from a special task force for this purpose.

Egerton Ryerson was a leading figure in 19th-century Ontario education who has been linked with the design of the residential school system, which forcibly placed Indigenous children in schools designed to eradicate their language and culture. The Truth and Reconciliation Commission called these school system was an act of cultural genocide.

Over the past year, students, faculty and staff have grown more vocal about their desire to see the university renamed. In May, a group of Indigenous students asked faculty and students to stop using the Ryerson designation in their CVs and e-mail signatures. Many began referring to the school as "X University." In June, a statue of Mr. Ryerson at the centre of campus was pulled down after a gathering to honour the Indigenous children who died at residential schools.

The Standing Strong Task Force (known as Mash Koh Wee Kah Pooh Win in Cree) was set up in 2020 amid a wave of reckoning with colonization and the commemoration of controversial historical figures across the country. The task force concluded it could not ignore what it described as the harm caused by continuing to commemorate Mr. Ryerson.

"For as long as the university is named after Egerton Ryerson, our narrative will be centred on his legacy. Given that our namesake is increasingly recognized as a symbol of colonialism, our identity as an institution can no longer be disentangled from separate schools, segregation, the genocide of Indigenous Peoples and cultural erasure," the task force wrote. The task force report included a summary of the life and work of Mr. Ryerson. The extent of the role he played in the design and structure of the residential-school system remains a source of debate. The task force concluded the university should be renamed to better reflect the values and diversity of the institution. And the toppled statue would not be erected back. The task force also called for mandatory educational opportunities in all academic programs on Indigenous history and Indigenous-colonial relations in Canada, and for faculty and staff to be required to complete a module on residential schools and Indigenous history.

Mr. Ryerson's 1847 report on industrial schools contributed to the creation of two residential schools with religious instruction for Indigenous children in Ontario, schools that were designed to produce "industrious" farmers, which didn't reflect the aspirations of local Indigenous communities. Those schools closed within about a decade, but Mr. Ryerson's writing remained influential. His work has been linked with an 1879 report by Nicholas Flood Davin that laid the foundation for the residential school system.

Ryerson will be the first university in Canada to change its name as a result of these debates. A new name could be chosen in time for the start of the next academic year in September, 2022, university president Mohamed Lachemi said. Dr. Lachemi said the university will embrace the opportunity the task force has presented. The university will now begin a process to select a new name.

The name of Ryerson was originally chosen in 1948 for the new technical institute because its founding principal, Howard Kerr, thought it would confer credibility and a sense of tradition. The school opened in the same location where Mr. Ryerson had opened the Toronto Normal School for the education of teachers in 1847. It eventually became a polytechnic, then a polytechnic university before becoming Ryerson University in 2002. The school currently has approximately 40,000 full-time students and more than 200,000 alumni.

Sam Howden, a student and organizer of the X University campaign, described the renaming as a step in the right direction, but added a lot of work remains to be done. Hayden King, executive director of the Yellowhead Institute, a First Nation-led research institute based at Ryerson, said he was proud of the students who took up this cause over decades. "This has taken a generation of organizing and solidarity," Prof. King said. "The next cohort of students won't have to bear the Ryerson name and that's an accomplishment." Joanne Dallaire, a Cree elder, co-chair of the task force and senior adviser, Indigenous relations and reconciliation, at Ryerson, said the discovery of large numbers of unmarked graves in Kamloops and at other residential-school sites during the consultation process contributed to an outpouring of emotion from the community. The name "Ryerson" became closely linked with a terrible period of history.

Catherine Ellis, a professor of history and co-chair of the task force, said that, rather than a historical assessment of Mr. Ryerson, their recommendations are driven primarily by an understanding of legacy and whether that legacy aligns with the institution's values.

### India at the crossroads

# Statement by East Indian Defence Committee





On August 15 India will be celebrating the 74th anniversary of its independence. It supposedly broke the shackles of colonialism on this day. India's tricolour will be flown and parades will be held all over the country. India gained freedom, no doubt, but it was achieved at a great cost. Two provinces, Bengal and Punjab, were partitioned and a new country of Pakistan was created based on communalistic two nation theory which eventually became two countries. Millions of people migrated from one country to the other and over one million lives were lost. It begs the question, was it a genuine freedom that we gained? Did the dream of patriots such as the Ghadri Babas, Bhagat Singh, Sukhdev, Rajguru and hundreds of others who sacrificed their lives, spent their lives in jails and lost their properties in the struggle of freedom come true? In fact, it was not a genuine independence but a transfer of power to the handpicked agents of the British Empire. These people were educated and trained in England and the British system.

The independent India had problems from the very beginning. Besides the tragedy at the time of independence it plunged into war with Pakistan immediately over Kashmir. The Congress government led by Nehru kept the British system intact by naming Mountbatten as the Governor General, keeping the same judicial, legislative, executive and education system as well the armed forces. In 1950 when India became a republic even its constitution was adopted from the British parliamentary system. Apologists for the British system maintain that India progressed under the British rule but the facts and figures describe otherwise. At the beginning of the eighteenth century, as the British economic historian Angus Maddison has demonstrated, India's share of the world economy was 23 per cent, as large as all of Europe put together.1 India had great commerce and trade by land and sea which extended to all known civilized countries. Such was the India which the British found when they came.2 India, under the leadership of Prime Minister Nehru decided to join the British Commonwealth which is presided over by the Queen of England.

Things were not any different after Nehru. His daughter, Indira Gandhi, became the Prime Minister and ruled India with an autocratic hand. Emergency was imposed in 1975 and all kinds of draconian laws were enacted. The army, whose duty is to defend the nation from external enemies, was brought in to attack its own citizens in 1984.Paramilitary forces have been deployed in Kashmir, Tripura and other states numerous times since independence. India was free but the economy and all levers of power remained under the control of the landlords and capitalists and enjoyed the trust of the big corporations.3 This process of kowtowing to foreign capital continued under subsequent governments. In 1991, when Manmohan Singh became Finance Minister, India formally adopted the principles of neoliberalism under the supervision of IMF and World Bank.4 Manmohan Singh opened India to mega corporations for direct foreign investment and sold our natural resources to them for exploitation.

Even as we celebrate our independence India is in the midst of a huge crisis. India, the fastest growing economy in the world (IMF), ranks 139th in GDP per capita and 118th per capita at PPP. It is the largest producer of milk, 80 % of the milk comes from small farms, yet 21 per cent of its population is malnourished. India ranked 94 among 107 nations in the Global Hunger Index 2020 and is in the serious hunger category. (Firstpost). The Modi government, having won the biggest majority in the Parliament, has become an autocracy instead of democracy. Nationalism (Hindutva), capitalism (Ambani and Adani), imperialism, casteism, racism and sexism are all alive and well in modern India. According to Romila Thapar, a renowned historian, "India is on the edge of becoming a Hindu nation. Majoritarianism rules and majoritarianism is not nationalism. The struggle for independence had an all inclusive nationalism of Indians opposed to British rule".5 Three words, socialist, secular and integrity, the cornerstone of a democratic constitution, have gone missing. Corrupt and criminal element is having a heyday. Record number of elected members of Parliament (233) have been convicted or face criminal charges. The government has enacted and imposed oppressive laws like Citizenship Amendment Act, removal of Article 370, new Labour Laws 2020 and three Farmers' Bills. Intellectuals, writers and human rights activists have been in jails for months and years without trial.

The biggest crisis facing the Modi government is the Farmers' protest. Hundreds of thousands of farmers are sitting on the outskirts of Delhi for the last nine months. Their struggle, arguably the largest mass movement in the history of the world, have caught the attention of the entire world, especially of Indians living abroad. They are no doubt in a do or die struggle and they have the support of the whole country. A new situation is emerging and farmers are coming to Delhi to participate in Sansad, the Farmers' Parliament. The Sansad has exposed the real nature of the Indian democracy. The Indian Parliament in its current session has failed to hold its full session and the government refuses the democratic right of the opposition to hold a debate on the Farmers' issues. The crisis is getting deeper and Modi government has no solution. The movement and struggle of the masses brings new hope for the people of India for the first time since 1947. It is the rise of a new awakening which is bound to succeed. The farmers' struggle along with the economic crisis is grave and it could turn this struggle into an inferno. We resolutely support the Farmers' movement and wish them every success. We also condemn the Modi government for its high handed and oppressive policies to suppress the genuine demands of the people. On this day we remember the last message given by Shaheed Bhagat Singh on March 5, 1931, "The struggle in India would continue so long as a handful of exploiters go on exploiting the labour of the common people for their own ends. It matters little whether these exploiters are purely British capitalists, or British and Indians in alliance, or even purely Indian."6

**Iqbal Purewal, President**
**604-720-1652**
**Harbhajan Cheema, Secretary**
**604-377-2415**

# Corporate executive pay rose an average of $171K in 2020 despite pandemic: report

## Tweaks to bonus pay rules helped protect top executives' pay

OTTAWA—Top executives of some of Canada's largest companies saw their total pay in 2020 increase by an average of 17 per cent, or $171,000, compared to 2019, according to a new report from the Canadian Centre for Policy Alternatives (CCPA).

The study, Boundless Bonuses: Skyrocketing Canadian executive pay during the 2020 pandemic, finds executive pay increased due to soaring bonuses from stock market gains or subtle changes to their bonus pay arrangements—despite the devastating economic effects the COVID-19 pandemic had on many Canadian households and businesses. "2020 was a terrible year for most Canadians. Half of everyone making at or near minimum wage lost their job or work hours in the early months," says David Macdonald, CCPA senior economist and report co-author. "In contrast, top executives had a banner year, with soaring bonuses driven by a booming stock market or just plain changing the rules."

The report tracked the compensation of 1,096 executives, including CEOs and other C-suite executives, using filings from 209 publicly traded companies on the S&P/TSX Composite Index. The study found 49 companies, nearly a quarter of companies on the index, changed their own compensation rules to boost executives' paycheques.

Companies used four main approaches to boosting bonuses due to COVID-19:

1.Companies awarded direct COVID-19 bonuses;

2. Companies simulated a year without COVID-19 and awarded bonuses based on that;

3.Companies altered the performance measures that bonuses were based on; and

4. Companies changed the time-frames for bonus calculations to limit COVID-19's impact.


A full list of companies is in the report.

Many executives saw their salaries cut in the early months of the pandemic. However, the report also finds 52 per cent of executives who experienced salary cuts saw their total pay in 2020 increase, compared to 2019, because bonuses more than made up for decline in salaries.



"If times are good, executives claim to be personally responsible for every penny of additional profits and their bonuses hit the stratosphere. If times are bad, it's all beyond the executives' control and bonus rules have to be changed in order to protect them," adds Macdonald.


SHAUKAT HAYAT
403-680-1735
RE/MAX
FREE EVALUATION
DOING MORE FROM FOR SALE TO SOLD
HAYAT HOMES REAL ESTATE EXPERTS
www.hayathomes.com


YASMITA ENGINEERING
- Professional Engineering Service
-Design and Drafting of Buildings
- Building and Development Permits for: Residential and Commercial Projects (New house, Addition, Garage, Deck, Secondary Suite, Backyard Suite etc.)
- Environmental Site Assessment
- All types of Civil, Electrical, Mechanical, Structural and Environmental Engineering Works
Serving Alberta, British Columbia and Saskatchewan at Major Locations
Devendra Bhandari
M.Eng. P.Eng.
403 909 4060
email: yasmitaengineering@outlook.com


MATRIX ACCOUNTING SERVICES
Accounting & Tax Experts
• Personal Tax • Corporate Tax • Book Keeping • Incorporation
• GST Returns• Payroll • Instant Tax • Refund
Jas Aulakh (Accountant)
(403) 668-4070
www.matrixaccounting.ca | info@matrixaccounting.ca
105-3650 Westwinds Dr. NE Calgary, AB T3J 0W9


Gill Plumbing & Heating
A Complete Services for Your Residential and Commerce Plumbing & Heating Needs :
Call Parminder Gill 403-714-1544
WE Provide
Services Including :
- Hot Water Tank Replacement
- BBQ (Gas) Hook-Up
- Leaking Taps Repair/Replacement
- Washer/Dryer Relocation
- Yub Replacement
- City Approved New House Plumbing
- Gas Fitting
- Plumbing Repairs
- Dishwasher/Garburator
- Tollet Troubles
- Drain Cleaning
- We Do Commercial Bay Full Service
ਹੀਟਿਗ ਦਾ ਸਪੈਸ਼ਲਿਸਟ ਅਤੇਫਰਨੇਸ ਰਿਪਲੇਸਮੇਂਟ
24 Hours Service
ਪਰਮਿੰਦਰ ਗਿੱਲ
ਹੀਟਿੰਗ, ਗੈਸ ਜਾਂ ਪਲੰਬਿਗ ਦਾ ਹਰ ਤਰ੍ਹਾਂ ਦਾ ਕੰਮ ਜਿਵੇਂ ਟੂਟੀਆਂ ਦੀ ਲੀਕੇਜ, ਟੌਇਲਟ, ਟੱਬ, ਬਾਥਰੂਮ ਰਿਪੇਅਰ, ਹੌਟ ਵਾਟਰ ਟੈਂਕ ਦਾ ਤਸੱਲੀਬਖਸ਼ ਕੰਮ ਕਰਦੇ ਹਾਂ। ਅਸੀਂ ਨਵੇਂ ਘਰਾਂ ਦੀ ਸਿਟੀ ਅਪਰੂਵਡ ਪਲੰਬਿਗ ਵੀ ਕਰਦੇ ਹਾਂ।
We Promise Reasonable Rates and Quality Work


WAVE HOMES
SHOWHOMES
Inspired by Design
NEW SHOWHOMES
4, 8, 12, 16 MIDTOWN CLOSE
WAVE HOMES
403.764.0222
MIDTOWN
LOOKING TO MOVE UP IN NW CALGARY?
▶ NEW Hamptons Spec Homes for Sale!
25 + 76
Hampstead Mews NW
www.wavehomes.ca


ENVIRO
CANADA CONTRACTING
We provide services as below:
• Sprayfoam Insulation for Residential and Commercial Projects.
• Thermal Barrier/Spray for Residential and Commercial Projects.
• Fiberglass and Cellulose Blow-in Insulation for Attic
• Eavestrough and Downpipe installation.
• Batt insulation for Residential and Commercial Projects.
• Steel Stud Framing.
Any Inquiry
Sukhdeep Gill +1 (403) 975-1003
Office - 403-764-0111 | Email- info@envirocc.ca

# ਸਭਾ ਦੀ ਮੀਟਿੰਗ 'ਚ ਯੋਗਾ ਦਾ ਅਭਿਆਸ ਕਰਵਾਇਆ



**ਕੈਲਗਰੀ/ਗੁਰਚਰਨ ਕੌਰ ਥਿੰਦ**

ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਅਗਸਤ ਮਹੀਨੇ ਦੀ ਮੀਟਿੰਗ ਬਾਈ ਅਗਸਤ ਦਿਨ ਐਤਵਾਰ ਨੂੰ ਪਾਕਿਸਤਾਨ ਕਲਚਰਲ ਸੈਂਟਰ ਦੇ ਖੁੱਲ੍ਹੇ ਡੁੱਲ੍ਹੇ ਹਾਲ ਵਿੱਚ ਕੀਤੀ ਗਈ। ਮੀਟਿੰਗ ਵਿੱਚ ਤੀਹ ਤੋਂ ਉਪਰ ਮੈਂਬਰ ਹਾਜ਼ਰ ਸਨ। ਰਛਪਾਲ ਕੌਰ ਯੋਗਾ ਇੰਸਟਰਕਟਰ ਦੁਆਰਾ ਕਰਵਾਈਆਂ ਗਈਆਂ ਯੋਗਾ ਐਕਸਰਸਾਈਸਜ਼ ਨਾਲ ਮੀਟਿੰਗ ਦੀ ਸ਼ੁਰੂਆਤ ਕੀਤੀ ਗਈ। ਉਹਨਾਂ ਦੱਸਿਆ ਕਿ ਸਾਹ ਲੈਣਾ ਇੱਕ ਸਾਇੰਸ ਹੈ। ਸਾਹ ਕ੍ਰਿਆ ਦੇ ਤੇਜ਼ ਧੀਮਾ ਜਾਂ ਨਾਰਮਲ ਹੋਣ ਨਾਲ ਸਾਡੀ ਮਾਨਸਿਕ ਅਵਸਥਾ ਦਾ ਡੂੰਘਾ ਸਬੰਧ ਹੈ। ਉਹਨਾਂ ਸਰੀਰ ਦੇ ਵੱਖ ਵੱਖ ਅੰਗਾਂ ਨੂੰ ਐਕਟੀਵੇਟ ਕਰਨ ਲਈ 'ਟੈਪਿੰਗ ਥੈਰੇਪੀ' ਦੀ ਵਿਧੀ ਦਾ ਅਭਿਆਸ ਕਰਵਾ ਕੇ ਲੰਮਾ ਸਮਾਂ ਘਰਾਂ ਅੰਦਰ ਡੱਕੇ ਰਹਿਣ ਕਾਰਨ ਸਰੀਰਕ ਅਤੇ ਮਾਨਸਿਕ ਤਣਾਅ ਤੋਂ ਮੁਕਤ ਹੋਣ ਦੀਆਂ ਵਿਧੀਆਂ ਸਮਝਾਈਆਂ। ਉਪਰੰਤ ਸਾਰਿਆਂ ਨੇ ਮਿਲਕੇ ਖਾਣੇ ਦਾ ਆਨੰਦ ਮਾਣਿਆ ਜੋ ਬੀਤੇ ਡੇਢ ਸਾਲ ਵਿੱਚ ਗੁਰਤੇਜ ਸਿੱਧੂ, ਸਰਬਜੀਤ ਉੱਪਲ ਅਤੇ ਹਰਮਿੰਦਰ ਚੁੱਘ ਹੁਰਾਂ ਦੇ ਪ੍ਰਵਾਰਾਂ ਵਿੱਚ ਨੰਨ੍ਹੇ ਮੁੰਨੇ ਪੜਦੋਹਤੇ ਅਤੇ ਪੋਤੀਆਂ ਦੀ ਆਮਦ ਦੀ ਖੁਸ਼ੀ ਸਾਂਝੀ ਕਰਨ ਲਈ ਉਹਨਾਂ ਵਲੋਂ ਪਰੋਸਿਆ ਗਿਆ ਸੀ। ਅੱਜ ਦੀ ਮੀਟਿੰਗ ਦੀ ਮੇਜ਼ਬਾਨੀ ਦੇ ਨਾਲ ਨਾਲ ਇਸ ਮੀਟਿੰਗ ਦੀ ਕਾਰਵਾਈ ਵੀ ਇਹਨਾਂ ਤਿੰਨਾਂ ਵਲੋਂ ਮਿਲ ਕੇ ਨਿਭਾਈ ਗਈ।

ਪ੍ਰਧਾਨ ਬਲਵਿੰਦਰ ਬਰਾੜ ਨੇ ਸਭ ਨੂੰ ਜੀ ਆਇਆਂ ਆਖਿਆ। ਉਹਨਾਂ ਨੇ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸਭਾ ਵਲੋਂ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਕਰਨ ਦੀ ਤਜਵੀਜ਼ ਸਾਂਝੀ ਕੀਤੀ। ਉਹਨਾਂ 5 ਸਤੰਬਰ ਨੂੰ ਆਪਣੀ ਕਿਤਾਬ 'ਮਨ ਦਾ ਕੋਨਾ' ਦੇ ਐਕਸ ਸਰਵਿਸਮੈਨ ਐਸੋਸੀਏਸ਼ਨ ਦੇ ਹਾਲ ਵਿੱਚ ਕੀਤੇ ਜਾਣ ਵਾਲੇ ਰਿਲੀਜ਼ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਸਰਿਆਂ ਨੂੰ ਸੱਦਾ ਦਿੱਤਾ। 'ਬਲਵਿੰਦਰ ਬਰਾੜ ਨੂੰ ਇਸ ਮਹੀਨੇ ਦੇ ਆਖਰੀ ਹਫਤੇ ਵਿਨੀਪਿੰਗ ਵਿੱਚ ਉਹਨਾਂ ਦੇ ਵਿਦਿਆਰਥੀਆਂ ਵਲੋਂ ਸਨਮਾਨਤ ਕੀਤਾ ਜਾ ਰਿਹਾ ਹੈ' ਇਸ ਖ਼ਬਰ ਦਾ ਭਰਵੀਆਂ ਤਾੜੀਆਂ ਨਾਲ ਸਵਾਗਤ ਕੀਤਾ ਗਿਆ। ਗੁਰਚਰਨ ਥਿੰਦ ਨੇ ਸਭਾ ਵਲੋਂ ਪੰਜਾਬੀ ਪੜ੍ਹਾਉਣ ਬਾਰੇ ਹੋਰ ਵਿਸਥਾਰ ਵਿੱਚ ਗੱਲ ਕੀਤੀ ਅਤੇ ਕਿਹਾ ਕਿ ਜੇਕਰ ਕੁੱਝ ਭੈਣਾਂ ਇਸ ਕਾਰਜ ਵਿੱਚ ਸ਼ਾਮਲ ਹੋਣ ਦੀ ਹਾਮੀ ਭਰਨ ਅਤੇ ਹਾਲਾਤ ਸਾਜ਼ਗਾਰ ਰਹਿਣ ਤਾਂ ਆਉਂਦੇ ਸਮੇਂ ਵਿੱਚ ਇਸ ਤਜਵੀਜ਼ ਨੂੰ ਨੇਪਰੇ ਚਾੜ੍ਹਿਆ ਜਾ ਸਕਦਾ ਹੈ। ਇੱਕ ਦੋ ਭੈਣਾਂ ਨੇ ਮੌਕੇ ਤੇ ਹਾਮੀ ਭਰ ਦਿੱਤੀ। ਉਹਨਾਂ ਸੈਂਟਰ ਫਾਰ ਨਿਊਕਮਰਜ਼ ਤੋਂ ਆਏ ਨੀਲਮ ਮਦਾਨ ਦਾ ਤੁਆਰਫ਼ ਕਰਵਾਇਆ ਅਤੇ ਉਹਨਾਂ ਨੂੰ ਇਸ ਸੈਂਟਰ ਵਲੋਂ ਕਰਵਾਏ ਜਾਣ ਵਾਲੇ 'ਸੈਲਫ਼ ਪ੍ਰੋਟੈਕਸ਼ਨ ਪ੍ਰੋਗਰਾਮ' ਸਬੰਧੀ ਜਾਣਕਾਰੀ ਦੇਣ ਲਈ ਸੱਦਾ ਦਿੱਤਾ। ਨੀਲਮ ਮਦਾਨ ਨੇ ਮੁਸ਼ਕਲ ਘੜੀ ਵੇਲੇ ਆਪਣਾ ਬਚਾਅ ਖੁਦ ਕਰਨ ਦੀ ਜਾਚ ਸਿਖਾਉਣ ਲਈ 11-12 ਸਤੰਬਰ ਨੂੰ ਕਰਵਾਏ ਜਾਣ ਵਾਲੇ ਪ੍ਰੋਗਰਾਮ ਦੀ ਜਾਣਕਾਰੀ ਸਾਂਝੀ ਕੀਤੀ ਜਿਸ ਵਿੱਚ ਕਿਸੇ ਵੀ ਉਮਰ ਦਾ ਵਿਅਕਤੀ ਭਾਗ ਲੈ ਕੇ ਸਵੈ ਦਾ ਬਚਾਓ ਕਰਨਾ ਸਿੱਖ ਸਕਦਾ ਹੈ।

ਸਭਾ ਦੀ ਕਾਰਵਾਈ ਅੱਗੇ ਵਧਾਉਂਦਿਆਂ ਹਰਮਿੰਦਰ ਚੁੱਘ ਨੇ ਸਭਾ ਵਿੱਚ ਸ਼ਾਮਲ ਹੋਏ ਨਵੇਂ ਮੈਂਬਰਾਂ ਨੂੰ ਪਹਿਲ ਦੇ ਅਧਾਰ ਤੇ ਬੁਲਾ ਉਹਨਾਂ ਨਾਲ ਜਾਣ ਪਛਾਣ ਕਰਵਾਈ। ਜਗਦੀਪ ਸ਼ੇਰਗਿੱਲ, ਕੁਲਵਿੰਦਰ ਹਾਂਸਰਾ, ਅਮਰਜੀਤ ਗਰੇਵਾਲ, ਸ਼ਵਿੰਦਰ ਕੌਰ, ਸੁਰਿੰਦਰ ਕੌਰ ਹੁਰਾਂ ਨੇ ਬੋਲੀਆਂ ਕਵਿਤਾ ਗੀਤ ਜਾਂ ਆਪਣੇ ਵਿਚਾਰਾਂ ਨਾਲ ਆਪੋ ਆਪਣੇ ਅੰਦਾਜ਼ ਵਿੱਚ ਆਪਣਾ ਤੁਆਰਫ਼ ਕਰਵਾਇਆ। ਬ੍ਰੈਮਪਟਨ ਤੋਂ ਆਏ ਹਰਪਾਲ ਰੰਧਾਵਾ, ਜੋ ਕਿ ਗੀਤਕਾਰ ਗੁਰਦੇਵ ਸਿੰਘ ਮਾਨ ਦੇ ਬੇਟੀ ਹਨ, ਨੇ ਆਪਣੇ ਪਿਤਾ ਜੀ ਦਾ ਲਿਖਿਆ ਗੀਤ ਸੁਣਾ ਕੇ ਰੰਗ ਬੰਨ੍ਹਿਆ। ਇਕਬਾਲ ਕੌਰ ਨੇ ਦੇਸ਼ ਤੇ ਲੋਕਾਈ ਨੂੰ ਇਸ਼ਕ ਕਰਨ ਵਾਲੇ ਭਗਤ ਸਿੰਘ ਵਰਗੇ ਆਸ਼ਕਾਂ ਨਾਲ ਸਬੰਧਤ ਭਾਵਪੂਰਤ ਕਵਿਤਾ ਸਾਂਝੀ ਕੀਤੀ। ਸਾਦਾਤ ਰੁਬੀਨਾ ਜੀ ਨੇ ਖ਼ੂਬਸੂਰਤ ਗ਼ਜ਼ਲ ਨਾਲ ਸਾਂਝ ਪਾਈ। ਸਰਬਜੀਤ ਉੱਪਲ ਨੇ ਪੋਤੀ ਦੇ ਜਨਮ ਦੀ ਖ਼ੁਸ਼ੀ ਵਿੱਚ 'ਮੇਰੇ ਘਰ ਆਈ ਨੰਨ੍ਹੀ ਪਰੀ' ਗੀਤ ਸੁਣਾਇਆ। ਸੁਰਿੰਦਰ ਸੰਧੂ ਨੇ ਰਖੜੀ ਦਾ ਗੀਤ ਗਾਇਆ ਅਤੇ ਨੌਗੀਨ ਨੇ ਕੌਵਿਡ ਦੌਰਾਨ ਜ਼ੂਮ ਮੀਟਿੰਗਾਂ ਰਾਹੀਂ ਸਭਾ ਨਾਲ ਬਣੇ ਆਪਣੇ ਭਾਵੁਕ ਰਿਸ਼ਤੇ ਦੀ ਗੱਲ ਕੀਤੀ। ਉਪਰੰਤ ਬਲਵਿੰਦਰ ਬਰਾੜ ਨੇ ਸਭ ਦਾ ਧੰਨਵਾਦ ਕੀਤਾ ਅਤੇ ਮੀਟਿੰਗ ਦੀ ਸਮਾਪਤੀ ਕੀਤੀ।


11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| | | | | | |
|---|---|---|---|---|---|
| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) | ਜਸਵੀਰ ਕੌਰ ਮੰਗੂਵਾਲ ਵਿਨੀਪੈੱਗ | ਬਲਜਿੰਦਰ ਸਿੰਘ ਵੜੈਚ (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |

CENTURY 21.
RED STAR REALTY INC.
BROKERAGE
Pardeep Saggu
Sales Representative
Dir: 647-575-8594
Office: 416-740-5100
pardeep.saggu@C21.ca
www.PardeepSaggu.com



Super Visa Insurance
For Parents & Grandparents
Visiting Canada
Emergency Medical Coverage
Best Coverage at Best Rates
Full Refund if Visa Denied
Call Me Now!
Sameer Ahuja
416-910-0111



MANTRA CONSTRUCTION
Design & Build
Commercial, Residential & Industrial
We fulfill your needs
Experienced Professional Team & Builders

OUR SERVICES
- CONSULTATION
- PROJECT MANAGEMENT
- DRAWING PLANS
- CITY PLANS
- APPROVALS
- RESTAURANT / FRANCHISES
- DEMOLITION / RENOVATIONS
- DECKS & PATIOS
- LANDSCPING+



WE BUILD
YOUR NEW PROJECT
SPEIALIZE IN MDEICAL OFFICES - PHARMACIES
RESTAURANTS - SPAS - RETAIL OUTLETS + MORE
COMMERCIAL - RESIDENTIAL & INDUSTRIAL
FOR FREE CONSULTATION
CALL US: 416-833-2162
mantraconstruction 247@gmail.com www.mantraconstruction.ca






Buying | Selling | Investing
HOMELIFE HIGHER STANDARDS
Homelife/Miracle Realty Ltd. Brokerage
Each Office Independently Owned & Operated
Bill (Baljinder) Bath
Realtor
Dir: 416.567.0008
Email: Bill5670008@gmail.com
821 Bovaird Drive Unit #31, Brampton L6X 0T9

# ਸੀਨੀਅਰ ਔਰਤਾਂ ਨੇ ਪਿਕਨਿਕ ਦਾ ਭਰਪੂਰ ਆਨੰਦ ਮਾਣਿਆ





**ਗੁਰਚਰਨ ਕੌਰ ਥਿੰਦ**

ਕੋਵਿਡ-19 ਕਾਰਨ ਡੇਢ ਸਾਲ ਘਰਾਂ ਦੇ ਕਮਰਿਆਂ ਵਿੱਚ ਡੱਕੇ ਰਹਿਣ ਉਪਰੰਤ ਪਾਬੰਦੀਆਂ ਵਿੱਚ ਢਿੱਲ ਮਿਲਣ ਤੇ ਲੋਕ ਘਰਾਂ ਵਿੱਚੋਂ ਬਾਹਰ ਨਿਕਲ ਸੌਖਾ ਸਾਹ ਲੈਣ ਲਗ ਪਏ ਹਨ। ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀਆਂ ਸੀਨੀਅਰ ਔਰਤਾਂ ਲਈ ਵੀ ਇਸ ਖੜੋਤ ਵਿਚੋਂ ਬਾਹਰ ਨਿਕਲਣ ਲਈ ਪਿਕਨਿਕ ਦਾ ਪ੍ਰੋਗਰਾਮ ਉਲੀਕਿਆ ਗਿਆ। ਪੰਦਰਾਂ ਅਗਸਤ ਦਿਨ ਐਤਵਾਰ ਨੂੰ ਸਵੇਰੇ ਨੌਂ ਵਜੇ ਜੈਨੇਸਿਜ਼ ਸੈਂਟਰ ਤੋਂ 43 ਔਰਤਾਂ ਬੱਸ ਵਿੱਚ ਸੁਆਰ ਹੋ ਕੇਸਕੇਡ ਪੌਂਡਜ਼ ਨੂੰ ਰਵਾਨਾ ਹੋਈਆਂ। ਸੁਹਣੇ ਸੂਟਾਂ ਵਿੱਚ ਸੱਜੀਆਂ, ਹੱਥਾਂ ਵਿੱਚ ਖਾਣ ਪੀਣ ਦੇ ਸਮਾਨ ਦੇ ਥੈਲੇ ਫੜੀ ਇੱਕ ਦੂਜੀ ਤੋਂ ਮੂਹਰੇ ਹੋ ਸੀਟਾਂ ਮੱਲਣ ਲਈ ਕਾਹਲੀਆਂ, ਬਜ਼ੁਰਗ ਔਰਤਾਂ ਦੇ ਚਿਹਰੇ ਦੀਆਂ ਰੌਣਕਾਂ ਵੇਖਿਆਂ ਹੀ ਬਣਦੀਆਂ ਸਨ। ਬੱਸ ਵਿੱਚ ਬੈਠ ਇੱਕ ਦੂਜੀ ਦਾ ਹਾਲ ਚਾਲ ਪੁੱਛ ਲੰਮਾ ਉਦਰੇਵਾਂ ਦੂਰ ਕੀਤਾ। ਜਿਉਂ ਹੀ ਬੱਸ ਤੁਰੀ ਗੀਤਾਂ ਬੋਲੀਆਂ ਤੇ ਟੱਪਿਆਂ ਦੀ ਛਹਿਬਰ ਲਗ ਤੁਰੀ। ਹਸਦਿਆਂ ਖੇਡਦਿਆਂ ਪਤਾ ਹੀ ਨਹੀਂ ਲਗਾ ਕਦੋਂ ਡੇਢ ਘੰਟੇ ਦਾ ਪੈਂਡਾ ਮੁੱਕ ਗਿਆ।

ਬੜਾ ਸੁਹਣਾ ਰਮਣੀਕ ਪਾਰਕ, ਬੈਠਣ ਲਈ ਨੇੜੇ ਨੇੜੇ ਵਾਹਵਾ ਸਾਰੇ ਬੈਂਚ ਅਤੇ ਕੋਲ ਹਿਲੋਰੇ ਖਾਂਦੇ ਸਾਫ਼-ਸੁਥਰੇ ਪਾਣੇ ਦੇ ਤਲਾਬ ਵੇਖ ਹਰੇਕ ਦਾ ਮਨ ਪ੍ਰਸੰਨ ਹੋ ਗਿਆ। ਭੁੱਖ ਵੀ ਚਮਕ ਪਈ ਸੀ। ਸੋ ਪਹਿਲਾਂ ਖਾਣ ਪੀਣ ਦਾ ਕੰਮ ਮੁਕਾਉਣ ਦਾ ਸਿਲਸਲਾ ਸ਼ੁਰੂ ਕਰ ਲਿਆ ਗਿਆ। ਰਲ ਮਿਲ ਕੇ ਖਾਣ ਦਾ ਸੁਆਦ ਹੀ ਵਖਰਾ ਸੀ। ਚੁਫ਼ੇਰੇ ਪਸਰੇ ਖ਼ੂਬਸੂਰਤ ਨਜ਼ਾਰਿਆਂ ਨੂੰ ਜੀਅ ਭਰਕੇ ਮਾਨਣ ਉਪਰੰਤ 'ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ' ਸੱਚ ਹੋ ਉੱਠੀ। ਚਿਰਾਂ ਦੀਆਂ ਡੱਕੀਆਂ ਬੋਲੀਆਂ ਦਾ ਵਹਿਣ ਗਿੱਧੇ ਦੇ ਪਿੜ ਵਿੱਚ ਵਹਿ ਤੁਰਿਆ। ਕੋਈ ਵੀ ਅੱਡੀ ਉਠਣੋਂ ਨਾ ਰਹੀ। ਐਨੀ ਰੌਣਕ ਲਗੀ ਕਿ ਸੀਨੀਅਰ ਔਰਤਾਂ ਦਾ ਗਿੱਧਾ ਪਾਰਕ ਵਿੱਚ ਮੌਜੂਦ ਸਾਰਿਆਂ ਦੀਆਂ ਨਿਗਾਹਾਂ ਦਾ ਕੇਂਦਰ ਬਣ ਗਿਆ। ਕਈ ਤਾਂ ਡਾਨਸ ਵੇਖਣ ਲਈ ਕੋਲ ਆ ਖੜੇ। ਇੰਜ ਹਸਦਿਆਂ ਖੇਡਦਿਆਂ ਪਤਾ ਹੀ ਨਾ ਲਗਾ ਕਦੋਂ ਵਾਪਸੀ ਦਾ ਸਮਾਂ ਨੇੜੇ ਆ ਗਿਆ। ਬੱਸ ਵਿੱਚ ਸੁਆਰ ਹੋ ਖੁਸ਼ੀ ਖੁਸ਼ਾਈਂ ਜੈਨੇਸਿਜ਼ ਸੈਂਟਰ ਆ ਉਤਰੇ। ਸਾਰੀਆਂ ਭੈਣਾਂ ਅੱਜ ਦੇ ਦਿਨ ਦੀਆਂ ਮਿੱਠੀਆਂ ਯਾਦਾਂ ਚੇਤਿਆਂ ਵਿੱਚ ਸਾਂਭੀ ਇੱਕ ਦੂਜੀ ਨਾਲ ਬਗਲਗੀਰ ਹੋ ਘਰੋ-ਘਰੀ ਰਵਾਨਾ ਹੋ ਗਈਆਂ। ਪਿਕਨਿਕ ਦੌਰਾਨ ਕੋਵਿਡ ਤੋਂ ਬਚਾਅ ਲਈ ਲੋੜੀਂਦੀਆਂ ਸਾਵਧਾਨੀਆਂ ਦਾ ਪੂਰਾ ਪੂਰਾ ਧਿਆਨ ਰਖਿਆ ਗਿਆ। ਇਹ ਯਕੀਨੀ ਬਣਾਇਆ ਗਿਆ ਕਿ ਹਰੇਕ ਦੇ ਬਚਾਅ ਦੇ ਟੀਕੇ ਲਗੇ ਹੋਏ ਹਨ। ਲੋੜ ਅਨੁਸਾਰ ਮਾਸਕਾਂ ਦੀ ਵਰਤੋਂ ਵੀ ਕੀਤੀ ਗਈ।


Galaxy Kitchen Cabinets Ltd
Residential & Commercial

* Custom Cabinets
* Countertops
* Vanities Bars
* Entertainment Units
Call for Free Estimate :
Sarbjit S Mangat 778-549-4740
#12 -13325 - 76 Ave. Surrey BC V2W 2V8 | F. 604-503-0058

TAX & ACCOUNTING
• Personal, Business & Corporate Tax
• Book Keeping & Accounting Service
• RSEP & Education Saving Plan (Get Goverment Grants upto 40%)
• RRSP, TFSA & RDSP
• Payroll & HST Service
• Business & GST Registration
E-FILE
Special Discounts for Groups & Seniors
K.S.C. General SERVICES
I will help you understand the product and provide trusted service to choose the product that fits your needs and life style. Give me a call for all your personal and business needs.
Kirpal Cheema
647-763-4862
www.kirpalcheema.com
INSURANCE
• Life Insurance (Permanent, Universal or Term)
• Disability & Critical Insurance (Money Back)
• Long Term Care Insurance
• Health, Dental & Drug Benefits
• Visitor & Super Visa Insurance (Monthly & Money Back Plan)
• Group Life, Health, Dental & Drug Plans

MAROK LAW OFFICE
Always Taking You Forward

• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

Gill
Truck & Trailer Repair
& Mobile Service
Lube and Truck Wash

Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis

Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

FIVE STAR INSURANCE
Save up to 51%
• Auto • Home
• Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555

# ਰੰਗਮੰਚ ਦੇ ਸਿਰਮੌਰ ਗੁਰਸ਼ਰਨ ਸਿੰਘ ਨੂੰ ਯਾਦ ਕਰਦਿਆਂ



ਪਰਮਿੰਦਰ ਕੌਰ ਸਵੈਚ
604 760 4794

ਅੱਜ ਆਪਾਂ ਪੰਜਾਬ ਦੀ ਉੱਘੀ ਤੇ ਹਰਮਨ ਪਿਆਰੀ ਇਨਕਲਾਬੀ ਸ਼ਖਸ਼ੀਅਤ ਨਾਟਕਕਾਰ ਗੁਰਸ਼ਰਨ ਸਿੰਘ ਹੋਰਾਂ ਦੀ ਜੀਵਨ ਘਾਲਣਾ ਤੇ ਪ੍ਰਾਪਤੀਆਂ ਨੂੰ ਨਤਮਸਤਕ ਹੁੰਦੇ ਹੋਏ, ਉਹਨਾਂ ਦੀ ਸਮੁੱਚੀ ਦੇਣ ਨੂੰ ਜਨਤਕ ਸਫਾਂ ਵਿੱਚ ਉਹਨਾਂ ਦੁਬਾਰਾ ਫੈਲਾਏ ਚਾਨਣ ਦੀਆਂ ਛਿੱਟਾਂ ਬਿਖੇਰਨ, ਉਹਨਾਂ ਦੇ ਸੰਘਰਸ਼ਮਈ ਜੀਵਨ ਤੇ ਫਲਸਫੇ ਦੇ ਰੂਬਰੂ ਹੋਣ ਜਾ ਰਹੇ ਹਾਂ। 16 ਸਤੰਬਰ, 1929 ਨੂੰ ਜਨਮੇ ਗੁਰਸ਼ਰਨ ਸਿੰਘ ਖਾਂਦੇ ਪੀਂਦੇ ਅਮੀਰ ਘਰ ਦਾ ਚੌਥਾ ਬੇਟਾ ਸੀ ਜਿਸਦੀ ਹਰ ਲੋੜ ਬਿਨ੍ਹਾਂ ਤਰੱਦਦ ਪੂਰੀ ਹੁੰਦੀ ਸੀ। ਇਹਨਾਂ ਦੇ ਵੱਡੇ ਭਰਾ ਇੰਦਰਜੀਤ ਸਿੰਘ ਕਮਿਊਨਿਜ਼ਮ ਦੇ ਫਲਸਫੇ ਦਾ ਧਾਰਨੀ ਸੀ, ਇਹਨਾਂ ਨੇ ਮਾਰਕਸਵਾਦ ਦਾ ਪਹਿਲਾਂ ਸਬਕ ਆਪਣੇ ਭਰਾ ਤੋਂ ਹੀ ਲਿਆ ਪਰ ਸਮਾਜ ਵਿੱਚ ਕਾਣੀ ਵੰਡ ਦਾ ਅਹਿਸਾਸ ਨਾਲ ਪੜ੍ਹਦੇ ਸਾਥੀਆਂ ਦੀ ਮਜ਼ਬੂਰੀ ਵਸ ਪੜ੍ਹਾਈ ਦਾ ਛੁੱਟਣਾ ਤੇ ਆਪਦੇ ਤੇ ਉਹਨਾਂ ਦੇ ਰਹਿਣ ਸਹਿਣ ਦੇ ਜ਼ਮੀਨ ਅਸਮਾਨ ਵਰਗੇ ਫਰਕ ਤੋਂ ਹੀ ਹੋ ਗਿਆ ਸੀ।

ਪੇਸ਼ੇ ਵਜੋਂ ਗੁਰਸ਼ਰਨ ਸਿੰਘ ਸਰਕਾਰੀ ਨੌਕਰੀ ਤੇ ਇੰਜਨੀਅਰ ਸਨ। 1975 ਵਿੱਚ ਐਮਰਜੈਂਸੀ ਦੀ ਵਿਰੋਧਤਾ ਕਰਨ ਕਰਕੇ ਗ੍ਰਿਫਤਾਰ ਕਰ ਲਿਆ ਗਿਆ ਤੇ ਨੌਕਰੀ ਤੋਂ ਕੱਢ ਦਿੱਤਾ ਗਿਆ। ਉਸ ਤੋਂ ਬਾਅਦ 1977 ਵਿੱਚ ਕਾਂਗਰਸ ਦੀ ਸਰਕਾਰ ਟੁੱਟਣ ਤੇ ਰਿਹਾ ਕੀਤਾ ਗਿਆ ਤੇ ਨੌਕਰੀ ਤੇ ਬਹਾਲ ਕਰ ਦਿੱਤਾ ਗਿਆ। 1980 ਵਿੱਚ ਜਦੋਂ ਉਹਨਾਂ ਨੂੰ ਮੁੜ ਗ੍ਰਿਫਤਾਰ ਕੀਤਾ ਗਿਆ ਤਾਂ ਉਹਨਾਂ ਨੇ ਨੌਕਰੀ ਨੂੰ ਲੱਤ ਮਾਰ ਕੇ ਆਪ ਪਰਿਵਾਰ ਸਮੇਤ ਸਾਰਾ ਧਿਆਨ ਰੰਗਮੰਚ ਅਤੇ ਲੋਕਾਂ ਨੂੰ ਉਹਨਾਂ ਦੇ ਹੱਕਾਂ ਪ੍ਰਤੀ ਚੇਤੰਨ ਕਰਨ ਵੱਲ ਹੀ ਲਗਾ ਦਿੱਤਾ। ਗੁਰਸ਼ਰਨ ਸਿੰਘ ਆਪਣੇ ਜੀਵਨ ਕਾਲ ਵਿੱਚ ਇੰਜਨੀਅਰ, ਕਲਾਕਾਰ, ਨਾਟਕਕਾਰ, ਲੇਖਕ, ਨਿਰਦੇਸ਼ਕ, ਪ੍ਰਬੰਧਕ, ਲੋਕ ਆਗੂ, ਸੰਪਾਦਕ ਤੇ ਪ੍ਰਕਾਸ਼ਕ ਦੇ ਤੌਰ 'ਤੇ ਲੋਕਾਂ ਵਿੱਚ ਵਿਚਰੇ। ਉਹਨਾਂ ਨੇ 170 ਤੋਂ ਵੱਧ ਨਾਟਕ ਲਿਖੇ ਤੇ ਕਿਹਾ ਜਾਂਦਾ ਹੈ ਕਿ 10,000 ਤੋਂ ਵੀ ਵੱਧ ਪੇਸ਼ਕਾਰੀਆਂ ਉਹਨਾਂ ਦੇ ਹਿੱਸੇ ਆਈਆਂ। ਗੁਰਸ਼ਰਨ ਸਿੰਘ ਲੋਕਾਂ ਨੂੰ ਪਿਆਰ ਕਰਨ ਵਾਲਾ, ਉਹਨਾਂ ਦੇ ਦੁੱਖਾਂ, ਦਰਦਾਂ, ਮੁਸ਼ਕਲਾਂ ਤੇ ਗੁਰਬਤ ਦੀ ਜ਼ਿੰਦਗੀ ਨੂੰ ਸਮਝਣ ਵਾਲਾ ਵਿਅਕਤੀ ਸੀ ਤਦੇ ਹੀ ਉਸਨੇ ਸਾਹਿਤ ਦੀ ਨਾਟਕ ਕਲਾ ਨੂੰ ਉਤਸ਼ਾਹਤ ਕਰਕੇ ਲੋਕਾਂ ਵਿੱਚ ਰੰਗ ਮੰਚ ਤੇ ਉਹਨਾਂ ਦੀਆਂ ਮੁਸ਼ਕਲਾਂ ਨੂੰ ਮੰਚਤ ਕਰਕੇ ਉਹਨਾਂ ਦੇ ਧੁਰ ਦਿਲ ਵਿੱਚ ਉਤਰ ਕੇ ਮਨਪ੍ਰਚਾਵੇ ਦੇ ਨਾਲ ਨਾਲ ਸਮੱਸਿਆਵਾਂ ਦੇ ਹੱਲ ਵੱਲ ਵੀ ਝਾਤ ਪਵਾਈ ਹੈ ਉਹ ਸਮਝਦੇ ਸਨ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਪਰ ਕਿਤਾਬਾਂ ਵਿੱਚ ਲਿਖਿਆ ਸਾਹਿਤ ਗਰੀਬ ਲੋਕਾਂ ਦੇ ਹਿੱਸੇ ਨਹੀਂ ਆਉਂਦਾ, ਇਸੇ ਕਾਰਨ ਕਰਕੇ ਹੀ ਉਹ ਪੰਜਾਬ ਦੇ ਹਰ ਛੋਟੇ ਤੋਂ ਛੋਟੇ ਪਿੰਡ, ਭਾਰਤ ਦੇ ਸ਼ਹਿਰਾਂ, ਪਿੰਡਾਂ ਤੇ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਨੂੰ ਵੀ ਇਸ ਪਾਰਦਰਸ਼ੀ ਸ਼ੀਸ਼ੇ ਦੇ ਜਰੀਏ ਜਾਗਰੂਕ ਕਰਦੇ ਰਹੇ।

ਗੁਰਸ਼ਰਨ ਸਿੰਘ ਦਾ ਰੰਗਮੰਚ, ਰੰਗਮੰਚ ਦੀ ਵਿਆਪਕਤਾ, ਸਮਾਜਿਕ ਸਰੋਕਾਰ ਤੇ ਲਗਾਤਾਰ ਪ੍ਰਗਤੀਸ਼ੀਲ ਸਰੋਕਾਰਾਂ ਨੂੰ ਸਮਝਣ ਦੀ ਪ੍ਰੇਰਣਾ ਦਿੰਦਾ ਹੈ। ਇਸ ਤਰ੍ਹਾਂ ਦੇ ਵਿਕਾਸਮੁਖੀ ਰੰਗਮੰਚ ਦੀ ਸਥਾਪਨਾ ਸੌਖਾ ਕੰਮ ਨਹੀਂ ਇਸ ਲਈ ਗਹਿਰੀ ਦ੍ਰਿਸ਼ਟੀ, ਵਿਚਾਰਧਾਰਕ ਸਪੱਸ਼ਟਤਾ, ਕਲਾਤਮਕ ਵਿਲੱਖਣਤਾ ਤੇ ਸਿਰਜਣਾਤਮਿਕ ਪ੍ਰਤਿਭਾ ਹੋਣੀ ਚਾਹੀਦੀ ਹੈ। ਇਸ ਤੋਂ ਜ਼ਿਆਦਾ ਜ਼ਰੂਰੀ ਹੈ ਪ੍ਰਤੀਬੱਧਤਾ ਤੇ ਦ੍ਰਿੜ ਨਿਸ਼ਚਾ। ਇਹੀ ਗੁਰਸ਼ਰਨ ਸਿੰਘ ਹੋਰਾਂ ਦਾ ਵਿਚਾਰ ਸੀ ਕਿ ਅਗਰ ਕਮਿੱਟਮੈਂਟ ਹੋਵੇ ਤਾਂ ਹੀ ਇਸ ਵਿਧਾ ਨਾਲ ਨਿਭਿਆ ਜਾ ਸਕਦਾ ਹੈ। ਗੁਰਸ਼ਰਨ ਸਿੰਘ ਨੇ ਆਪਣੇ ਨਾਟਕਾਂ ਵਿੱਚ ਚੰਗਿਆਈ ਤੇ ਬੁਰਿਆਈ ਦੀ ਟੱਕਰ ਪੇਸ਼ ਕੀਤੀ ਹੈ ਤੇ ਉਹ ਇਸ ਗੱਲ ਤੋਂ ਪੂਰੀ ਤਰ੍ਹਾਂ ਸੁਚੇਤ ਸਨ ਕਿ ਉਹਨਾਂ ਨੇ ਕਿਸੇ ਵੀ ਇੱਕ ਫਿਰਕੇ ਦੀ ਨੁਮਾਇੰਦਗੀ ਨਹੀਂ ਕੀਤੀ ਸਗੋਂ ਸਮਾਜ ਨੂੰ ਦੋ ਸ਼੍ਰੇਣੀਆਂ ਵਿੱਚ ਵੰਡ ਕੇ ਦੇਖਦੇ ਹਨ ਕਿ ਇੱਕ ਲੁਟੇਰੀ ਸ਼੍ਰੇਣੀ ਤੇ ਦੂਸਰੀ ਲੁੱਟੀ ਜਾਣ ਵਾਲੀ। ਉਹਨਾਂ ਨੇ ਇਸ ਕਥਨ ਨੂੰ ਸਿੱਧ ਕਰ ਵਿਖਾਇਆ ਕਿ ਅਗਰ ਲੋਕ ਥੀਏਟਰ ਤੱਕ ਨਹੀਂ ਪਹੁੰਚਦੇ ਤਾਂ ਥੀਏਟਰ ਨੂੰ ਲੋਕਾਂ ਤੱਕ ਪਹੁੰਚਾਉਣਾ ਚਾਹੀਦਾ ਹੈ।

ਉਸਨੇ ਆਪਣੇ ਨਾਟਕਾਂ ਵਿੱਚ ਆਰਥਿਕ, ਰਾਜਨੀਤਿਕ, ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਇਤਿਹਾਸਕ ਵਿਸ਼ਿਆਂ ਤੇ ਆਮ ਮਨੁੱਖ ਦੇ ਹੱਕਾਂ ਪ੍ਰਤੀ ਚੇਤਨਤਾ ਦਾ ਸੱਚ ਬਹੁਤ ਹੀ ਦ੍ਰਿੜਤਾ ਨਾਲ ਉਜਾਗਰ ਕੀਤਾ ਹੈ, ਇਸ ਦਾ ਹੀ ਕਾਰਣ ਹੈ ਕਿ 1975 ਵਿੱਚ ਐਮਰਜੈਂਸੀ ਵੇਲੇ ਸਰਕਾਰ ਵਲੋਂ ਤੇ 1984 ਦੇ ਪੰਜਾਬ ਦੇ ਕਾਲੇ ਦੌਰ ਸਮੇਂ ਸਰਕਾਰ ਅਤੇ ਅੱਤਵਾਦੀ ਵੱਖਵਾਦੀਆਂ ਵਲੋਂ ਮਾਰਨ ਦੀਆਂ ਧਮਕੀਆਂ ਮਿਲਦੀਆਂ ਰਹੀਆਂ। ਪਰ ਉਹ ਜਮਹੂਰੀ ਹੱਕਾਂ ਦੀ ਰਾਖੀ ਲਈ ਭਾਰਤ ਵਿੱਚ ਜ਼ੋਰਦਾਰ ਅਵਾਜ਼ ਬਣ ਕੇ ਉਭਰੇ ਅਤੇ



ਉਹਨਾਂ ਹੀ ਲੋਕਾਂ ਦੀ ਹਮਾਇਤ ਵਿੱਚ ਆਪਣੇ ਆਖਰੀ ਪਲਾਂ ਤੱਕ ਡਟੇ ਰਹੇ ਜੋ ਸਮਾਜਕ ਬਰਾਬਰੀ ਤੇ ਇਨਸਾਫ਼ ਲਈ ਲੜਦੇ ਰਹੇ ਹਨ। ਆਪਣੀ ਜ਼ਿੰਦਗੀ ਦੀ ਜਦੋਜਹਿਦ ਵਿੱਚ ਉਹਨਾਂ ਨੇ ਸਿਰਫ ਤੇ ਸਿਰਫ ਸਮਾਜਿਕ ਬਰਾਬਰੀ ਦੇ ਸਮਾਜ ਦਾ ਸੁਫਨਾ ਲੈ ਕੇ ਉਸਨੂੰ ਸਾਕਾਰ ਕਰਨ ਲਈ ਮਾਰਕਸਵਾਦੀ ਸੋਚ ਦਾ ਸਮਰਥਨ ਕੀਤਾ ਤੇ ਇਸਤੇ ਡੱਟ ਕੇ ਪਹਿਰਾ ਵੀ ਦਿੱਤਾ।

ਗੁਰਸ਼ਰਨ ਸਿੰਘ ਇੱਕ ਸੋਚ, ਇੱਕ ਮਕਸਦ, ਇੱਕ ਲੜਾਈ, ਇੱਕ ਫਿਕਰ, ਇੱਕ ਅਕੀਦਾ, ਇੱਕ ਵਿਸ਼ਵਾਸ਼, ਇੱਕ ਦ੍ਰਿੜਤਾ ਤੇ ਇੱਕ ਜੋਸ਼ ਲੈ ਕੇ ਮੈਦਾਨ ਵਿੱਚ ਨਿੱਤਰੇ ਸਨ, ਇਸ ਕਰਕੇ ਹੀ ਅੱਜ ਥਾਂ ਥਾਂ ਤੇ ਲੋਕ ਉਹਨਾਂ ਨੂੰ ਯਾਦ ਕਰ ਰਹੇ ਹਨ। ਉਹਨਾਂ ਦੀ ਨਾਟਕ ਕਲਾ ਉਹਨਾਂ ਦੇ ਦਿਲ ਦਿਮਾਗ ਵਿੱਚ ਇੰਨੀ ਉਤਰ ਗਈ ਸੀ ਕਿ ਉਹ ਹਰ ਗੱਲ ਜੋ ਉਹਨਾਂ ਨੂੰ ਇੱਕ ਵਾਰੀ ਕਲਿੱਕ ਕਰ ਜਾਂਦੀ ਉਹ ਉਹਦੇ ਤੇ ਨਾਟਕ ਲਿਖ ਧਰਦੇ। ਜਿਵੇਂ "ਸਾਧਾਰਣ ਬੰਦਾ ਤੇ ਇਨਕਲਾਬੀ ਸਿਆਸਤ", "ਬੁੱਤ ਜਾਗ ਪਿਆ", "ਜ਼ਮੀਰ ਨੂੰ ਸੁਰਖਰੂ ਰੱਖੀਏ" ਤੇ ਹੋਰ ਅਨੇਕਾਂ ਹੀ ਸੰਪਾਦਕੀਆਂ ਦੇ ਰੂਪ ਵਿੱਚ ਸਮਤਾ ਵਿੱਚੋਂ ਮਿਲ ਜਾਂਦੇ ਹਨ। ਇਹ ਵੰਨਗੀਆਂ ਥੋੜ੍ਹੇ ਥੋੜ੍ਹੇ ਸ਼ਬਦਾਂ ਵਿੱਚ ਨਾਟਕੀ ਰੂਪ ਵਿੱਚ ਲਿਖ ਕੇ ਪਾਠਕਾਂ ਦੇ ਰੂਬਰੂ ਕੀਤੀਆਂ। ਇਹਨਾਂ ਵਿਚੋਂ "ਜ਼ਮੀਰ ਨੂੰ ਸੁਰਖਰੂ ਰੱਖੀਏ" ਮੈਂ ਤੁਹਾਡੇ ਨਾਲ ਸਾਂਝੀ ਕਰਨਾ ਚਾਹਾਂਗੀ।

ਚੋਣਾਂ ਦਾ ਸਮਾਂ ਹੈ। ਕਾਂਗਰਸੀ ਤੇ ਅਕਾਲੀ ਆਗੂ ਮੈਦਾਨ ਵਿੱਚ ਨਿੱਤਰੇ ਹਨ। ਇੱਕ ਸਾਧਾਰਣ ਵੋਟਰ ਉਹਨਾਂ ਨਾਲ ਵਾਰਤਾਲਾਪ ਕਰਦਾ ਹੈ।

**ਵੋਟਰ** : ਖੱਦਰਧਾਰੀ ਜੀ, ਇਹ ਪੰਜਾਬ ਵਿੱਚ ਬਰਬਾਦੀ ਅਤੇ ਤਬਾਹੀ ਜਿਹੜੀ ਪਿਛਲੇ ਕੁਝ ਸਾਲਾਂ ਵਿੱਚ ਹੋਈ ਹੈ, ਇਹਦਾ ਜ਼ਿੰਮੇਵਾਰ ਕੌਣ ਹੈ?

**ਕਾਂਗਰਸੀ** : ਦੇਖ ਭਾਈ ਵੋਟਰਾ, ਇਹ ਤਾਂ ਉਹਨਾਂ ਕੋਲੋਂ ਪੁੱਛ ਜਿਹੜੇ ਅੰਮ੍ਰਿਤਸਰ ਦਰਬਾਰ ਸਾਹਿਬ ਵਿੱਚ ਬੈਠੇ ਮੋਰਚੇ ਲਗਾਉਂਦੇ ਸਨ, ਕਤਲਾਂ ਵਾਸਤੇ ਮੋਟਰ ਸਾਈਕਲ ਸੂਕੈਡ ਭੇਜਦੇ ਸਨ।

**ਵੋਟਰ** : ਪਰ ਖੱਦਰਧਾਰੀ ਜੀ, ਹਕੂਮਤ ਤੇ ਤੁਹਾਡੀ ਹੀ ਸੀ। ਪਹਿਲੇ ਦਰਬਾਰਾ ਸਿੰਘ ਦੀ ਤੇ ਬਾਅਦ ਵਿੱਚ ਕੇਂਦਰ ਦੇ ਖੱਦਰਧਾਰੀਆਂ ਦੀ।

**ਕਾਂਗਰਸੀ** : ਬਈ ਹਕੂਮਤ ਤਾਂ ਹੁਣ ਵੀ ਸਾਡੀ ਹੋਵੇਗੀ, ਪਰ ਇਹਦਾ ਇਹ ਮਤਲਬ ਨਹੀਂ ਕਿ ਅਸੀਂ ਹਰ ਗੱਲ ਤੇ ਜ਼ਿੰਮੇਵਾਰ ਹੋਵਾਂਗੇ। ਹਕੂਮਤ ਬਣਾਉਣਾ ਹੋਰ ਗੱਲ ਹੈ, ਜ਼ਿੰਮੇਵਾਰ ਹੋਣਾ ਹੋਰ ਗੱਲ ਹੈ।

(ਵੋਟਰ ਦੂਸਰੇ ਆਗੂ ਕੋਲ ਜਾਂਦਾ ਹੈ।)

**ਵੋਟਰ** : ਨੀਲੀ ਪੱਗ ਵਾਲਿਓ ਗੁਰਮੁਖੋ, ਪੰਜਾਬ ਵਿੱਚ ਜੋ ਕੁੱਝ ਪਿਛਲੇ ਕੁਝ ਸਾਲਾਂ ਵਿੱਚ ਬੀਤਿਆ ਹੈ, ਉਹਦੀ ਜ਼ੁੰਮੇਵਾਰੀ ਕਿਸ ਉੱਤੇ ਹੈ?

**ਅਕਾਲੀ** : ਭਲਿਆ ਲੋਕਾ, ਕਿਸੇ ਉੱਤੇ ਵੀ ਹੋਵੇ, ਪਰ ਸਾਡੇ ਉੱਤੇ ਨਹੀਂ।

**ਵੋਟਰ** : ਕਿਉਂ ਜੀ?

**ਅਕਾਲੀ** : ਕਿਉਂਕਿ ਅਸੀਂ ਤਾਂ ਜ਼ਿੰਮੇਵਾਰ ਕਦੀ ਹੋਏ ਹੀ ਨਹੀਂ। ਮਹਾਰਾਜ ਦਾ ਵਾਕ ਲੈ ਮੋਰਚਾ ਲਾਈਦਾ ਹੈ ਤੇ ਮਹਾਰਾਜ ਦਾ ਹੀ ਵਾਕ ਲੈ ਕੇ ਮੋਰਚਾ ਵਾਪਸ ਲੈ ਲਈਦਾ ਹੈ।

ਇਹ ਤਾਂ ਸਭ ਉੱਪਰ ਵਾਲੇ ਦੇ ਚੋਜ ਨੇ।

ਇਸ ਤਰ੍ਹਾਂ ਉਹ ਲੀਡਰਾਂ ਦਾ ਸੱਚ ਆਪਣੇ ਦੋ ਚੌਂਹ ਡਾਇਲਾਗਾਂ ਵਿੱਚ ਸਪੱਸ਼ਟ ਕਰ ਦਿੰਦੇ ਸਨ। ਸਮਤਾ ਪੇਪਰ ਦੇ ਵਿੱਚ ਸੰਪਾਦਕ ਤੇ ਪ੍ਰਕਾਸ਼ਕ ਦੇ ਤੌਰ ਤੇ ਕੰਮ ਕਰਨ ਸਮੇਂ ਉਸ ਕਾਲੇ ਦੌਰ ਦੀਆਂ ਸੰਪਾਦਕੀਆਂ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਲੋਕ ਕਿਹੋ ਜਿਹੇ ਡਰ ਤੇ ਖਿੱਚੋਤਾਣ ਵਿੱਚ ਜੀ ਰਹੇ ਸਨ ਉਦੋਂ ਲੋਕਾਂ ਨੂੰ ਸਹੀ ਰਾਹ ਦਿਖਾਉਣ ਦਾ ਇੱਕੋ ਇੱਕ ਢੰਗ ਲੋਕਾਂ ਵਿੱਚ ਕਮਿਊਨਿਸਟ ਲਹਿਰ ਨੂੰ ਖੜ੍ਹਾ ਰੱਖਣਾ ਸੀ, ਜਦੋਂ ਕਿ ਸਰਕਾਰ ਤੇ ਵੱਖਵਾਦੀ ਲੋਕ ਇਸ ਵਿਚਾਰਧਾਰਾ ਨੂੰ ਖਤਮ ਕਰਨ ਤੇ ਤੁਲੇ ਹੋਏ ਸਨ ਉਦੋਂ ਭਾ ਜੀ ਹੋਰਾਂ ਨੇ ਨਾਟਕਾਂ ਦੇ ਰੂਪ ਵਿੱਚ ਇਸ ਨੂੰ ਜਿੰਦਾ ਰੱਖਿਆ, ਇਹ ਇੰਨਾ ਦੀ ਬਹੁਤ ਵੱਡੀ ਦੇਣ ਹੈ।

ਗੁਰਸ਼ਰਨ ਸਿੰਘ ਇੱਕ ਵਿਅਕਤੀ, ਨਾਟ ਮੰਡਲੀ ਜਾਂ ਸੰਸਥਾ ਨਹੀਂ ਸੀ ਸਗੋਂ ਉਹ ਇੱਕ ਲੋਕ ਲਹਿਰ ਸੀ ਜਿਸਨੇ ਉੱਚ ਪੱਧਰ ਦੇ ਸਾਹਿਤ ਦਾ ਪ੍ਰਚਾਰ ਵੀ ਕੀਤਾ ਅਤੇ ਕਲਾ ਤੇ ਸਭਿਆਚਾਰ ਦਾ ਪ੍ਰਸਾਰ ਵੀ। ਉਹਨਾਂ ਨੂੰ ਦੇਸ਼ਾਂ ਵਿਦੇਸ਼ਾਂ ਤੋਂ ਅਨੇਕਾਂ ਹੀ ਸਨਮਾਨ ਮਿਲੇ ਪਰ ਪੰਜਾਬ ਦੇ ਲੋਕਾਂ ਦੀ ਇਨਕਲਾਬੀ ਲਹਿਰ ਵਲੋਂ ਮਿਲਿਆ "ਇਨਕਲਾਬੀ ਨਿਹਚਾ ਸਨਮਾਨ" ਜੋ 2006 ਵਿੱਚ ਮੋਗੇ ਜ਼ਿਲ੍ਹੇ ਦੇ ਪਿੰਡ ਕੁੱਸਾ ਵਿੱਚ ਦਿੱਤਾ ਗਿਆ, ਉਹ ਵੱਖਰੀ ਹੀ ਛਾਪ ਛੱਡ ਕੇ ਗਿਆ। ਉਸ ਵਿੱਚ ਇਕੱਠੇ ਹੋਏ ਕਲਾਕਾਰ, ਨਾਟਕਕਾਰ, ਸਾਹਿਤਕਾਰ, ਬੁੱਧੀਜੀਵੀ, ਕਿਸਾਨ, ਮਜ਼ਦੂਰ ਤੇ ਵਿਦਿਆਰਥੀਆਂ ਨੇ ਆਪਣੇ ਆਗੂ ਨੂੰ ਸਨਮਾਨ, ਸਲਾਮ ਤੇ ਅਹਿਦ ਨਾਲ ਨਿਵਾਜਿਆ। 10,000 ਦੇ ਇਸ ਭਾਰੀ ਇਕੱਠ ਨੇ ਅਹਿਦ ਲਿਆ, "ਕਿ ਅਸੀਂ ਗੂੜ੍ਹੀ ਲੋਅ ਨਾਲ ਚਮਕਦੇ ਲੋਕਾਂ ਦੀ ਲਹਿਰ ਦੇ ਇਸ ਸਿਤਾਰੇ ਦੀ ਘਾਲਣਾ ਨੂੰ ਕਦੇ ਨਹੀਂ ਭੁੱਲਾਂਗੇ। ਨਿਹਫਲ਼ ਨਹੀਂ ਜਾਣ ਦਿਆਂਗੇ। ਲੋਕਾਂ ਦੀ ਲਹਿਰ ਅਤੇ ਲੋਕਾਂ ਦੀ ਕਲਾ ਦੇ ਰਿਸ਼ਤੇ ਨੂੰ ਹੋਰ ਗੂੜ੍ਹਾ ਕਰਾਂਗੇ। ਲੋਕ ਸੰਗਰਾਮ ਦਾ ਕਾਫ਼ਲਾ ਹੋਰ ਵੱਡਾ ਕਰਾਂਗੇ। ਇਸਨੂੰ ਨਵੇਂ ਸਮਾਜ ਦੀ ਮੰਜ਼ਲ ਤੱਕ ਲੈ ਕੇ ਜਾਵਾਂਗੇ।

ਇਸੇ ਅਹਿਦ ਨੂੰ ਪ੍ਰਣਾਈਆਂ ਹੋਈਆਂ 15-16 ਨਾਟਕ ਮੰਡਲੀਆਂ ਭਾ ਜੀ ਦੇ ਰਾਹਾਂ ਤੇ ਆਪਣਾ ਕੰਮ ਬਾਖੂਬੀ ਨਿਭਾ ਰਹੀਆਂ ਹਨ। ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਨੇ 2006 ਵਿੱਚ "ਗੁਰਸ਼ਰਨ ਕਲਾ ਭਵਨ" ਦੀ ਸਥਾਪਨਾ ਕਰਕੇ ਪਹਿਲ ਕਦਮੀ ਦੇ ਨਾਲ ਨਾਲ ਰੰਗਮੰਚ ਪ੍ਰੇਮੀਆਂ ਵਜੋਂ ਇੱਕ ਨਵੀਂ ਪਿਰਤ ਪਾਈ ਸੀ। ਸੁਰਿੰਦਰ ਸ਼ਰਮਾ ਤੇ ਹਰਕੇਸ਼ ਚੌਧਰੀ ਆਪਣੇ ਕਲਾਕਾਰਾਂ ਸਮੇਤ ਭਾ ਜੀ ਦੀ ਰੰਗਮੰਚ ਦੀ ਪ੍ਰਿਤ ਨੂੰ ਤੋਰਦੇ ਹੋਏ ਹਰ ਮਹੀਨੇ ਦੇ ਅਖੀਰਲੇ ਸਨਿੱਚਰਵਾਰ ਨੂੰ ਇੱਕ ਨਾਟਕ ਗੁਰਸ਼ਰਨ ਕਲਾ ਭਵਨ ਵਿੱਚ ਪ੍ਰਦਰਸ਼ਿਤ ਕਰਦੇ ਹਨ। ਸੁਚੇਤਕ ਰੰਗਮੰਚ ਮੁਹਾਲੀ ਨੇ ਵੀ ਸਤਿਕਾਰ ਵਜੋਂ "ਗੁਰਸ਼ਰਨ ਨਾਟ ਉਤਸਵ" ਦੀ ਸ਼ੁਰੂਆਤ ਕੀਤੀ। ਅੰਮ੍ਰਿਤਸਰ ਤੇ ਬਨੂੜ ਵਿੱਚ ਵੀ ਉਹਨਾਂ ਦੇ ਨਾਂ ਤੇ ਇੱਕ ਕਲਾ ਭਵਨ ਬਣਾਇਆ ਗਿਆ ਹੈ। ਭਾ ਜੀ ਦੀ ਨਾਟਕ ਮੰਡਲੀ ਦੀ ਜ਼ੁੰਮੇਵਾਰੀ ਨੂੰ ਇਕੱਤਰ ਸਿੰਘ ਬਹੁਤ ਹੀ ਸ਼ਿੱਦਤ ਨਾਲ ਨਿਭਾ ਰਿਹਾ ਹੈ। ਕੈਨੇਡਾ ਦੀ ਤਰਕਸ਼ੀਲ ਸੁਸਾਇਟੀ ਵਲੋਂ ਵੀ ਉਨ੍ਹਾਂ ਨੂੰ 2006 ਵਿੱਚ ਬੁਲਾ ਕੇ ਸਨਮਾਨਤ ਕੀਤਾ ਗਿਆ ਸੀ।

ਅੱਜ ਜਦੋਂ ਭਾ ਜੀ ਭੌਤਿਕ ਰੂਪ ਵਿੱਚ ਸਾਡੇ ਵਿੱਚ ਨਹੀਂ ਰਹੇ ਪਰ ਉਹਨਾਂ ਨੂੰ ਪਿਆਰ ਕਰਨ ਵਾਲੇ, ਉਹਨਾਂ ਤੋਂ ਸੇਧ ਲੈਣ ਵਾਲੇ, ਉਹਨਾਂ ਦਾ ਸਤਿਕਾਰ ਕਰਨ ਵਾਲੇ, ਉਹਨਾਂ ਦੀ ਵਿਚਾਰਧਾਰਾ ਤੇ ਚੱਲਣ ਵਾਲੇ ਲੋਕਾਂ ਵਿੱਚ ਉਹ ਹਮੇਸ਼ਾਂ ਜ਼ਿੰਦਾ ਰਹਿਣਗੇ। ਉਹਨਾਂ ਦੀ ਸੋਚ ਦਾ ਜ਼ਿੰਦਾ ਰਹਿਣਾ ਹੀ ਸਾਡਾ ਮੁੱਖ ਮਕਸਦ ਹੈ।











ਯਸ਼ ਪਾਲ
98145 35005

*15 ਅਗਸਤ 'ਤੇ ਵਿਸ਼ੇਸ਼*

# 74 ਸਾਲਾਂ ਬਾਅਦ ਅਸੀਂ ਅੱਜ ਕਿੱਥੇ ਆ ਖੜ੍ਹੇ ਹਾਂ

15 ਅਗਸਤ 1947 ਨੂੰ ਅੰਗਰੇਜੀ ਸਾਮਰਾਜ ਦੀ ਗੁਲਾਮੀ ਤੋਂ ਮਿਲੀ ਰਸਮੀ ਸਿਆਸੀ ਆਜਾਦੀ ਦੇ 74 ਸਾਲਾਂ ਬਾਅਦ ਅੱਜ ਸਾਡਾ ਮੁਲਕ ਭਾਰਤ ਕਿੱਥੇ ਆ ਖੜ੍ਹਾ ਹੈ? ਉਸ ਸਮੇਂ ਭਾਵੇਂ ਮੁਲਕ ਦੇ ਅਰਥਚਾਰੇ ਦੀਆਂ ਮੂਲ ਤੰਦਾਂ ਸੰਸਾਰ ਸਾਮਰਾਜੀ ਅਰਥਚਾਰੇ ਨਾਲ ਹੀ ਜੁੜੀਆਂ ਰਹੀਆਂ ਪਰ ਮੁਲਕ ਅੰਦਰ 'ਜਨਤਕ ਤੇ ਨਿੱਜੀ' ਮਿਸਰਤ ਅਰਥਚਾਰੇ ਦੀ ਅਪਣਾਈ ਗਈ ਨੀਤੀ ਦੌਰਾਨ ਸਨਅਤੀ ਤੇ ਸੇਵਾਵਾਂ ਖੇਤਰ 'ਚ ਹੋਏ ਵਿਕਾਸ ਕਾਰਨ, ਸਰਕਾਰੀ ਤੇ ਨਿੱਜੀ ਖੇਤਰ ਅੰਦਰ ਰੁਜਗਾਰ ਦੇ ਮੌਕੇ ਪੈਦਾ ਹੋਏ। ਪਰੰਤੂ'ਦੂਜੀ ਸੰਸਾਰ ਜੰਗ' ਤੋਂ ਬਾਅਦ ਜੰਗ ਦੇ ਝੰਬੇ ਤੇ ਸੰਕਟ ਦੀ ਮਾਰ ਹੇਠ ਆਏ, ਅਮਰੀਕਾ ਦੀ ਅਗਵਾਈ ਹੇਠਲੇ ਜੇਤੂ ਸਾਮਰਾਜੀ ਮੁਲਕਾਂ ਵੱਲੋ ਹਾਰੇ ਹੋਏਮੁਲਕਾਂ 'ਤੇ ਆਪਣਾ ਗਲਬਾ ਜਾਰੀ ਰੱਖਣ ਅਤੇ ਸਿਆਸੀ ਤੌਰ ਤੇ ਆਜਾਦ ਹੋਏ ਭਾਰਤ ਵਰਗੇ ਪਛੜੇ-ਗਰੀਬ ਮੁਲਕਾਂ ਦੇ ਅਰਥਚਾਰਿਆਂ ਨੂੰ ਆਪਣੇ ਮੁਲਕਾਂ ਦੀਆਂ ਬਹੁ-ਕੌਮੀ ਕਾਰਪੋਰੇਸਨਾਂ ਦੇ ਹਿਤਾਂ ਮੁਤਾਬਕ ਢਾਲਣ ਲਈ ਇੱਕ 'ਨਵਾਂ ਸੰਸਾਰ ਪ੍ਰਬੰਧ' ਸਿਰਜਣ ਦੇ ਨਾਂ ਹੇਠ 'ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਕੋਸ, ਵਿਸਵ ਵਪਾਰ ਸੰਗਠਨ ਤੇ ਹੋਰ ਅਜਿਹੀਆਂ ਕਈ ਕੌਮਾਂਤਰੀ ਸੰਸਥਾਵਾਂ ਖੜ੍ਹੀਆਂ ਕੀਤੀਆਂ ਗਈਆਂ।

ਇਨ੍ਹਾਂ ਸਾਮਰਾਜੀ ਵਿਤੀ ਸੰਸਥਾਵਾਂ ਨੇ ਹੋਰਨਾਂ 'ਤੀਜੀ ਦੁਨੀਆਂ' ਦੇ ਪਛੜੇ-ਗਰੀਬ ਮੁਲਕਾਂ ਵਾਂਗ ਭਾਰਤ ਸਰਕਾਰ'ਤੇ ਕਾਬਜ ਹਾਕਮ ਜਮਾਤੀ ਪਾਰਟੀਆਂ ਨਾਲ ਗੱਠ-ਜੋੜ ਕਰ ਕੇ 'ਜੀਡੀਪੀ' ਮਾਰਕਾ 'ਕਾਰਪੋਰੇਟ ਵਿਕਾਸ ਮਾਡਲ' ਰਾਹੀ ਮੁਲਕ ਦੀ ਗਰੀਬੀ ਤੇ ਪਛੜਾਪਣ ਦੂਰ ਕਰਨ ਦਾ ਝਾਂਸਾ ਦੇ ਕੇ ਮੁਲਕ ਨੂੰ ਆਪਣੇ ਕਰਜ-ਜਾਲ 'ਚ ਫਸਾ ਲਿਆ। 'ਆਰਥਿਕ ਸੁਧਾਰਾਂ' ਦੇ ਪਹਿਲੇ ਦੌਰ ਅੰਦਰ 'ਕਾਰੋਬਾਰ ਨੂੰ ਸੁਖਾਲਾ ਕਰਨ' ਦੇ ਨਾਂ ਹੇਠ ਜਨਤਕ ਸਨਅਤੀ ਖੇਤਰ ਦੇ ਅਰਥਚਾਰੇ ਨੂੰ ਦੇਸੀ-ਵਿਦੇਸੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀ ਦਿਸਾ ਨਿਰਦੇਸਨਾ ਦਿੱਤੀ ਗਈ। ਉਨ੍ਹਾਂ ਦੇ ਕਾਰੋਬਾਰ ਨੂੰ ਆਂਚ ਨਾ ਆਉਣ ਵਾਲੇ ਕਿਰਤ ਕਾਨੂੰਨ ਤੇ ਨਿਯਮਾਵਲੀ ਬਣਾਉਣ ਲਈ ਕਿਹਾ ਗਿਆ। 'ਆਰਥਿਕ ਸੁਧਾਰਾਂ' ਦੇ ਦੂਸਰੇ ਦੌਰ ਅੰਦਰ ਵਿਤੀ ਤੇ ਸੇਵਾਵਾਂ ਖੇਤਰ ਅਤੇ ਖੇਤੀ ਖੇਤਰ ਨਾਲ ਜੁੜੇ ਅਰਥਚਾਰੇ-ਬੈਂਕ, ਬੀਮਾ, ਸਿਹਤ, ਸਿੱਖਿਆ, ਬਿਜਲੀ, ਪਾਣੀ, ਟਰਾਂਸਪੋਰਟ, ਰੇਲਵੇ, ਸੁਰੱਖਿਆ ਆਦਿ ਸਭਨਾਂ ਖੇਤਰਾ ਦਾ ਮੁਕੰਮਲ ਨਿੱਜੀਕਰਨ ਕਰਨ ਅਤੇ 'ਵਿਤੀ ਜੁੰਮੇਵਾਰੀ ਤੇ ਬਜਟ ਪ੍ਰਬੰਧਨ' ਦੀ ਆੜ 'ਚ ਛਾਂਟਾ-ਛਾਂਟੀ, ਠੇਕਾ ਭਰਤੀ ਤੇ ਤਨਖਾਹਾਂ ਉਜਰਤਾਂ-ਪੈਨਸਨਾਂ ਘਟਾਉਣ/ ਬੰਦ ਕਰਨ ਰਾਹੀਂ ਖਰਚੇ'ਚ ਕਟੌਤੀ ਕਰਨ ਦੇ ਕਦਮ ਪੁੱਟਣ ਦੀਆਂ ਹਦਾਇਤਾਂ ਕੀਤੀਆਂ ਗਈਆਂ। ਦੂਜੇ ਪਾਸੇ ਕਾਰਪੋਰੇਟ ਘਰਾਣਿਆਂ ਨੂੰ ਹਰ ਸਾਲ ਦੇ ਬਜਟ 'ਚ ਅਰਬਾਂ-ਖਰਬਾਂ ਰੁਪਏ ਦੀਆਂ ਛੋਟਾਂ/ ਰਿਆਇਤਾਂ/ਟੈਕਸ ਕਟੌਤੀਆਂ ਰਾਹੀਂ ਉਨ੍ਹਾਂ ਦੇ ਮੁਨਾਫਿਆਂ 'ਚ ਭਾਰੀ ਵਾਧਾ ਕੀਤਾ ਜਾਂਦਾ ਰਿਹਾ।



ਤੇ ਇਹ ਅਮਲ ਕੇਂਦਰ ਤੇ ਰਾਜ ਸਰਕਾਰਾਂ ਉੱਪਰ ਕਾਬਜ ਹਰ ਵੰਨਗੀ ਦੀਆਂ ਹਾਕਮ ਜਮਾਤੀ ਪਾਰਟੀਆਂ ਵੱਲੋਂ ਚੱਲਦਾ ਆ ਰਿਹਾ ਹੈ। ਕਾਰਪੋਰੇਟ ਵਿਕਾਸ ਮਾਡਲ ਦੇ ਉਕਤ ਅਮਲ 'ਤੇ ਸਭ ਹਾਕਮ ਜਮਾਤੀ ਪਾਰਟੀਆਂ ਇੱਕ ਮੱਤ ਹਨ। ਕੇਂਦਰ ਦੀ ਕਾਂਗਰਸ ਤੇ ਯੂਪੀਏ ਸਰਕਾਰਾਂ ਵੱਲੋਂ ਸੁਰੂ ਕੀਤੇ ਇਨ੍ਹਾਂ 'ਆਰਥਿਕ ਸੁਧਾਰਾਂ' ਨੂੰ ਭਾਜਪਾ ਤੇ ਐਨਡੀਏ ਸਰਕਾਰਾਂ ਵੱਲੋਂ ਤੇਜੀ ਨਾਲ ਸਿਰੇ ਚੜ੍ਹਾਇਆ ਜਾ ਰਿਹਾ ਹੈ।

ਕੇਂਦਰ ਦੀ ਮੌਜੂਦਾ ਰਸਸ-ਭਾਜਪਾ ਦੀ ਅਗਵਾਈ ਹੇਠਲੀ ਮੋਦੀ ਸਰਕਾਰ ਨੇ ਤਾਂ ਚੱਲ ਰਹੇ 'ਕੋਰੋਨਾ ਸੰਕਟ' ਦਾ ਭਰਪੂਰ ਲਾਹਾ ਖੱਟਦਿਆਂ, ਸਭ ਸੰਗ ਸਰਮ ਤੇ ਪਰਦਾਪੋਸੀ ਲਾਹ ਕੇ ਪੂਰੀ ਕਰੂਰਤਾ ਨਾਲ ਜਿੱਥੇ ਇਸ 'ਕਾਰਪੋਰੇਟ ਵਿਕਾਸ ਮਾਡਲ' ਨੂੰ ਸਿਰੇ ਲਾਉਣ ਦਾ ਬੀੜਾ ਚੁੱਕਿਆ ਹੋਇਆ ਹੈ ਉੱਥੇ ਫਿਰਕੂ-ਪਾਲਾਬੰਦੀ ਤੇ ਅੰਧ-ਰਾਸਟਰਵਾਦ ਦਾ ਗੁਬਾਰ ਖੜ੍ਹਾ ਕਰ ਕੇ, ਇਸ ਦੀ ਨੁਕਤਾ-ਚੀਨੀ ਕਰਨ ਵਾਲੀ ਹਰ ਆਵਾਜ ਨੂੰ ਦੇਸ-ਧ੍ਰੋਹ' ਦਾ ਠੱਪਾ ਲਾ ਕੇ ਜੇਲ੍ਹ ਦੀ ਕਾਲ- ਕੋਠੜੀ'ਚ ਬੰਦ ਕਰ ਕੇ ਮੁਲਕ ਨੂੰ ਫਾਸੀਵਾਦ ਦੀ ਪਟੜੀ 'ਤੇ ਚਾੜ੍ਹ ਦਿੱਤਾ ਹੈ।

ਮੋਦੀ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨ (ਜਿਨ੍ਹਾਂ ਵਿਰੁੱਧ ਮੁਲਕ ਵਿਆਪੀ ਵਿਸਾਲ ਕਿਸਾਨ ਅੰਦੋਲਨ ਚੱਲ ਰਿਹਾ ਹੈ), ਕਿਰਤ ਕਾਨੂੰਨਾਂ'ਚ ਕੀਤੀ ਸੋਧ ਵਾਲੇ ਚਾਰ 'ਲੇਬਰ ਕੋਡ', ਬਿਜਲੀ (ਸੋਧ) ਬਿੱਲ 2020-21, ਕੌਮੀ ਸਿੱਖਿਆ ਨੀਤੀ-2020, ਮੁਲਕ ਦੇ ਲਗਭਗ ਸਮੂਹ ਜਨਤਕ ਖੇਤਰ ਦੇ ਅਦਾਰਿਆਂ ਦੇ ਨਿੱਜੀਕਰਨ, ਕੇਂਦਰੀਕਰਨ ਕਰਨ ਦੇ ਫੈਸਲੇ ਤੇ ਸਰੇਆਮ ਐਲਾਨ (ਅੱਪ-ਨਿਵੇਸ ਤੇ ਪੀਪੀਪੀ ਮਾਡਲ ਦੀ ਪਰਦਾਪੋਸੀ ਲਾਹ ਕੇ) ਇਸ ਕਾਰਪੋਰੇਟੀ ਨਿਜਾਮ ਤੇ ਲੁੱਟ ਵਾਲੇ 'ਵਿਕਾਸ ਮਾਡਲ' ਦੀ ਪੂਰਤੀ ਦੇ ਹੀ ਸਾਧਨ ਹਨ।

ਨਵੇਂ 'ਲੇਬਰ ਕੋਡਜ' ਰਾਹੀਂ ਮਜਦੂਰਾਂ ਦੇ ਕੰਮ ਘੰਟੇ 12 ਕਰਨੇ, ਯੂਨੀਅਨ ਬਣਾਉਣ ਤੇ ਹੜਤਾਲ ਕਰਨ ਲਈ ਸਖਤ ਸਰਤਾਂ ਮੜ੍ਹਨੀਆਂ, ਸੀਮਿਤ ਸਮੇਂ ਲਈ ਮਜਦੂਰਾਂ ਦੀ ਠੇਕਾ ਭਰਤੀ ਕਰਨੀ ਅਤੇ ਹੋਰ ਸੇਵਾ ਸਰਤਾਂ 'ਚ ਮਜਦੂਰ ਵਿਰੋਧੀ ਤਬਦੀਲੀਆਂ ਕਰਨੀਆਂ, ਕਾਰਪੋਰੇਟ ਪੂੰਜੀ ਦੀ ਸੁਰੱਖਿਆ ਤੇ ਕਾਰਪੋਰੇਟ ਲੁੱਟ ਤੇ ਮੁਨਾਫੇ 'ਚ ਵਾਧਾ ਕਰਨ ਤੇ ਕਾਰਪੋਰੇਟ-ਕਾਰੋਬਾਰ ਨੂੰ ਹੋਰ ਸੁਖਾਲਾ ਕਰਨ ਦੇ ਹੀ ਚੁੱਕੇ ਗਏ ਕਦਮ ਹਨ।

ਮਜਦੂਰ-ਮੁਲਾਜਮਾਂ ਦੀਆਂ ਤਨਖਾਹਾਂ/ ਉਜਰਤਾਂ/ਭੱਤਿਆਂ ਦੀ ਕਟੌਤੀ, ਪੁਰਾਣੀ ਪੈਨਸਨ ਪ੍ਰਣਾਲੀ ਬੰਦ ਕਰ ਕੇ ਨਵੀਂ ਪੈਨਸ਼ਨ ਪ੍ਰਣਾਲੀ ਲਾਗੂ ਕਰਨੀ, ਰੈਗੂਲਰ ਭਰਤੀ ਦੀ ਥਾਂ ਠੇਕਾ/ ਆਊਟ-ਸੋਰਸਿੰਗ ਭਰਤੀ ਪ੍ਰਣਾਲੀ ਸੁਰੂ ਕਰਨੀ, ਤਰਕ ਸੰਗਤਾ/ਪੁਨਰਗਠਨ ਦੇ ਨਾਂ ਹੇਠ ਆਕਾਰ ਘਟਾਈ ਰਾਹੀਂ ਸਭਨਾਂ ਵਿਭਾਗਾਂ ਅੰਦਰ ਪੋਸਟਾਂ ਦੀ ਕਟੌਤੀ/ ਛਾਂਗਾ-ਛਾਂਗੀ ਕਰਨੀ ਵੀ ਇਸੇ 'ਕਾਰਪੋਰੇਟ ਵਿਕਾਸ ਮਾਡਲ ਦੇ ਏਜੰਡੇ ਦਾ ਹੀ ਹਿੱਸਾ ਹੈ।

ਤਿੰਨੇ ਖੇਤੀ ਕਾਨੂੰਨਾਂ ਦਾ ਮੂਲ ਮੰਤਵ ਵੀ ਖੇਤੀ ਪੈਦਾਵਾਰ, ਖਰੀਦੋ-ਫਰੋਖਤ ਤੇ ਭੰਡਾਰ ਰਾਹੀਂ ਸਮੁੱਚੇ ਖੇਤੀ ਅਰਥਚਾਰੇ ਨੂੰ ਦੇਸੀ-ਵਿਦੇਸੀ ਕਾਰਪੋਰੇਟਾਂ ਦੇ ਹਵਾਲੇ ਕਰਕੇ 'ਭੋਜਨ ਸੁਰੱਖਿਆ ਕਾਨੂੰਨ' ਤਹਿਤ ਮੁਲਕ ਦੀ ਗਰੀਬ ਜਨਤਾ ਨੂੰ ਮਾੜੀ-ਮੋਟੀ ਰਾਹਤ ਦੇਣ ਵਾਲੀ 'ਜਨਤਕ ਵੰਡ ਪ੍ਰਣਾਲੀ' ਦਾ ਮੁਕੰਮਲ ਭੋਗ ਪਾਉਣਾ ਤੇ ਕਾਰਪੋਰੇਟੀ ਮੁਨਾਫਿਆਂ ਨੂੰ ਜਰਬਾਂ ਦੇਣਾ ਹੈ। ਚੱਲ ਰਿਹਾ ਮੁਲਕ ਵਿਆਪੀ ਕਿਸਾਨ ਅੰਦੋਲਨ ਮੋਦੀ ਸਰਕਾਰ ਦੀ ਇਸੇ ਨੀਤੀ ਵਿਰੁੱਧ ਹੀ ਸੇਧਤ ਹੈ ਜਿਸ ਨੂੰ ਸਮਾਜ ਦੇ ਸਭਨਾਂ ਤਬਕਿਆਂ ਦੀ ਹਮਾਇਤ ਇਸ ਲਈ ਮਿਲ ਰਹੀ ਹੈ ਕਿ ਇਸ ਨੀਤੀ ਨੇ ਸਭਨਾਂ ਦੀ ਜਿੰਦਗੀ ਨਾਲ ਖਿਲਵਾੜ ਕਰਨਾ ਹੈ।

ਇਸ ਸਮੇਂ ਮੁਲਕ ਭਰ ਅੰਦਰ ਪੈਟ੍ਰੋਲ, ਡੀਜਲ, ਰਸੋਈ ਗੈਸ, ਖਾਣ ਵਾਲੇ ਤੇਲਾਂ, ਖੇਤੀ ਮਸੀਨਰੀ, ਖਾਦ, ਦਵਾਈਆਂ ਤੇ ਹੋਰ ਰੋਜਾਨਾ ਵਰਤੋਂ ਦੀਆਂ ਵਸਤਾਂ ਦੀਆਂ ਅਸਮਾਨੀ ਛੋਂਹਦੀਆਂ ਕੀਮਤਾਂ ਅਤੇ ਕਰੋੜਾਂ ਭਾਰਤੀ ਲੋਕਾਂ ਦੀ ਗਰੀਬੀ ਤੇ ਬੇਰੁਜਗਾਰੀ ਲਈ ਵੀ ਇਸੇ ਕਾਰਪੋਰੇਟ ਵਿਕਾਸ ਮਾਡਲ ਦੀ ਹੀ ਦੇਣ ਹੈ।

ਸਭ ਵੰਨਗੀ ਦੀਆਂ ਹਕੂਮਤੀ ਪਾਰਟੀਆਂ ਲੋਕ ਸਭਾ/ਵਿਧਾਨ ਸਭਾ ਦੀਆਂ ਚੋਣਾਂ ਮੌਕੇ ਲੋਕਾਂ ਨਾਲ ਲੰਬੇ-ਚੌੜੇ ਵਾਅਦੇ ਕਰਦੀਆਂ ਹਨ ਪਰ ਸੱਤਾ ਸੰਭਾਲਦੇ ਹੀ ਕਾਰਪੋਰੇਟੀ ਜੋਕਾਂ ਦੀ ਬੋਲੀ ਬੋਲਣ ਲੱਗ ਜਾਂਦੀਆਂ ਹਨ ਕਿਉਂਕਿ ਉਨ੍ਹਾਂ ਦੀ ਚੋਣ-ਰਣਨੀਤੀ ਤੇ ਚੋਣ ਮੁਹਿੰਮ ਕਾਰਪੋਰੇਟ ਘਰਾਣਿਆਂ ਦੀ ਚੋਣ-ਫੰਡਿਗ ਰਾਹੀਂ ਹੀ ਚਲਦੀ ਹੈ। ਇਸ ਤੋਂ ਬਿਨਾਂ ਕਾਰਪੋਰੇਟੀ-ਲੁੱਟ 'ਚੋਂ ਹਿੱਸਾ ਪੱਤੀ ਵੀ ਮਿਲਦੀ ਹੈ।

ਇਸ ਲਈ ਅੱਜ ਸਮਾਂ ਮੰਗ ਕਰਦਾ ਹੈ ਕਿ ਕਿਸਾਨਾਂ, ਮਜਦੂਰਾਂ-ਮੁਲਾਜਮਾਂ, ਕਿਰਤੀ-ਕਾਮਿਆਂ, ਨੌਜੁਆਨਾਂ-ਵਿਦਿਆਰਥੀਆਂ ਤੇ ਛੋਟੇ ਕਾਰੋਬਾਰੀਆਂ ਦੀ ਹੋ ਰਹੀ ਸਾਂਝੀ ਕਾਰਪੋਰੇਟੀ-ਲੁੱਟ ਤੇ ਗੁਲਾਮੀ ਦੇ ਖਲਿਾਫ ਸਾਂਝੇ ਸੰਘਰਸਾਂ ਦੇ ਅਖਾੜੇ ਭਖਾਈਏ ਤੇ ਇਸ ਤੋਂ ਮੁਕਤੀ/ ਨਿਜਾਤ ਪਾਉਣ ਦਾ ਸੰਕਲਪ ਕਰੀਏ। ਇਹ ਕਾਰਪੋਰੇਟੀ-ਲੁੱਟ ਕਰਵਾਉਣ ਤੇ ਕਰਨ 'ਚ ਸਾਮਲ ਸਭਨਾਂ ਹਕੂਮਤੀ ਪਾਰਟੀਆਂ ਦੀ ਖਸਲਤ ਨੰਗੀ ਕਰੀਏ। ਅੱਜ ਸਮਾਂ ਇਹ ਵੀ ਮੰਗ ਕਰਦਾ ਹੈ ਕਿ ਇਨ੍ਹਾਂ ਸਾਂਝੇ ਸੰਘਰਸਾਂ ਦਾ ਹਵਾਲਾ-ਨੁਕਤਾ ਚੱਲ ਰਿਹਾ ਇਤਿਹਾਸਕ ਸਾਂਝਾ ਕਿਸਾਨ ਅੰਦੋਲਨ ਬਣਨਾ ਚਾਹੀਦਾ ਹੈ ਜਿਸ ਨੂੰ ਭਟਕਾਉਣ, ਭਰਮਾਉਣ, ਦਬਾਉਣ ਤੇ ਖਿੰਡਾਉਣ ਲਈ ਮੋਦੀ ਸਰਕਾਰ ਨੇ ਸਭ ਹੱਥਕੰਡਿਆਂ/ਸਾਜਸੀ ਚਾਲਾਂ ਰਾਹੀਂ ਪੂਰੀ ਤਾਕਤ ਝੋਕੀ ਹੋਈ ਹੈ।














Kirei
Sales Inc
HARJIT S. SAHOTA
Sales Manager
Tel : 604-593-7755 Fax : 604-593-7722
Email : thekireisales@hotmail.com
12652 82nd Avenue, Surrey, BC Canada
Wholesaler : Plumbing & Kitchen Fixtures


YPA
REALTY
Tarn Ghatorra
REALTOR® I YPA Realty Inc.
Ph: (604) 781-1600
Email: realtortarn@gmail.com
yparealty.com
Bus: (604) 502 1000 I Fax: (604) 503 8888
201 - 13049 76th Ave., Surrey, BC V3W 2V7


KENNEDY MECHANICAL LTD.
Plumbing & Radiant Heat
Bob Dhesi
778-709-1115
Sukhi Johal
604-339-8717
7985 133 A Street Surrey, BC V3W 4R4
Plumbing . Gas Fitting . Radiant Heat


Kulwant S. Dhesi ( Kelly)
President & CEO
DHESI
Enterprises
Specialize in: Flatbed, Stepdeck
RGN & Multiple Axle
: (604) 501-3934
: (604) 501-3953
: (604) 780-6115
: kelly@dhesient.com
: www.dhesient.com
12454 - 110 Avenue
Surrey, BC V3V 3J6
Toll Free 1-866-501-3101
Fax Free 1-866-501-3102


WEST COAST
HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
• Pre-Engineered Roof and Floor Trusses
• Metal Web Floor Trusses
• Custom Heavy Timber Trusses and Timber Framing Kits
• Curved Roof and Ceiling Trusses
• Curved Timber and Laminated Joists
• Curved Fascias and Trims
• Pre-Fab Barreled and Double Barreled Vaulted Ceilings
• Pre-Fab Dome and Elliptical Ceilings
• Structural Engineering and Inspection Services (BC, Alberta & Saskatchewan)
10230-120 Street Surrey, BC, V3V 4G1
(604) 580-3275
www.westcoasttruss.ca | info@westcoasttruss.ca
(778) 896-7194


SimpleX
MECHANICAL LTD
We make customers not sales
HVAC • REFRIGERATION
SERVICES
- AC
- HEAT PUMP
- FURNACE
- HRV - CRV
- SHEET METAL
- WALK IN COOLER & FREEZER
Townhouse
Project
Residential
Commercial
10
WARRANTY
WE FINANCE TOO
York Authorized Dealer
YORK
WE DO INSTALL & SERVICE
ALL MAJOR BRANDS
Ritesh Vashisht
604.657.9420
Email: simplexmechanical@hotmail.com
www.hvacsurreybc.ca


SHAAN
CONSTRUCTION LTD.
• General Contracting
• Quality Custom Homes
• Quality Framing
• 2-5-10 Year Warranty
2-5-10
Year Warranty
25+ years
of experience
Call for a Free Estimate
MALKIT SWAICH
778.889.9526


A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
• KITCHEN COUNTERS
• VANITIES
• FIRE PLACES
• STAIRCASES
• INSTALLATIONS
• REPAIRS
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com



ਡਾ.ਚਰਨਜੀਤ ਸਿੰਘ ਗੁਮਟਾਲਾ
0019375739812 (ਅਮਰੀਕਾ),
91 9417533060

## ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਮਹਾਨ ਇਨਕਲਾਬੀ : ਸ਼ਹੀਦ ਮਦਨ ਲਾਲ ਢੀਂਗਰਾ

"ਮੇਰਾ ਯਕੀਨ ਹੈ ਕਿ ਇਕ ਕੌਮ ਜਿਸ ਨੂੰ ਬੰਦੂਕ ਦੀ ਨੋਕ 'ਤੇ ਦਬਾ ਕੇ ਰਖਿਆ ਜਾਵੇ, ਉਹ ਨਿਰੰਤਰ ਲੜਾਈ ਦੀ ਅਵਸਥਾ ਵਿੱਚ ਹੁੰਦੀ ਹੈ। ਕਿਉਂਕਿ ਇਕ ਬਿਨਾਂ ਹਥਿਆਰ ਦੇ ਕੌਮ ਲਈ ਆਹਮੋ-ਸਾਹਮਣੇ ਲੜਾਈ ਲੜਨੀ ਨਾ ਮੁਮਕਿਨ ਹੁੰਦੀ ਹੈ, ਇਸ ਲਈ ਮੈਂ ਬਿਨਾਂ ਦੱਸਿਆਂ ਹਮਲਾ ਕੀਤਾ। ਕਿਉਂਕਿ ਮੈਨੂੰ ਬੰਦੂਕਾਂ ਨਹੀਂ ਦਿੱਤੀਆਂ ਗਈਆਂ ਇਸ ਲਈ ਮੈਂ ਆਪਣਾ ਪਿਸਤੌਲ ਕੱਢਿਆ ਤੇ ਫਾਇਰ ਕਰ ਦਿੱਤਾ। ਸਰੀਰਕ ਤੇ ਬੌਧਿਕ ਪੱਖੋਂ ਕਮਜ਼ੋਰ ਹੋਣ ਕਰਕੇ ਮੇਰੇ ਵਰਗਾ ਪੁੱਤਰ ਆਪਣੀ ਮਾਂ ਨੂੰ ਸਿਵਾਏ ਆਪਣੇ ਖ਼ੂਨ ਦੇ ਹੋਰ ਦੇ ਵੀ ਕੀ ਸਕਦਾ ਹੈ। ਇਸ ਲਈ ਮੈਂ ਉਸ ਦੀ ਹਾਲਤ ਬਦਲਣ ਲਈ ਆਪਣਾ ਖ਼ੂਨ ਕੁਰਬਾਨ ਕਰ ਦਿੱਤਾ। ਇਸ ਸਮੇਂ ਭਾਰਤੀਆਂ ਨੂੰ ਇਕੋ ਸਬਕ ਸਿੱਖਣਾ ਚਾਹੀਦਾ ਹੈ ਕਿ ਕਿਵੇਂ ਮਰਿਆ ਜਾਵੇ ਅਤੇ ਸਾਨੂੰ ਮਰ ਕੇ ਹੀ ਅਜਿਹਾ ਪਾਠ ਦੂਜਿਆਂ ਨੂੰ ਪੜ੍ਹਾਇਆ ਜਾਵੇ। ਮੇਰੀ ਰੱਬ ਅੱਗੇ ਪ੍ਰਾਰਥਨਾ ਹੈ ਕਿ ਮੈਂ ਉਸੇ ਮਾਂ ਦੀ ਕੁੱਖੋਂ ਮੁੜ ਜਨਮ ਲਵਾਂ ਅਤੇ ਮੁੜ ਇਸੇ ਪਵਿੱਤਰ ਕਾਰਜ ਲਈ ਮੁੜ ਮਰਾਂ ਤੇ ਇਹ ਪ੍ਰਕਿਰਿਆ ਉਸ ਸਮੇਂ ਤੀਕ ਜਾਰੀ ਰਹੇ ਜਦ ਤੀਕ ਮੇਰਾ ਪਵਿੱਤਰ ਕਾਰਜ਼ ਸਫ਼ਲ ਨਹੀਂ ਹੋ ਜਾਂਦਾ।ਬੰਦੇ ਮਾਤਰਮ!" ਇਹ ਸ਼ਬਦ ਮਦਨ ਲਾਲ ਢੀਂਗਰਾ ਨੇ 17 ਅਗਸਤ 1909 ਈ. ਨੂੰ ਲੰਡਨ ਦੀ ਪੈਂਟੋਵਿਲੇ ਜੇਲ ਵਿੱਚ ਫਾਂਸੀ ਦੇ ਤਖ਼ਤ 'ਤੇ ਚੜ੍ਹਨ ਤੋਂ ਪਹਿਲਾਂ ਕਹੇ। ਉਹ ਬਰਤਾਨੀਆ ਵਿੱਚ ਫਾਂਸੀ ਦੇ ਤਖ਼ਤੇ 'ਤੇ ਚੜ੍ਹਨ ਵਾਲਾ ਪਹਿਲਾ ਸ਼ਹੀਦ ਸੀ।


ਮਦਨ ਲਾਲ ਢੀਂਗਰਾ ਦਾ ਜਨਮ 1887 ਈ. ਵਿੱਚ ਅੰਮ੍ਰਿਤਸਰ ਦੇ ਅਮੀਰ ਪ੍ਰਵਾਰ ਵਿੱਚ ਹੋਇਆ ਜੋ 1850 ਈ. ਵਿੱਚ ਸਾਹੀਵਾਲ ਤੋਂ ਅੰਮ੍ਰਿਤਸਰ ਆਇਆ ਸੀ। ਉਸ ਦੇ ਪਿਤਾ ਸਾਹਿਬ ਦਿੱਤਾ ਮਲ ਅੱਖਾਂ ਦੇ ਮਸ਼ਹੂਰ ਡਾਕਟਰ ਸਨ ਜੋ ਕਿ ਸਿਵਲ ਹਸਪਤਾਲ ਗੁਰਦਾਸਪੁਰ, ਹਿਸਾਰ ਤੇ ਅੰਮ੍ਰਿਤਸਰ ਸਿਵਲ ਸਰਜਨ ਰਹੇ। ਕਿਹਾ ਜਾਂਦਾ ਹੈ ਕਿ ਉਹ ਪਹਿਲੇ ਭਾਰਤੀ ਸਨ ਜੋ ਇਸ ਉੱਚੀ ਪਦਵੀ 'ਤੇ ਬਿਰਾਜਮਾਨ ਹੋਏ। ਉਨ੍ਹਾਂ ਨੂੰ ਅੰਗਰੇਜ਼ਾਂ ਦੇ ਚੰਗੇ ਮਿੱਤਰ ਹੋਣ ਕਰਕੇ ਅੰਗਰੇਜ਼ਾਂ ਨੇ ਰਾਇ ਸਾਹਿਬ ਦੇ ਖ਼ਿਤਾਬ ਨਾਲ ਨਿਵਾਜ਼ਿਆ ਹੋਇਆ ਸੀ। ਉਨ੍ਹਾਂ ਦੇ 7 ਸਪੁੱਤਰ ਸਨ। ਸਭ ਤੋਂ ਵੱਡੇ ਕੁੰਦਨ ਲਾਲ ਵਪਾਰੀ ਸਨ। ਉਨ੍ਹਾਂ ਤੋਂ ਛੋਟੇ ਡਾ. ਮੋਹਨ ਲਾਲ, ਡਾ. ਬਿਹਾਰੀ ਲਾਲ ਸਨ। ਉਸ ਤੋਂ ਛੋਟੇ ਚਮਨ ਲਾਲ ਜਿੰਨ੍ਹਾਂ ਨੇ 1899 ਵਿੱਚ ਮਿਡਲ ਟੈਂਪਲ, ਇੰਗਲੈਂਡ ਤੋਂ ਬੈਰਿਸਟਰ ਕੀਤੀ। ਉਨ੍ਹਾਂ ਤੋਂ ਛੋਟੇ ਚੁੰਨੀ ਲਾਲ, ਮਦਨ ਲਾਲ ਸਨ। ਭਜਨ ਲਾਲ ਸਭ ਤੋਂ ਛੋਟਾ ਸੀ ਜਿਸ ਨੇ ਗ੍ਰੀਅਸ ਇਨਨ (ਇੰਗਲੈਂਡ) ਤੋਂ 1911 ਵਿਚ ਬੈਰਿਸਟਰ ਕੀਤੀ ਸੀ। ਇਸ ਤਰ੍ਹਾਂ ਇਹ ਪਰਵਾਰ ਬਹੁਤ ਹੀ ਅਮੀਰ ਅਤੇ ਪੜ੍ਹਿਆਂ ਲਿਖਿਆਂ ਦਾ ਪ੍ਰਵਾਰ ਸੀ। ਇਨ੍ਹਾਂ ਦੀ ਅੰਮ੍ਰਿਤਸਰ ਵਿੱਚ ਕਟੜਾ ਸ਼ੇਰ ਸਿੰਘ ਵਿੱਚ ਬਹੁਤ ਜਾਇਦਾਦ ਸੀ ਅਤੇ ਇਹ ਪ੍ਰਵਾਰ ਅੰਗਰੇਜ਼ੀ ਹਕੂਮਤ ਦਾ ਵਫ਼ਾਦਾਰ ਸੀ।

ਮਦਨ ਲਾਲ ਨੂੰ ਲਾਹੌਰ ਕਾਲਜ ਵਿੱਚ ਪੜ੍ਹਾਈ ਸਮੇਂ ਰਾਜਨੀਤਿਕ ਸਰਗਰਮੀਆਂ ਵਿੱਚ ਭਾਗ ਲੈਣ ਕਰਕੇ ਕੱਢ ਦਿੱਤਾ ਗਿਆ, ਕਿਉਂਕਿ ਉਹ ਉਥੇ ਯੂਨੀਅਨ ਬਣਾਉਣਾ ਚਾਹੁੰਦਾ ਸੀ। ਉਸ ਦੇ ਪ੍ਰਵਾਰ ਨੇ ਵੀ ਉਸ ਨਾਲੋਂ ਨਾਤਾ ਤੋੜ ਲਿਆ। ਮਜ਼ਬੂਰੀ ਵੱਸ ਉਸ ਨੂੰ ਕਲਰਕ, ਰਿਕਸ਼ਾ ਚਾਲਕ ਤੇ ਕਾਰਖ਼ਾਨੇ ਵਿੱਚ ਮਜ਼ਦੂਰੀ ਕਰਕੇ ਗੁਜ਼ਾਰਾ ਕਰਨਾ ਪਿਆ। ਉਸ ਨੇ ਕੁਝ ਸਮਾਂ ਬੰਬਈ ਵਿੱਚ ਵੀ ਕੰਮ ਕੀਤਾ। ਉੱਥੋਂ ਉਹ ਆਪਣੇ ਵੱਡੇ ਭਰਾ ਦੀ ਸਲਾਹ ਨਾਲ ਉਚੇਰੀ ਪੜਾਈ ਲਈ 1906 ਵਿੱਚ ਇੰਗਲੈਂਡ ਆ ਗਿਆ ਤੇ ਯੂਨੀਵਰਸਿਟੀ ਕਾਲਜ ਲੰਡਨ ਵਿੱਚ ਸਿਵਲ ਇੰਜਨੀਅਰ ਦੇ ਡਿਪਲੋਮੇ ਵਿੱਚ ਦਾਖ਼ਲਾ ਲੈ ਲਿਆ। ਇਹ ਉਹ ਕਾਲਜ ਸੀ ਜਿੱਥੇ ਦਾਦਾ ਭਾਈ ਨਾਉਰੋਜੀ 1856 ਤੋਂ 1866 ਤੀਕ ਗੁਜਰਾਤੀ ਦੇ ਪ੍ਰੋਫੈਸਰ ਰਹੇ ਸਨ ਤੇ ਡਾ. ਰਵਿੰਦਰ ਨਾਥ ਟੈਗੋਰ ਨੇ 1878 ਤੋਂ 1880 ਤੀਕ ਅੰਗਰੇਜ਼ੀ ਸਾਹਿਤ ਦੀ ਪੜ੍ਹਾਈ ਕੀਤੀ ਸੀ। ਮਦਨ ਲਾਲ ਢੀਂਗਰਾ ਦੇ ਵੱਡੇ ਭਰਾ ਡਾ. ਬਿਹਾਰੀ ਲਾਲ ਨੇ 1895 ਵਿਚ ਇੱਥੋਂ ਹੀ ਯੂਨੀਵਰਸਿਟੀ ਕਾਲਜ ਹੌਸਪਟਿਲ ਤੋਂ ਐਮ ਆਰ ਸੀ ਪੀ ਪਾਸ ਕੀਤੀ ਸੀ।

ਮਦਨ ਲਾਲ ਬਹੁਤ ਕੀਮਤੀ ਕੱਪੜੇ ਪਹਿਨਦਾ ਤੇ ਕੀਮਤੀ ਸੈਂਟਾਂ ਤੇ ਹੋਰ ਵਸਤੂਆਂ ਦੀ ਵਰਤੋਂ ਕਰਦਾ ਸੀ। ਆਪਣੇ ਵਾਲ ਹਰ ਵੇਲੇ ਕੰਘੀ ਨਾਲ ਸਵਾਰਦਾ ਰਹਿੰਦਾ ਸੀ ਤੇ ਇਸ ਲਈ ਉਹ ਮਸ਼ਹੂਰ ਵੀ ਸੀ। ਇਹੋ ਕਾਰਨ ਸੀ ਕਿ ਜਦ ਉਸ ਨੂੰ ਜਦ ਫ਼ਾਂਸੀ ਲਾਉਣ ਤੋਂ ਪਹਿਲਾਂ ਉਸੁ ਦੀ ਆਖ਼ਰੀ ਖ਼ਾਹਿਸ਼ ਪੁੱਛੀ ਗਈ ਤਾਂ ਉਸ ਨੇ ਇਕ ਸ਼ੀਸ਼ਾ ਤੇ ਕੰਘੀ ਮੰਗੀ ਤਾਂ ਜਾਂ ਫ਼ਾਂਸੀ ਤੇ ਤਖ਼ਤੇ 'ਤੇ ਜਾਣ ਸਮੇਂ ਉਹ ਉਸੇ ਤਰ੍ਹਾਂ ਤਿਆਰ ਹੋ ਕਿ ਜਾਵੇ ਜਿਵੇਂ ਕਿ ਉਹ ਆਪਣੀ ਯੂਨੀਵਰਸਿਟੀ ਜਾਂਦਾ ਹੁੰਦਾ ਸੀ।ਉਹ ਬਹੁਤ ਖ਼ੁਸ਼ ਦਿਲ ਪਰ ਜਜ਼ਬਾਤੀ ਇਨਸਾਨ ਸੀ। ਇੱਥੇ ਇੰਡੀਆ ਹਾਊਸ ਵਿਚ ਉਸ ਦਾ ਮੇਲ ਪ੍ਰਸਿੱਧ ਇਨਕਲਾਬੀ ਵਿਨਾਇਕ ਦਮੋਦਰ ਸਾਵਰਕਰ ਨਾਲ ਹੋਇਆ ਤੇ ਉਸ ਤੋਂ ਉਹ ਬਹੁਤ ਪ੍ਰਭਾਵਿਤ ਹੋਇਆ। ਉਨ੍ਹਾਂ ਦਿਨਾਂ ਵਿਚ ਇੰਡੀਆ ਹਾਊਸ ਦੀ ਵਰਤੋਂ ਵਿਦਿਆਰਥੀਆਂ ਦੇ ਹੋਸਟਲ ਵਜੋਂ ਹੁੰਦੀ ਸੀ। ਪਰ ਇਹ ਭਾਰਤੀ ਸਿਆਸਤਦਾਨਾਂ ਦਾ ਅੱਡਾ ਵੀ ਸੀ, ਜਿਸ ਨੂੰ ਕਿ 1905 ਈ. ਵਿੱਚ ਸ਼ਿਆਮ ਜੀ ਕ੍ਰਿਸ਼ਨਾ ਵਰਮਾ ਨੇ ਖ਼੍ਰੀਦ ਲਿਆ ਸੀ ਉਹ ਬੰਗਾਲੀ ਇਨਕਲਾਬੀਆਂ ਖ਼ੁਦੀ ਰਾਮ ਬੋਸ,ਕਨਹਾਲੀ ਲਾਲ. ਨਰੇਂਦਰ ਅਤੇ ਹੋਰ ਇਨਕਲਾਬੀਆਂ ਦੇ ਕਾਰਨਾਮਿਆਂ ਤੋਂ ਬਹੁਤ ਪ੍ਰਭਾਵਿਤ ਸੀ। ਉਸ ਨੇ ਦੂਜੇ ਇਨਕਲਾਬੀਆਂ ਨਾਲ ਵੀ ਸੰਬੰਧ ਸਥਾਪਤ ਕਰ ਲਏ ਜਿੰਨ੍ਹਾਂ ਵਿੱਚ ਸ਼ਿਆਮ ਜੀ ਕ੍ਰਿਸ਼ਨਾ ਵਰਮਾ, ਲਾਲਾ ਹਰਦਿਆਲ, ਗਿਆਨ ਚੰਦ ਅਤੇ ਕੋਰੇ ਗਾਕਰ ਆਦਿ ਸ਼ਾਮਲ ਸਨ। ਇਨ੍ਹਾਂ ਸਾਰਿਆਂ ਦਾ ਸੰਬੰਧ ਇੰਡੀਆ ਹਾਊਸ ਨਾਲ ਸੀ। ਉਸ ਨੇ ਇੰਡੀਅਨ ਹੂਮ ਰੂਲ ਸੋਸਾਇਟੀ ਅਤੇ ਅਭਿਵਨਵ ਭਾਰਤ ਸੋਸਾਇਟੀ ਜਿਸ ਦੇ ਕਿ ਸੰਸਥਾਪਕ ਸਾਵਰਕਰ ਸਨ, ਨਾਲ ਗੂੜੇ ਸੰਬੰਧ ਬਣਾ ਲਏ। ਸਾਵਰਕਾਰ ਨੇ ਢੀਂਗਰਾ ਨੂੰ ਹਥਿਆਰ ਚਲਾਉਣ ਦੀ ਟ੍ਰੇਨਿੰਗ ਦਿੱਤੀ। ਉਨ੍ਹਾਂ ਦਿਨਾਂ ਵਿੱਚ ਦੇਸ਼ ਭਗਤ ਖ਼ੁਦੀ ਰਾਮ ਬੋਸ, ਸਤਿੰਦਰ ਪਾਲ, ਕਾਂਸ਼ੀ ਰਾਮ ਅਤੇ ਕਨਈ ਦੱਤ ਨੂੰ ਫਾਂਸੀ ਲਾਉਣ 'ਤੇ 8 ਜੂਨ 1909 ਨੂੰ ਵੀਰ ਸਾਰਵਰਕਰ ਦੇ ਵਡੇ ਭਰਾ ਗਣੇਸ਼ ਦਮੋਦਰ ਸਾਰਵਰਕਰ ਨੂੰ ਕਾਲੇ ਪਾਣੀ ਦੀ ਸਜ਼ਾ ਦਿੱਤੀ ਗਈ। ਮਦਨ ਲਾਲ ਢੀਂਗਰਾ, ਸਾਵਰਕਰ ਤੇ ਇੰਗਲੈਂਡ ਵਿਚਲੇ ਹੋਰ ਇਨਕਲਾਬੀ ਭਾਰਤੀਆਂ ਨੂੰ ਬਹੁਤ ਗ਼ੁੱਸਾ ਸੀ ਤੇ ਉਹ ਇਸ ਦਾ ਬਦਲਾ ਲੈਣਾ ਚਾਹੁੰਦੇ ਸਨ।

ਲੰਡਨ ਵਿੱਚ ਰਹਿੰਦੇ ਭਾਰਤੀਆਂ ਨੇ ਭਾਰਤੀ ਵਿਦਿਆਰਥੀਆਂ ਨੂੰ ਆਪਣੇ ਵੱਲ ਖਿੱਚਣ ਲਈ ਨੈਸ਼ਨਲ ਇੰਡੀਅਨ ਐਸੋਸੀਏਸ਼ਨ ਬਣਾਈ ਹੋਈ ਸੀ। ਮਿਸ ਐਮਾ ਜੋਸਫੀਨ ਬੈਕ ਇਸ ਦੀ ਸੈਕਟਰੀ ਸੀ। ਢੀਂਗਰਾ ਮਾਰਚ 1909 ਵਿੱਚ ਇਸ ਦਫ਼ਤਰ ਗਿਆ ਤੇ ਇਸ ਦੇ ਮੈਂਬਰ ਬਣਨ ਦੀ ਇੱਛਾ ਪ੍ਰਗਟ ਕੀਤੀ। ਉਸ ਨੂੰ ਅਪ੍ਰੈਲ 1909 ਵਿੱਚ ਮੈਂਬਰ ਬਣਾ ਲਿਆ ਗਿਆ। ਉਸ ਨੇ ਇਕ ਰਿਵਾਲਵਰ ਤੇ ਦੋ ਪਿਸਤੌਲ ਇਕ ਵਿਅਕਤੀ ਪਾਸੋਂ ਖ਼੍ਰੀਦੇ ਅਤੇ ਇਨ੍ਹਾਂ ਦੀ ਵਰਤੋਂ ਕਰਨ ਦੀ ਪ੍ਰੈਕਟਿਸ ਕਰਨੀ ਸ਼ੁਰੂ ਕਰ ਦਿੱਤੀ।

1 ਜੁਲਾਈ 1909 ਨੂੰ ਨੈਸ਼ਨਲ ਇੰਡੀਅਨ ਐਸੋਸੀਏਸ਼ਨ ਦਾ ਸਾਲਾਨਾ ਦਿਵਸ ਸੀ। ਇਮਪੀਅਰਲ ਇਨਸਟੀਚਿਊਟ ਦੇ ਜਹਾਂਗੀਰ ਹਾਲ ਨੂੰ ਇਸ ਸਮਾਗਮ ਲਈ ਚੁਣਿਆ ਗਿਆ। ਢੀਂਗਰਾ ਨੇ ਐਮਾ ਬੈਕ ਪਾਸੋਂ ਸਾਰੀ ਜਾਣਕਾਰੀ ਪ੍ਰਾਪਤ ਕਰਕੇ ਸਾਵਰਕਰ ਨਾਲ ਆਪਣੀ ਯੋਜਨਾ ਤਿਆਰ ਕੀਤੀ। ਉਸ ਪੰਜਾਬੀ ਅੰਦਾਜ਼ ਵਿੱਚ ਅਸਮਾਨੀ ਰੰਗ ਦੀ ਪਗੜੀ ਬੰਨੀ ਤੇ ਟਾਈ ਸਮੇਤ ਇਕ ਸ਼ਾਨਦਾਰ ਸੂਟ ਪਹਿਨਿਆ। ਉਸ ਨੇ ਕੋਟ ਦੀਆਂ ਜ਼ੇਬਾਂ ਵਿੱਚ ਇਕ





ਰਿਵਾਲਵਰ, ਦੋ ਪਸਤੌਲ ਅਤੇ ਦੋ ਚਾਕੂ ਰੱਖੇ। ਢੀਂਗਰਾ ਪਾਰਟੀ ਵਿੱਚ ਸ਼ਾਮ 8 ਵਜੇ ਪੁੱਜਾ। ਰਾਤ ਦੇ ਸਵਾ ਦਸ ਵੱਜੇ ਭਾਰਤ ਵਿਚਲੇ ਸੈਕਟਰੀ ਆਫ ਸਟੇਟ ਦੇ ਰਾਜਸੀ ਸਹਾਇਕ ਸਰ ਵਿਲੀਅਮ ਹਟ ਕਰਜਨ ਵਾਇਲੀ ਅਤੇ ਉਸ ਦੀ ਪਤਨੀ ਪੁੱਜੇ। ਵਾਇਲੀ ਭਾਰਤੀ ਵਿਦਿਆਰਥੀਆਂ ਦੀ ਖ਼ੁਫ਼ੀਆ ਨਿਗਰਾਨੀ ਕਰਦਾ ਸੀ।ਉਹ ਉਨ੍ਹਾਂ ਨੂੰ ਪ੍ਰੇਸ਼ਾਨ ਕਰਦਾ ਸੀ ।ਇਸ ਲਈ ਭਾਰਤੀ ਵਿਦਿਆਰਥੀ ਉਸ ਤੋਂ ਦੁੱਖੀ ਸਨ ।ਇਸ ਲਈ ਮਦਨ ਲਾਲ ਨੇ ਉਸ ਨੂੰ ਮਾਰਨ ਦਾ ਮਨ ਬਣਾਇਆ ਸੀ ।ਉਨਾਂ ਨੂੰ ਵੇਖ ਕੇ ਉਸ ਨੂੰ ਜੋਸ਼ ਚੜ੍ਹ ਗਿਆ। ਗਿਆਰਾਂ ਵਜੇ ਦੇ ਕਰੀਬ ਸਾਰੀ ਕਾਰਵਾਈ ਮੁਕੰਮਲ ਹੋਈ। ਵਾਇਲੀ ਸਟੇਜ ਤੋਂ ਉਤਰ ਲੋਕਾਂ ਨੂੰ ਗ਼ੈਰ-ਰਸਮੀ ਮਿਲਣ ਲੱਗਾ। ਢੀਂਗਰਾ ਨੇ ਉਸ ਦੇ ਮੂੰਹ 'ਤੇ 5 ਗੋਲੀਆਂ ਦਾਗ਼ੀਆਂ ਜਿੰਨ੍ਹਾਂ ਵਿੱਚੋਂ 4 ਆਪਣੇ ਨਿਸ਼ਾਨੇ 'ਤੇ ਲੱਗੀਆਂ।ਇਕ ਪਾਰਸੀ ਡਾਕਟਰ ਕੋਵਾਸਜੀ ਲਲਕਾਰਾ ਜਿਸ ਨੇ ਕਿ ਵਾਇਲੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਨੂੰ 6ਵੀਂ ਤੇ 7ਵੀਂ ਗੋਲੀ ਦਾ ਨਿਸ਼ਾਨਾ ਬਣਿਆ। ਮਦਨ ਲਾਲ ਨੇ ਇਸ ਸਬੰਧੀ ਅਦਾਲਤ ਨੂੰ ਵੀ ਦੱਸਿਆ ਕਿ ਲਲਕਾਰਾ ਨੂੰ ਮਾਰਨ ਦਾ ਉਸ ਦਾ ਕੋਈ ਇਰਾਦਾ ਨਹੀਂ ਸੀ ਤੇ ਇਹ ਦੁਰਘਟਨਾ ਵੱਸ ਹੋ ਗਿਆ। ਜਦ ਭੀੜ ਵਿਚੋਂ ਕਿਸੇ ਨੇ ਉਸ ਨੂੰ ਕਾਤਲ ਕਿਹਾ ਤਾਂ ਉਸ ਨੇ ਕਿਹਾ ਕਿ ਮੈਂ ਦੇਸ਼ ਭਗਤ ਹਾਂ ਤੇ ਆਪਣੀ ਮਾਤ ਭੂਮੀ ਨੂੰ ਗ਼ੁਲਾਮੀ ਦੀ ਪੰਜਾਲੀ ਵਿਚੋਂ ਬਾਹਰ ਕੱਢਣਾ ਚਾਹੁੰਦਾ ਹਾਂ। ਬਿਨਾਂ ਕਿਸੇ ਡਰ ਅਤੇ ਖ਼ੌਫ਼ ਦੇ ਉਸ ਨੇ ਕਿਹਾ, "ਜੋ ਮੈਂ ਕੀਤਾ ਹੈ, ਉਸ ਲਈ ਮੈਂ ਹੱਕਦਾਰ ਹਾਂ। ਜੇ ਜਰਮਨੀਆਂ ਨੇ ਇੰਗਲੈਂਡ 'ਤੇ ਕਬਜ਼ਾ ਕੀਤਾ ਹੁੰਦਾ ਤਾਂ ਇੰਗਲੈਂਡ ਵਾਸੀ ਨੇ ਵੀ ਇਹੋ ਕੁਝ ਕਰਨਾ ਸੀ"।

ਮਦਨ ਲਾਲ ਨੇ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ। ਉਸਨੇ ਖ਼ੁਦ ਗ੍ਰਿਫਤਾਰੀ ਦਿੱਤੀ। ਉਸ ਨੂੰ 7 ਦਿਨਾਂ ਲਈ ਪੁਲਿਸ ਹਵਾਲੇ ਕੀਤਾ ਗਿਆ। ਉਹ ਇਨ੍ਹਾਂ ਦਿਨਾਂ ਵਿੱਚ ਉਸ ਬਿਆਨ ਨੂੰ ਤਿਆਰ ਕਰਨ ਵਿੱਚ ਰੁਝਾ ਰਿਹਾ ਜੋ ਕਿ ਉਸ ਨੇ ਅਦਾਲਤ ਵਿੱਚ ਦੇਣਾ ਸੀ। 10 ਜੁਲਾਈ ਨੂੰ ਜਦ ਉਸ ਨੂੰ ਮੈਜਿਸਟਰੇਟ ਅਗੇ ਪੇਸ਼ ਕੀਤਾ ਗਿਆ ਤਾਂ ਉਸ ਨੇ ਇਹ ਬਿਆਨ ਉੱਚੀ ਪੜ੍ਹ ਕੇ ਸੁਣਾਇਆ ਜਿਸ ਵਿੱਚ ਉਸ ਨੇ ਕਿਹਾ, "ਮੈਂ ਆਪਣੇ ਕੀਤੇ ਕੰਮ ਦੀ ਸੁਰੱਖਿਆ ਲਈ ਕੁਝ ਨਹੀਂ ਕਹਿਣਾ ਚਾਹੁੰਦਾ। ਮੈਂ ਨਹੀਂ ਸਮਝਦਾ ਹਾਂ ਕਿ ਇੰਗਲੈਂਡ ਦੀ ਅਦਾਲਤ ਨੂੰ ਮੈਨੂੰ ਸਜ਼ਾ ਦੇਣ ਜਾਂ ਜੇਲ ਵਿੱਚ ਬੰਦੀ ਰੱਖਣ ਦਾ ਕੋਈ ਅਧਿਕਾਰ ਹੈ ਅਤੇ ਮੇਰਾ ਇਹ ਕਹਿਣਾ ਹੈ ਕਿ ਜੇ ਇਸ ਦੇਸ਼ ਨੂੰ ਜਰਮਨਾਂ ਨੇ ਆਪਣੇ ਕਬਜ਼ੇ ਵਿੱਚ ਕੀਤਾ ਹੁੰਦਾ ਤੇ ਇੰਗਲੈਸ਼ਮੈਨ ਦਾ ਜਰਮਨੀਆਂ ਖ਼ਿਲਾਫ਼ ਲੜਨਾ ਦੇਸ਼ ਭਗਤੀ ਹੁੰਦੀ ਤਾਂ ਮੇਰੇ ਇਸ ਕੇਸ ਵਿੱਚ ਅੰਗਰੇਜ਼ਾਂ ਖ਼ਿਲਾਫ਼ ਲੜਨਾ ਉਸ ਨਾਲੋਂ ਵੀ ਜ਼ਿਆਦਾ ਹੱਕੀ ਅਤੇ ਦੇਸ਼ ਭਗਤੀ ਵਾਲਾ ਕਾਰਜ ਹੈ। ਮੈਂ 50 ਸਾਲਾਂ ਵਿੱਚ ਆਪਣੇ ਦੇਸ਼ ਵਾਸੀਆਂ ਦੇ 80 ਲੱਖ ਕਤਲਾਂ ਲਈ ਅੰਗਰੇਜ਼ਾਂ ਨੂੰ ਜ਼ੁੰਮੇਵਾਰ ਮੰਨਦਾ ਹਾਂ। ਉਹ ਹਰ ਸਾਲ 10 ਕਰੋੜ ਪੌਂਡ ਭਾਰਤ ਤੋਂ ਇਥੇ ਲਿਆਉਣ ਲਈ ਜ਼ੁੰਮੇਵਾਰ ਹਨ। ਮੈਂ ਉਨ੍ਹਾਂ ਨੂੰ ਹਜ਼ਾਰਾਂ ਦੇਸ਼ਵਾਸੀਆਂ ਨੂੰ ਫਾਂਸੀ ਲਾਉਣ ਅਤੇ ਜਲਾਵਤਨੀ ਲਈ ਜ਼ੁੰਮੇਵਾਰ ਸਮਝਦਾ ਹਾਂ"।

23 ਜੁਲਾਈ ਨੂੰ ਓਲਡ ਬੈਲੇ ਕੋਰਟ, ਲੰਡਨ ਵਿੱਚ ਮੁਕੱਦਮੇ ਦੀ ਕਾਰਵਾਈ ਹੋਈ। 20 ਮਿੰਟ ਤੋਂ ਵੀ ਘੱਟ ਸਮੇਂ ਵਿੱਚ ਅਦਾਲਤ ਨੇ 17 ਅਗਸਤ 1909 ਨੂੰ ਫਾਂਸੀ ਲਾਉਣ ਦਾ ਫੈਸਲਾ ਦੇ ਦਿੱਤਾ ਜਦ ਕਿ ਸਮਾਂ ਤੇ ਸਥਾਨ ਦਾ ਐਲਾਨ ਕਰਨਾ ਅਦਾਲਤ ਦਾ ਕੰਮ ਨਹੀਂ ਸੀ। ਇਸ ਸਮੇਂ 5 ਗਵਾਹ ਸਰਕਾਰ ਦੇ ਹੱਕ ਵਿੱਚ ਭੁਗਤੇ ਜਿੰਨ੍ਹਾਂ ਵਿੱਚ ਇਕ ਭਾਰਤੀ ਮਦਨ ਮੋਹਨ ਸਿਨਹਾ ਵੀ ਸ਼ਾਮਲ ਸੀ ਜਿਸ ਨੇ ਉਸ ਨੂੰ ਉਥੇ ਫੜਿਆ ਸੀ। ਢੀਂਗਰੇ ਨੇ ਕੇਸ ਦੀ ਪੈਰਵੀ ਲਈ ਕੋਈ ਵਕੀਲ ਨਾ ਕੀਤਾ। ਜਦ ਜੱਜ ਨੇ ਸਜ਼ਾ ਸੁਣਾਈ ਤਾਂ ਉਸ ਨੇ ਗਰਜਵੀਂ ਆਵਾਜ਼ ਵਿੱਚ ਕਿਹਾ, "ਮੈਨੂੰ ਮਾਣ ਹੈ ਕਿ ਮੈਂ ਆਪਣੇ ਦੇਸ਼ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ ਹੈ। ਪਰ ਯਾਦ ਰੱਖੋ ਆਉਂਦੇ ਦਿਨਾਂ ਵਿੱਚ ਸਮਾਂ ਸਾਡਾ ਹੋਵੇਗਾ"।

ਆਇਰਿਸ਼ ਪ੍ਰੈਸ ਨੇ ਮਦਨ ਲਾਲ ਢੀਂਗਰਾ ਨੂੰ ਨਾਇਕ ਦੇ ਤੌਰ ਤੇ ਉਭਾਰਿਆ। ਇਸੇ ਤਰ੍ਹਾਂ ਕਾਹਿਰਾ ਤੋਂ ਪ੍ਰਕਾਸ਼ਿਤ ਇਕ ਮਿਸਰ ਦੇ ਅਖਬਾਰ ਨੇ ਕੀਤਾ। ਜਦ ਢੀਂਗਰਾ ਨੇ ਵਾਇਲੀ ਦਾ ਕਤਲ ਕੀਤਾ ਤਾਂ ਉਸ ਦਾ ਭਰਾ ਭਜਨ ਲਾਲ ਲੰਡਨ ਵਿੱਚ ਲਾਅ ਦੀ ਪੜਾਈ ਕਰ ਰਿਹਾ ਸੀ। ਉਹ ਉਸ ਮੀਟਿੰਗ ਵਿੱਚ ਸ਼ਾਮਲ ਹੋਇਆ ਜੋ ਕਿ ਇਸ ਦੀ ਨਿਖੇਧੀ ਲਈ ਚਾਰ ਦਿਨਾਂ ਪਿੱਛੋਂ ਰੱਖੀ ਗਈ ਸੀ। ਇਸ ਮੀਟਿੰਗ ਵਿੱਚ ਸ਼ਾਮਲ ਹੋਣ ਕਰਕੇ ਮਦਨ ਲਾਲ ਨੇ ਉਸ ਨੂੰ ਜੇਲ ਵਿੱਚ ਮਿਲਣ ਤੋਂ ਨਾਂਹ ਕਰ ਦਿੱਤੀ ਜਦ ਉਹ ਉਸ ਨਾਲ ਮੁਲਾਕਾਤ ਕਰਨ ਆਇਆ ਸੀ।ਵਾਇਲੀ ਦੇ ਕਤਲ ਪਿਛੋਂ ਉਸ ਦੇ ਪਿਤਾ ਨੇ ਇੰਗਲ਼ੈਂਡ ਦੀਆਂ ਅਖ਼ਬਾਰਾਂ ਨੂੰ ਭੇਜੀ ਇਕ ਟੈਲੀਗ੍ਰਾਮ ਵਿੱਚ ਕਿਹਾ ਕਿ ਮੈਂ ਉਸ ਨੂੰ ਬੇਦਖਲ ਕਰਦਾ ਹਾਂ ਕਿਉਂਕਿ ਉਸ ਨੇ ਮੇਰੇ ਨਾਂ ਨੂੰ ਧੱਬਾ ਲਾਇਆ ਹੈ। ਉਸ ਦੇ ਭਰਾਵਾਂ ਵਿਚੋਂ ਡਾ. ਬਿਹਾਰੀ ਲਾਲ ਨੂੰ ਛੱਡ ਕੇ ਬਾਕੀਆਂ ਨੇ ਆਪਣੇ ਨਾਂ ਦੇ ਪਿੱਛੇ ਸ਼ਬਦ ਢੀਂਗਰਾ ਲਾਹ ਲਿਆ। ਉਸ ਦੀ ਖੁਹਾਇਸ਼ ਮੁਤਾਬਕ ਉਸ ਦਾ ਅੰਤਿਮ ਸਸਕਾਰ ਹਿੰਦੂ ਰਸਮਾਂ ਨਾਲ ਨਾ ਕੀਤਾ ਗਿਆ। ਵਿਨਾਇਕ ਦਮੋਦਰ ਸਾਵਰਕਰ ਨੂੰ ਵੀ ਉਸ ਦੀ ਦੇਹ ਨਾ ਸੌਂਪੀ ਗਈ ਕਿਉਂਕਿ ਉਹ ਉਸਦਾ ਵਾਰਸ ਨਹੀਂ ਸੀ। ਉਸ ਨੂੰ ਲਾਵਾਰਸ ਕੈਦੀ ਘੋਸ਼ਿਤ ਕਰਕੇ ਜੇਲ ਵਿੱਚ ਹੀ ਇਕ ਆਮ ਵਿਅਕਤੀ ਦੀ ਤਰ੍ਹਾਂ ਦਫ਼ਨਾ ਦਿੱਤਾ ਗਿਆ ਤੇ ਇਕ ਇੱਟ ਲਾ ਦਿੱਤੀ ਗਈ ਜਿਸ 'ਤੇ ਲਿਖਿਆ ਸੀ ਐਮ ਐਲ ਡੀ। ਇਸ ਦਾ ਪਤਾ ਵੀ ਉਸ ਸਮੇਂ ਲੱਗਾ ਜਦ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਭਾਰਤ ਲਿਆਉਣੀਆਂ ਸਨ ਤਾਂ ਉਸ ਦੀ ਕਬਰ ਲਭਦਿਆਂ ਲਭਦਿਆਂ ਇਹ ਇੱਟ ਨਜ਼ਰ ਪਈ ਤਾਂ ਪੜਤਾਲ ਕਰਨ 'ਤੇ ਪਤਾ ਲੱਗਾ ਕਿ ਇਹ ਮਦਨ ਲਾਲ ਢੀਂਗਰਾ ਦੀ ਕਬਰ ਹੈ।

ਬਰਤਾਨੀਆ ਅਤੇ ਭਾਰਤ ਦੀ ਜ਼ਿਆਦਾਤਰ ਪ੍ਰੈਸ ਨੇ ਢੀਂਗਰਾ ਦੀ ਕਾਰਵਾਈ ਦੀ ਨਿੰਦਿਆ ਕੀਤੀ। ਮਹਾਤਮਾ ਗਾਂਧੀ ਨੇ ਵੀ ਵਾਇਲੀ ਦੇ ਕਤਲ ਦੀ ਨਿਖੇਧੀ ਕੀਤੀ। ਇੰਗਲੈਂਡ ਦੇ ਇੰਡੀਅਨ ਸੋਸੀਆਲੋਜੀ ਪਰਚੇ ਨੇ ਢੀਂਗਰਾ ਦੀ ਹਮਦਰਦੀ ਵਿੱਚ ਲੇਖ ਲਿਖਿਆ। ਇਸ ਲੇਖ ਲਿਖਣ ਬਦਲੇ ਇਸ ਦੇ ਪ੍ਰਿੰਟਰ ਗਾਈ ਅਲਡਰੈਡ ਨੂੰ 12 ਮਹੀਨੇ ਦੀ ਕੈਦ ਹੋਈ।ਉਹ ਫ਼ਾਂਸੀ ਚੜਨ ਤੋਂ ਪਹਿਲਾਂ ਇਕ ਬਿਆਨ ਅਖ਼ਬਾਰਾਂ ਨੂੰ ਦੇਣਾ ਚਾਹੁੰਦਾ ਸੀ ਪਰ ਉਸ ਦੀ ਇਹ ਇੱਛਾ ਪੂਰੀ ਨਾ ਕੀਤੀ ਗਈ। ਪਰ ਉਹ ਇਕ ਵਿਦੇਸ਼ੀ ਮਹਿਲਾ ਪੱਤਰਕਾਰ ਦੀ ਸਹਿਤਾ ਨਾਲ ਦੇਸ਼ ਵਾਸੀਆਂ ਦੇ ਨਾਂ ਸੰਦੇਸ਼ ਦੇਣ ਵਿਚ ਕਾਮਯਾਬ ਹੋ ਗਿਆ। ਉਸ ਦਾ ਇਹ ਬਿਆਨ ਫ਼ਰਾਂਸੀਸੀ ਅਖ਼ਬਾਰਾਂ ਵਿਚ ਫ਼ਾਂਸੀ ਵਾਲੇ ਦਿਨ ਪ੍ਰਕਾਸ਼ਿਤ ਹੋਇਆ। ਢੀਂਗਰਾ ਦੀ ਇਸ ਦਲੇਰਾਨਾ ਕਾਰਵਾਈ ਅਤੇ ਸ਼ਹਾਦਤ ਨੇ ਭਾਰਤੀ ਨੌਜੁਆਨਾਂ ਨੂੰ ਹਥਿਆਰਬੰਦ ਸੰਘਰਸ਼ ਲਈ ਇਕ ਚਿੰਗਿਆੜੀ ਦਾ ਕੰਮ ਕੀਤਾ, ਕਿਉਂਕਿ ਉਹ ਉਨ੍ਹਾਂ ਲਈ ਪਹਿਲਾ ਰੋਲ ਮਾਡਲ ਬਣਿਆ। ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਸ਼ਹੀਦ ਚੰਦਰ ਸ਼ੇਖਰ ਆਦਿ ਨੌਜੁਆਨਾਂ ਦਾ ਉਹ ਪ੍ਰੇਰਨਾ ਸ੍ਰੋਤ ਸੀ। ਡਾ. ਸੈਫ਼ੁਲ ਦੀਨ ਕਿਚਲੂ ਵੀ ਉਸ ਸਮਾਗਮ ਵਿਚ ਸ਼ਾਮਲ ਸੀ,ਜਿਸ ਵਿਚ ਢੀਂਗਰਾ ਨੇ ਵਾਇਲੀ ਦਾ ਕਤਲ ਕੀਤਾ ਸੀ ਤੇ ਸ਼ਾਇਦ ਇਹੋ ਹੀ ਕਾਰਨ ਸੀ ਕਿ ਉਸ ਨੇ ਅੰਮ੍ਰਿਤਸਰ ਆ ਕੇ ਆਜ਼ਾਦੀ ਦੀ ਲਹਿਰ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ ਤੇ ਉਸ ਨੇ ਸਾਰੀ ਉਮਰ ਹਿੰਦੂ ਮੁਸਲਮ ਏਕਤਾ ਤੇ ਦੇਸ਼ ਦੀ ਆਜ਼ਾਦੀ ਵਿਚ ਲਾ ਦਿੱਤੀ ਸੀ। ਅਮਰੀਕਾ ਵਿੱਚ ਗਦਰ ਪਾਰਟੀ ਦੇ ਬਾਨੀ ਲਾਲਾ ਹਰਦਿਆਲ ਨੇ ਉਸ ਦੀ ਸ਼ਹਾਦਤ ਬਾਰੇ ਲਿਖਿਆ ਸੀ, "ਢੀਂਗਰਾ ਨੇ ਮੈਨੂੰ ਮੱਧਕਾਲ ਦੇ ਰਾਜਪੂਤਾਂ ਅਤੇ ਸਿੱਖਾਂ ਦੀ ਯਾਦ ਮੁੜ ਤਾਜ਼ਾ ਕਰਵਾ ਦਿੱਤੀ ਹੈ ਜੋ ਮੌਤ ਦੀ ਲਾੜੀ ਨੂੰ ਵਿਆਹੁਣ ਲਈ ਬੜੇ ਚਾਵਾਂ ਨਾਲ ਘੋੜੀ 'ਤੇ ਬੈਠ ਕਿ ਜੰਗ ਨੂੰ ਜਾਂਦੇ ਸਨ। ਇੰਗਲੈਂਡ ਸੋਚਦਾ ਹੈ ਕਿ ਉਨ੍ਹਾਂ ਨੇ ਢੀਂਗਰਾ ਨੂੰ ਮਾਰ ਦਿੱਤਾ ਹੈ ਪਰ ਉਹ ਹਮੇਸ਼ਾਂ ਲਈ ਅਮਰ ਹੈ। ਅਸਲ ਵਿੱਚ ਉਸ ਨੇ ਭਾਰਤ ਵਿੱਚ ਅੰਗਰੇਜ਼ੀ ਗ਼ੁਲਾਮੀ ਨੂੰ ਮੌਤ ਦਾ ਝਟਕਾ ਦਿੱਤਾ ਹੈ।"

ਢੀਂਗਰਾ ਵਲੋਂ ਵਿਖਾਈ ਗਈ ਦਲੇਰੀ ਦੀ ਜਿੱਥੇ ਭਾਰਤੀ ਬੁਧੀਜੀਵੀਆਂ ਨੇ ਸ਼ਲਾਘਾ ਕੀਤੀ ਉੱਥੇ ਕਈ ਅੰਗਰੇਜ਼ੀ ਬੁਧੀਜੀਵੀਆਂ ਨੇ ਵੀ ਤਾਰੀਫ਼ ਕੀਤੀ। ਸ੍ਰੀ ਵਰਿੰਦਰ ਨਾਥ ਚਟੋਪਾਧਿਆਇ ਨੇ ਉਸ ਦੀ ਯਾਦ ਵਿੱਚ ਮਾਸਕ ਪੱਤਰ, ਮਦਨ ਤਲਵਾਰ ਕੱਢਿਆ। ਉਸ ਦੀਆਂ ਅਸਥੀਆਂ 13 ਦਸੰਬਰ 1976 ਨੂੰ ਭਾਰਤ ਲਿਆਂਦੀਆਂ ਗਈਆਂ ਜਿਥੇ ਉਸ ਦਾ ਸਰਕਾਰੀ ਸਨਮਾਨਾਂ ਨਾਲ ਦਾਹ ਸਸਕਾਰ ਕੀਤਾ ਗਿਆ। ਅੰਮ੍ਰਿਤਸਰ ਵਿਖੇ ਯੂਥ ਹੋਸਟਲ ਦੇ ਪਾਸ ਜੀ.ਟੀ. ਰੋਡ ਉਤੇ ਉਸ ਦੀ ਯਾਦ ਵਿੱਚ ਬੁੱਤ ਲਾਇਆ ਗਿਆ ਹੈ। ਇਸੇ ਦੌਰਾਨ ਸਸਕਾਰ ਵਾਲੇ ਸਥਾਨ 'ਤੇ ਤਤਕਾਲੀ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਵੱਲੋਂ ਸ਼ਹੀਦ ਢੀਂਗਰਾ ਦੀ ਸਮਾਧ ਤੇ ਸਮਾਰਕ ਦਾ ਨੀਂਹ ਪਥੱਰ ਰੱਖਿਆ ਗਿਆ ।ਅਫ਼ਸੋਸ ਦੀ ਗੱਲ ਹੈ ਕਿ ਉਸ ਦੇ ਜੱਦੀ ਘਰ ਨੂੰ ਅਸੀਂ ਸੰਭਾਲ ਨਹੀਂ ਸਕੇ। ਹਾਈਕੋਰਟ ਦੇ ਆਦੇਸ਼ਾਂ ਦੇ ਬਾਵਜੂਦ ਵੀ ਇਹ ਘਰ ਖੰਡਰ ਬਣਿਆ ਪਿਆ ਹੈ।ਲੋੜ ਹੈ ਕਿ ਇਸ ਥਾਂ 'ਤੇ ਯਾਦਗਾਰ ਬਣਾਈ ਜਾਵੇ ਤੇ ਲੰਡਨ ਤੋਂ ਉਸ ਦਾ ਪਿਸਤੌਲ ਤੇ ਹੋਰ ਨਿਸ਼ਾਨੀਆਂ ਲਿਆ ਕੇ ਏਥੇ ਰਖੀਆਂ ਜਾਣ।

ਸ਼ਹੀਦ ਮਦਨ ਲਾਲ ਢੀਂਗਰਾ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ, ਚੰਦਰ ਸ਼ੇਖਰ ਆਜ਼ਾਦ ਅਤੇ ਗਦਰੀ ਬਾਬਿਆਂ ਜਿਨ੍ਹਾਂ ਵਿਚ ਬਾਬਾ ਸੋਹਨ ਸਿੰਘ ਭਕਨਾ,ਬਾਬਾ ਵਿਸਾਖਾ ਸਿੰਘ ਦਦੇਹਰ ਆਦਿ ਸ਼ਾਮਲ ਹਨ ਤੇ ਹੋਰ ਇਨਕਲਾਬੀਆਂ ਜਿਨ੍ਹਾਂ ਨੇ ਆਜ਼ਾਦੀ ਲਈ ਸ਼ਹਾਦਤਾਂ ਦਿੱਤੀਆਂ ਜਾਂ ਜੇਲਾਂ ਕੱਟੀਆਂ ਉਹ ਆਜ਼ਾਦੀ ਅਜੇ ਵੀ ਭਾਰਤੀਆਂ ਨੂੰ ਨਸੀਬ ਨਹੀਂ ਹੋਈ। ਭਾਰਤੀਆਂ ਨੂੰ ਕੇਵਲ ਰਾਜਸੀ ਆਜ਼ਾਦੀ ਮਿਲੀ ਹੈ। ਉਨ੍ਹਾਂ ਨੇ ਆਰਥਕ ਆਜ਼ਾਦੀ ਅਤੇ ਪ੍ਰਾਪਤ ਕਰਨੀ ਹੈ। ਮਿਹਨਤਕਸ਼ ਭਾਰਤੀਆਂ ਦੀ ਲੁੱਟ ਘਸੁੱਟ ਅਜੇ ਵੀ ਜਾਰੀ ਹੈ।ਦੇਸ਼ ਅਨਪੜਤਾ, ਭੁੱਖਮਰੀ, ਬੇਰੁਜ਼ਗਾਰੀ ਅਤੇ ਗ਼ਰੀਬੀ ਦਾ ਸ਼ਿਕਾਰ ਹੈ ਉਹੋ ਜ਼ਾਲਮ ਡੰਡਾ ਪੁਲੀਸ ਹੈ। ਭਾਰਤ ਦਾ ਸਰਮਾਇਆ ਕੁਝ ਘਰਾਣਿਆਂ ਦੇ ਹਥਾਂ ਵਿੱਚ ਇਕੱਠਾ ਹੋ ਰਿਹਾ ਹੈ। ਭਾਰਤ ਵਿੱਚ ਅਜੇ ਵੀ ਕੁਝ ਪ੍ਰਵਾਰਾਂ ਦਾ ਰਾਜ ਹੈ ਜਿੰਨ੍ਹਾਂ ਵਿਚੋਂ ਕੁਝ ਪ੍ਰਵਾਰ ਉਹ ਵੀ ਸ਼ਾਮਲ ਹਨ ਜੋ ਕਿ ਗ਼ੁਲਾਮ ਭਾਰਤ ਵਿੱਚ ਰਾਜੇ ਮਹਾਰਾਜੇ ਅਖਵਾਉਂਦੇ ਸਨ ਤੇ ਅੰਗਰੇਜ਼ਾਂ ਦੇ ਪਿੱਠੂ ਸਨ। ਇਸ ਲਈ ਸ੍ਰੀ ਮਦਨ ਲਾਲ ਢੀਂਗਰਾ ਅਤੇ ਹੋਰਨਾਂ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੀ ਹੋਵੇਗੀ ਕਿ ਭਾਰਤ ਦੀ ਸਿਆਸਤ ਦੀ ਵਾਗ ਡੋਰ ਮਿਹਨਤਕਸ਼ ਲੋਕਾਂ ਦੇ ਹੱਥ ਆਵੇ ਅਤੇ ਆਜ਼ਾਦੀ ਦਾ ਨਿੱਘ ਹਰੇਕ ਭਾਰਤੀ ਨੂੰ ਮਿਲੇ ਜਿਸਦਾ ਸੁਪਨਾ ਕਿ ਉਹ ਇਨ੍ਹਾਂ ਦੇਸ਼ ਭਗਤਾਂ ਨੇ ਲਿਆ ਸੀ।

# ਆਧੁਨਿਕ ਇਲਾਜ ਪ੍ਰਣਾਲੀ ਬਨਾਮ ਰਵਾਇਤੀ ਇਲਾਜ ਪ੍ਰਣਾਲੀਆਂ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301



ਸੰਘੀ ਫਾਸ਼ੀਵਾਦੀਆਂ ਦੇ ਅਧਿਕਾਰਿਤ ਸੰਤ ਅਤੇ ਸਫਲ ਕਾਰੋਬਾਰੀ ਬਾਬਾ ਰਾਮਦੇਵ ਨੇ ਆਪਣੇ ਯੋਗ ਅਤੇ ਆਯੁਰਵੈਦਿਕ ਦੇ ਧੰਦੇ ਨੂੰ ਚਮਕਾਉਣ ਲਈ ਆਧੁਨਿਕ ਇਲਾਜ ਪ੍ਰਣਾਲੀ (ਜਿਸ ਨੂੰ ਚਲਦੀ ਭਾਸ਼ਾ ਚ ਐਲੋਪੈਥੀ ਕਿਹਾ ਜਾਂਦਾ ਹੈ) ਖ਼ਿਲਾਫ਼ ਜ਼ੁਬਾਨੀ ਜੰਗ ਛੇੜ ਦਿੱਤੀ ਹੈ। ਇਸ ਜੰਗ ਵਿੱਚ ਹਿੰਦੂ ਫਾਸ਼ੀਵਾਦੀਆਂ ਅਤੇ ਉਨ੍ਹਾਂ ਵਲੋਂ ਦੁਆਰਾ ਸੰਚਾਲਿਤ ਕੇਂਦਰ ਅਤੇ ਸੂਬਾਈ ਸਰਕਾਰਾਂ ਦੀ ਉਨ੍ਹਾਂ ਨੂੰ ਪੂਰੀ ਹਮਾਇਤ ਹਾਸਲ ਹੈ। ਇਹ ਰੁਝਾਣ ਇਨ੍ਹਾਂ ਦੇ ਆਮ ਰੁਖ ਕਰਕੇ ਹੀ ਨਹੀਂ ਬਲਕਿ ਕੇਂਦਰੀ ਸਿਹਤ ਮੰਤਰੀਆਂ ਵੱਲੋਂ (ਜਿਸ ਵਿੱਚ ਸਿਹਤ ਮੰਤਰੀ ਵੀ ਸ਼ਾਮਲ ਹੈ) ਕੋਵਿਡ-19 ਦੀ ਅਖੌਤੀ ਦਵਾਈ ਕੋਰੋਨਿਲ ਦੇ ਪ੍ਰਚਾਰ ਅਤੇ ਹਰਿਆਣਾ ਸਰਕਾਰ ਵੱਲੋਂ ਇਸ ਨੂੰ ਕੋਵਿਡ-19 ਦੇ ਮਰੀਜ਼ਾਂ ਵਿਚ ਵੰਡਣ ਕਰਕੇ ਵੀ ਜੱਗ ਜ਼ਾਹਰ ਹੈ। ਇਹ ਕਿਆਸ ਲਾਇਆ ਜਾ ਰਿਹਾ ਹੈ ਕਿ ਬਾਬਾ ਜੀ ਦੀਆਂ ਇਨ੍ਹਾਂ ਅਖੌਤੀ ਦਵਾਈਆਂ ਦੇ ਪ੍ਰਚਾਰ ਵਿੱਚ ਸੰਘੀ ਫਾਸ਼ੀਵਾਦੀਆਂ ਦੇ ਸ਼ੁਧ ਭੌਤਿਕ ਹਿੱਤ ਵੀ ਸ਼ਾਮਲ ਹਨ। ਬਾਬਾ ਅਤੇ ਹਿੰਦੂ ਫਾਸ਼ੀਵਾਦੀਆਂ ਦਾ ਇਹ ਪਵਿੱਤਰ ਗੱਠਜੋੜ ਤਦ ਜ਼ਿਆਦਾ ਪੁਖ਼ਤਾ ਨਜ਼ਰ ਆਉਂਦਾ ਹੈ ਜਦ ਇਹ ਧਿਆਨ ਰੱਖਿਆ ਜਾਵੇ ਕਿ ਦੇਸ਼ ਦੀ ਹਿੰਦੂਤਵ ਫਾਸ਼ੀਵਾਦੀ ਸਰਕਾਰ ਨੇ ਸਮੁੱਚੇ ਦੇਸ਼ ਨੂੰ ਕੋਵਿਡ-19 ਦੀ ਭਿਆਨਕ ਦੂਜੀ ਲਹਿਰ ਵਿੱਚ ਧੱਕ ਦਿੱਤਾ, ਜਿਸ ਨੇ ਲੱਖਾਂ ਲੋਕਾਂ ਦੀ ਜ਼ਿੰਦਗੀ ਨਿਗਲ ਲਈ। ਇਹ ਅੱਜ ਸਪੱਸ਼ਟ ਹੈ ਕਿ ਸੰਘੀ ਫਾਸ਼ੀਵਾਦੀਆਂ ਦੇ ਇਸ ਅਪਰਾਧਕ ਕਾਰਨਾਮੇ ਪਿੱਛੇ ਉਨ੍ਹਾਂ ਦੇ ਇਸ ਵਿਗਿਆਨ ਵਿਰੋਧੀ ਰੁਖ਼ ਦੀ ਵੀ ਬੇਹੱਦ ਅਹਿਮ ਭੂਮਿਕਾ ਹੈ। ਅੱਜ ਜਦੋਂ ਅਖੌਤੀ ਸੰਤਾਂ ਤੇ ਸੰਘੀ ਫਾਸ਼ੀਵਾਦੀਆਂ ਨੇ ਅਧੁਨਿਕ ਇਲਾਜ ਪ੍ਰਣਾਲੀ ਖਿਲਾਫ ਜ਼ੁਬਾਨੀ ਜੰਗ ਛੇੜ ਰੱਖੀ ਹੈ ਤਾਂ ਮੌਕਾ ਹੈ ਕਿ ਇਸ ਮਸਲੇ ਤੇ ਥੋੜ੍ਹੀ ਸੰਜੀਦਗੀ ਨਾਲ ਵਿਚਾਰ ਕੀਤੇ ਜਾਵੇ ਤੇ ਦੇਖਿਆ ਜਾਵੇ ਕਿ ਆਧੁਨਿਕ ਇਲਾਜ ਪ੍ਰਣਾਲੀ ਦੀਆਂ ਖੂਬੀਆਂ ਤੇ ਕਮੀਆ ਕੀ ਹਨ ਤੇ ਇਸ ਦੇ ਮੁਕਾਬਲੇ ਰਵਾਇਤੀ ਇਲਾਜ ਪ੍ਰਣਾਲੀਆਂ (ਆਯੁਰਵੈਦਿਕ, ਯੂਨਾਨੀ, ਸਿੱਧ ਆਦਿ) ਕਿਥੇ ਖੜਦੀਆਂ ਹਨ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਆਧੁਨਿਕ ਚਕਿਤਸਾ ਵਿਗਿਆਨ (ਮਾਡਰਨ ਮੈਡੀਕਲ ਸਾਇੰਸ) ਇੱਕ ਸਫ਼ਲ ਇਲਾਜ ਪ੍ਰਣਾਲੀ ਹੈ। ਆਮ ਤੌਰ 'ਤੇ ਵਿਗਿਆਨ ਦੀ ਤਰ੍ਹਾਂ ਹੀ ਉਸ ਦੀ ਇੱਕ ਸ਼ਾਖਾ ਆਧੁਨਿਕ ਚਕਿਤਸਾ ਵਿਗਿਆਨ ਤੇ ਵਿਹਾਰ ਵਿਚ ਆਪਣੀ ਸਫਲਤਾ ਦੇ ਦਮ ਤੇ ਆਪਣੀ ਅਥਾਰਟੀ ਸਥਾਪਤ ਕੀਤੀ ਹੈ। ਰੋਗਾਂ ਦੇ ਵਿਗਿਆਨਕ ਕਾਰਨ, ਉਨ੍ਹਾਂ ਦੀ ਜਾਂਚ, ਉਨ੍ਹਾਂ ਦਾ ਇਲਾਜ ਲੰਮੇ ਸਮੇਂ ਤੋਂ ਚੱਲੀਆਂ ਆ ਰਹੀਆਂ ਬੀਮਾਰੀਆਂ ਦਾ ਖਾਤਮ ਕਰਨ ਆਦਿ ਨੇ ਹੌਲੀ ਹੌਲੀ ਸਮਾਜ ਵਿਚ ਆਧੁਨਿਕ ਚਕਿਤਸਾ ਵਿਗਿਆਨ ਦੀ ਅਥਾਰਟੀ ਨੂੰ ਸਥਾਪਿਤ ਕੀਤਾ ਹੈ। ਲੰਮੇ ਸਮੇਂ ਤੋਂ ਚੱਲੀ ਆ ਰਹੀ ਮਹਾਂਮਾਰੀ ਅੱਜ ਸਮਾਪਤ ਹੋ ਗਈ ਹੈ। ਕਈ ਪਹਿਲਾਂ ਦੇ ਲਾ-ਇਲਾਜ ਰੋਗਾਂ ਦਾ ਇਲਾਜ ਅੱਜ ਸੰਭਵ ਹੋ ਗਿਆ ਹੈ।


ਨਵੀਆਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ ਰੋਕਥਾਮ ਬਹੁਤ ਜਲਦੀ ਸੰਭਵ ਹੁੰਦੀ ਜਾ ਰਹੀ ਹੈ ਆਮ ਤੌਰ ਤੇ ਜੀਵਨ ਦੇ ਬਾਰੇ ਵਿਚ ਉੱਚ ਪੱਧਰ ਦੀ ਵਿਗਿਆਨਕ ਸਮਝਦਾਰੀ ਨੇ ਆਮ ਸਿਹਤ ਨੂੰ ਬਿਹਤਰ ਬਣਾਇਆ ਹੈ। ਕੁੱਲ ਮਿਲਾ ਕੇ ਇਸ ਲਈ ਮਨੁੱਖੀ ਜੀਵਨ ਦੀ ਅਰਸਾ ਹੁਣ ਕਾਫੀ ਵਧ ਗਿਆ ਹੈ ਅਤੇ ਆਮ ਸਿਹਤ ਬਿਹਤਰ ਹੋ ਗਈ ਹੈ। ਦੋ ਸੌ ਸਾਲ ਪਹਿਲਾਂ ਇਥੇ ਔਸਤਨ ਮਨੁੱਖੀ ਜ਼ਿੰਦਗੀ ਦੀ ਉਮੀਦ ਤੀਹ-ਪੈਂਤੀ ਸਾਲ ਸੀ ਇਹ ਹੁਣ ਵਧ ਕੇ ਦੁਨੀਆਂ ਭਰ ਚ ਸੱਠ ਤੋਂ ਪਚਾਸੀ ਸਾਲ ਤੱਕ ਹੋ ਗਈ ਹੈ। ਕੁਝ ਲੋਕਾਂ ਨੂੰ ਕਹਿਣਾ ਹੈ ਕਿ ਇਹ ਬਿਹਤਰ ਸਾਫ਼ ਸਫਾਈ ਅਤੇ ਖਾਣ ਪੀਣ ਤੇ ਜ਼ਰੀਏ ਸੰਭਵ ਹੋਇਆ ਹੈ ਪਰ ਮਹਾਂਮਾਰੀ ਦੀ ਰੋਕਥਾਮ ਅਤੇ ਸ਼ਿਸ਼ੂ ਮੌਤ ਦਰ ਤੇ ਲਗਾਮ ਲ਼ਾਉਣ ਦੇ ਬਿਨਾਂ ਇਹ ਸੰਭਵ ਨਹੀਂ ਹੁੰਦਾ, ਜੋ ਅਧੁਨਿਕ ਇਲਾਜ ਵਿਗਿਆਨ ਦੀ ਦੇਣ ਹੈ। ਵੈਸੇ ਬੇਹਤਰ ਸਾਫ-ਸਫਾਈ ਤੇ ਖਾਣ-ਪੀਣ ਵੀ ਵਿਗਿਆਨ ਦੇ ਵਿਕਾਸ ਦੇ ਜ਼ਰੀਏ ਹੀ ਸੰਭਵ ਹੋਇਆ ਹੈ।

ਸ਼ੁੱਧ ਵਿਹਾਰਕ ਤੌਰ 'ਤੇ ਗੱਲ ਕਰੀਏ ਤਾਂ ਅਧੁਨਿਕ ਇਲਾਜ ਵਿਗਿਆਨ ਦਾ ਮਹੱਤਵ ਵਿਅਕਤੀ ਨੂੰ ਉਦੋ ਪਤਾ ਲੱਗਦਾ ਹੈ ਜਦ ਉਹ ਖੁਦ ਜਾਂ ਉਸ ਦੇ ਨਜ਼ਦੀਕੀ ਗੰਭੀਰ ਬਿਮਾਰੀਆਂ ਦੀ ਲਪੇਟ ਵਿਚ ਆਉਂਦੇ ਹਨ ਅਤੇ ਉਹ ਇਸ ਗਿਆਨ ਦੀ ਸ਼ਰਨ ਲੈਂਦਾ ਹੈ। ਬਾਬਾ ਰਾਮਦੇਵ ਨੂੰ ਵੀ ਕਦੇ ਇਸ ਹੀ ਸ਼ਰਨ ਲੈਣੀ ਪਈ ਸੀ,ਜਦ 2012 ਵਿੱਚ ਰੱਖੇ ਵਰਤ ਤੋਂ ਪਿੱਛੋਂ ਆਪਣੀ ਜਾਨ ਬਚਾਉਣ ਲਈ ਉਹ ਇਕ ਆਧੁਨਿਕ ਹਸਪਤਾਲ ਵਿੱਚ ਦਾਖਲ ਹੋਏ ਸਨ। ਇਸ ਵਿੱਚ ਜ਼ਰਾ ਜਿੰਨਾ ਵੀ ਸੰਦੇਹ ਨਹੀਂ ਹੈ ਕਿ ਜਾਨ ਬਚਾਉਣ ਦੇ ਲਈ ਬਾਬਾ ਫਿਰ ਤੋਂ ਅਜਿਹਾ ਹੀ ਕਰਨਗੇ। ਅਧੁਨਿਕ ਚਿਕਿਤਸਾ ਵਿਗਿਆਨ ਦੀ ਅਤਿ ਸਫਲਤਾ ਦੇ ਬਾਵਜੂਦ ਇਸ ਦੀਆਂ ਕੁਝ ਸੀਮਤਾਈਆਂ ਵੀ ਹਨ ਅਤੇ ਇਹ ਸੀਮਤਾਈਆਂ ਖ਼ੁਦ ਇਸ ਵਿਗਿਆਨ ਦੀ ਸੀਮਾ ਹੈ, ਜਿਸ ਦਾ ਅਧੁਨਿਕ ਇਲਾਜ ਵਿਗਿਆਨ ਇੱਕ ਹਿੱਸਾ ਹੈ ਅਤੇ ਜਿਸ ਤੇ ਇਹ ਮੂਲ ਤੌਰ ਤੇ ਆਧਾਰਿਤ ਹੈ। ਅਤਿ ਆਧੁਨਿਕ ਸਿੱਖਿਆ ਪ੍ਰਣਾਲੀ ਪਿਛਲੇ ਕਰੀਬ ਪੰਜ ਸੌ ਸਾਲਾਂ ਦੀ ਪੈਦਾਇਸ਼ ਹੈ। ਹਾਲਾਂ ਕਿ ਇਸ ਤੋਂ ਪਹਿਲਾਂ ਦੇ ਮਨੁੱਖਾਂ ਦੁਆਰਾ ਇਕੱਠੇ ਕੀਤੇ ਗਿਆਨ ਵਿਗਿਆਨ ਦੇ ਬਿਨਾਂ (ਜਿਸ ਵਿੱਚ ਯੂਨਾਨੀ, ਭਾਰਤੀ ਤੇ ਚੀਨੀ ਗਿਆਨ ਵਿਗਿਆਨ ਪ੍ਰਮੁੱਖ ਹਨ) ਇਹ ਸੰਭਵ ਨਹੀਂ ਹੁੰਦਾ ਤਾਂ ਵੀ ਇਹ ਮੁੱਖ ਤੌਰ 'ਤੇ ਇਸੇ ਕਾਲ ਦੀ ਪੈਦਾਇਸ਼ ਹੈ। ਇਹ ਵਿਗਿਆਨ ਜਿਸ ਦਾਰਸ਼ਨਿਕ ਆਧਾਰ ਤੇ ਵਿਕਸਤ ਹੋਇਆ ਅਤੇ ਉਸ ਨੇ ਹੀ ਇਸ ਇਲਾਜ ਪ੍ਰਣਾਲੀ ਦੀ ਕਾਢ ਕੱਢੀ। ਉਸ ਨੇ ਇੱਕ ਪਾਸੇ ਇਸ ਦੇ ਤੇਜ਼ ਵਿਕਾਸ ਤੇ ਸਫਲਤਾ ਵਿੱਚ ਮਦਦ ਕੀਤੀ ਤਾਂ ਦੂਜੇ ਪਾਸੇ ਉਸ ਨੇ ਇਸ ਦੀ ਸੀਮਾ ਵੀ ਤਹਿ ਕਰ ਦਿੱਤੀ। ਇਹ ਦਾਰਸ਼ਨਿਕ ਆਧਾਰ ਅਤੇ ਪ੍ਰਣਾਲੀ ਆਪਣੇ ਸਮੇਂ ਦੀ ਲੋੜ ਸੀ। ਅਧੁਨਿਕ ਇਲਾਜ ਪ੍ਰਣਾਲੀ ਨੇ ਜਿਥੇ ਇਕ ਪਾਸੇ ਵਿਸ਼ਾਲ ਸਫ਼ਲਤਾਵਾਂ ਹਾਸਲ ਕੀਤੀਆਂ ਤਾਂ ਦੂਜੇ ਪਾਸੇ ਇਸ ਦੀਆਂ ਸੀਮਾਵਾਂ ਵੀ ਸਾਹਮਣੇ ਆਉਣ ਲੱਗੀਆਂ। ਹੱਡੀਆਂ ਮਾਸਪੇਸ਼ੀਆਂ ਤੇ ਦਿਲ ਵਰਗੇ ਅੰਗਾਂ ਦੇ ਮਾਮਲੇ ਵਿਚ ਜਿੱਥੇ ਯੰਤਰਿਕ ਸੋਚ ਤੇ ਪ੍ਰਣਾਲੀ ਬਾਖੂਬੀ ਕਾਰਗਰ ਹੋ ਸਕਦੀ ਸੀ, ਉੱਥੇ ਦਿਮਾਗ ਦੀ ਸੰਰਚਨਾ ਤੇ ਕਾਰਜ ਦੇ ਮਾਮਲੇ ਵਿੱਚ ਇਹ ਉਸੇ ਤਰ੍ਹਾਂ ਕਾਰਗਰ ਨਹੀਂ ਹੋ ਸਕਦੀ ਸੀ, ਕਿਉਂਕਿ ਸਿਹਤ ਕਿਸੇ ਖਾਸ ਰੋਗ ਦੇ ਇਲਾਜ ਦਾ ਮਾਮਲਾ ਹੀ ਨਹੀਂ ਬਲਕਿ ਪੂਰੇ ਮਨੁੱਖੀ ਸ਼ਰੀਰ ਤੇ ਜੀਵਨ ਨੂੰ ਸਿਹਤਮੰਦ ਰੱਖਣ ਦਾ ਮਾਮਲਾ ਹੈ, ਇਸ ਲਈ ਇਹ ਮਾਮਲਾ ਜਟਿਲ ਹੋ ਜਾਂਦਾ ਹੈ। ਆਮ ਲੋਕ ਇਸ ਮਾਮਲੇ ਨੂੰ ਸਾਈਡ ਇਫੈਕਟ ਦੇ ਰੂਪ ਵਿੱਚ ਜਾਣਦੇ ਹਨ ਅਤੇ ਇਹ ਆਮ ਧਾਰਨਾ ਹੈ ਕਿ ਐਲੋਪੈਥਿਕ ਦਵਾਈਆਂ ਦੇ ਸਾਈਡ ਇਫੈਕਟ ਹੁੰਦੇ ਹਨ। ਇਸ ਤੋਂ ਬਚਣ ਦੇ ਲਈ ਬਹੁਤ ਸਾਰੇ ਲੋਕ ਰਵਾਇਤੀ ਇਲਾਜ ਪ੍ਰਣਾਲੀਆਂ ਦੇ ਵੱਲ ਰੁਖ ਕਰਦੇ ਹਨ। ਜਿਨ੍ਹਾਂ ਬਾਰੇ ਇਹ ਆਮ ਧਾਰਨਾ ਹੈ ਕਿ ਇਨ੍ਹਾਂ ਦੇ ਸਾਈਡ ਇਫੈਕਟ ਨਹੀਂ ਹੁੰਦੇ, ਹਾਲਾਂਕਿ ਇਸ ਧਾਰਨਾ ਦਾ ਕੋਈ ਤਰਕਸ਼ੀਲ ਜਾਂ ਵਿਗਿਆਨਕ ਆਧਾਰ ਨਹੀਂ ਹੈ। ਪਰ ਇਹ ਧਾਰਨਾ ਪਿਛੜੇ ਸਮਾਜ ਚ ਡੂੰਘਾਈ ਤਕ ਬੈਠੀ ਹੋਈ ਹੈ। ਜਿਸ ਦੇ ਕਈ ਵਾਰ ਭਿਅੰਕਰ ਮਾੜੇ ਸਿੱਟੇ ਨਿਕਲਦੇ ਹਨ। ਆਧੁਨਿਕ ਇਲਾਜ ਪ੍ਰਣਾਲੀ ਨਾਲ ਜੋ ਰੋਗ ਆਸਾਨੀ ਨਾਲ ਠੀਕ ਹੋ ਸਕਦੇ ਹਨ ਉਹ ਲਾਇਲਾਜ ਹੋ ਜਾਂਦੇ ਹਨ ਅਤੇ ਕਈ ਵਾਰੀ ਜਿੰਦਗੀ ਖਤਰੇ ਵਿੱਚ ਪੈ ਜਾਂਦੀ ਹੈ। ਅਧੁਨਿਕ ਇਲਾਜ ਪ੍ਰਣਾਲੀ ਦੀਆਂ ਇਨ੍ਹਾਂ ਸੀਮਾਵਾਂ ਨੂੰ ਕੁਝ ਮਿਸਾਲਾਂ ਦੇ ਨਾਲ ਸਮਝਿਆ ਜਾ ਸਕਦਾ ਹੈ। ਇਕ ਮਿਸਾਲ ਕਿਸੇ ਇਨਸਾਨੀ ਰੋਗ ਨਾਲ ਨਹੀਂ ਬਲਕਿ ਜਾਨਵਰਾਂ ਤੇ ਪ੍ਰਸਥਿਤਕੀ ਨਾਲ ਸਬੰਧਤ ਹੈ। 1990 ਨੱਬੇ ਦੇ ਦਹਾਕੇ ਵਿਚ ਭਾਰਤ ਵਿਚ ਗਾਵਾਂ ਮੱਝਾਂ ਦੇ ਲਈ ਇੱਕ ਦਰਦ ਨਿਵਾਰਕ ਦਵਾਈ ਦੇ ਤੌਰ ਤੇ ਡਿਕਲੋਫੈਨੈਕ ਦੀ ਵਰਤੋਂ ਤੇ ਚੱਲਦਿਆਂ ਕੁਝ ਹੀ ਸਾਲਾਂ ਵਿੱਚ ਦੇਸ਼ ਵਿੱਚ ਗਿਰਝਾਂ ਦੀ ਆਬਾਦੀ 95 ਫੀਸਦੀ ਖਤਮ ਹੋ ਗਈ ਅਤੇ ਉਹ ਅਲੋਪ ਹੋਣ ਦੇ ਕੰਢੇ ਪਹੁੰਚ ਗਈਆਂ। ਇਸ ਦੇ ਚਲਦਿਆਂ ਭੇਡਾਂ, 'ਸੂਅਰਾਂ ਤੇ ਜੰਗਲੀ ਕੁੱਤਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ, ਕਿਉਂਕਿ ਮਰੇ ਹੋਏ ਜਾਨਵਰ ਉਨ੍ਹਾਂ ਨੂੰ ਵੱਧ ਗਿਣਤੀ ਵਿਚ ਮਿਲਣ ਲੱਗੇ। ਜਿਸ ਨਾਲ ਇਨਸਾਨਾਂ ਵਿੱਚ ਰੇਬੀਜ਼ (ਹਲਕੇ ਕੁੱਤੇ/ਜਾਨਵਰ ਦੇ ਕੱਟਣ ਨਾਲ ਹੋਣ ਵਾਲਾ ਰੋਗ) ਵਧ ਗਿਆ। ਇਹ ਮਿਸਾਲ ਸਮੁੱਚੇ ਜੀਵਨ ਦੀ ਆਪਸੀ ਨਿਰਭਰਤਾ ਤੇ ਗਤੀਸ਼ੀਲਤਾ ਦਾ ਅੱਛਾ ਨਮੂਨਾ ਹੈ। ਮਨੁੱਖਾਂ ਦੀ ਗੱਲ ਕਰੀਏ ਤਾਂ ਅੱਜ ਮਨੋਰੋਗ ਪੂੰਜੀਵਾਦੀ ਸਮਾਜ ਦੀ ਭਿਅੰਕਰ ਸਮੱਸਿਆ ਬਣ ਗਿਆ ਹੈ। ਆਧੁਨਿਕ ਇਲਾਜ ਪ੍ਰਣਾਲੀ ਇਸ ਦਾ ਹੱਲ ਲੱਛਣ ਆਧਾਰਿਤ ਇਲਾਜ ਵਿੱਚ ਹੀ ਦੇਖਦੀ ਹੈ। ਪੂਰੇ ਮਨੁੱਖੀ ਸਰੀਰ ਅਤੇ ਮਨੁੱਖੀ ਜੀਵਨ ਦੇ ਨਾਲ ਸਮੁੱਚਤਾ ਵਿੱਚ ਮਨੋਰੋਗਾਂ ਨੂੰ ਨਹੀਂ ਦੇਖਿਆ ਜਾ ਰਿਹਾ ਅਤੇ ਨਾ ਹੀ ਇਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਇੰਨਾ ਹੀ ਨਹੀਂ ਸ਼ੂਗਰ ਦੀ ਬਿਮਾਰੀ ਤੇ ਹਾਈ ਬਲੱਡ ਪ੍ਰੈਸ਼ਰ ਵਰਗੀਆਂ ਆਮ ਹੋ ਚੁੱਕੀਆਂ ਬਿਆਰੀਆਂ ਦਾ ਇਲਾਜ ਵੀ ਲੱਛਣ ਆਧਾਰਤ ਕੀਤਾ ਜਾਂਦਾ ਹੈ। ਲਾਗ ਦੀਆਂ ਬਿਮਾਰੀਆਂ ਦਾ ਇਲਾਜ ਵੀ ਇਸੇ ਤਰ੍ਹਾਂ ਕੀਤਾ ਜਾਂਦਾ ਹੈ। ਵਿਕਸਿਤ ਪੂੰਜੀਵਾਦੀ ਸਮਾਜ ਵਿੱਚ ਆਧੁਨਿਕ ਇਲਾਜ ਪ੍ਰਣਾਲੀ ਦੀਆਂ ਇਨ੍ਹਾਂ ਸੀਮਾਵਾਂ ਕਰਕੇ ਕੁਝ ਲੋਕ ਵਿਕਲਪਿਕ ਇਲਾਜ ਜਾਂ ਰਵਾਇਤੀ ਇਲਾਜ ਪ੍ਰਣਾਲੀਆਂ ਵੱਲ ਆਕਰਸ਼ਿਤ ਹੁੰਦੇ ਹਨ। ਨੇਚਰੋਪੈਥੀ, ਹੋਮਿਉਪੈਥੀ ਆਦਿ ਲਈ ਇਸ ਕਰਕੇ ਆਮ ਖਿੱਚ ਹੁੰਦੀ ਹੈ। ਭਾਰਤ ਵਰਗੇ ਪਿਛੜੇ ਦੇਸ਼ ਚ ਇਸ ਤਰ੍ਹਾਂ ਦੇ ਨਾਲ ਰਵਾਇਤੀ ਇਲਾਜ ਪ੍ਰਣਾਲੀ ਨਾਲ ਜੁੜੀ ਪਜ਼ਸ਼ਿਟਾ ਤੇ ਆਧੁਨਿਕ ਚਿਕਿਤਸਾ ਦਾ ਮਹਿੰਗਾ ਹੋਣਾ (ਨਿੱਜੀ ਹਸਪਤਾਲਾਂ ਵਿਚ) ਵਾਧੂ ਖਿੱਚ ਪੈਦਾ ਕਰਦਾ ਹੈ। ਸਮਾਜ ਵਿੱਚ ਹਾਵੀ ਗੈਰ-ਵਿਗਿਆਨਕ ਸੋਚ ਤੇ ਅੰਧਵਿਸ਼ਵਾਸ਼ ਵੀ ਕਈ ਵਾਰ ਲੋਕਾਂ ਨੂੰ ਉੱਧਰ ਵੱਲ ਪ੍ਰੇਰਿਤ ਕਰਦੇ ਹਨ। ਸਾਈਡ ਇਫੈਕਟ ਦੇ ਹਊਏ ਪਿੱਛੇ ਇਹੋ ਕੁੱਝ ਹੈ। ਕਹਿਣ ਦੀ ਗੱਲ ਨਹੀਂ ਕਿ ਰਵਾਇਤੀ ਇਲਾਜ ਪ੍ਰਣਾਲੀਆਂ ਅੱਜ ਵਿਗਿਆਨ ਆਧਾਰਤ ਨਹੀਂ ਬਲਿਕ ਵਿਸਵਾਸ਼ ਅਧਾਰਤ ਹੀ ਰਹਿ ਗਈਆ ਹਨ। ਮਿਸਾਲ ਵਜੋਂ ਭਾਰਤੀ ਵਿੱਚ ਅੱਜ ਤੋਂ ਦੋ ਹਜਾਰ ਸਾਲ ਪਹਿਲਾਂ ਅਯੂਰਵੈਦ ਇੱਕ ਵਿਗਿਆਨਕ ਇਲਾਜ ਪ੍ਰਣਾਲੀ ਸੀ। ਚਰਕ ਸੰਹਿਤਾ ਤੇ ਸੁਸ਼ਰਤ ਸੰਹਿਤਾ ਦਾ ਅਯੂਰਵੈਦ ਉਦੋਂ ਦੇ ਗਿਆਨ-ਵਿਗਿਆਨ ਤੇ ਅਧਾਰਤ ਸੀ ਜਦੋਂ ਵਾਤ, ਪਿੱਤ, ਕਫ਼ ਦੀ ਧਾਰਨਾ ਵਿਗਿਆਨਕ ਧਾਰਨਾ ਸੀ, ਜਿਸ ਦੇ ਆਧਾਰ ਤੇ ਮਨੁੱਖੀ ਰੋਗਾਂ ਦੀ ਵਿਆਖਿਆ ਕੀਤੀ ਜਾਂਦੀ ਸੀ। ਪਰ ਅੱਜ ਇਹ ਧਰਨਾ ਮਹਿਜ ਵਿਸਵਾਸ਼ ਬਣਕੇ ਰਹਿ ਗਈ ਹੈ, ਕਿਉਂਕਿ ਵਿਗਿਆਨ ਦੀ ਪ੍ਰਗਤੀ ਨੇ ਦਿਖਾਇਆ ਕਿ ਮਾਨਵ ਸਰੀਰ ਦੀ ਸੰਰਚਨਾ ਅਤੇ ਕਾਰਜ ਵਿਧੀ ਉਹ ਨਹੀਂ ਹੈ ਜੋ 2 ਹਜ਼ਾਰ ਸਾਲ ਪਹਿਲਾਂ ਮੰਨੀ ਜਾਂਦੀ ਸੀ। ਇਸ ਲਈ ਦੋ ਹਜ਼ਾਰ ਸਾਲ ਪਹਿਲਾਂ ਜੋ ਵਿਗਿਆਨ ਸੀ ਉਹ ਮਹਿਜ ਵਿਸ਼ਵਾਸ ਜਾਂ ਅੰਧ ਵਿਸ਼ਵਾਸ ਬਣ ਕੇ ਰਹਿ ਗਿਆ ਹੈ। ਇਹ ਇਸ ਲਈ ਹੋਇਆ ਕਿ ਆਯੁਰਵੈਦ ਜਾਂ ਕਿਸੇ ਹੋਰ ਰਵਾਇਤੀ ਇਲਾਜ ਪ੍ਰਣਾਲੀ ਨੇ ਗਿਆਨ ਵਿਗਿਆਨ ਦੇ ਵਿਕਾਸ ਦੇ ਕਦਮਾਂ ਨਾਲ ਕਦਮ ਨਹੀਂ ਮਿਲਾਇਆ। ਅੱਜ ਦੀਆਂ ਰਵਾਇਤੀ ਇਲਾਜ ਪ੍ਰਣਾਲੀਆਂ ਜੋ ਮੌਜੂਦ ਹਨ ਉਹ ਗੈਰ ਵਿਗਿਆਨਕ ਹੋ ਕੇ ਰਹਿ ਗਈਆਂ ਹਨ। ਸੈਂਕੜੇ ਹਜ਼ਾਰਾਂ ਸਾਲਾਂ ਦੇ ਵਿਹਾਰਕ ਅਨੁਭਵ ਨਾਲ ਮਨ ਵਿੱਚ ਜੋ ਕੁਝ ਮੁੱਲਵਾਨ ਸੰਚਿਤ ਹੋਇਆ ਉਸ ਦੀ ਵੀ ਸਹੀ ਤਰੀਕੇ ਨਾਲ ਵਰਤੋਂ ਨਹੀਂ ਕੀਤੀ ਜਾ ਸਕੀ। ਰਵਾਇਤੀ ਇਲਾਜ ਪ੍ਰਣਾਲੀਆਂ ਵਿੱਚ ਜੋ ਕੁਝ ਵੀ ਮੁੱਲਵਾਨ ਹੈ ਉਸ ਨੂੰ ਮਾਨਵ ਸਮਾਜ ਦੇ ਲਈ ਉਪਯੋਗੀ ਢੰਗ ਨਾਲ ਹਾਸਿਲ ਕਰਨ ਲਈ ਇਹ ਜਰੂਰੀ ਹੈ ਕਿ ਉਹਨਾਂ ਦੀ ਵਿਗਿਆਨਕ ਢੰਗ ਨਾਲ ਛਾਣਬੀਣ ਕੀਤੀ ਜਾਵੇ। ਉਹਨਾਂ ਨੂੰ ਆਧੁਨਿਕ ਗਿਆਨ ਵਿਗਿਆਨ ਤੇ ਖੜ੍ਹਾ ਕੀਤਾ ਜਾਵੇ ਪਰ ਇਸ ਦੇ ਲਈ ਵੀ ਜ਼ਰੂਰੀ ਹੈ ਕਿ ਖ਼ੁਦ ਨੂੰ ਅਧੁਨਿਕ ਵਿਗਿਆਨ ਨੂੰ ਸਹੀ ਜ਼ਮੀਨ ਤੇ ਖੜ੍ਹਾ ਕੀਤਾ ਜਾਵੇ। ਇਸ ਲਈ ਅੱਜ ਮਨੁੱਖੀ ਸਮਾਜ ਦੇ ਲਈ ਦੋਹਰਾ ਕਾਰਜ ਹੋ ਜਾਂਦਾ ਹੈ। ਇੱਕ ਤਾਂ ਇਹ ਕਿ ਸਮੁੱਚੇ ਵਿਗਿਆਨ ਨੂੰ ਉਸਦੀ ਯੰਤਰਿਕ ਸੋਚ ਤੋਂ ਮੁਕਤ ਕਰ ਕੇ ਸਹੀ ਜ਼ਮੀਨ ਤੇ ਖੜਾ ਕੀਤਾ ਜਾਵੇ ਤੇ ਆਧੁਨਿਕ ਚਕਿਤਸਾ ਵਿਗਿਆਨ ਨੂੰ ਵੀ ਉਸੇ ਹਿਸਾਬ ਨਾਲ ਢਾਲਿਆ ਜਾਵੇ। ਦੂਜਾ ਇਸ ਨਵੀਂ ਵਿਗਿਆਨਕ ਪ੍ਰਣਾਲੀ ਦੀ ਕਸੌਟੀ ਤੇ ਰਵਾਇਤੀ ਇਲਾਜ ਪ੍ਰਣਾਲੀਆਂ ਨੂੰ ਵੀ ਕਸਿਆ ਜਾਵੇ ਤੇ ਇਸ ਤਰ੍ਹਾਂ ਉਨ੍ਹਾਂ ਵਿੱਚ ਜੋ ਕੁਝ ਵੀ ਮੁੱਲਵਾਨ ਹੈ, ਉਸ ਨੂੰ ਮਨੁੱਖੀ ਸਮਾਜ ਲਈ ਹਾਸਲ ਕੀਤਾ ਜਾਵੇ। ਪਹਿਲਾ ਕਾਰਜ ਵੱਡਾ ਹੈ ਜਦ ਕਿ ਦੂਸਰਾ ਮੁਕਾਬਲਤਨ ਛੋਟਾ ਹੈ। ਪਰ ਇਹ ਠੀਕ ਇਸੇ ਕਾਰਨ ਕਰ ਕੇ ਪਹਿਲਾਂ ਜ਼ਿਆਦਾ ਮਹੱਤਵਪੂਰਨ ਹੈ ਤੇ ਦੂਸਰਾ ਦੋਮ ਦਰਜੇ ਦਾ ਹੈ। ਮਨੁੱਖੀ ਸਮਾਜ ਦੀ ਪ੍ਰਗਤੀ ਅਧੁਨਿਕ ਇਲਾਜ ਪ੍ਰਣਾਲੀ ਨੂੰ ਹੋਰ ਵਿਕਸਤ ਕਰਨ ਵਿੱਚ ਹੈ ਨਾ ਕਿ ਰਵਾਇਤੀ ਇਲਾਜ ਪ੍ਰਣਾਲੀਆਂ ਦੀ ਸ਼ਰਨ ਲੈਣ ਵਿੱਚ ਹੈ। ਇਹ ਕਾਰਜ ਵਿਕਸਿਤ ਪੂੰਜੀਵਾਦੀ ਸਮਾਜਾਂ ਦੀ ਲਈ ਬਹੁਤ ਕਠਿਨ ਕਾਰਜ ਹੈ ਕਿਉਂਕਿ ਇਹ ਉਨ੍ਹਾਂ ਦੀ ਸੰਪੂਰਨ ਨੂੰ ਸੋਚ ਵਿੱਚ ਮੁਢੋਂ ਤਬਦੀਲੀ ਦੀ ਮੰਗ ਕਰਦੇ ਹਨ। ਉਸ ਸੋਚ ਵਿਚ ਜਿਸ ਨੂੰ ਪੂੰਜੀ ਦੀ ਗਤੀ ਲਗਾਤਾਰ ਪੈਦਾ ਕਰਦੀ ਰਹਿੰਦੀ ਹੈ। ਇਹ ਪੂੰਜੀਵਾਦੀ ਸਮਾਜ ਦੀ ਸੋਚ ਦੀਆਂ ਹੱਦਾਂ ਤੋਂ ਪਾਰ ਜਾਣ ਦੀ ਮੰਗ ਕਰਦੀ ਹੈ, ਜੋ ਖ਼ੁੱਦ ਇਹਨਾਂ ਸਮਾਜਾਂ ਦੀ ਹੋਂਦ ਤੇ ਸਵਾਲ ਖੜ੍ਹਾ ਕਰ ਦਿੰਦੀ ਹੈ। ਭਾਰਤ ਵਰਗੇ ਪਿਛੜੇ ਪੂੰਜੀਵਾਦੀ ਸਮਾਜਾਂ ਵਿਚ ਤਾਂ ਇਹ ਹੋਰ ਵੀ ਮੁਸ਼ਕਿਲ ਹੈ, ਜਿੱਥੋਂ ਦੇ ਪੂੰਜੀਪਤੀ/ਹਿੰਦੂਤਵ ਫਾਸ਼ੀਵਾਦੀ ਜਾਣਬੁੱਝ ਕੇ ਸਮਾਜ ਨੂੰ ਪਿੱਛੇ ਲੈ ਜਾਣਾ ਚਾਹੁੰਦੇ ਹਨ। ਉਹ ਜਾਣ ਬੁੱਝ ਕੇ ਵਿਗਿਆਨਕ ਸੋਚ ਦੇ ਬਦਲੇ ਜਹਾਲਤ, ਅੰਧ ਵਿਸ਼ਵਾਸ਼, ਪਿਛਾਕੜੀ ਸੋਚ ਨੂੰ ਹੱਲਾਸ਼ੇਰੀ ਦੇ ਰਹੇ ਹਨ। ਬਾਬਾ ਰੰਗਾ-ਬਿੱਲਾ ਤੇ ਵਰਧਨ-ਯਾਤਰਾ ਵਾਲੇ ਇਸ ਭਾਰਤੀ ਸਮਾਜ ਵਿੱਚ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਅਧੁਨਿਕ ਇਲਾਜ ਵਿਗਿਆਨ ਨੂੰ ਵਿਕਸਤ ਤੇ ਹੋਰ ਵਧੀਆ ਬਣਾਇਆ ਜਾਵੇ ਜਾਂ ਰਵਾਇਤੀ ਚਿਕਿਤਸਾ ਪ੍ਰਣਾਲੀਆਂ ਨੂੰ ਨਵੇਂ ਵਿਗਿਆਨਕ ਆਧਾਰ ਤੇ ਖੜਾ ਕੀਤਾ ਜਾਵੇ। ਇੱਥੇ ਤਾਂ ਗਊ-ਮੂਤਰ-ਗੋਬਰ ਅਤੇ ਕਰੋਨਾ ਦੀ ਅਖੌਤੀ ਦਵਾਈ ਕੋਰੋਨਿਲ ਨੂੰ ਹੀ ਹੱਲਾਸ਼ੇਰੀ ਦਿੱਤੀ ਜਾਂਦੀ ਰਹੇਗੀ।

(ਕਰਟਸੀ ਨਾਗਰਿਕ ਜੂਨ-21)

## ਸ਼ਹੀਦ ਊਧਮ ਸਿੰਘ ਸੰਬੰਧੀ ਨਵੀਂ ਖੋਜ

### ਇਤਿਹਾਸ ਵਿੱਚ 81 ਸਾਲ ਬਾਅਦ ਪਹਿਲੀ ਵਾਰ ਪਤਾ ਲੱਗਿਆ ਕਿ ਅਦਾਲਤ ਵਿੱਚ ਉਸ ਨੇ ਹੋਰ ਕੀ ਕਿਹਾ



ਸ਼ਹੀਦ ਊਧਮ ਸਿੰਘ ਜੀ ਦਾ ਮੁਕੱਦਮਾ 4-5 ਜੂਨ 1940 ਨੂੰ ਲੰਡਨ ਦੀ ਓਲਡ ਬੈਲੇ ਦੀ ਕੇਂਦਰੀ ਅਪਰਾਦ ਅਦਾਲਤ ਵਿੱਚ ਚੱਲਿਆ ਸੀ। ਜਦੋਂ 5 ਜੂਨ 1940 ਨੂੰ ਉਸਨੂੰ ਜੱਜ ਨੇ ਫਾਂਸੀ ਦੀ ਸਜਾ ਸੁਣਾ ਦਿੱਤੀ ਸੀ ਤਾਂ ਉਸਨੂੰ ਕਿਹਾ ਤੂੰ ਕੁੱਝ ਕਹਿਣਾ ਚਾਹੁੰਦਾ ਹੈ ਤਾਂ ਉਹ ਆਪਣੇ ਹੱਥ ਨਾਲ ਗੁਰਮੁੱਖੀ, ਅੰਗਰੇਜੀ ਅਤੇ ਊਰਦੂ ਵਿੱਚ ਲਿਖ ਕੇ ਨਾਲ ਲੈ ਕੇ ਗਏ ਅੱਠ ਪੇਜਾਂ ਵਿੱਚੋਂ 25 ਮਿੰਟ ਬੋਲਦਾ ਰਿਹਾ। ਗੁਰਮੁੱਖੀ ਵਿੱਚ ਲਿਖਿਆ ਉਸਦਾ ਅੱਜ ਤੱਕ ਪੜ੍ਹਿਆ ਨਹੀਂ ਗਿਆ ਸੀ। ਹੁਣ ਪਹਿਲੀ ਵਾਰ ਖੋਜੀ ਇਤਿਹਾਸਕਾਰ ਰਾਕੇਸ਼ ਕੁਮਾਰ ਜਿਹੜੇ ਊਧਮ ਸਿੰਘ ਤੇ ਕਈ ਸਾਲਾਂ ਤੋਂ ਖੋਜ ਕਰ ਰਹੇ ਨੇ, ਉਹਨਾਂ ਨੇ ਇਤਿਹਾਸ ਵਿੱਚ ਪਹਿਲੀ ਵਾਰ ਉਹ 10 ਕੁਟੇਸ਼ਨਾਂ ਪੜ੍ਹ ਲਈਆਂ ਹਨ। ਜਿਹੜੀਆਂ ਊਧਮ ਸਿੰਘ ਨੇ ਆਪਣੇ ਹੱਥ ਨਾਲ ਅੱਠ ਪੇਜਾਂ ਵਿੱਚ ਗੁਰਮੁੱਖੀ ਵਿੱਚ ਲਿਖੀਆਂ ਸੀ।

ਅਦਾਲਤ ਵਿੱਚ ਊਧਮ ਸਿੰਘ ਨੂੰ ਜਬਰਦਸਤੀ ਕਟਹਿਰੇ ਤੋਂ ਹਟਾ ਦਿੱਤਾ ਸੀ, ਉਸਨੇ ਅੱਠ ਪੇਜ ਤੋੜ- ਮਰੋੜ ਕੇ ਸੁੱਟ ਦਿੱਤੇ ਸਨ, ਜਿਸਨੂੰ ਅੰਗਰੇਜ ਸਰਕਾਰ ਨੇ ਚੁੱਕ ਕੇ ਜੋੜ ਲਿਆ ਸੀ, ਹੁਣ ਇਹ ਲੰਡਨ ਦੇ ਨੈਸ਼ਨਲ ਆਰਕਾਇਬ ਵਿੱਚ ਫਾਇਲ ਨੰ. ਪੀ.ਸੀ.ਓ.ਐੱਮ. 9/872 ਵਿੱਚ ਸੁਰੱਖਿਅਤ ਪਏ ਹਨ।

ਖੋਜੀ ਇਤਿਹਾਸਕਾਰ ਰਾਕੇਸ਼ ਕੁਮਾਰ ਨੇ ਦੱਸਿਆਂ ਕਿ ਇਹਨਾਂ ਕੁਟੇਸ਼ਨਾਂ ਵਿੱਚ ਲਿਖਿਆ ਹੈ,

ਸ਼ਹੀਦੋਂ ਕੀ ਚਿਤਾਓ ਪਰ ਲਗੇਂਗੇ ਹਰ ਬਰਸ਼ ਮੇਲੇ, ਵਤਨ ਕੇ ਮਿਟਨੇ ਵਾਲੋਂ ਕਾ ਯਹੀ ਨਿਸ਼ਾਨ ਹੋਗਾ,

ਕਿਸ ਕਾਮ ਕੀ ਵੋਹ ਨਦੀ ਜਿਸ ਮੇਂ ਨਾ ਹੋ ਰਵਾਨੀ ਅਗਰ ਜੋਸ਼ ਹੀ ਨਾ ਹੋ ਕਿਸ ਕਾਮ ਕੀ ਵੋਹ ਜਵਾਨੀ.......

ਇਹਨਾਂ ਕੁਟੇਸ਼ਨਾਂ ਰਾਹੀਂ ਊਧਮ ਸਿੰਘ ਨੇ ਹੋਰ ਬਹੁਤ ਕੁੱਝ ਲਿਖਿਆ ਹੈ ਇਹਨਾਂ ਤੋਂ ਉਹਨਾਂ ਦੀ ਸ਼ਖਸ਼ੀਅਤ ਬਾਰੇ ਹੋਰ ਵੀ ਪਤਾ ਲਗਦਾ ਹੈ।

**ਰਾਕੇਸ਼ ਕੁਮਾਰ, ਖੋਜੀ ਇਤਿਹਾਸਕਾਰ**
ਮੋ. 95305-03412

## ਮਹਾਂਅੰਦੋਲਨ, ਵੋਟ ਸਿਆਸਤ ਅਤੇ ਬਦਲ ਦਾ ਸਵਾਲ

(ਸਫ਼ਾ 2 ਦੀ ਬਾਕੀ)


ਕਿਉਂਕਿ ਜੇ ਚੋਣ ਰੈਲੀਆਂ ਬੇਰੋਕ-ਟੋਕ ਹੋਣੀਆਂ ਸ਼ੁਰੂ ਹੋ ਗਈਆਂ ਅਤੇ ਸੱਤਾ ਲਈ ਲਾਲ਼ਾਂ ਸੁੱਟ ਰਹੇ ਹਾਕਮ ਜਮਾਤੀ ਸਿਆਸੀ ਧੜਿਆਂ ਉੱਪਰ ਕਿਸਾਨ ਅੰਦੋਲਨ ਦਾ ਦਬਾਓ ਢਿੱਲਾ ਪੈ ਗਿਆ, ਤਾਂ ਛੇਤੀ ਹੀ ਇਹ ਲੋਕ ਦੁਸ਼ਮਣ ਪਾਰਟੀਆਂ ਪੂਰੀ ਬੇਸ਼ਰਮੀ ਨਾਲ ਧਰਮ, ਜਾਤ ਅਤੇ ਪਾਰਟੀ ਸਿਆਸਤ ਦੇ ਆਧਾਰ 'ਤੇ ਸਿਆਸੀ ਧੜੇਬੰਦੀਆਂ ਖੜ੍ਹੀਆਂ ਕਰਕੇ ਲੋਕ ਤਾਕਤ ਨੂੰ ਵੰਡ ਦੇਣਗੀਆਂ, ਨਸ਼ਿਆਂ ਦੇ ਲੰਗਰ ਲਾ ਕੇ ਲੋਕਾਂ, ਖ਼ਾਸ ਕਰਕੇ ਨੌਜਵਾਨਾਂ ਨੂੰ ਪੁੱਠੇ ਰਾਹ ਪਾਉਣਗੀਆਂ ਅਤੇ ਸ਼ਾਨਦਾਰ ਪ੍ਰਾਪਤੀਆਂ ਨੂੰ ਤਹਿਸ-ਨਹਿਸ ਕਰਕੇ ਅੰਦੋਲਨ ਨੂੰ ਘਾਤਕ ਸੱਟ ਮਾਰਨ 'ਚ ਕਾਮਯਾਬ ਹੋ ਜਾਣਗੀਆਂ।

ਕੁਛ ਕਿਸਾਨ ਜਥੇਬੰਦੀਆਂ ਐਸੀਆਂ ਵੀ ਹਨ ਜਿਨ੍ਹਾਂ ਦੀ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਨਾਲ ਅੰਦਰੂਨੀ ਸਾਂਝ ਹੈ, ਲੇਕਿਨ ਅੰਦੋਲਨ ਦੇ ਦਬਾਓ ਕਾਰਨ ਉਹ ਇਨ੍ਹਾਂ ਪਾਰਟੀਆਂ ਨਾਲ ਆਪਣੀ ਹਮਦਰਦੀ ਖੁੱਲ੍ਹ ਕੇ ਜ਼ਾਹਿਰ ਨਹੀਂ ਕਰਦੇ। ਪਿੰਡਾਂ ਵਿਚ ਵੀ ਕਿਸਾਨਾਂ ਦਾ ਇਕ ਹਿੱਸਾ ਐਸਾ ਹੈ ਜਿਨ੍ਹਾਂ ਦਾ ਇਕ ਪੈਰ ਕਿਸਾਨ ਅੰਦੋਲਨ 'ਚ ਹੈ ਅਤੇ ਦੂਜਾ ਪੈਰ ਕਾਂਗਰਸ ਜਾਂ ਅਕਾਲੀ ਦਲ ਵਿਚ ਹੈ। ਇਕ ਹਿੱਸਾ ਦੋਨਾਂ ਰਵਾਇਤੀ ਪਾਰਟੀਆਂ ਦਾ ਬਦਲ ਆਮ ਆਦਮੀ ਪਾਰਟੀ 'ਚ ਦੇਖਦਾ ਹੈ। ਕੁਛ ਕਿਸਾਨ ਜਥੇਬੰਦੀਆਂ ਇਨ੍ਹਾਂ ਹਿੱਸਿਆਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀਆਂ। ਲਿਹਾਜ਼ਾ, ਬੀ.ਜੇ.ਪੀ. ਦਾ ਵਿਰੋਧ ਕਰਨ ਲਈ ਤਾਂ ਸਾਰੇ ਤਿਆਰ ਹਨ, ਲੇਕਿਨ ਵੋਟ ਸਿਆਸਤ ਰਾਹੀਂ ਅੰਦੋਲਨ ਦੀ ਏਕਤਾ ਨੂੰ ਸੱਟ ਮਾਰਨ ਦੇ ਇਨ੍ਹਾਂ ਪਾਰਟੀਆਂ ਦੇ ਲੋਕ ਵਿਰੋਧੀ ਮਨਸੂਬਿਆਂ ਨੂੰ ਰੋਕਣ ਤੋਂ ਇਹ ਹਿੱਸੇ ਪੈਰ ਪਿੱਛੇ ਖਿੱਚਦੇ ਹਨ। ਜ਼ਮੀਨੀਂ ਹਕੀਕਤ ਇਹ ਹੈ ਕਿ ਕੁਛ ਸ਼ਹਿਰਾਂ ਅਤੇ ਥੋੜ੍ਹੇ ਜਹੇ ਪੇਂਡੂ ਖੇਤਰ ਨੂੰ ਛੱਡ ਕੇ ਪੰਜਾਬ ਵਿਚ ਬੀ.ਜੇ.ਪੀ. ਦਾ ਕੋਈ ਗਿਣਨਯੋਗ ਜਨਤਕ ਅਧਾਰ ਨਹੀਂ ਹੈ। ਇੱਥੇ ਮੁੱਖ ਰੂਪ 'ਚ ਸੱਤਾ ਉੱਪਰ ਕਾਂਗਰਸ ਪਾਰਟੀ ਅਤੇ ਅਕਾਲੀ ਦਲ ਦਾ ਕਬਜ਼ਾ ਹੈ। ਅੰਦੋਲਨ ਦੀ ਹਮਾਇਤ ਦੇ ਨਾਂ 'ਤੇ ਇਨ੍ਹਾਂ ਨੂੰ ਆਪਣੇ ਪਿਛਲੇ ਕੁਕਰਮਾਂ ਨੂੰ ਲੁਕੋਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਪੰਜਾਬ ਅਤੇ ਲੋਕਾਂ ਦੀ ਦੁਰਦਸ਼ਾ ਲਈ ਇਹ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਇਨ੍ਹਾਂ ਦਾ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਕੇ ਅੰਦੋਲਨ ਨੂੰ ਕਾਮਯਾਬ ਕਰਨ ਅਤੇ ਕਿਸਾਨਾਂ ਤੇ ਹੋਰ ਲੋਕਾਂ ਦੀ ਲੁੱਟ ਨੂੰ ਰੋਕਣ ਨਾਲ ਕੋਈ ਸਰੋਕਾਰ ਨਹੀਂ ਹੈ। ਇਨ੍ਹਾਂ ਦਾ ਇੱਕੋਇਕ ਨਿਸ਼ਾਨਾ ਮਿਸ਼ਨ-2022 ਹੈ ਅਤੇ ਇਹ ਸਭ ਅਗਲੀਆਂ ਚੋਣਾਂ 'ਚ ਆਪਣੀ ਸਰਕਾਰ ਬਣਾਉਣ ਦੇ ਸੁਪਨੇ ਦੇਖ ਰਹੀਆਂ ਹਨ।

ਇਨ੍ਹਾਂ ਹਾਲਾਤ 'ਚ ਖ਼ਰੀਆਂ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਅਤੇ ਇਨਕਲਾਬੀ ਤਾਕਤਾਂ ਨੂੰ ਧੜੱਲੇਦਾਰ ਭੂਮਿਕਾ ਨਿਭਾਉਣੀ ਚਾਹੀਦੀ ਹੈ। ਕਿਸਾਨ ਜਥੇਬੰਦੀਆਂ ਨੂੰ ਅੰਦੋਲਨ ਨੂੰ ਮਜ਼ਬੂਤ ਕਰਨ ਲਈ ਸਵਾਲਾਂ ਦੀ ਸਰਗਰਮ ਮੁਹਿੰਮ ਰਾਹੀਂ ਹਾਕਮ ਜਮਾਤੀ ਸਿਆਸਤ ਤੋਂ ਉਨ੍ਹਾਂ ਦੀ ਲੋਕ ਵਿਰੋਧੀ ਕਾਰਗੁਜ਼ਾਰੀ ਦੇ ਜਵਾਬ ਮੰਗਣ ਅਤੇ ਉਨ੍ਹਾਂ ਦਾ ਪਰਦਾਫਾਸ਼ ਕਰਨ ਉੱਪਰ ਕੇਂਦਰਤ ਕਰਨਾ ਚਾਹੀਦਾ ਹੈ। ਦੂਜੇ ਪਾਸੇ, ਇਨਕਲਾਬੀ ਤਾਕਤਾਂ ਨੂੰ ਸਰਗਰਮ ਸਿਆਸੀ ਭੂਮਿਕਾ ਨਿਭਾਉਣ ਦੀ ਪਹਿਲਕਦਮੀਂ ਲੈਣੀ ਚਾਹੀਦੀ ਹੈ ਅਤੇ ਲੋਕਾਂ ਅੱਗੇ ਇਸ ਲੋਟੂ ਪ੍ਰਬੰਧ ਤੋਂ ਨਿਜ਼ਾਤ ਪਾਉਣ ਦਾ ਸਿਆਸੀ ਬਦਲ ਪੇਸ਼ ਕਰਨ ਲਈ ਠੋਸ ਪ੍ਰੋਗਰਾਮ ਤੈਅ ਕਰਕੇ ਸਰਗਰਮੀ 'ਚ ਜੁੱਟਣਾ ਚਾਹੀਦਾ ਹੈ।

*1 ਸਤੰਬਰ ਨੂੰ 103ਵੀਂ ਬਰਸੀ 'ਤੇ ਵਿਸ਼ੇਸ਼*

# ਮਹਾਨ ਗ਼ਦਰੀ ਸ਼ਹੀਦ-ਰੁਲੀਆ ਸਿੰਘ ਸਰਾਭਾ (ਕਾਲੇ ਪਾਣੀ)



ਜਸਦੇਵ ਸਿੰਘ ਲਲਤੋਂ
0161-2805677



ਮਨੁੱਖੀ ਸਮਾਜ ਦੇ ਤਰਥੱਲੀਆਂ ਭਰੇ ਦੌਰ ਅੰਦਰ ਇਤਿਹਾਸ ਦੀ ਧਾਰਾ ਨੂੰ ਅਗਾਂਹਵਧੂ ਦਿਸ਼ਾ 'ਚ ਤੋਰਨ, ਮਨੁੱਖੀ ਸਮਾਜ 'ਚ ਛਾਈਆਂ ਪੱਤਝੜਾਂ ਨੂੰ ਬਦਲ ਕੇ ਨਵੀਆਂ ਸੁਰਖ ਬਹਾਰਾਂ ਦੀ ਸਿਰਜਣਾ ਕਰਨ ਲਈ ਜੂਝ ਰਹੀਆਂ ਲੋਕ ਲਹਿਰਾਂ ਦੇ ਤੂਫਾਨਾਂ ਅੰਦਰ ਅਜੇਹੇ ਮਹਾਨ ਯੋਧੇ ਉਭਰ ਕੇ ਦ੍ਰਿਸ਼ 'ਤੇ ਆਉਂਦੇ ਹਨ, ਜੋ ਕਹਿਣੀ ਤੇ ਕਰਨੀ ਦੇ ਪੂਰੇ ਹੁੰਦੇ ਹਨ ਤੇ ਜਾਨਾਂ ਤੱਕ ਵਾਰਨ ਲਈ ਤਿਆਰ ਹੋ ਜਾਂਦੇ ਹਨ ਤੇ ਦੂਜਿਆਂ ਲਈ ਉਤਸ਼ਾਹ ਤੇ ਪ੍ਰੇਰਨਾ ਦਾ ਸਰੋਤ ਬਣਦੇ ਹਨ। ਕਰਤਾਰ ਸਿੰਘ ਸਰਾਭਾ ਨੂੰ ਅੱਗੇ ਤੋਰਨ ਵਾਲਾ ਅਜੇਹਾ ਮਹਾਨ ਨਾਇਕ ਸੀ ਰੁਲੀਆ ਸਿੰਘ ਸਰਾਭਾ।

ਰੁਲੀਆ ਸਿੰਘ ਸਰਾਭਾ ਦਾ ਜਨਮ ਪਿਤਾ ਜੀ ਸ. ਜਗਤ ਸਿੰਘ ਦੇ ਘਰੇ ਲੁਧਿਆਣਾ ਜਿਲ੍ਹੇ ਦੇ ਪਿੰਡ ਸਰਾਭਾ ਵਿਖੇ 19ਵੀਂ ਸਦੀ ਦੇ 9ਵੇਂ ਦਹਾਕੇ ਦੌਰਾਨ ਹੋਇਆ। ਪਿਤਾ ਜੀ ਬਚਪਨ ਵਿੱਚ ਹੀ ਵਿਛੋੜਾ ਦੇ ਗਏ। ਵਿਧਵਾ ਮਾਤਾ ਜੀ ਨੇ ਬੇਅੰਤ ਮੁਸ਼ਕਿਲਾਂ ਝੱਲਦਿਆਂ, ਅਣਥੱਕ ਘਾਲਣਾ ਘਾਲਦਿਆਂ ਰੁਲੀਆ ਸਿੰਘ ਦਾ ਪਾਲਣ ਪੋਸ਼ਣ ਕੀਤਾ ਤੇ ਪੜ੍ਹਾਇਆ। ਬੜੇ ਚਾਵਾਂ, ਮਲਾਰਾਂ ਨਾਲ ਆਪ ਜੀ ਦਾ ਵਿਆਹ ਕੀਤਾ, ਪਰੰਤੂ ਥੋੜੇ ਮਹੀਨਿਆਂ ਬਾਅਦ ਹੀ ਆਪ ਦੀ ਪਤਨੀ ਦੀ ਮੌਤ ਹੋ ਗਈ। ਬੇਰੁਜਗਾਰੀ ਅਤੇ ਗੁਰਬਤ ਵਿੱਚੋਂ ਕੱਢਣ ਲਈ ਬਿਰਧ ਮਾਤਾ ਜੀ ਨੇ ਆਪ ਨੂੰ ਕਮਾਈ ਲਈ ਅਮਰੀਕਾ ਭੇਜਿਆ।

ਉਨੀ ਦਿਨੀਂ ਅਮਰੀਕਨ ਨਸਲ ਪ੍ਰਸਤਾਂ ਵੱਲੋਂ ਹਿੰਦੀ ਮਜ਼ਦੂਰਾਂ ਤੇ ਕਈ ਹਮਲੇ ਕੀਤੇ ਗਏ। ਕਈ ਵਾਰੀ ਭਾਰਤੀਆਂ ਨੂੰ ਜ਼ਬਰੀ ਗੱਡੀਆਂ 'ਚ ਚੜ੍ਹਾ ਕੇ ਦੂਰ-ਦੁਰਾਡੇ ਅਮਰੀਕੀ ਜੰਗਲਾਂ 'ਚ ਛੱਡੇ ਜਾਣ ਦੀਆਂ ਮੰਦ ਘਟਨਾਵਾਂ ਵੀ ਵਾਪਰੀਆਂ। ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ, ਹੋਟਲਾਂ, ਬਜਾਰਾਂ ਤੇ ਘਰਾਂ 'ਚ ਭਾਰਤੀਆਂ ਨੂੰ "ਕੁੱਤੇ", "ਹਿੰਦੀ ਸਲੇਵ" ਆਦਿ ਕਹਿ ਕੇ ਪੁਕਾਰਨਾ ਆਮ ਗੱਲ ਬਣੀ ਹੋਈ ਸੀ। ਇਨ੍ਹਾਂ ਹਲਾਤਾਂ ਨੇ ਅਣਖੀ ਤੇ ਗੈਰਤਮੰਦ ਰੁਲੀਆ ਸਿੰਘ ਦੇ ਨਾਜ਼ੁਕ ਮੰਨ 'ਚ ਗੁਲਾਮੀ ਪ੍ਰਤੀ ਨਫਰਤ ਤੇ ਗੁੱਸਾ ਪ੍ਰਚੰਡ ਕਰ ਦਿੱਤਾ ਤੇ ਅਜਾਦੀ ਦੀ ਤੜਪ ਤੇ ਤਾਂਘ ਦੀ ਚੰਗਿਆੜੀ ਬਾਲ ਦਿੱਤੀ। ਰੁਲੀਆ ਸਿੰਘ 1912 ਵਿੱਚ ਅਸਟੋਰੀਆ ਸ਼ਹਿਰ ਦੀ ਇਕ ਮਿੱਲ ਵਿੱਚ ਕੰਮ ਤੇ ਲੱਗਾ ਹੋਇਆ ਸੀ। ਅੰਗਰੇਜ ਸਾਮਰਾਜਵਾਦ ਤੋਂ ਹਿੰਦ ਦੀ ਮੁਕਤੀ ਤੇ ਬਰਾਬਰੀ ਵਾਲੇ ਨਵੇਂ ਨਰੋਏ ਦੇਸ ਰਾਜ ਦੀ ਸਥਾਪਨਾ ਲਈ ਹੋਣ ਵਾਲੀਆਂ ਹਿੰਦੀਆਂ ਦੀਆਂ ਮੀਟਿੰਗਾਂ 'ਚ ਸਰਗਰਮੀ ਨਾਲ ਭਾਗ ਲੈਣ ਲੱਗਿਆ। ਕਰਤਾਰ ਸਿੰਘ ਸਰਾਭਾ ਬਰਕਲੇ ਯੂਨੀਵਰਸਿਟੀ 'ਚ ਕੁੱਝ ਛੁੱਟੀਆਂ ਹੋਣ ਕਾਰਨ, ਰੁਲੀਆ ਸਿੰਘ ਪਾਸ ਆਇਆ ਹੋਇਆ ਸੀ। ਉਹ ਵੀ ਇਕ ਮੀਟਿੰਗ 'ਚ ਨਾਲ ਚਲਾ ਗਿਆ। ਰੁਲੀਆ ਸਿੰਘ ਨੇ ਕਰਤਾਰ ਸਿੰਘ ਨੂੰ ਕਿਹਾ, "ਤੂੰ ਹਾਲੇ ਕੱਲ ਦਾ ਮੁੰਡਾ ਏਂ। ਤੇਰੀ ਉਮਰ ਅਜਿਹੇ ਕੰਮ ਕਰਨ ਦੀ ਨਹੀਂ। ਨਾਲੇ ਤੈਨੂੰ ਪਤਾ ਤੇਰੇ ਮਾਤਾ-ਪਿਤਾ ਤੇਰੇ ਨਿੱਕੇ ਹੁੰਦਿਆਂ ਹੀ ਤੁਰ ਗਏ ਸਨ। ਤੇਰੇ ਦਾਦਾ ਜੀ ਦੀਆਂ ਤੇਰੇ 'ਤੇ ਕਿੰਨੀਆਂ ਉਮੀਦਾਂ ਨੇ। ਤੈਨੂੰ ਅਮਰੀਕਾ ਪੜ੍ਹਨ ਭੇਜਿਆ। ਪੜ੍ਹਨ ਲਈ ਸਾਰਾ ਖਰਚ ਦੇਸ਼ ਤੋਂ ਭੇਜ ਰਹੇ ਹਨ।" ਕਰਤਾਰ ਸਿੰਘ ਤੇ ਇਨ੍ਹਾਂ ਗੱਲਾਂ ਦਾ ਕੁੱਝ ਅਸਰ ਹੋਇਆ। ਰੁਲੀਆ ਸਿੰਘ ਨੇ ਉਸਨੂੰ ਵਾਪਸ ਬਰਕਲੇ ਯੂਨੀ: ਭੇਜ ਦਿੱਤਾ। ਪਰੰਤੂ ਥੋੜੇ ਮਹੀਨਿਆਂ ਪਿੱਛੋਂ ਇਕ ਹੋਟਲ ਵਿਖੇ, ਜਿਸਦੇ ਬਾਹਰ ਲਿਖਿਆ ਹੋਇਆ ਸੀ, "ਭਾਰਤੀ ਤੇ ਕੁੱਤੇ ਅੰਦਰ ਨਹੀਂ ਆ ਸਕਦੇ"-ਵਾਪਰੀ ਟੱਕਰ ਨੇ ਕਰਤਾਰ ਸਿੰਘ ਨੂੰ ਮੁੜ ਰੁਲੀਆ ਸਿੰਘ ਪਾਸ ਲੈ ਆਂਦਾ। ਕਰਤਾਰ ਸਿੰਘ ਨੇ ਸਾਰੀ ਵਾਰਤਾ ਉਪਰੰਤ ਕਿਹਾ, "ਹੁਣ ਮੈਨੂੰ ਬਿਲਕੁੱਲ ਨਾ ਰੋਕਣਾ।" ਰੁਲੀਆ ਸਿੰਘ ਨੇ ਕਿਹਾ, "ਚੰਗਾ ਹੁਣ ਮੁੰਡਿਆਂ ਵਾਲੀ ਗੱਲ ਨਾ ਕਰੀਂ, ਕੁੱਝ ਕਰਕੇ ਵਿਖਾਈਂ।" ਕਰਤਾਰ ਸਿੰਘ ਨੇ ਜਵਾਬ ਦਿੱਤਾ, "ਤੁਹਾਨੂੰ ਆਪੇ ਪਤਾ ਲੱਗਾ ਜਾਵੇਗਾ, ਤੁਸੀਂ ਮੇਰੇ ਤੇ ਭਰੋਸਾ ਰੱਖੋ।"

ਰੁਲੀਆ ਸਿੰਘ ਗ਼ਦਰ ਪਾਰਟੀ ਦੇ ਫੈਸਲੇ ਅਨੁਸਾਰ, "ਤੋਸ਼ਾਮਾਰੂ" ਜਹਾਜ਼ ਰਾਹੀਂ ਕਲੱਕਤੇ ਪੁੱਜੇ। ਗੋਰੀ ਸਰਕਾਰ ਨੇ ਗ਼ਦਰੀਆਂ ਤੇ ਪਹਿਲਾਂ ਹੀ ਵੱਡਾ ਹਮਲਾ ਵਿੱਢਿਆ ਹੋਇਆ ਸੀ। ਰੁਲੀਆ ਸਿੰਘ ਤੇ ਅਰਜਨ ਸਿੰਘ ਸਰਾਭਾ ਸੈਂਕੜੇ ਗ਼ਦਰੀਆਂ ਨੂੰ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਪੁਲਿਸ ਦੀ ਨਿਗਰਾਨੀ ਵਿੱਚ ਪੰਜਾਬ ਲਿਆ ਰਹੇ ਸਨ ਕਿ ਗੱਡੀ ਰਾਏਵਿੰਡ ਜੰਕਸ਼ਨ ਤੇ ਹੌਲੀ ਹੋਈ। ਇਕ ਖੁਫੀਆ ਅਫਸਰ ਨਜ਼ਰਬੰਦੀ ਵਾਰੰਟ ਲੈ ਕੇ ਆਇਆ, ਤਾਂ ਰੁਲੀਆ ਸਿੰਘ ਫੁਰਤੀ ਨਾਲ ਹੌਲੀ ਹੋਈ ਗੱਡੀ 'ਚੋਂ ਛਾਲ ਮਾਰ ਕੇ ਫਰਾਰ ਹੋ ਗਿਆ ਤੇ ਸਿੱਧਾ ਪੰਜਾਬ ਆ ਪੁੱਜਿਆ।

ਰੁਲੀਆ ਸਿੰਘ, ਕਰਤਾਰ ਸਿੰਘ ਨੂੰ ਢੁਡੀਕੇ ਦੀ ਇਤਿਹਾਸਿਕ ਮੀਟਿੰਗ ਵਿੱਚ ਮਿਲਿਆ; ਜਿਸ ਵਿੱਚ 50-60 ਗ਼ਦਰ ਯੋਧੇ ਸ਼ਾਮਲ ਹੋਏ। ਰੁਲੀਆ ਸਿੰਘ ਗ਼ਦਰ ਪਾਰਟੀ ਵੱਲੋਂ ਮਾਰੇ ਸਾਰੇ ਡਾਕਿਆਂ 'ਚ ਕਰਤਾਰ ਸਿੰਘ ਨਾਲ ਸ਼ਾਮਲ ਹੁੰਦਾ। ਫੌਜੀ ਛਾਉਣੀਆਂ ਵਿਚ ਜਾ ਕੇ ਫੌਜੀਆਂ ਨੂੰ ਗ਼ਦਰ ਲਈ ਤਿਆਰ ਕਰਨ 'ਚ ਮੋਹਰੀ ਰੋਲ ਨਿਭਾਉਂਦਾ।

ਇਕ ਵੇਰ ਬੀਮਾਰ ਹੋਣ ਕਰਕੇ, ਰੁਲੀਆ ਸਿੰਘ ਪਿੰਡ ਸਿੱਧਵਾਂ ਵਿਖੇ, ਜੀਵਾ ਸਿੰਘ ਦੇ ਘਰ ਠਹਿਰੇ ਹੋਏ ਸਨ। ਅੰਗਰੇਜੀ ਪੁਲਿਸ ਤੇ ਸੀ.ਆਈ.ਡੀ. ਗ਼ਦਰੀਆਂ ਦੀ ਫੜੋ ਫੜੀ ਲਈ ਪਿੰਡ-ਪਿੰਡ ਕੁੱਤਿਆਂ ਵਾਂਗ ਹਰਲ-ਹਰਲ ਕਰਦੀ ਫਿਰਦੀ ਸੀ। ਸੀ. ਆਈ. ਡੀ. ਵਾਲੇ ਇਕ ਬਦਨਾਮ ਟਾਊਟ ਨੂੰ ਲੈ ਕੇ ਜੀਵਾ ਸਿੰਘ ਦੇ ਘਰੇ ਪੁੱਜ ਗਏ, ਮੱਝਾਂ ਦੇ ਵਪਾਰੀ ਬਣ ਕੇ। ਸ਼ੱਕ ਪੈਣ ਤੇ ਜੀਵਾ ਸਿੰਘ ਨੇ ਰੁਲੀਆ ਸਿੰਘ ਨੂੰ ਕਿਹਾ ਕਿ ਉਹ ਪਿਛਲੀ ਪੌੜੀ ਚੜ ਕੇ ਨਿਕਲ ਜਾਵੇ। ਰੁਲੀਆ ਸਿੰਘ ਨੇ ਸੋਚਿਆ ਕਿ ਮੇਰੇ ਭੱਜਣ ਪਿੱਛੋਂ ਜੀਵਾ ਸਿੰਘ ਫੜਿਆ ਜਾਵੇਗਾ (ਜੋ ਕਿ ਸਰਾਭੇ ਪਿੰਡ ਜਵਾਈ ਹੈ)। ਉਨ੍ਹਾਂ ਨੇ ਪੰਜਾਬੀ ਸੱਭਿਆਚਾਰ ਦੀਆਂ ਉਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਮੁਤਾਬਿਕ ਆਪ ਦੀ ਥਾਂ ਤੇ ਜਵਾਈ ਨੂੰ ਫੜਾਉਣਾ ਗਲਤ ਸਮਝਿਆ। ਸੋ ਆਪ ਫੜੇ ਜਾਣ ਦਾ ਫੈਸਲਾ ਕਰ ਲਿਆ। ਇੰਨੇ ਨੂੰ ਪੁਲਿਸ ਨੇ ਘਰ ਨੂੰ ਘੇਰਾ ਪਾ ਕੇ ਰੁਲੀਆ ਸਿੰਘ ਨੂੰ ਗ੍ਰਿਫਤਾਰ ਕਰ ਲਿਆ।

ਲਾਹੌਰ ਵਿਖੇ "ਪਹਿਲਾ ਲਾਹੌਰ ਸਾਜਿਸ਼ ਕੇਸ" ਚੱਲ ਕੇ ਰੁਲੀਆ ਸਿੰਘ ਸਮੇਤ 24 ਗ਼ਦਰੀਆਂ ਨੂੰ ਫਾਂਸੀ ਦੀ ਸਜਾ ਹੋਈ। ਜਿਸ ਵਿੱਚੋਂ ਰੁਲੀਆ ਸਿੰਘ ਸਮੇਤ 17 ਦੀ ਸਜ਼ਾ ਵਾਇਸਰਾਏ ਨੇ ਬਦਲ ਕੇ ਕਾਲੇ ਪਾਣੀ ਦੀ ਉਮਰ ਕੈਦ ਵਿੱਚ ਪਲਟ ਦਿੱਤੀ। ਆਪ ਅੰਡੇਮਾਨ/ਨਿਕੋਬਾਰ ਦੇ ਕਾਲੇ ਪਾਣੀਆਂ ਵਿੱਚ ਅੰਗਰੇਜ ਹਕੂਮਤ ਦੇ ਵਹਿਸ਼ੀਆਨਾ ਜਬਰ ਦੇ ਖਿਲਾਫ ਹਰ ਭੁੱਖ ਹੜਤਾਲੀ ਐਕਸ਼ਨ ਵਿੱਚ ਡੱਟ ਕੇ ਭਾਗ ਲੈਂਦੇ ਰਹੇ। ਅਖੀਰ ਗੋਰੀ ਸਰਕਾਰ ਦੇ ਅਸਿਹ ਤੇ ਅਕਿਹ ਤਸੀਹੇ ਝੱਲਦੇ ਹੋਏ 1 ਸਤੰਬਰ 1918 ਨੂੰ ਅੰਡੇਮਾਨ ਦੀ ਸੈਲੂਲਰ ਜੇਲ੍ਹ 'ਚ ਸ਼ਹੀਦੀ ਪਾ ਗਏ। ਗ਼ਦਰੀ ਸ਼ਹੀਦਾਂ ਸਮੇਤ ਸਮੁੱਚੇ ਦੇਸ਼ ਭਗਤ ਯੋਧਿਆਂ ਦੀਆਂ ਬੇਮਿਸਾਲ ਕੁਰਬਾਨੀਆਂ ਸਦਕਾ ਜਿੱਥੇ ਬਰਤਾਨਵੀ ਸਾਮਰਾਜ ਨੂੰ ਹਿੰਦ 'ਚੋਂ ਨਿਕਲਣਾ ਪਿਆ, ਉਥੇ ਉਨ੍ਹਾਂ ਦਾ ਬਰਾਬਰੀ ਖੁਸ਼ਹਾਲੀ ਤੇ ਨਿਆਂ ਵਾਲਾ ਸੱਚਾ-ਸੁੱਚਾ ਤੇ ਖਰਾ ਸਮਾਜਵਾਦੀ ਲੋਕ ਜਮਹੂਰੀ ਰਾਜ ਪ੍ਰਬੰਧ ਕਾਇਮ ਕਰਨ ਦਾ ਸੁਪਨਾ ਅੱਜ ਵੀ ਅਧੂਰਾ ਹੈ। ਇਸ ਅਧੂਰੇ ਸੁਪਨੇ ਨੂੰ ਸਾਕਾਰ ਕਰਨ ਲਈ ਜੂਝ ਰਹੀਆਂ ਦੇਸ਼ ਪ੍ਰੇਮੀ, ਅਗਾਂਹਵਧੂ, ਜਮਹੂਰੀ ਤੇ ਕ੍ਰਾਂਤੀਕਾਰੀ ਤਾਕਤਾਂ ਲਈ ਰੁਲੀਆ ਸਿੰਘ ਸਰਾਭਾ ਇਕ ਰੌਸ਼ਨ ਸੂਹੇ ਸਿਤਾਰੇ ਦੀ ਤਰ੍ਹਾਂ ਸਦਾ-ਸਦਾ ਲਈ ਪ੍ਰੇਰਨਾ, ਉਤਸ਼ਾਹ ਤੇ ਸਿੱਖਿਆ ਦਾ ਸੋਮਾ ਬਣ ਕੇ ਅਮਰ ਰਹਿਣਗੇ। ਉਹਨਾਂ ਦੇ ਵਾਰਸ ਅੱਜ ਉਹਨਾਂ ਨੂੰ 103ਵੀਂ ਬਰਸੀ ਮੌਕੇ ਜੱਦੀ ਪਿੰਡ ਸਰਾਭਾ ਵਿਖੇ ਭਰਪੂਰ ਸ਼ਰਧਾਂਜਲੀਆਂ ਭੇਟ ਕਰਨਗੇ।

# ਸ਼ਹੀਦ ਰਾਜਗੁਰੂ ਦੇ ਜਨਮ ਦਿਹਾੜੇ ਮੌਕੇ

ਰਾਜਿੰਦਰ ਪਾਲ ਸਿੰਘ ਬਰਾੜ

ਲੋਕਾਂ ਨੂੰ ਪੈਸਾ, ਅਹੁਦਾ, ਮਾਣ-ਸਨਮਾਣ ਦੇ ਲਈ ਦੌੜ ਲਾਉਂਦਿਆਂ ਤਾਂ ਦੇਖਿਆ ਹੈ ਪਰ ਝਪਟ ਕੇ ਮੌਤ ਨੂੰ ਕੌਣ ਗਲੇ ਮਿਲ਼ਦਾ ਹੈ, ਇਸਦੀ ਦੌੜ ਤਾਂ ਇੱਕ ਇਮਾਨਦਾਰ ਇਨਕਲਾਬੀ ਹੀ ਲਗਾ ਸਕਦਾ ਹੈ। ਭਗਤ ਸਿੰਘ ਕਿਤੇ ਉਸਤੋਂ ਪਹਿਲਾਂ ਨਾ ਚਲਿਆ ਜਾਵੇ, ਕਿਤੇ ਉਸਤੋਂ ਪਹਿਲਾਂ ਗੋਲ਼ੀ ਦਾ ਸ਼ਿਕਾਰ ਨਾ ਬਣ ਜਾਵੇ, ਇਹ ਉਸਦੀ ਸਭ ਤੋਂ ਵੱਡੀ ਕਾਮਨਾ ਸੀ ਅਤੇ ਹਾਲਾਤ ਨੇ ਉਸਦੀ ਇਹ ਇੱਛਾ ਵੀ ਪੂਰੀ ਕੀਤੀ।

ਰਾਜਗੁਰੂ ਸਾਡਾ ਕੇਸ ਸ਼ੁਰੂ ਹੋਣ ਤੋਂ ਕਈ ਮਹੀਨੇ ਪਹਿਲਾਂ ਫੜਿਆ ਗਿਆ। ਹੋਰ ਤਾਂ ਕੋਈ ਚਾਹੇ ਬਚ ਹੀ ਜਾਵੇ ਪਰ ਫੜੇ ਜਾਣ 'ਤੇ ਭਗਤ ਸਿੰਘ ਤੇ ਰਾਜਗੁਰੂ ਨੂੰ ਫਾਂਸੀ ਜਰੂਰੀ ਹੋਵੇਗੀ ਇਹ ਅਸੀਂ ਜਾਣਦੇ ਸੀ। ਇਸੇ ਲਈ ਉਸਦੇ ਫੜੇ ਜਾਣ ਦੀ ਖ਼ਬਰ ਸੁਣ ਕੇ ਸਾਰੇ ਸਾਥੀ ਬਹੁਤ ਫਿਕਰਮੰਦ ਸਨ। ਇਹ ਰਾਜਗੁਰੂ ਵੀ ਜਾਣਦਾ ਸੀ ਕਿ ਉਸਨੂੰ ਫਾਂਸੀ ਜਰੂਰ ਹੋਵੇਗੀ। ਫਿਰ ਵੀ ਜਿਸ ਦਿਨ ਪਹਿਲੇ ਦਿਨ ਉਸਨੂੰ ਅਦਾਲਤ ਵਿੱਚ ਲਿਆਂਦਾ ਗਿਆ ਤਾਂ ਪਹਿਲਾਂ ਤਾਂ ਉਸਨੇ ਖੂਬ ਉੱਚੀ ਨਾਅਰੇ ਲਗਾਏ ਫਿਰ, "ਆਪਣੇ ਆਸ਼ਕ ਕੋ ਢੂੰਢਣੇ ਨਿਕਲੇ...... " ਕਹਿੰਦਾ ਹੋਇਆ ਇੱਕ ਇੱਕ ਨੂੰ ਐਦਾਂ ਗਲੇ ਮਿਲ਼ਿਆ ਜਿਵੇਂ ਸਾਲਾਂ ਬਾਅਦ ਮਿਲ਼ ਰਿਹਾ ਹੋਵੇ। ਉਸਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਉਸਦਾ ਟੱਪਣਾ, ਦੂਜਿਆਂ ਦੇ ਕੁਤਕੁਤੀਆਂ ਕਰਨਾ, ਛੇੜਖਾਨੀਆਂ ਗਾਲ੍ਹਾਂ ਕੱਢ ਕੱਢ ਕੇ ਪਿਆਰ ਕਰਨਾ, ਮੌਤ ਨੂੰ ਇੱਕ ਤਰ੍ਹਾਂ ਦੀ ਚੁਣੌਤੀ ਜਿਹੀ ਲੱਗਦੀ ਸੀ। ਕੁੱਝ ਦਿਨਾਂ ਲਈ ਉਸਨੇ ਸਾਡੇ ਵਿੱਚ ਨਵੀਂ ਜ਼ਿੰਦਗੀ ਲੈ ਆਂਦੀ।



ਸੰਘਰਸ਼ ਵਿੱਚ ਤਾਂ ਉਹ ਹਰ ਥਾਂ ਅੱਗੇ ਰਹਿੰਦਾ ਹੀ ਸੀ। ਜੇਲ੍ਹ ਅਤੇ ਪੁਲਸ ਵਾਲ਼ਿਆਂ ਨਾਲ਼ ਝਗੜੇ ਅਤੇ ਉਸ ਦੇ ਫਲਸਰੂਪ ਸਾਡੇ ਅਤੇ ਉਹਨਾਂ ਵਿਚਕਾਰ ਕੁੱਟਮਾਰ ਅਕਸਰ ਹੁੰਦੀ ਸੀ। ਰਾਜਗੁਰੂ ਹਰ ਮਾਰ ਕੁਟਾਈ ਵਿੱਚ ਅੱਗੇ ਵਧ ਕੇ ਮਾਰਦਾ ਤੇ ਮਾਰ ਖਾਂਦਾ। ਇੱਕ ਵਾਰ ਤਾਂ ਪੁਲਸ ਵਾਲ਼ਿਆਂ ਨੇ ਮਾਰ-ਮਾਰਕੇ ਬੇਹੋਸ਼ ਕਰ ਦਿੱਤਾ ਸੀ।

ਜੇਲ੍ਹ ਵਿੱਚ ਜਦੋਂ ਅਸੀਂ ਪਹਿਲੀ ਵਾਰ ਭੁੱਖ ਹੜਤਾਲ ਸ਼ੁਰੂ ਕੀਤੀ ਤਾਂ ਉਸ ਵੇਲੇ ਉਹ ਅਜੇ ਫੜਿਆ ਨਹੀਂ ਸੀ ਗਿਆ ਪਰ ਜਨਵਰੀ 1930 ਵਿੱਚ ਜਦੋਂ ਦੁਬਾਰਾ ਭੁੱਖ ਹੜਤਾਲ ਹੋਈ ਤਾਂ ਉਹ ਆ ਚੁੱਕਾ ਸੀ। ਕਿਸੇ ਦੇ ਮਰੇ ਬਿਨਾਂ ਸਰਕਾਰ ਸਾਡੀਆਂ ਮੰਗਾਂ ਵੱਲ ਧਿਆਨ ਨਹੀਂ ਦੇਵੇਗੀ, ਇਹ ਅਸੀਂ ਜਾਣਦੇ ਸੀ। ਭੁੱਖ ਹੜਤਾਲ ਦੀ ਸਫਲਤਾ ਅਤੇ ਅਸਫਲਤਾ ਨਾਲ਼ ਇਲਕਲਾਬੀਆਂ ਦੇ ਇੱਜ਼ਤ-ਮਾਣ ਦਾ ਸੁਆਲ ਜੁੜਿਆ ਹੋਇਆ ਸੀ। ਖੈਰ ਜੋ ਵੀ ਹੋਵੇ, ਸਾਡੇ ਵਿੱਚੋਂ ਕੁੱਝ ਸਾਥੀ ਅਜਿਹੇ ਮੌਕਿਆਂ 'ਤੇ ਆਪਣੀ ਜਾਨ ਦੀ ਬਾਜ਼ੀ ਲਗਾ ਕੇ ਸੰਘਰਸ਼ ਨੂੰ ਜਲਦ ਤੋਂ ਜਲਦ ਖਤਮ ਕਰਨ ਦੀ ਕੋਸ਼ਿਸ਼ ਕਰਿਆ ਕਰਦੇ ਸਨ। ਪਹਿਲੀ ਭੁੱਖ ਹੜਤਾਲ ਵਿੱਚ ਜਤਿੰਦਰ ਨਾਥ ਦਾਸ ਨੇ ਮੌਤ ਨੂੰ ਇਸ ਲਈ ਢਾਲ ਦੇ ਤੌਰ 'ਤੇ ਵਰਤਿਆ ਕਿ ਉਸਤੋਂ ਬਿਨਾਂ ਸਰਕਾਰ ਇਲਕਲਾਬੀਆਂ ਨਾਲ਼ ਗੱਲਬਾਤ ਕਰਲ ਲਈ ਵੀ ਤਿਆਰ ਨਹੀਂ ਹੋਵੇਗੀ।

ਦੂਸਰੀ ਭੁੱਖ ਹੜਤਾਲ ਸ਼ੁਰੂ ਹੋਇਆ ਤੇਰਾਂ ਦਿਲ ਹੋ ਚੁੱਕੇ ਸਨ। ਸਾਥੀਆਂ ਦੀ ਹਾਲਤ ਤੇਜ਼ੀ ਨਾਲ਼ ਗਿਰਦੀ ਜਾ ਰਹੀ ਸੀ। ਤੇਰ੍ਹਵੇਂ ਦਿਨ ਡਾਕਟਰਾਂ ਨੇ ਸਾਡੇ ਵਿੱਚੋਂ ਕਮਜ਼ੋਰ ਸਾਥੀਆਂ ਨੂੰ ਚੁਣਿਆ ਅਤੇ ਉਹਨਾਂ ਨੂੰ ਜ਼ਬਰਦਸਤੀ ਦੁੱਧ ਪਿਲਾਉਣ ਲਈ ਹਸਪਤਾਲ ਲੈ ਗਏ। ਇਹਨਾਂ ਵਿੱਚ ਰਾਜਗੁਰੂ ਵੀ ਸੀ। ਉਸ ਨਾਲ਼ ਵੀ ਉਹੀ ਹੋਇਆ ਜੋ ਪਹਿਲੀ ਭੁੱਖ ਹੜਤਾਲ ਵੇਲੇ ਜਤਿੰਦਰ ਨਾਥ ਤੇ ਮੇਰੇ ਨਾਲ਼ ਹੋ ਚੁੱਕਿਆ ਸੀ। ਡਾਕਟਰਾਂ ਨੇ ਜਲਦਬਾਜੀ ਨਾਲ਼ ਰਬੜ ਦੀ ਨਾਲੀ ਪੇਟ ਵਿੱਚ ਪਾਉਣ ਦੀ ਥਾਂ ਉਸਦੇ ਫੇਫੜਿਆਂ ਵਿੱਚ ਪਾ ਦਿੱਤੀ ਅਤੇ ਕੀਪ ਨਾਲ਼ ਉਸ ਵਿੱਚ ਪੂਰੀ ਖੁਰਾਕ ਦੁੱਧ ਪਾ ਕੇ ਚਲੇ ਗਏ। ਉਨ੍ਹਾਂ ਦੇ ਦੋਵੇਂ ਫੇਫੜੇ ਜਕੜੇ ਗਏ ਤੇ ਉਨ੍ਹਾਂ ਨੂੰ ਨਮੂਨੀਆਂ ਹੋ ਗਿਆ।

ਫੇਫੜਿਆਂ ਵਿੱਚ ਦੁੱਧ ਭਰ ਜਾਣ ਅਤੇ ਨਮੂਨੀਆ ਹੋ ਜਾਣ ਕਾਰਨ ਕਿੰਨੀ ਤਕਲੀਫ ਹੁੰਦੀ ਹੈ, ਇਸਦਾ ਤਜ਼ਰਬਾ ਮੈਨੂੰ ਹੋ ਚੁੱਕਿਆ ਸੀ ਪਰ ਰਾਜਗੁਰੂ ਨੂੰ ਤਕਲੀਫ ਨਾਲ਼ੋਂ ਇਸ ਗੱਲ ਦੀ ਜ਼ਿਆਦਾ ਖੁਸ਼ੀ ਸੀ ਕਿ ਹੁਣ ਭੁੱਖ ਹੜਤਾਲ ਜਲਦੀ ਖਤਮ ਹੋ ਜਾਵੇਗੀ ਅਤੇ ਸਰਕਾਰ ਨੂੰ ਸਾਡੀਆਂ ਮੰਗਾਂ ਮੰਨਣ ਲਈ ਮਜਬੂਰ ਹੋਣਾ ਪਵੇਗਾ। ਨਮੂਨੀਏ ਦੀ ਹਾਲਤ ਵਿੱਚ ਵੀ ਉਸਨੇ ਇੱਕ ਕਾਗਜ ਉੱਤੇ ਲਿਖ ਕੇ ਭੇਜਿਆ 'ਸਫਲਤਾ'। ਉਸਦੀ ਹਾਲਤ ਨਾਜਕ ਹੋ ਗਈ ਤੇ ਡਾਕਟਰਾਂ ਦੀ ਰਿਪੋਰਟ ਅਤੇ ਬਾਹਰਲੇ ਅੰਦੋਲਨ ਤੋਂ ਘਬਰਾਕੇ ਸਰਕਾਰ ਨੇ ਸਾਡੀਆਂ ਮੰਗਾਂ ਮੰਨ ਲਈਆਂ।

ਅਧਿਕਾਰੀਆਂ ਨੇ ਸਾਨੂੰ ਸਾਰਿਆਂ ਨੂੰ ਹਸਪਤਾਲ ਵਿੱਚ ਭਰਤੀ ਕਰਵਾ ਦਿੱਤਾ। ਕੇਂਦਰੀ ਜੇਲ੍ਹ ਵਿੱਚ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਵੀ ਆ ਗਏ ਸਨ। ਰਾਜਗੁਰੂ ਦੀ ਮੰਜੀ ਦੇ ਚਾਰੇ ਪਾਸੇ ਬੈਠ ਕੇ ਅਸੀਂ ਭੁੱਖ ਹੜਤਾਲ ਖਤਮ ਕਰਨ ਦਾ ਫੈਸਲਾ ਲਿਆ। ਭਗਤ ਸਿੰਘ ਨੇ ਦੁੱਧ ਦਾ ਗਿਲਾਸ ਰਾਜਗੁਰੂ ਦੇ ਬੁੱਲ੍ਹਾਂ ਨੂੰ ਲਗਾਉਂਦਿਆਂ ਕਿਹਾ, "ਭੱਜ ਕੇ ਅੱਗੇ ਨਿਕਲਣਾ ਚਾਹੁੰਦਾ ਹੈ ਬੱਚੂ!"

**ਲਲਕਾਰ 'ਚੋਂ ਧੰਨਵਾਦ ਸਹਿਤ**

# ਤਾਲਿਬਾਨ ਦੇ ਅਫਗਾਨਿਸਤਾਨ ਵਿੱਚ ਕਬਜ਼ੇ ਦੇ ਕੀ ਮਾਅਨੇ ਹਨ ?

(ਸਫ਼ਾ 1 ਦੀ ਬਾਕੀ)

ਅਮਰੀਕਾ ਦੇ ਚਾਰ ਰਾਸ਼ਟਰਪਤੀਆਂ ਨਾਲ਼ ਕੰਮ ਕੀਤਾ ਸੀ। ਯਾਦ ਰਹੇ ਜ਼ਬਿਗਨਿਊ ਬਰਜ਼ਿਨਸਕੀ ਪੌਲਿਸ਼ ਮੂਲ ਦਾ ਰਾਜਨੀਤਕ ਮਾਹਰ ਤੇ ਡਿਪਲੋਮੈਟ ਸੀ, ਜੋ ਕਿ ਕੱਟੜ ਕਮਿਉਨਿਸਟ ਵਿਰੋਧੀ ਸੀ, ਉਹ 1977 ਤੋਂ 1981 ਤੱਕ ਅਮਰੀਕਨ ਰਾਸ਼ਟਰਪਤੀ ਜਿਮੀ ਕਾਰਟਰ ਦਾ ਨੈਸ਼ਨਲ ਸੁਰੱਖਿਆ ਸਲਾਹਕਾਰ ਵੀ ਰਿਹਾ। ਜਿਸਦੀ ਦੇਖ-ਰੇਖ ਹੇਠ ਅਮਰੀਕਨ ਖੁਫੀਆ ਏਜੰਸੀ ਸੀ. ਆਈ. ਏ. ਵਲੋਂ ਅਫਗਾਨਿਸਤਾਨ ਵਿੱਚ ਕੱਟੜ ਮੁਸਲਿਮ ਗਰੁੱਪਾਂ ਨੂੰ 'ਮੁਜਾਹਦੀਨ' ਬਣਾ ਕੇ ਅਫਗਾਨਿਸਤਾਨ ਦੀ ਕਮਿਉਨਿਸਟ ਸਰਕਾਰ ਅਤੇ ਅਫਗਾਨਿਸਤਾਨ ਵਿੱਚ ਸੋਵੀਅਤ ਫੌਜਾਂ ਖਿਲਾਫ ਲੜਨ ਲਈ ਤਿਆਰ ਕੀਤਾ ਸੀ। ਜਿਮੀ ਕਾਰਟਰ ਸਰਕਾਰ ਵਿੱਚ ਅਮਰੀਕਾ ਦੇ ਡਿਫੈਂਸ ਡੀਪਾਰਟਮੈਂਟ ਦੇ ਨੁਮਇੰਦੇ ਵਾਲਟਰ ਬੀ ਸਲੋਕੌਂਬ ਵਲੋਂ ਲਿਖੀ ਕਿਤਾਬ 'The Strategic Mind of Zbigniew Brzezinski: How a Native Pole Used Afghanistan to Protect His Homeland' ਵਿੱਚ ਦਿੱਤੀ ਜਾਣਕਾਰੀ ਅਨੁਸਾਰ 'ਸਾਡਾ ਸਾਰਾ ਵਿਚਾਰ ਇਹ ਸੀ ਕਿ ਜੇ ਸੋਵੀਅਤ ਸੰਘ 'ਟਾਰ ਬੇਬੀ' (ਅਫਗਾਨਿਸਤਾਨ) ਵਿੱਚ ਫੌਜਾਂ ਭੇਜਦਾ ਹੈ ਤਾਂ ਅਸੀਂ ਇਹ ਯਕੀਨੀ ਬਣਾਈਏ ਕਿ ਉਹ ਇਸ ਵਿੱਚ ਫਸ ਜਾਏ (ਜਿਵੇਂ ਅਮਰੀਕਾ ਵੀਅਤਨਾਮ ਵਿੱਚ ਫਸ ਗਿਆ ਸੀ)'। ਅਮਰੀਕਾ ਦੀ ਨੈਸ਼ਨਲ ਸਕਿਉਰਿਟੀ ਵਲੋਂ ਜਾਰੀ ਡਾਕੂਮੈਂਟਸ 'Afghanistan: Lessons from the Last War' ਅਨੁਸਾਰ ਅਪਰੈਲ ਤੋਂ ਜੂਨ, 1979 ਤੱਕ ਸੀ. ਆਈ. ਏ. ਨੇ ਅਫਗਾਨਿਸਤਾਨ ਵਿੱਚ ਪਾਕਿਸਤਾਨ ਦੇ ਫੌਜੀ ਅਫਸਰਾਂ ਰਾਹੀਂ ਬਾਗੀ ਧਾਰਮਿਕ ਗਰੁੱਪਾਂ ਨਾਲ਼ ਸਬੰਧ ਬਣਾ ਲਏ ਸਨ ਤਾਂ ਕਿ ਸੋਵੀਅਤ ਦੇ ਅਫਗਾਨਿਸਤਾਨ ਵਿੱਚ ਦਾਖਿਲ ਹੋਣ ਸਾਰ ਹੀ ਅਜਿਹੇ ਹਾਲਾਤ ਬਣਾ ਦਿੱਤਾ ਜਾਣ ਕੇ ਉਹ ਮੁੜ ਕੇ ਇਥੋਂ ਨਿਕਲ ਨਾ ਸਕੇ। ਅੱਜ ਜਦੋਂ ਅਸੀਂ 20 ਸਾਲ ਬਾਅਦ ਅਫਗਾਨਿਸਤਾਨ ਵਿੱਚੋਂ ਅਮਰੀਕਨ ਫੌਜਾਂ ਦੀ ਵਾਪਸੀ ਸਬੰਧੀ ਹਾਲਾਤਾਂ ਬਾਰੇ ਚਰਚਾ ਕਰ ਰਹੇ ਹਾਂ ਤਾਂ ਅਮਰੀਕਨ ਰਾਸ਼ਟਰਪਤੀ ਜਿਮੀ ਕਾਰਟਰ ਦੇ ਨੈਸ਼ਨਲ ਸੁਰੱਖਿਆ ਸਲਾਹਕਾਰ ਦੀ ਇਸ ਇੰਟਰਵਿਊ ਤੇ CIA ਦੇ ਦਸਤਾਵੇਜਾਂ ਤੋਂ ਇੱਕ ਗੱਲ ਸਪੱਸ਼ਟ ਹੈ ਕਿ ਨਾ ਤਾਂ ਅਮਰੀਕਾ ਨੇ ਮੁਜਾਹਦੀਨ, ਅਫਗਾਨੀ ਮੁਸਲਮਾਨਾਂ ਲਈ ਇਸਲਾਮਿਕ ਰਾਜ ਬਣਾਉਣ ਲਈ ਤਿਆਰ ਕੀਤੇ ਸਨ, ਨਾ ਹੀ ਅਫਗਾਨਿਸਤਾਨ ਵਿੱਚ ਇਸਲਾਮ ਖਤਰੇ ਵਿੱਚ ਸੀ, ਜਿਸ ਲਈ ਮੁਜਾਹਦੀਨ ਲੜ ਰਹੇ ਸਨ, ਨਾ ਹੀ ਮੁਜਾਹਦੀਨ ਤੇ ਬਾਅਦ ਵਿੱਚ ਤਾਲਿਬਾਨ ਆਪਣੇ ਦੇਸ਼ ਦੀ ਅਜ਼ਾਦੀ ਲਈ ਲੜਾਈ ਲੜ ਰਹੇ ਸਨ, ਨਾ ਸਾਊਥ ਏਸ਼ੀਆ ਦੇ ਖਿੱਤੇ ਵਿੱਚ ਸ਼ਾਂਤੀ ਸਥਾਪਤ ਕਰਨ ਲਈ ਅਜਿਹਾ ਕੀਤਾ ਗਿਆ ਸੀ। ਸਗੋਂ ਇਹ ਸਭ ਕੁਝ ਅਮਰੀਕਾ ਨੇ ਇਸ ਖਿੱਤੇ ਵਿੱਚ ਆਪਣੀ ਭੂਗੋਲਿਕ ਰਾਜਨੀਤੀ (Geo Politics) ਅਤੇ ਆਰਥਿਕ ਹਿੱਤਾਂ ਲਈ ਕੀਤਾ ਸੀ। ਬਲਕਿ ਇਸ ਤੋਂ ਵੀ ਵੱਧ ਇਹ ਸਭ ਕੁਝ ਰੂਸੀ ਕਮਿਉਨਿਸਟ ਨਿਜ਼ਾਮ ਦੀ ਕਬਰ ਖੋਦਣ ਲਈ ਕੀਤਾ ਗਿਆ ਸੀ। ਇਸਲਾਮੀ ਮੁਜ਼ਾਹਦੀਨ ਤਿਆਰ ਕਰਨ ਦਾ ਮੁੱਖ ਮਕਸਦ ਸਾਰੀ ਦੁਨੀਆਂ ਵਿੱਚ ਕਮਿਉਨਿਜ਼ਮ ਦੀ ਅਗਵਾਈ ਕਰ ਰਹੇ ਸੋਵੀਅਤ ਸੰਘ ਨੂੰ ਢਾਹੁਣਾ ਸੀ ਤਾਂ ਕਿ ਦੁਨੀਆਂ ਭਰ ਵਿੱਚ ਤੇ ਖਾਸਕਰ ਮੱਧ ਯੂਰਪ ਤੇ ਈਸਟ ਯੂਰਪ ਵਿੱਚ ਕਮਿਉਨਿਜਮ ਦੇ ਵੱਧਦੇ ਪ੍ਰਭਾਵ ਨੂੰ ਰੋਕਿਆ ਜਾ ਸਕੇ ਅਤੇ ਦੋ ਧਰੁਵੀ ਸੰਸਾਰ ਦੀ ਥਾਂ ਸਾਰੇ ਸੰਸਾਰ ਵਿੱਚ ਅਮਰੀਕਾ ਦੀ ਸਰਦਾਰੀ ਸਥਾਪਿਤ ਕੀਤੀ ਜਾ ਸਕੇ। ਇਹ ਮਕਸਦ ਉਨ੍ਹਾਂ ਰੂਸੀ ਫੌਜਾਂ ਦੇ ਅਫਗਾਨਿਸਤਾਨ ਛੱਡਣ ਅਤੇ 1991 ਵਿੱਚ ਸੋਵੀਅਤ ਸੰਘ ਦੇ ਟੁੱਟਣ ਨਾਲ਼ ਹਾਸਲ ਕਰ ਲਿਆ, ਇਸਦੇ ਨਾਲ਼ ਹੀ ਦੋ ਸੁਪਰ ਪਾਵਰਾਂ ਵਿੱਚ ਚੱਲ ਰਹੀ ਠੰਡੀ ਜੰਗ ਦਾ ਤਾਂ ਅੰਤ ਹੋ ਗਿਆ। ਇਸਦੇ ਨਾਲ਼ ਯੂਰਪ ਤੇ ਦੁਨੀਆਂ ਦੇ ਹੋਰ ਅਨੇਕਾਂ ਦੇਸ਼ਾਂ ਵਿੱਚ ਵੀ ਕਮਿਉਨਿਸਟ ਲਹਿਰ ਨੂੰ ਵੱਡੀ ਢਾਅ ਲੱਗੀ। ਪਰ ਅਮਰੀਕਾ ਦੀ ਇਸ ਜਿੱਤ ਨਾਲ਼ ਉਸ ਤੋਂ ਵੀ ਕਿਤੇ ਵੱਧ ਖਤਰਨਾਕ 'ਗੰਦੀ ਜੰਗ' ਦੀ ਸ਼ੁਰੂਆਤ ਹੋ ਗਈ, ਜਿਸਦਾ ਖਮਿਆਜਾ ਉਨ੍ਹਾਂ ਨੂੰ 9/11 ਦੇ ਹਮਲਿਆਂ ਰਾਹੀਂ ਤੇ ਫਿਰ 20 ਸਾਲ ਅਫਗਾਨਿਸਤਾਨ ਵਿੱਚ ਭੁਗਤਣਾ ਪਿਆ ਅਤੇ ਪਤਾ ਨਹੀਂ ਕਦੋਂ ਤੱਕ ਸਾਰੀ ਦੁਨੀਆਂ ਨੂੰ ਭੁਗਤਣਾ ਪੈਣਾ ਹੈ?

ਸੀ. ਆਈ. ਏ. ਦੇ ਸਾਬਕਾ ਡਾਇਰੈਕਟਰ ਰੋਬਰਟ ਗੇਟਸ ਨੇ ਵੀ ਆਪਣੀਆਂ ਨਿੱਜੀ ਯਾਦਾਂ ਅਧਾਰਿਤ ਲਿਖੀ ਕਿਤਾਬ 'From the Shadows: The Ultimate Insider's Story of Five Presidents and How They Won the Cold War' ਵਿੱਚ ਲਿਖਿਆ ਹੈ: 'ਸੀ. ਆਈ. ਏ. ਨੇ ਸੋਵੀਅਤ ਦਖਲ ਤੋਂ 6 ਮਹੀਨੇ ਪਹਿਲਾਂ ਹੀ ਅਫਗਾਨਿਸਤਾਨ ਵਿੱਚ ਮੁਜ਼ਾਜਦੀਨਾਂ ਦੀ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ ਸੀ।' ਜਿਸਦਾ ਭਾਵ ਇਹ ਹੀ ਬਣਦਾ ਹੈ ਕਿ ਆਪਣੇ ਭੂਗੋਲਿਕ ਤੇ ਰਾਜਸੀ ਹਿੱਤਾਂ ਲਈ ਅਮਰੀਕਾ ਨੇ ਬੜੀ ਪਲੈਨਿੰਗ ਨਾਲ਼ ਅਫਗਾਨਿਸਤਾਨ ਨੂੰ ਚੁਣ ਕੇ ਸਾਰਾ ਕੁਝ ਕੀਤਾ ਸੀ।

ਅਕਸਰ ਇਹ ਵੀ ਕਿਹਾ ਜਾਂਦਾ ਹੈ ਕਿ ਸੋਵੀਅਤ ਸੰਘ ਨੇ ਅਫਗਾਨਿਸਤਾਨ ਤੇ ਹਮਲਾ ਕੀਤਾ ਸੀ, ਜਿਸ ਕਰਕੇ ਅਮਰੀਕਾ ਨੇ ਸਿੱਧੀ ਜੰਗ ਲੜਨ ਦੀ ਥਾਂ ਮੁਜ਼ਾਹਦੀਨਾਂ ਰਾਹੀਂ ਲੁਕਵੀਂ ਜੰਗ ਲੜੀ ਤੇ ਇਹ ਹੀ ਉਸ ਖਿੱਤੇ ਲੋਕ ਹਿੱਤ ਵਿੱਚ ਸੀ। ਇਸ ਸਬੰਧੀ ਜਦੋਂ ਅਸੀਂ ਇੰਗਲੈਂਡ ਦੇ ਸੋਵੀਅਤ ਯੂਨੀਅਨ ਵਿੱਚ ਰਹੇ ਸਾਬਕਾ ਅੰਬੈਸਡਰ ਰੌਡਰਿਕ ਬਰੈਥਵੇਟ ਵਲੋਂ ਲਿਖੀ ਕਿਤਾਬ 'Afgantsy: The Russians in Afghanistan, 1979-1989' ਪੜ੍ਹਦੇ ਹਾਂ ਤਾਂ ਉਹ ਇਸ ਕਿਤਾਬ ਦੇ ਪੰਨਾ 7 ਤੇ ਇਸ ਤਰ੍ਹਾਂ ਲਿਖਦੇ ਹਨ ਕਿ ਬੇਸ਼ਕ ਅਫਗਾਨਿਸਤਾਨ ਦੀ ਜੰਗ ਵਿੱਚ ਸੱਚੇ ਤੱਥਾਂ ਤੇ ਬਣਾਈਆਂ ਗਈਆਂ ਮਿੱਥਾਂ ਬਾਰੇ ਕਹਿਣਾ ਬੜਾ ਮੁਸ਼ਕਿਲ ਹੈ, ਪਰ ਅਸਲੀਅਤ ਇਹ ਹੈ ਕਿ ਜਦੋਂ 27-28 ਅਪਰੈਲ, 1978 ਦੀ ਦਰਮਿਆਨੀ ਰਾਤ ਨੂੰ 'ਪੀਪਲਜ਼ ਡੈਮੋਕਰੈਟਿਕ ਪਾਰਟੀ ਆਫ ਅਫਗਾਨਿਸਤਾਨ' ਵਲੋਂ ਬਗਾਵਤ ਕਰਕੇ 'ਸੌਰ ਇਨਕਲਾਬ' ਰਾਹੀਂ ਅਫਗਾਨਿਸਤਾਨ ਦੇ ਰਾਸ਼ਟਰਪਤੀ ਮੁਹੰਮਦ ਦਾਊਦ ਖਾਨ ਤੇ ਸਾਥੀਆਂ ਨੂੰ ਪਾਸੇ ਕਰਕੇ ਕਮਿਉਨਿਸਟ ਇਨਕਲਾਬ ਕਰ ਦਿੱਤਾ ਸੀ ਤਾਂ ਨਵੇਂ ਬਣੇ ਰਾਸ਼ਟਰਪਤੀ ਨੂਰ ਮੁਹੰਮਦ ਤਾਰਾਕੀ ਵਲੋਂ ਆਪਣਾ ਰਾਜ ਪੱਕਾ ਕਰਨ ਅਤੇ 'ਮਾਰਚ 1979 ਹੈਰਾਤ ਕਤਲੇਆਮ' ਤੋਂ ਬਾਅਦ ਉਠੀ ਬਗਾਵਤ ਦਬਾਉਣ ਲਈ ਸੋਵੀਅਤ ਲੀਡਰਸ਼ਿਪ ਤੋਂ ਮਦਦ ਵੀ ਮੰਗੀ ਸੀ ਤੇ ਸੋਵੀਅਤ ਸੰਘ ਨੇ ਉਸਨੂੰ ਠੁਕਰਾ ਦਿੱਤਾ ਸੀ। ਇਥੇ ਇਹ ਵੀ ਵਰਨਣਯੋਗ ਹੈ ਕਿ ਅਪਰੈਲ, 1978 ਦੇ 'ਸੌਰ ਇਨਕਲਾਬ' ਤੋਂ ਬਾਅਦ ਇੱਕ ਪਾਸੇ ਕਮਿਉਨਸਿਟ ਸਰਕਾਰ ਵਲੋਂ ਭੂਮੀ ਸੁਧਾਰ ਸ਼ੁਰੂ ਕੀਤੇ ਗਏ ਸਨ, ਜਿਸ ਅਨੁਸਾਰ ਕਿਸੇ ਵਿਅਕਤੀ ਕੋਲ਼ ਜਮੀਨ ਰੱਖਣ ਦੀ ਹੱਦ ਮਿਥ ਦਿੱਤੀ ਗਈ ਸੀ ਤੇ ਵੱਡੇ ਜ਼ਮੀਨਦਾਰਾਂ ਤੋਂ ਜਮੀਨਾਂ ਖੋਹ ਕੇ ਆਮ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਨ, ਦੂਜੇ ਪਾਸੇ ਇਸਲਾਮਿਕ ਧਾਰਮਿਕ ਕਲਚਰ ਦੇ ਪ੍ਰਭਾਵ ਵਾਲ਼ੇ ਅਫਗਾਨਿਸਤਾਨ ਵਿੱਚ ਔਰਤਾਂ ਨੂੰ ਸਮਾਜ ਵਿੱਚ ਬਰਾਬਾਰਤਾ ਦਾ ਦਰਜਾ ਦੇਣ, ਵਿਆਹ ਲਈ ਔਰਤਾਂ ਨੂੰ ਖਰੀਦਣ ਤੇ ਪਾਬੰਦੀ, ਲੜਕੀਆਂ ਲਈ ਕੋ-ਐਜੂਕੇਸ਼ਨ ਸਕੂਲ, ਔਰਤਾਂ ਦੀ ਰਾਜਨੀਤੀ ਵਿੱਚ ਸ਼ਮੂਲੀਅਤ, ਔਰਤਾਂ ਨੂੰ ਕੰਮ ਕਰਨ ਦੇ ਅਧਿਕਾਰ ਤੇ ਹੋਰ ਕਈ ਤਰ੍ਹਾਂ ਦੇ ਇਨਕਲਾਬੀ ਸੁਧਾਰ ਸ਼ੁਰੂ ਕੀਤੇ ਗਏ ਸਨ, ਜਿਸਦਾ ਜਿਥੇ ਵੱਡੇ ਜਿਮੀਂਦਾਰਾਂ ਵਲੋਂ ਵਿਰੋਧ ਹੋ ਰਿਹਾ ਸੀ, ਉਥੇ ਕੱਟੜ ਇਸਲਾਮੀ ਤਾਕਤਾਂ ਵਲੋਂ ਕਮਿਉਨਿਸਟਾਂ ਤੋਂ ਇਸਲਾਮ ਨੂੰ ਖਤਰੇ ਦੇ ਨਾਮ ਤੇ ਵਿਰੋਧ ਜਾਰੀ ਸੀ। ਉਨ੍ਹਾਂ ਵਲੋਂ ਤਰਕ ਦਿੱਤਾ ਜਾਂਦਾ ਸੀ ਕਿ ਪੱਛਮ ਦਾ ਕਲਚਰ ਸਾਡੇ ਤੇ ਥੋਪਿਆ ਜਾ ਰਿਹਾ ਹੈ। ਕਾਮਰੇਡਾਂ ਦੀ ਬਰਾਬਰਤਾ ਤੇ ਸੁਧਾਰਵਾਦੀ ਮੁਹਿੰਮ ਕੱਟੜਵਾਦੀ ਤੇ ਸਾਜ਼ਿਸ਼ੀ ਤਾਕਤਾਂ ਨੂੰ ਹਜ਼ਮ ਨਹੀਂ ਹੋਈ। ਜਿਸਦੇ ਚੱਲਦੇ ਮਾਰਚ, 1979 'ਹੇਰਾਤ' ਵਿੱਚ ਬਗਾਵਤ ਕਰਾ ਦਿੱਤੀ ਗਈ, ਜਿਸਨੂੰ ਦਬਾਉਣ ਲਈ ਸਰਕਾਰ ਵਲੋਂ ਵਰਤੀ ਸਖਤੀ ਦਾ ਫਾਇਦਾ ਉਠਾ ਕੇ ਅਮਰੀਕਾ ਨੇ ਇਸਲਾਮਿਕ ਮੂਲਵਾਦੀਆਂ ਨੂੰ ਮੁਜਹਾਦੀਨਾਂ ਦੇ ਤੌਰ ਤੇ ਉਭਾਰਨਾ ਸ਼ੁਰੂ ਕਰ ਦਿੱਤਾ ਸੀ। ਘਟਨਾਵਾਂ ਦੇ ਕਰਮ ਤੋਂ ਜ਼ਾਹਰ ਹੈ ਕਿ 'ਸੌਰ ਇਨਜਕਲਾਬ' ਤੋਂ ਗਿਆਰਾਂ ਮਹੀਨੇ ਬਾਅਦ ਤੱਕ ਥੋੜ੍ਹੇ ਬਹੁਤੇ ਵਿਰੋਧ ਦੇ ਬਾਵਜੂਦ ਸਭ ਕੁਝ ਠੀਕ ਦਿਸ਼ਾ ਵੱਲ ਜਾ ਰਿਹਾ ਸੀ, ਜਦੋਂ ਤੱਕ ਸਾਜ਼ਿਸ਼ੀ ਧਿਰਾਂ ਨੇ ਆਪਣੀ ਗੰਦੀ ਰਾਜਨੀਤੀ ਸ਼ੁਰੂ ਨਹੀਂ ਕੀਤੀ ਸੀ?

ਇਸ ਬਾਰੇ ਰੌਡਰਿਕ ਬਰੈਥਵੇਟ ਦੀ ਕਿਤਾਬ 'Afgantsy: The Russians in Afghanistan, 1979-1989' ਵਿੱਚ ਦਰਜ ਹੋਰ ਵੇਰਵਿਆਂ ਅਨੁਸਾਰ, ਫੌਜਾਂ ਭੇਜਣ ਬਾਰੇ ਸੋਵੀਅਤ ਪੋਲਟਬਿਊਰੋ ਵਲੋਂ ਪੂਰੇ ਚਾਰ ਦਿਨ ਲਗਾਤਾਰ ਚਰਚਾ ਕੀਤੀ ਗਈ ਤੇ ਸੋਵੀਅਤ ਪ੍ਰਧਾਨ ਮੰਤਰੀ ਅਲੈਕਸੀ ਕੋਸੀਗਨ ਨੇ ਅਫਗਾਨਿਸਤਾਨ ਦੇ ਰਾਸ਼ਟਰਪਤੀ ਨੂਰ ਮੁਹੰਮਦ ਤਾਰਾਕੀ ਨਾਲ਼ ਫੋਨ ਤੇ ਗੱਲਬਾਤ ਵਿੱਚ ਕਿਹਾ ਸੀ: 'ਜੇ ਅਸੀਂ ਸੋਵੀਅਤ ਫੌਜਾਂ ਨੂੰ ਅਫਗਾਨਿਸਤਾਨ ਵਿੱਚ ਭੇਜਾਂਗੇ ਤਾਂ ਇਸ ਨਾਲ਼ ਤੁਹਾਡੇ ਦੇਸ਼ ਦੇ ਹਾਲਾਤ ਠੀਕ ਹੋਣ ਦੀ ਥਾਂ ਹੋਰ ਬਦਤਰ ਹੋਣਗੇ। ਸਾਡੀ ਫੌਜ ਨੂੰ ਨਾ ਸਿਰਫ ਬਾਹਰੀ ਤਾਕਤਾਂ ਨਾਲ਼ ਲੜਨਾ ਪਵੇਗਾ, ਸਗੋਂ ਤੁਹਾਡੇ ਲੋਕਾਂ ਨਾਲ਼ ਵੀ ਲੜਨਾ ਪਵੇਗਾ। ਅਫਗਾਨਿਸਤਾਨ ਦੇ ਲੋਕ ਸਾਨੂੰ ਇਸ ਲਈ ਕਦੇ ਮੁਆਫ ਨਹੀਂ ਕਰਨਗੇ?' ਪਰ ਇਸ ਤੋਂ ਬਾਅਦ ਉਸੇ ਸਾਲ ਸਤੰਬਰ, 1979 ਵਿੱਚ ਨੂਰ ਮੁਹੰਮਦ ਤਾਰਾਕੀ ਦਾ ਉਸਦੇ ਸਾਥੀ ਹਫੀਜਉਲਾ ਆਮੀਨ ਤੇ ਸਾਥੀਆਂ ਵਲੋਂ ਪਰਿਵਾਰ ਸਮੇਤ ਸ਼ਾਹੀ ਮਹਿਲ ਵਿੱਚ ਕਤਲ ਦਿੱਤਾ ਗਿਆ ਸੀ ਅਤੇ ਹਫੀਜਉਲਾ ਵਲੋਂ ਆਪਣੇ ਆਪ ਨੂੰ ਰਾਸ਼ਟਰਪਤੀ ਐਲਾਨ ਦਿਤਾ ਸੀ। ਫਿਰ ਉਸੇ ਸਾਲ ਦਸੰਬਰ, 1979 ਵਿੱਚ ਸੋਵੀਅਤ ਫੌਜਾਂ ਅਫਗਾਨਿਸਤਾਨ ਪਹੁੰਚ ਗਈਆਂ ਸਨ ਤੇ ਜਿਥੇ ਉਨ੍ਹਾਂ ਹਾਫੀਜ਼ ਆਮੀਨ ਨੂੰ ਲਾਂਭੇ ਕਰਕੇ ਬਬਰਾਕ ਕਰਮਾਲ ਨੂੰ ਰਾਸ਼ਟਰਪਤੀ ਬਣਾ ਦਿੱਤਾ ਸੀ, ਜੋ ਕਿ 1986 ਤੱਕ ਰਾਸ਼ਟਰਪਤੀ ਰਿਹਾ। ਕੁਝ ਦਸਤਾਵੇਜ਼ਾਂ ਅਨੁਸਾਰ ਨੂਰ ਮੁਹੰਮਦ ਤਾਰਾਕੀ ਨੂੰ ਕਤਲ ਕਰਨ ਦੀ ਸਾਜ਼ਿਸ਼ ਵੀ ਸੀ. ਆਈ. ਏ. ਨੇ ਹੀ ਰੂਸ ਨੂੰ ਭੜਕਾਉਣ ਲਈ ਹਫੀਜ਼ਉਲਾ ਆਮੀਨ ਰਾਹੀਂ ਰਚੀ ਸੀ ਕਿਉਂਕਿ ਤਾਰਾਕੀ ਦੇ ਸੋਵੀਅਤ ਸੰਘ ਨਾਲ਼ ਦੋਸਤਾਨਾ ਸਬੰਧ ਸਨ। ਇਸ ਉਪਰਲੀ ਵਾਰਤਾ ਤੋਂ ਸਪੱਸ਼ਟ ਹੈ ਕਿ ਸੀ. ਆਈ. ਏ. ਵਲੋਂ ਕਮਿਉਨਿਜ਼ਮ ਵਿਰੋਧੀ ਆਪਣੇ ਏਜੰਡੇ ਅਨੁਸਾਰ ਅਜਿਹੇ ਹਾਲਾਤ ਬਣਾ ਦਿੱਤੇ ਸਨ ਕਿ ਮਾਸਕੋ ਨੂੰ ਮਜਬੂਰੀ ਵਿੱਚ ਹੀ ਫੌਜਾਂ ਭੇਜਣੀਆਂ ਪਈਆਂ। ਇਸ ਸਬੰਧੀ ਕਨੇਡਾ ਵਿੱਚ ਪਾਕਿਸਤਾਨੀ ਕੰਟਰੋਲ ਵਾਲ਼ੇ ਅਜ਼ਾਦ ਕਸ਼ਮੀਰ ਤੋਂ ਰਾਜਸੀ ਮਾਹਰ ਤੇ ਵਕੀਲ ਹਾਮੀਦ ਬਸ਼ਾਨੀ ਆਪਣੇ ਲੈਕਚਰਾਂ ਵਿੱਚ ਅਕਸਰ ਕਹਿੰਦੇ ਹਨ ਕਿ ਅਫਗਾਨਿਸਤਾਨ ਵਿੱਚ ਰੂਸੀ ਆਏ ਨਹੀਂ ਸਨ, ਸਗੋਂ ਉਨ੍ਹਾਂ ਨੂੰ ਤਾਂ ਪਤਾ ਨਹੀਂ ਕਿਹੜੀਆਂ-ਕਿਹੜੀਆਂ ਸਾਜ਼ਿਸ਼ੀ ਧਿਰਾਂ ਨੇ ਇਸ ਖਾਨਜੰਗੀ ਦੀ ਅੰਨ੍ਹੀ ਘੁੰਮਣਘੇਰੀ ਵਿੱਚ ਧੂਹਿਆ ਗਿਆ ਸੀ। ਜਿਸ ਵਿੱਚ ਫਸਣਾ ਉਨ੍ਹਾਂ ਦੀ ਮਜਬੂਰੀ ਬਣ ਗਈ ਸੀ।

ਅਮਰੀਕਾ ਦੇ 1977 ਤੋਂ 81 ਤੱਕ ਰਾਸ਼ਟਪਤੀ ਰਹੇ, ਜਿਮੀ ਕਾਰਟਰ ਦੀ ਸਰਕਾਰ ਵਲੋਂ ਮੁਜਾਹਦੀਨਾਂ ਤੇ ਪਾਕਿਸਤਾਨ ਦੀ ਆਈ. ਐਸ. ਆਈ. ਰਾਹੀਂ ਜੋ ਜਿਹਾਦ ਸਮਾਜਵਾਦੀ ਤਾਕਤਾਂ ਨੂੰ ਢਾਹੁਣ ਤੇ ਅਮਰੀਕਾ ਨੂੰ ਇੱਕੋ-ਇੱਕ ਸੁਪਰ ਪਾਵਰ ਬਣਾਉਣ ਲਈ ਸ਼ੁਰੂ ਕੀਤਾ ਗਿਆ ਸੀ, ਉਸਨੂੰ ਸਿਰੇ ਚੜ੍ਹਾਉਣ ਲਈ 1981 ਤੋਂ 1989 ਤੱਕ ਰਹੇ ਰਾਸ਼ਟਰਪਤੀ ਰੋਨਲਡ ਰੀਗਨ ਨੇ ਪੂਰੀ ਤਾਕਤ ਝੋਕ ਦਿੱਤੀ ਸੀ। ਜਿਸਨੂੰ 'ਰੀਗਨ ਡੌਕਟਰੀਨ' ਦੇ ਨਾਮ ਨਾਲ਼ ਵੀ ਜਾਣਿਆ ਜਾਂਦਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਜੇਮਜ਼ ਐਮ ਸਕੌਟ ਦੀ ਕਿਤਾਬ 'Deciding to Intervene: The Reagan Doctrine and American Foreign Policy' ਪੜ੍ਹੀ ਜਾ ਸਕਦੀ ਹੈ। ਇਸ ਨੀਤੀ ਤਹਿਤ ਹੀ ਉਹ ਸੋਵੀਅਤ ਸੰਘ ਤੋੜਨ ਵਿੱਚ ਕਾਮਯਾਬ ਹੋਏ, ਬੇਸ਼ਕ ਇਸ ਲਈ ਲੱਖਾਂ ਲੋਕਾਂ ਨੂੰ ਜਾਨਾਂ ਗੁਆਉਣੀਆਂ ਪਈਆਂ ਅਤੇ ਅਮਰੀਕਾ ਦੇ ਖਰਬਾਂ ਡਾਲਰ ਖਰਚ ਹੋਏ। ਇਹ ਵੀ ਕੌੜੀ ਸਚਾਈ ਹੈ ਕਿ ਉਹੀ ਧਾਰਮਿਕ ਕੱਟੜਤਾ ਨਾਲ਼ ਲਬਰੇਜ਼ ਮੁਸਲਿਮ ਮੁਜਾਹਦੀਨ, ਜਿਨ੍ਹਾਂ ਰਾਹੀਂ ਕਮਿਉਨਿਜ਼ਮ ਤੇ ਸਮਾਜਵਾਦੀ ਤਾਕਤਾਂ ਨੂੰ ਹਰਾਇਆ ਗਿਆ ਸੀ, ਬਾਅਦ ਵਿੱਚ ਤਾਲੀਬਾਨਾਂ, ਹਕਾਨੀ ਨੈਟਵਰਕ, ਅਲ ਕਾਇਦਾ, ਆਈਸਿਸ, ਬੋਕੋ ਹਰਮ ਆਦਿ ਦਰਜਨਾਂ ਇਸਲਾਮਿਕ ਸੰਗਠਨਾਂ ਰਾਹੀਂ ਅਮਰੀਕਨਾਂ ਦੇ ਸਭ ਤੋਂ ਵੱਡੇ ਦੁਸ਼ਮਣ ਬਣੇ। ਫਿਰ ਉਨ੍ਹਾਂ ਹੀ ਤਾਕਤਾਂ ਖਿਲਾਫ ਅਮਰੀਕਾ ਨੂੰ ਪਿਛਲੇ 30 ਸਾਲਾਂ ਤੋਂ ਸਾਰੀ ਦੁਨੀਆਂ ਵਿੱਚ ਯੁੱਧ ਲੜਨਾ ਪੈ ਰਿਹਾ ਹੈ ਤੇ ਅਮਰੀਕਾ ਇਸ ਵਕਤ ਇਸਲਾਮਿਕ ਵਰਲਡ ਵਿੱਚ ਸਭ ਤੋਂ ਵੱਧ ਨਫਰਤ ਦਾ ਪਾਤਰ ਹੈ।

ਕੱਟੜ ਇਸਲਾਮਿਕ ਕਦਰਾਂ-ਕੀਮਤਾਂ ਨੂੰ ਪ੍ਰਣਾਏ ਹੋਏ ਮੁਜਾਹਦੀਨ ਬਾਗੀਆਂ ਦੇ ਧਾਰਮਿਕ ਜਜ਼ਬਾਤਾਂ ਨੂੰ ਵਰਤ ਕੇ ਕਿਵੇਂ ਅਮਰੀਕਨ ਖੁਫੀਆ ਏਜੰਸੀ CIA, ਇੰਗਲੈਂਡ ਦੀ ਖੁਫੀਆ ਏਜੰਸੀ SIS (M16) ਅਤੇ ਪਾਕਿਸਤਾਨ ਦੀ ਖੁਫੀਆ ਏਜੰਸੀ ISI ਵਲੋਂ ਆਪਣੇ ਗੁਪਤ ਏਜੰਡੇ ਤਹਿਤ ਨਾ ਸਿਰਫ ਨਫਰਤ ਤੇ ਝੂਠ ਦਾ ਪ੍ਰਚਾਰ ਕੀਤਾ ਗਿਆ, ਸਗੋਂ ਆਪਣੇ ਮਤਲਬ ਦੇ ਅਰਥਾਂ ਵਾਲ਼ੀਆਂ 'ਕੁਰਾਨ' ਦੀਆਂ ਲੱਖਾਂ ਕਾਪੀਆਂ ਇਸ ਖਿੱਤੇ ਵਿੱਚ ਵੰਡੀਆਂ ਗਈਆਂ। ਇਸ ਸਬੰਧੀ ਅਮਰੀਕਨ ਪੱਤਰਕਾਰ ਤੇ ਲੇਖਕ ਸਟੀਵ ਕੋਲ ਆਪਣੀ ਕਿਤਾਬ 'ANATOMY OF A VICTORY: CIA'S COVERT AFGHAN WAR' ਵਿੱਚ ਲਿਖਦੇ ਹਨ: 'ਸੀ. ਆਈ. ਏ. ਦੇ ਡਾਇਰੈਕਟਰ ਵਿਲੀਅਮ ਕੇਸੀ ਨੇ ਆਪਣੇ ਗੁਪਤ ਮਿਸ਼ਨ ਦੌਰਾਨ ਪਾਕਿਸਤਾਨੀ ਅਧਿਕਾਰੀਆਂ ਨੂੰ ਇਹ ਪ੍ਰਸਤਾਵ ਦੇ ਕੇ ਹੈਰਾਨ ਕਰ ਦਿੱਤਾ ਸੀ ਕਿ ਉਹ ਅਫਗਾਨ ਯੁੱਧ ਨੂੰ ਦੁਸ਼ਮਣ (ਰੂਸ) ਦੇ ਘਰ ਵਿੱਚ ਲੈ ਜਾਣਾ ਚਾਹੁੰਦੇ ਹਨ।' ਵਿਲੀਅਮ ਕੇਸੀ ਅਫਗਾਨਿਸਤਨ ਰਾਹੀਂ ਰੂਸ ਦੇ 6 ਦੱਖਣੀ ਮੁਸਲਿਮ ਰਾਜਾਂ ਅਜ਼ਰਬਾਈਜਾਨ, ਕਜ਼ਾਕਿਸਤਾਨ, ਕਿਰਗੀਜ਼ੀਆ, ਤਜ਼ਾਕਿਸਤਾਨ, ਤੁਰਕਮਿੰਸਤਾਨ ਅਤੇ ਉਜ਼ਬੇਕਿਸਤਾਨ ਵਿੱਚ ਵਿਨਾਸ਼ਕਾਰੀ ਮੁਸਲਿਮ ਸਾਹਿਤ ਭੇਜਣਾ ਚਾਹੁੰਦਾ ਸੀ ਤਾਂ ਕਿ ਉਥੇ ਵਸਦੇ ਮੁਸਲਮਾਨਾਂ ਨੂੰ ਵੀ ਬਗਾਵਤ ਲਈ ਉਕਸਾਇਆ ਜਾ ਸਕੇ। ਪਾਕਿਸਤਾਨੀ ISI ਅਧਿਕਾਰੀ ਇਸ ਲਈ ਝੱਟ ਤਿਆਰ ਹੋ ਗਏ। CIA ਨੇ ISI ਦੀ ਸਹਾਇਤਾ ਨਾਲ਼ ਲੱਖਾਂ ਕੁਰਾਨਾਂ ਦੇ ਨਾਲ਼-ਨਾਲ਼ ਸੋਵੀਅਤ ਅੱਤਿਆਚਾਰਾਂ ਬਾਰੇ ਕਿਤਾਬਾਂ ਅਤੇ ਉਨ੍ਹਾਂ ਸਟੇਟਾਂ ਦੇ ਇਤਿਹਾਸਕ ਨਾਇਕਾਂ ਦੇ ਟ੍ਰੈਕਟ ਸਪਲਾਈ ਕੀਤੇ ਤਾਂ ਕਿ ਉਨ੍ਹਾਂ ਵਿੱਚ ਧਾਰਮਿਕ ਜਨੂੰਨ ਦੇ ਨਾਲ਼-ਨਾਲ਼ ਰਾਸ਼ਟਰਵਾਦ ਉਭਾਰਿਆ ਜਾ ਸਕੇ। ਅਜਿਹਾ ਕਰਦਿਆਂ, ਰੀਗਨ ਤੇ ਉਸਦੀ ਜੁੰਡੀ ਦਾ ਯਾਰ ਵਿਲੀਅਮ ਕੇਸੀ, ਪੂਰੇ ਸਾਊਥ ਏਸ਼ੀਆ ਦੇ ਖਿੱਤੇ ਲਈ ਅਜਿਹੇ ਜ਼ਹਿਰੀਲੇ ਕੰਢੇ ਬੀਜ ਗਏ, ਜਿਨ੍ਹਾਂ ਨੂੰ ਚੁਗਦਿਆਂ ਪਤਾ ਨਹੀਂ ਆਉਣ ਵਾਲੀਆਂ ਕਿਤਨੀਆਂ ਨਸਲਾਂ ਦਾ ਘਾਤ ਹੋਵੇਗਾ?

ਪਿਛਲੇ ਦਿਨੀਂ ਜਦੋਂ ਤਾਲਿਬਾਨਾਂ ਨੇ ਇੱਕ ਵਾਰ ਫਿਰ ਅਫਗਾਨਿਸਤਾਨ ਤੇ ਆਪਣਾ ਕਬਜ਼ਾ ਜਮਾ ਲਿਆ ਹੈ ਤਾਂ ਸਾਡੇ ਬਹੁਤ ਸਾਰੇ ਗਰਮ ਖਿਆਲੀ ਖਾਲਸਿਆਂ ਵਲੋਂ ਬੜੀ ਖੁਸ਼ੀ ਮਨਾਈ ਜਾ ਰਹੀ ਹੈ, ਜਿਵੇਂ ਕਿ ਤਾਲੀਬਾਨਾਂ ਨੇ ਅਫਗਾਨਿਸਤਾਨ ਵਿੱਚ 20 ਸਾਲ ਲੜ ਕੇ ਅਮਰੀਕਾ ਨੂੰ ਹਰਾ ਕੇ ਅਫਗਾਨੀ ਲੋਕਾਂ ਦੀ ਅਜ਼ਾਦੀ ਦੀ ਜੰਗ ਜਿੱਤ ਲਈ ਹੋਵੇ? ਜਦਕਿ ਅਜਿਹਾ ਕੁਝ ਵੀ ਨਹੀਂ ਹੈ? ਮੁਜਾਹਦੀਨ ਜਾਂ ਤਾਲੀਬਾਨ ਪਹਿਲਾਂ ਮੁਜਾਹਦੀਨਾਂ ਦੇ ਰੂਪ ਵਿੱਚ ਅਮਰੀਕਾ ਦੀ ਕਠਪੁਤਲੀ ਬਣ ਕੇ ਸੋਵੀਅਤ ਸੰਘ ਨਾਲ਼ ਦੋ ਦਹਾਕੇ ਲੜਦੇ ਰਹੇ ਤੇ ਅਫਗਾਨਿਸਤਾਨ ਤਬਾਹ ਕਰ ਦਿੱਤਾ। ਫਿਰ ਰੂਸ ਦੇ ਬਾਹਰ ਨਿਕਲਣ ਤੋਂ ਬਾਅਦ ਜੋ ਕੁਝ ਸਾਲਾਂ ਲਈ ਇਨ੍ਹਾਂ ਦਾ ਰਾਜ ਹੋਇਆ ਤਾਂ ਨਾ ਸਿਰਫ ਆਪਸ ਵਿੱਚ ਲੜਦੇ ਰਹੇ, ਸਗੋਂ ਅਫਗਾਨਿਸਤਾਨ ਨੂੰ ਦੁਨੀਆਂ ਭਰ ਦੇ ਅੱਤਵਾਦੀਆਂ, ਡਰੱਗ ਸਮਗਲਰਾਂ, ਖਤਰਨਾਕ ਧਾਰਮਿਕ ਜਨੂੰਨੀਆਂ ਦਾ ਅਖਾੜਾ ਬਣਾ ਦਿੱਤਾ। ਜਿਸਦੇ ਨਤੀਜੇ ਵਜੋਂ ਇਨ੍ਹਾਂ ਅਨਸਰਾਂ ਨੇ ਹੀ 9/11 ਦਾ ਵੱਡਾ ਹਮਲਾ ਕਰਕੇ 3000 ਤੋਂ ਵੱਧ ਆਮ ਅਮਰੀਕਨ ਸ਼ਹਿਰੀ ਮਾਰ ਕੇ ਅਮਰੀਕਾ ਨੂੰ ਲਲਕਾਰਿਆ ਤਾਂ ਫਿਰ ਅਮਰੀਕਾ ਨੂੰ ਸੁਰਤ ਆਈ ਕਿ ਉਹ ਕੀ ਕਰ ਬੈਠੇ ਸਨ। ਇਸ ਘਟਨਾ ਨੇ ਇੱਕ ਵਾਰ ਫਿਰ ਅਮਰੀਕਾ ਰਾਹੀਂ ਪਹਿਲਾਂ ਅਫਗਾਨਿਸਤਾਨ ਤੇ ਫਿਰ ਇਰਾਕ ਵਿੱਚ ਤਬਾਹੀ ਦਾ ਮੁੱਢ ਬੰਨ੍ਹਿਆ। ਅਮਰੀਕਾ ਨੇ ਆਪਣੇ ਹੀ ਪਾਲ਼ੇ ਹੋਏ ਅੱਤਵਾਦੀ ਸੰਗਠਨਾਂ ਨੂੰ ਖਤਮ ਕਰਨ ਲਈ ਨਾ ਸਿਰਫ ਆਪਣੇ ਹਜ਼ਾਰਾਂ ਫੌਜੀ ਮਰਾਏ ਸਗੋਂ ਤਿੰਨ ਖਰਬ ਅਮਰੀਕਨ ਡਾਲਰ ਵੀ ਬਰਬਾਦ ਕੀਤੇ। ਬੇਸ਼ੱਕ ਅਮਰੀਕਾ ਨੂੰ ਇੱਕ ਵਾਰ ਫਿਰ ਵੀਅਤਨਾਮ ਵਾਂਗ ਅਫਗਾਨਿਸਤਾਨ ਵਿੱਚੋਂ ਨਾਮੋਸ਼ੀ ਨਾਲ਼ ਵਾਪਿਸ ਨਿਕਲਣਾ ਪੈ ਰਿਹਾ ਹੈ, ਪਰ ਇਸਦੇ ਨੀਤੀ ਘਾੜਿਆਂ ਨੇ ਅਜੇ ਵੀ ਕੋਈ ਸਬਕ ਨਹੀਂ ਸਿੱਖਿਆ?

ਰੂਸੀ ਫੌਜਾਂ ਦੇ 1989 ਵਿੱਚ ਨਿਕਲਣ ਤੋਂ ਬਾਅਦ 1992 ਤੋਂ 1995 ਤੱਕ ਮੁਜਾਹਦੀਨਾਂ ਤੇ ਫਿਰ 1996 ਤੋਂ 2001 ਤੱਕ ਤਾਲੀਬਾਨਾਂ ਦਾ ਅਫਗਾਨਿਸਤਾਨ ਤੇ ਰਾਜ ਰਿਹਾ। ਸਾਡੇ ਤਾਲਿਬਾਨ ਸਮਰਥਕ ਖਾਲਸਿਆਂ ਨੂੰ ਇਸ ਰਾਜ ਵਿੱਚ ਆਮ ਅਫਗਾਨੀ ਲੋਕਾਂ ਤੇ ਖਾਸਕਰ ਔਰਤਾਂ ਤੇ ਮਾਸੂਮ ਬੱਚੀਆਂ ਤੇ ਹੋਏ ਜ਼ੁਲਮਾਂ ਦੀ ਦਾਸਤਾਨ ਨੂੰ ਜਰੂਰ ਪੜ੍ਹ ਲੈਣਾ ਚਾਹੀਦਾ ਹੈ। ਐਮਨੈਸਟੀ ਇੰਟਰਨੈਸ਼ਨਲ, ਹਿਊਮਨ ਰਾਈਟਸ ਵਾਚ, ਯੁਨਾਈਟਡ ਨੇਸ਼ਨ ਹਿਊਮਨ ਰਾਈਟਸ ਕਮਿਸ਼ਨ ਆਦਿ ਅਨੇਕਾਂ ਅੰਤਰ ਰਾਸ਼ਟਰੀ ਮਨੁੱਖੀ ਅਧਿਕਾਰ ਸੰਸਥਾਵਾਂ ਦੀਆਂ ਰਿਪੋਰਟਾਂ ਨਾਲ਼ ਇੰਟਰਨੈਟ ਭਰਿਆ ਪਿਆ ਹੈ, ਜਿਥੇ ਸੱਚੇ ਤੱਥ ਇਨ੍ਹਾਂ ਅਖੌਤੀ ਅਜ਼ਾਦੀ ਪ੍ਰਵਾਨਿਆਂ ਦੇ ਮਾਨਵਤਾ ਵਿਰੋਧੀ ਕੁਕਰਮ ਸਾਰੀ ਮਨੁੱਖਤਾ ਨੂੰ ਸ਼ਰਮਸਾਰ ਕਰ ਰਹੇ ਹਨ, ਜਿਨ੍ਹਾਂ ਨੂੰ ਸਾਡੇ ਗਰਮ ਧੜਿਆਂ ਦੀ ਨੁਮਾਇੰਦਗੀ ਕਰਦੇ ਸਿੱਖ ਵਿਦਵਾਨ, ਅਫਗਾਨੀ ਲੋਕਾਂ ਦੀ ਅਜ਼ਾਦੀ ਦੱਸ ਰਹੇ ਹਨ। ਆਪਣੇ ਪਿਛਲੇ 1996 ਤੋਂ 2001 ਦੇ ਅਖੌਤੀ ਸ਼ਰੀਆ ਅਧਾਰਿਤ ਇਸਲਾਮਿਕ ਰਾਜ ਵਿੱਚ ਔਰਤਾਂ ਤੇ ਨਾ ਸਿਰਫ ਪੂਰੇ ਬੁਰਕੇ ਤੋਂ ਬਿਨਾਂ ਬਾਹਰ ਨਿਕਲਣ ਤੇ ਪਾਬੰਦੀ ਲਗਾ ਦਿੱਤੀ ਗਈ ਸੀ, ਸਗੋਂ ਔਰਤਾਂ ਬੁਰਕੇ ਵਿੱਚ ਵੀ ਕਿਸੇ ਮਰਦ ਤੋਂ ਬਿਨਾਂ ਬਾਹਰ ਨਹੀਂ ਨਿਕਲ ਸਕਦੀਆਂ ਸਨ, ਬੱਚੀਆਂ ਦੀ ਸਕੂਲੀ ਪੜ੍ਹਾਈ ਤੇ ਪਾਬੰਦੀ ਲਗਾ ਦਿੱਤੀ ਗਈ ਸੀ, ਤਾਲਿਬਾਨੀ ਸਿਪਾਹੀ ਸੜਕਾਂ ਤੇ ਹੰਟਰ ਲਈ ਖੜ੍ਹੇ ਹੁੰਦੇ ਸਨ, ਜੋ ਇਕੱਲੀਆਂ ਜਾਂ ਬੁਰਕੇ ਦਾ ਵਿਰੋਧ ਕਰਨ ਵਾਲ਼ੀਆਂ ਔਰਤਾਂ ਦੇ ਸ਼ਰੇ ਬਾਜ਼ਾਰ ਕੋੜੇ ਮਾਰਦੇ ਸਨ, ਮੀਡੀਏ ਤੇ ਪਾਬੰਦੀ ਲਗਾ ਦਿੱਤੀ ਗਈ ਸੀ, ਹਰ ਤਰ੍ਹਾਂ ਦੇ ਮਨੋਰੰਜਨ ਦੇ ਸਾਧਨਾਂ (ਗੀਤ-ਸੰਗੀਤ, ਮੂਵੀਆਂ, ਥੀਏਟਰ, ਸ਼ੋਅ, ਕਲੱਬ ਆਦਿ) ਤੇ ਪਾਬੰਦੀ ਸੀ, ਬੰਦਿਆਂ ਦੇ ਦਾਹੜੀ ਸ਼ੇਵ ਕਰਨ ਜਾਂ ਕੱਟਣ ਤੇ ਉਤਨਾ ਚਿਰ ਜ਼ੇਲ੍ਹ ਸੀ, ਜਦੋਂ ਤੱਕ ਪੂਰੀ ਦਾਹੜੀ ਵਾਪਿਸ ਨਹੀਂ ਆਉਂਦੀ ਸੀ, ਹੰਟਰਾਂ ਨਾਲ਼ ਕੁਟਾਪਾ ਵੱਖਰਾ ਹੁੰਦਾ ਸੀ, ਰੂਸ ਤੇ ਅਮਰੀਕਾ ਪੱਖੀ ਲੋਕਾਂ ਨੂੰ ਲੱਭ-ਲੱਭ ਕੇ ਬਾਜ਼ਾਰਾਂ ਵਿੱਚ ਸ਼ਰੇਆਮ ਗਲ਼ ਕੱਟ ਕੇ ਲਾਸ਼ਾਂ ਖੰਭਿਆਂ ਤੇ ਲਟਕਾ ਦਿੱਤੀਆਂ ਜਾਂਦੀਆਂ ਸਨ, ਮਨੁੱਖੀ ਅਧਿਕਾਰਾਂ ਦੇ ਕਾਰਕੁੰਨਾਂ, ਪੱਤਰਕਾਰਾਂ, ਲੇਖਕਾਂ, ਕਲਾਕਾਰਾਂ ਦੇ ਕਤਲ ਕੀਤੇ ਜਾਂਦੇ ਸਨ, ਘੱਟ-ਗਿਣਤੀ ਮੁਸਲਿਮ ਫਿਰਕਿਆਂ 'ਹਜ਼ਾਰਾ' ਤੇ 'ਸ਼ੀਆ' ਸਮੇਤ ਗੈਰ-ਮੁਸਲਿਮ ਘੱਟ-ਗਿਣਤੀ ਭਾਈਚਾਰਿਆਂ ਹਿੰਦੂਆਂ-ਸਿੱਖਾਂ ਦਾ ਜੀਣਾ ਦੁੱਭਰ ਹੋ ਗਿਆ ਸੀ। ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਜਿਹੜੇ ਲੋਕ ਗੈਰ-ਇਸਲਾਮਿਕ, ਬੁੱਧ ਦੇ ਬੁੱਤਾਂ ਨੂੰ ਵੀ ਬਰਦਾਸ਼ਤ ਨਹੀਂ ਕਰ ਸਕਦੇ ਸਨ, ਜਿਨ੍ਹਾਂ ਨੂੰ ਉਨ੍ਹਾਂ ਨੇ ਮਾਰਚ, 2001 ਵਿੱਚ ਬੰਬਾਂ ਨਾਲ਼ ਉਡਾ ਦਿੱਤਾ ਸੀ, ਉਨ੍ਹਾਂ ਤੋਂ ਹੋਰ ਕਿਤਨੀ ਕੁ ਆਸ ਰੱਖੀ ਜਾ ਸਕਦੀ ਹੈ? ਬੇਸ਼ੱਕ ਨਵੇਂ ਤਾਲਿਬਾਨ ਹਾਕਮਾਂ ਵਲੋਂ ਕਿਹਾ ਜਾ ਰਿਹਾ ਹੈ ਕਿ ਉਹ ਬਦਲ ਗਏ ਹਨ, ਪਰ ਨਾਲ਼ ਹੀ ਕਹਿ ਰਹੇ ਹਨ ਕਿ ਸਾਰਾ ਕੁਝ ਇਸਲਾਮਕਿ ਸ਼ਰੀਆ ਕਨੂੰਨ ਅਨੁਸਾਰ ਹੋਵੇਗਾ? ਇਸਦਾ ਕੀ ਮਤਲਬ ਲਿਆ ਜਾਵੇ? ਅੱਗੋਂ ਇਹ ਕਿਸ ਕਿਸਮ ਦੇ ਗੁੱਲ ਖਿਲਾਉਣਗੇ, ਇਹ ਤਾਂ ਸਮਾਂ ਹੀ ਦੱਸੇਗਾ, ਹੁਣ ਉਹ ਸਿਰਫ ਅਮਰੀਕਨ ਫੌਜਾਂ ਦੀ 31 ਅਗਸਤ ਤੱਕ ਵਾਪਸੀ ਦੀ ਹੀ ਉਡੀਕ ਕਰ ਰਹੇ ਹਨ, ਜਦੋਂ ਸਾਰਾ ਕੰਟਰੋਲ ਕਰ ਲੈਣਗੇ, ਫਿਰ ਹੀ ਉਨ੍ਹਾਂ ਦੇ ਅਸਲੀ ਰੰਗ ਦੁਨੀਆਂ ਦੇ ਸਾਹਮਣੇ ਆਉਣਗੇ ਤੇ ਸਾਨੂੰ ਇਸਦਾ ਫੈਸਲਾ ਹਾਲੇ ਭਵਿੱਖ ਤੇ ਹੀ ਛੱਡ ਦੇਣਾ ਚਾਹੀਦਾ ਹੈ?

ਅਫਗਾਨਿਸਤਾਨ ਵਿੱਚ ਤਾਲਿਬਾਨਾਂ ਦੇ ਕਬਜ਼ੇ ਤੋਂ ਬਾਅਦ ਬਦਲੇ ਹਾਲਾਤਾਂ ਵਿੱਚ ਜਦੋਂ ਅਸੀਂ ਇਸਨੂੰ ਪੰਜਾਬ ਦੇ ਸੰਦਰਭ ਤੋਂ ਦੇਖਦੇ ਹਾਂ ਤਾਂ ਖਾਲਸਾ ਰਾਜ ਦੀ ਚਾਹਨਾ ਰੱਖਣ ਵਾਲ਼ੇ ਬਹੁਤ ਸਾਰੇ ਸਿੱਖ ਵਿਦਵਾਨਾਂ ਦੀਆਂ ਲਿਖਤਾਂ ਤੇ ਸੋਸ਼ਲ ਮੀਡੀਆ ਤੇ ਪੋਸਟਾਂ ਤੋਂ ਇਵੇਂ ਲਗਦਾ ਹੈ, ਜਿਵੇਂ ਤਾਲੀਬਾਨਾਂ ਦੇ ਆਉਣ ਨਾਲ਼ ਖਾਲਿਸਤਾਨ

ਲਈ ਰਾਹ ਖੁੱਲ੍ਹ ਗਿਆ ਹੋਵੇ? ਸਿੱਖ ਚਿੰਤਕ ਕਰਮਜੀਤ ਸਿੰਘ ਆਪਣੀ ਇੱਕ ਫੇਸਬੁੱਕ ਪੋਸਟ ਵਿੱਚ ਤਾਲਿਬਾਨਾਂ ਦੀ ਪ੍ਰਸੰਸਾ ਕਰਦੇ ਹੋਏ ਕਹਿੰਦੇ ਹਨ: '...ਬਾਕੀ ਤਾਲਿਬਾਨ ਵਰਤਾਰੇ ਤੋਂ ਸਿੱਖਣ ਵਾਲ਼ੀ ਅਹਿਮ ਗੱਲ ਰਾਜਨੀਤਕ ਸੰਗਠਨ ਤੇ ਇਸਦੀ ਆਰਥਿਕ ਤਾਕਤ ਨੂੰ ਦੁਸ਼ਮਣ ਤਾਕਤ ਤੋਂ ਬਚਾ ਕੇ ਦਹਾਕਿਆਂ ਤੱਕ ਜੰਗ ਜਾਰੀ ਰੱਖਣ ਦੀ ਨੀਤੀ ਹੈ।' ਕੀ ਅਫਗਾਨਿਸਤਾਨ ਜਾਂ ਤਾਲਿਬਾਨਾਂ ਦੀ ਮੌਜੂਦਾ ਪੰਜਾਬ ਦੇ ਹਾਲਾਤਾਂ ਜਾਂ ਸਿੱਖਾਂ ਨਾਲ਼ ਕਿਸੇ ਵੀ ਪੱਖ ਤੋਂ ਤੁਲਨਾ ਕੀਤੀ ਜਾ ਸਕਦੀ? ਅਫਗਾਨਿਸਤਾਨ ਦਾ ਪਿਛਲ਼ੇ 40-50 ਸਾਲਾਂ ਦਾ ਸੰਤਾਪ ਅਸੀਂ ਉਪਰ ਪੜ੍ਹ ਲਿਆ ਹੈ ਕਿ ਕਿਵੇਂ ਇਹ ਦੋ ਸੁਪਰ ਪਾਵਰਾਂ ਦਾ ਭੇੜ ਸੀ, ਜਿਸਦਾ ਅਫਗਾਨਿਸਤਾਨ ਜਾਂ ਉਥੇ ਦੇ ਲੋਕਾਂ ਨਾਲ਼ ਕੋਈ ਮਤਲਬ ਨਹੀਂ ਸੀ। ਉਨ੍ਹਾਂ ਦੀ ਧਰਤੀ ਅਤੇ ਲੋਕਾਂ ਨੂੰ ਸਿਰਫ ਵਰਤਿਆ ਹੀ ਗਿਆ ਸੀ? ਅੱਜ ਵੀ ਹਾਲਤ ਕੋਈ ਵੱਖਰੇ ਨਹੀਂ ਹਨ। ਤਾਲਿਬਾਨ ਆਪਣੀ ਤਾਕਤ ਜਾਂ ਪੈਸੇ ਨਾਲ਼ ਨਹੀਂ, ਇਨ੍ਹਾਂ ਸੁਪਰ ਪਾਵਰਾਂ ਦੀ ਤਾਕਤ, ਪੈਸੇ ਤੇ ਨੀਤੀ ਨਾਲ਼ ਹੀ ਲੜੇ, ਮਰੇ ਹਨ। ਇਸਦੇ ਮੁਕਾਬਲੇ ਪੰਜਾਬ ਵਿੱਚ ਕਿਸੇ ਵਿਦੇਸ਼ੀ ਛੋਟੀ ਜਾਂ ਵੱਡੀ ਤਾਕਤ ਦੀ ਕੋਈ ਰੁਚੀ ਨਹੀਂ, ਨਾ ਹੀ ਇਸ ਵਕਤ ਪੰਜਾਬ ਨੂੰ ਭੂਗੋਲਿਕ ਤੌਰ ਤੇ ਇੰਡੀਆ ਦੇ ਖਿਲਾਫ ਵਰਤਣ ਦੀ ਹੀ ਕਿਸੇ ਦੀ ਕੋਈ ਦਿਲਚਸਪੀ ਹੈ। ਪਾਕਿਸਤਾਨ ਥੋੜ੍ਹਾ ਬਹੁਤ ਕਸ਼ਮੀਰ ਦੇ ਨਜ਼ਰੀਏ ਤੋਂ ਸਿੱਖਾਂ ਨੂੰ ਉਤਨਾ ਕੁ ਵਰਤਣਾ ਚਾਹੁੰਦਾ ਹੈ, ਜਿਤਨੇ ਨਾਲ਼ ਭਾਰਤ ਵਿੱਚ ਗੜਬੜ ਕਰ ਸਕੇ, ਇਸ ਤੋਂ ਵੱਧ ਉਸਦੀ ਵੀ ਸਿੱਖਾਂ ਵਿੱਚ ਕੋਈ ਦਿਲਚਸਪੀ ਨਹੀਂ? ਇੱਕ ਹੋਰ ਵੱਡਾ ਪੱਖ ਇਹ ਵੀ ਹੈ ਕਿ ਪੰਜਾਬ ਦੇ ਬਹੁ-ਗਿਣਤੀ ਸਿੱਖਾਂ ਦੀ ਵੀ ਕਿਸੇ ਵੱਖਰੇ ਸਿੱਖ ਰਾਜ ਆਦਿ ਵਿੱਚ ਕੋਈ ਦਿਲਚਸਪੀ ਨਹੀਂ ਦਿਸਦੀ? ਜਿਸ ਤਰ੍ਹਾਂ ਸ. ਕਰਮਜੀਤ ਸਿੰਘ ਹੋਰਾਂ ਕਿਹਾ ਹੈ ਕਿ ਸਾਨੂੰ ਤਾਲਿਬਾਨ ਵਰਤਾਰੇ ਤੋਂ ਸਿੱਖਣ ਦੀ ਲੋੜ ਹੈ, ਵਿੱਚ ਕੋਈ ਦਮ ਨਹੀਂ ਲਗਦਾ? ਸਗੋਂ ਸਾਨੂੰ ਇਸ ਮਨਹੂਸ ਤੇ ਮਨੁੱਖਤਾ ਵਿਰੋਧੀ ਵਰਤਾਰੇ ਤੋਂ ਸਾਵਧਾਨ ਹੋਣ ਦੀ ਲੋੜ ਹੈ ਕਿ ਕਿਤੇ ਅਸੀਂ ਕਿਸੇ ਵਿਦੇਸ਼ੀ ਤਾਕਤ ਦੇ ਜ਼ਾਲ਼ ਵਿੱਚ ਫਸ ਕੇ ਅਫਗਾਨਿਸਤਾਨ ਵਾਂਗ, ਪੰਜਾਬ ਦਾ ਨੁਕਸਾਨ ਨਾ ਕਰਾ ਬੈਠੀਏ? ਸਾਡੀ ਸਮਝ ਅਨੁਸਾਰ ਪੰਜਾਬ ਤੇ ਸਿੱਖਾਂ ਦਾ ਹਿੱਤ ਇਸ ਵਿੱਚ ਹੈ ਕਿ ਸਿੱਖਾਂ ਨੂੰ ਪੰਜਾਬ ਵਿੱਚ ਬਹੁ-ਗਿਣਤੀ ਹੋਣ ਕਰਕੇ (ਬੇਸ਼ਕ ਹੁਣ ਇਹ ਗਿਣਤੀ ਘਟ ਰਹੀ ਹੈ) ਪੰਜਾਬ ਦੇ ਦੂਜੇ ਭਾਈਚਾਰਿਆਂ ਨੂੰ ਨਾਲ਼ ਲੈ ਕੇ ਚੱਲਣ ਦੀ ਲੋੜ ਹੈ? ਜੇ ਸਿੱਖਾਂ ਦੇ ਕਿਸੇ ਹਿੱਸੇ ਦਾ ਵੱਖਰੇ ਸਿੱਖ ਰਾਜ ਤੋਂ ਬਿਨਾਂ ਨਹੀਂ ਵੀ ਸਰਦਾ ਤਾਂ ਵੀ ਪੰਜਾਬ ਦੇ ਹਿੰਦੂਆਂ, ਦਲਿਤਾਂ ਤੇ ਹੋਰ ਭਾਈਚਾਰਿਆਂ ਦੇ ਸਹਿਯੋਗ ਤੋਂ ਬਿਨਾਂ ਕੁਝ ਵੀ ਪ੍ਰਪਾਤੀ ਨਹੀਂ ਕੀਤੀ ਜਾ ਸਕਦੀ? ਸਿਰਫ ਸਿੱਖਾਂ ਦੇ ਇੱਕ ਛੋਟੇ ਜਿਹੇ ਸੈਕਸ਼ਨ ਦੀਆਂ ਆਪਣੀਆਂ ਵੱਖਰੇ ਰਾਜ ਦੀਆਂ ਉਮੰਗਾਂ ਕਰਕੇ ਪਿਛਲੇ 40-50 ਸਾਲ਼ਾਂ ਵਿੱਚ ਪੰਜਾਬ ਤੇ ਖਾਸਕਰ ਸਿੱਖਾਂ ਦਾ ਬਹੁਤ ਨੁਕਸਾਨ ਹੋ ਚੁੱਕਾ ਹੈ। ਸਾਨੂੰ ਹੁਣ ਸਿਆਣਪ ਨਾਲ਼ ਪੰਜਾਬ ਦੇ ਭਲੇ ਨੂੰ ਮੁੱਖ ਰੱਖ ਕੇ ਸੋਚਣ ਦੀ ਲੋੜ ਹੈ? ਸਿੱਖਾਂ ਦੇ ਮਸਲੇ ਹੁਣ ਪੰਜਾਬ ਤੋਂ ਵੀ ਉਪਰ ਗਲੋਬਲ ਬਣ ਚੁੱਕੇ ਹਨ। ਸਿਰਫ ਸਿੱਖਾਂ ਦੇ ਹੀ ਨਹੀਂ, ਸਾਰੇ ਸੰਸਾਰ ਦੇ ਮਸਲੇ ਸਾਂਝੇ ਹੋ ਚੁੱਕੇ ਹਨ? ਅਫਗਾਨਿਸਤਾਨ ਵਿੱਚ ਜੋ ਵਾਪਰਿਆ ਹੈ ਤੇ ਵਾਪਰ ਰਿਹਾ ਹੈ, ਉਹ ਅਮਰੀਕਾ ਦੀ ਸਹਿਮਤੀ ਤੋਂ ਬਿਨਾਂ ਸੰਭਵ ਨਹੀਂ ਹੈ? ਤਾਲਿਬਾਨਾਂ ਨੂੰ ਬਿਨਾਂ ਕਿਸੇ ਵਿਰੋਧ ਦੇ ਕਾਬਿਜ ਕਰਾਉਣਾ ਕਿਸੇ ਪਲੈਨ ਤੋਂ ਬਿਨਾਂ ਸੰਭਵ ਨਹੀਂ ਸੀ? ਅਮਰੀਕਨ ਇਥੋਂ ਕਿਸੇ ਵੀ ਕੀਮਤ ਤੇ ਨਿਕਲਣਾ ਚਾਹੁੰਦੇ ਸਨ, ਹੁਣ ਉਨ੍ਹਾਂ ਦੀ ਇਥੇ ਕੋਈ ਦਿਲਚਸਪੀ ਨਹੀਂ ਸੀ? ਅਮਰੀਕਾ ਅੰਦਰ ਵੀ ਰਾਜਨੀਤਕ ਤੌਰ 'ਤੇ ਕਾਫੀ ਵਿਰੋਧ ਹੋ ਰਿਹਾ ਸੀ। ਉਨ੍ਹਾਂ ਨੇ ਜੋ ਪ੍ਰਾਪਤ ਕਰਨਾ ਸੀ, ਕਰ ਲਿਆ ਸੀ? ਪਰ ਜਿਸ ਢੰਗ ਨਾਲ਼ ਉਹ ਨਿਕਲੇ ਹਨ, ਉਸਨੇ ਅਫਗਾਨਿਸਤਾਨ ਦੇ ਉਨ੍ਹਾਂ ਲੱਖਾਂ ਲੋਕਾਂ ਦੀ ਆਸ ਤੇ ਪਾਣੀ ਜ਼ਰੂਰ ਫੇਰ ਦਿੱਤਾ ਹੈ, ਜੋ ਬਾਕੀ ਦੁਨੀਆਂ ਵਾਂਗ ਅਜ਼ਾਦੀ ਤੇ ਸ਼ਾਂਤੀ ਨਾਲ਼ ਰਹਿਣਾ ਚਾਹੁੰਦੇ ਸਨ? ਜੋ ਪਿਛਲੇ 20 ਸਾਲਾਂ ਤੋਂ ਆਪਣੀਆਂ ਜਾਨਾਂ ਜ਼ੋਖਮ ਵਿੱਚ ਪਾ ਕੇ ਅਮਰੀਕਾ ਤੇ ਨਾਟੋ ਫੋਰਸਾਂ ਦਾ ਸਾਥ ਦੇ ਰਹੇ ਸਨ? ਹੁਣ ਤਾਲੀਬਾਨਾਂ ਕੋਲ਼ ਉਹ ਸਭ ਡੈਟਾ ਵੀ ਪਹੁੰਚ ਚੁੱਕਾ ਹੋਵੇਗਾ ਕਿ ਕੌਣ ਲੋਕ ਇਨ੍ਹਾਂ ਪੱਛਮੀ ਤਾਕਤਾਂ ਦੀ ਤਾਲਿਬਾਨਾਂ ਖਿਲਾਫ ਮਦਦ ਕਰਦੇ ਸਨ? ਉਨ੍ਹਾਂ ਲੋਕਾਂ ਦੀ ਸੁਰੱਖਿਆ ਤੇ ਔਰਤਾਂ ਦੇ ਹੱਕਾਂ ਲਈ ਤਾਲਿਬਾਨਾਂ ਤੋਂ ਕੋਈ ਪੱਕਾ ਭਰੋਸਾ ਲਏ ਬਿਨਾਂ ਭੱਜਣਾ, ਅਮਰੀਕਾ ਦੀ ਨੈਤਿਕ ਹਾਰ ਹੈ? ਅਮਰੀਕਾ ਵਲੋਂ ਤਾਲਿਬਾਨਾਂ ਨੂੰ ਅਫਗਾਨਿਸਤਾਨ ਦੀ ਸਾਰੀ ਤਾਕਤ ਪਲੇਟ ਵਿੱਚ ਰੱਖ ਕੇ ਦੇਣ ਨਾਲ਼ ਅਫਗਾਨੀ ਲੋਕਾਂ ਨੂੰ ਸ਼ਰੀਅਤ ਦੇ ਨਾਮ ਹੇਠ ਸੱਤਵੀਂ-ਅੱਠਵੀਂ ਸਦੀ ਦੇ ਇਸਲਾਮਿਕ ਕਬੀਲਾ ਕਲਚਰ ਵੱਲ ਧੱਕ ਦਿੱਤਾ ਗਿਆ ਹੈ? ਜਿਸ ਵਿੱਚੋਂ ਨਿਕਲਣ ਲਈ ਉਹ ਪਿਛਲੇ 50 ਸਾਲਾਂ ਤੋਂ ਸੰਘਰਸ਼ ਕਰ ਰਹੇ ਸਨ? ਹੁਣ ਤਾਲਿਬਾਨ ਰਾਜਨੀਤਕ ਦਾਅ-ਪੇਚ ਤੋਂ ਜਿਤਨੇ ਮਰਜ਼ੀ ਸਾਊ ਬਣਨ, ਪਰ ਕੀ ਉਹ ਆਪਣੇ ਇਸਲਾਮਿਕ ਤੇ ਕੱਟੜ ਸ਼ਰੀਅਤ ਵਾਲ਼ੇ ਖਾਸੇ ਨੂੰ ਮਾਡਰਨ ਯੁਗ ਦੀਆਂ ਮਨੁੱਖੀ ਬਰਾਬਰੀ ਤੇ ਲੋਕ-ਤੰਤਰੀ ਕਦਰਾਂ-ਕੀਮਤਾਂ ਅਨੁਸਾਰ ਕਦੇ ਛੱਡਣ ਲਈ ਤਿਆਰ ਹੋਣਗੇ?

ਸਿੱਖ ਵਿਦਵਾਨ ਤਾਲਿਬਾਨੀ ਵਰਤਾਰੇ ਤੋਂ ਕਿਵੇਂ ਬਾਗੋ-ਬਾਗ ਹਨ, ਇਸ ਸਬੰਧੀ ਸ. ਕਰਮਜੀਤ ਸਿੰਘ ਹੋਰਾਂ ਦੀ ਫੇਸਬੁੱਕ ਤੇ ਛਪੀ ਇੱਕ ਪੋਸਟ ਵਿੱਚੋਂ ਕੁਝ ਲਾਈਨਾਂ ਪਾਠਕਾਂ ਦੇ ਵਿਚਾਰਨ ਲਈ ਛੱਡਦੇ ਹਾਂ: 'ਮੇਰੀ ਬੇਨਤੀ ਹੈ ਕਿ ਤਾਲਿਬਾਨ ਵਰਤਾਰੇ ਨੂੰ ਚੌਕਸ ਰਹਿ ਕੇ ਹਮਦਰਦੀ ਨਾਲ਼ ਵੇਖਿਆ ਜਾਵੇ ਕਿਉਂਕਿ ਜਨੂੰਨ, ਸਿਰੜ, ਸਿਦਕ-ਦਿਲੀ ਤੇ ਨਿਸ਼ਾਨੇ ਉਤੇ ਕਾਇਮ ਰਹਿਣ ਦੀ ਜੋ ਦ੍ਰਿੜਤਾ, ਉਨ੍ਹਾਂ ਨੇ ਵਿਖਾਈ ਹੈ, ਉਸ ਤੋਂ ਸਿੱਖਾਂ ਨੂੰ ਸਬਕ ਸਿੱਖਣ ਦੀ ਲੋੜ ਹੈ? ਹਾਲਾਂਕਿ ਇਹ ਬਰਕਤਾਂ ਪਵਿੱਤਰ ਰੂਪ ਵਿੱਚ ਸਾਡੇ ਇਤਿਹਾਸ ਅੰਦਰ ਪਹਿਲਾਂ ਵੀ ਸਾਕਾਰ ਹੁੰਦੀਆਂ ਰਹੀਆਂ ਹਨ। ਸਾਨੂੰ ਇਸ ਪੱਖ ਤੋਂ ਵਿਚਾਰਨ ਦੀ ਲੋੜ ਹੈ ਤਾਂ ਜੋ ਖਾਲਸਾ ਪੰਥ ਵਿੱਚ ਉਚ ਕੋਟੀ ਦੇ ਗਿਆਨ ਦਾ ਅੰਮ੍ਰਿਤ ਵੇਲਾ ਸਾਡੇ ਆਕਾਸ਼ ਉਤੇ ਵੀ ਚੜ੍ਹ ਸਕੇ? ਸਾਡੇ ਬਹੁਤੇ ਲੋਕ ਬੇਖਬਰ ਹਨ, ਪਰ ਉਹ ਇਹ ਨਹੀਂ ਜਾਣਦੇ ਕਿ ਇਤਿਹਾਸ ਕਦੇ-ਕਦੇ ਉਲਟੀ ਰਫਤਾਰ ਵੀ ਫੜ ਲੈਂਦਾ ਹੈ, ਜੋ ਕਦੇ ਸਾਡੇ ਸੁਪਨਿਆਂ ਵਿੱਚ ਵੀ ਨਹੀਂ ਆਉਂਦੀ...?'

# ਪਿੰਜਰੇ ਦੇ ਰੰਗ

## (ਹਾਈਕੋਰਟ ਦੇ ਵਕੀਲ ਦੀ ਜੇਲ੍ਹ ਵਿਚ ਲਿਖੀ ਕਿਤਾਬ ਦਾ ਸੱਚ)

**ਕਮਲਜੀਤ ਕੌਰ ਰੋਡੇ**

ਅਰੁਨ ਫਰੇਰਾ ਨੇ 'ਪਿੰਜਰੇ ਦੇ ਰੰਗ' ਕਿਤਾਬ 'ਚ ਆਪਣੀ ਜੇਲ੍ਹ ਯਾਤਰਾ 4 ਸਾਲ 8 ਮਹੀਨਿਆਂ ਦੇ ਤਜਰਬਿਆਂ ਨੂੰ ਇਸ ਕਿਤਾਬ ਚ ਕਲਮਬੱਧ ਕੀਤਾ ਹੈ.. ਅਰੁਣ ਨੇ ਗ੍ਰਿਫਤਾਰੀ ਸਮੇਂ ਪੁਲਸ ਵੱਲੋਂ ਉਸ 'ਤੇ ਅਤੇ ਸਾਥੀ ਕੈਦੀਆਂ 'ਤੇ ਕੀਤੇ ਜਾਂਦੇ ਤਸ਼ੱਦਦ ਤੋਂ ਲੈ ਕੇ ਜੇਲ੍ਹ ਅੰਦਰ ਆਮ ਕੈਦੀ, ਰਾਜਸੀ ਕੈਦੀ, ਪੇਸ਼ਾਵਰ ਕੈਦੀਆਂ ਆਦਿ ਨਾਲ ਹੁੰਦੇ ਵਿਵਹਾਰ ਨੂੰ ਕਲਮਬੱਧ ਕੀਤਾ ਹੈ.. ਸਰਕਾਰ ਵੱਲੋਂ ਲੇਖਕਾਂ, ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ, ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ, ਆਦਿਵਾਸੀਆਂ, ਮੁਸਲਿਮ ਭਾਈਚਾਰੇ, ਆਮ ਲੋਕਾਂ ਮਤਲਬ ਕਿ ਹਰ ਬਾਗ਼ੀ ਆਵਾਜ਼ ਜੋ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਦਾ ਵਿਰੋਧ ਕਰਦੀ ਹੈ ਉੱਪਰ ਯੂਏਪੀਏ ਵਰਗੀਆਂ ਧਾਰਾਵਾਂ ਲਗਾ ਕੇ ਜੇਲ੍ਹ ਅੰਦਰ ਡੱਕ ਦਿੱਤਾ ਜਾਂਦਾ ਹੈ। ਅਰੁਨ ਫਰੇਰਾ ਜੀ ਵੀ ਨਾਗਰਿਕ ਅਧਿਕਾਰਾਂ ਲਈ ਲੜਨ ਵਾਲੇ ਅਜਿਹੇ ਹੀ ਸਿਆਸੀ ਕੈਦੀਆਂ ਵਿੱਚੋਂ ਇਕ ਹਨ।

ਜੇਲ੍ਹ ਅੰਦਰ ਵਾਪਰਦੀਆਂ ਘਟਨਾਵਾਂ 'ਤੇ ਇੱਕ ਮੋਟੀ ਜਿਹੀ ਝਾਤ ਇਸ ਪ੍ਰਕਾਰ:-

**ਗ੍ਰਿਫਤਾਰੀ, ਪੁਲਸ ਰਿਮਾਂਡ, ਤਸ਼ੱਦਦ ਤੇ ਕਾਨੂੰਨ:** ਅਰੁਣ ਜੀ ਨੇ ਦੱਸਿਆ ਕਿ ਉਨ੍ਹਾਂ ਉੱਪਰ 2007 ਇਸ ਤੋਂ ਲੈ ਕੇ 2011 ਤੱਕ 9 ਕੇਸ ਪਾਏ ਗਏ.. ਜਦ 2007 ਵਿਚ ਉਨ੍ਹਾਂ ਦੀ ਪਹਿਲੀ ਗ੍ਰਿਫਤਾਰੀ ਹੋਈ ਤਦ ਉਹ ਰੇਲਵੇ ਸਟੇਸ਼ਨ 'ਤੇ ਕਿਸੇ ਸਮਾਜਿਕ ਕਾਰਕੁਨ ਦੀ ਉਡੀਕ ਕਰ ਰਹੇ ਸਨ.. ਉਸ ਸਮੇਂ ਪੰਦਰਾਂ ਬੰਦੇ ਆ ਕੇ ਅਰੁਨ ਨੂੰ ਚੁੱਕਦੇ ਹਨ ਤੇ ਕਿਸੇ ਅਣਜਾਣ ਥਾਂ 'ਤੇ ਲਿਜਾ ਕੇ ਅੰਨ੍ਹਾ ਤਸ਼ੱਦਦ ਕਰਦੇ ਹਨ ਜੋ ਕਿ ਬਾਅਦ ਚ ਪਤਾ ਚੱਲਦਾ ਹੈ ਕਿ ਕੋਈ ਨਾਗਪੁਰ ਪੁਲੀਸ ਦਾ ਜਿਮਖਾਨਾ ਹੈ ਤੇ ਇਹ ਪੰਦਰਾਂ ਬੰਦੇ ਪੁਲੀਸ ਅਧਿਕਾਰੀ ਹਨ। ਪਰ ਹੈਰਾਨੀ ਉਦੋਂ ਹੁੰਦੀ ਹੈ ਜਦੋਂ ਪੁਲਸ ਝੂਠੀ ਕਹਾਣੀ ਘੜਦੀ ਹੈ ਕਿ ਅਰੁਣ ਨੂੰ ਤਿੰਨ ਹੋਰ ਸਾਥੀਆਂ ਸਣੇ ਧਨੇਂਦਰ ਭੁਰੂਲੇ (ਪੱਤਰਕਾਰ), ਨਰੇਸ਼ ਬਨਸੋਡ (ਸਮਾਜਿਕ ਕਾਰਕੁਨ), ਅਸ਼ੋਕ ਰੈਡੀ (ਸਾਬਕਾ ਟਰੇਡ ਯੂਨੀਅਨ ਦੇ ਆਗੂ) ਨਾਲ ਗ੍ਰਿਫਤਾਰ ਕੀਤਾ ਐ। ਜਿਨ੍ਹਾਂ ਨੇ ਨਾਗਪੁਰ ਦੀਕਸ਼ਾ ਇਲਾਕੇ ਦੀ ਇਤਿਹਾਸਕ ਇਮਾਰਤ ਨੂੰ ਢਹਿ ਢੇਰੀ ਕਰਨ ਦੀ ਯੋਜਨਾ ਬਣਾਈ ਸੀ। ਪੁਲੀਸ ਨੇ ਦੱਸਿਆ ਕਿ ਗ੍ਰਿਫਤਾਰੀ ਸਮੇਂ ਅਰੁਣ ਕੋਲੋਂ ਇੱਕ ਪੈੱਨ ਡਰਾਈਵ ਤੇ ਰੈਡੀ ਕੋਲੋਂ ਇਕ ਪਿਸਤੌਲ ਤੇ ਇਕ ਰੌਂਦ ਮਿਲਿਆ। ਜੋ ਕਿ ਸਰਾਸਰ ਝੂਠੀ ਕਹਾਣੀ ਸੀ, ਪਰ ਅਸਲ ਸੱਚ ਇਹ ਸੀ ਕਿ ਅਰੁਣ ਤੇ ਤਿੰਨੋਂ ਸਾਥੀ ਸਮਾਜਿਕ ਕਾਰਕੁਨ ਸਨ ਤੇ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਕਰਦੇ ਸਨ ਤੇ ਸਰਕਾਰ ਹਰ ਵਿਰੋਧੀ ਤਾਕਤਾਂ ਨੂੰ ਕੁਚਲਣਾ ਚਾਹੁੰਦੀ ਹੈ। ਏਸ ਕਰਕੇ ਪਤਾ ਨਹੀਂ ਕਿੰਨੇ ਰਾਜਸੀ ਕੈਦੀ ਪੁਲਿਸ ਵੱਲੋਂ ਪਾਏ ਗਏ ਅਜਿਹੇ ਝੂਠੇ ਕੇਸਾਂ ਕਾਰਨ ਜੇਲ੍ਹਾਂ ਅੰਦਰ ਬੰਦ ਨੇ।

ਪੁਲਸ ਵਲੋਂ ਦੋਸ਼ੀਆਂ ਕੋਲੋਂ ਗ੍ਰਿਫਤਾਰੀ ਸਮੇਂ ਝੂਠੀ ਸਮੱਗਰੀ ਦਿਖਾ ਕੇ ਵਾਰ ਵਾਰ ਉਨ੍ਹਾਂ ਦਾ ਪੁਲਸ ਰਿਮਾਂਡ ਲਿਆ ਜਾਂਦਾ ਹੈ ਤੇ ਫੇਰ ਅਜਿਹੇ ਸਿਆਸੀ ਕਾਰਕੁਨਾਂ ਉੱਪਰ ਅੰਨ੍ਹਾ ਤਸ਼ੱਦਦ ਕੀਤਾ ਜਾਂਦਾ ਹੈ। ਜਿਵੇਂ ਉਨ੍ਹਾਂ ਦੇ ਚੱਡੇ ਪਾੜਨੇ ,ਬਿਜਲੀ ਦੇ ਝਟਕੇ, ਹੱਥ ਉੱਪਰ ਬਣ ਪੱਟਾਂ 'ਤੇ ਚੜ੍ਹਨਾ, ਸੌਣ ਨਾ ਦੇਣਾ, ਗੁੱਦੇ ਵਿੱਚ ਪੈਟਰੋਲ ਪੁਆਉਣਾ(ਜਿਸ ਨਾਲ ਗੁੱਦੇ ਚ ਖ਼ੂਨ ਆਉਣ ਲੱਗਦਾ ਹੈ ਅੰਤੜੀਆਂ ਬੁਰੀ ਤਰ੍ਹਾਂ ਜ਼ਖਮੀ ਹੋ ਜਾਂਦੀਆਂ ਹਨ), ਚੂੰਢੀਆਂ ਵੱਢਣਾ, ਨਹੁੰਆਂ ਦੇ ਹੇਠਲੇ ਮਾਸ ਚ ਸੂਈਆਂ ਚੋਭਣਾ ਆਦਿ।

ਸਿਆਸੀ ਹਿਰਾਸਤੀਆਂ ਦੇ ਅਕਸਰ ਹੀ ਨਾਰਕੋ ਟੈਸਟ, ਲਾਈਵ ਡਿਟੈਕਟਰ ਟੈਸਟ ਤੇ ਬਰੇਨ ਮੈਪਿੰਗ ਟੈਸਟ ਕਰਵਾਏ ਜਾਂਦੇ ਹਨ। ਅਜਿਹੇ ਟੈਸਟ ਕਰਨ ਲਈ ਹਿਰਾਸਤੀ ਨੂੰ ਸੋਡੀਅਮ ਪੇਂਟੋਥਾਲ ਨਾਂ ਦੀ ਦਵਾਈ ਦਿੱਤੀ ਜਾਂਦੀ ਐ। ਜਿਸ ਦੀ ਜ਼ਿਆਦਾ ਮਾਤਰਾ ਦੇਣ ਨਾਲ ਕਈ ਵਾਰ ਹਿਰਾਸਤੀ ਦੀ ਮੌਤ ਵੀ ਹੋ ਜਾਂਦੀ ਏ, ਇਸ ਕਰਕੇ ਇਨ੍ਹਾਂ ਟੈਸਟਾਂ ਨੂੰ ਕਰਵਾਉਣ ਲਈ ਹਿਰਾਸਤੀ ਤੋਂ ਰਜ਼ਾਮੰਦੀ ਲੈਣੀ ਜਰੂਰੀ ਹੁੰਦੀ ਐ, ਪਰ ਫਰੇਰਾ ਜੀ ਅਨੁਸਾਰ ਉਨ੍ਹਾਂ ਤੋਂ ਅਜਿਹੀ ਕੋਈ ਰਜ਼ਾਮੰਦੀ ਨਹੀਂ ਲਈ ਗਈ ਤੇ ਉਨ੍ਹਾਂ ਦੇ ਇਹ ਟੈਸਟ ਕਰਵਾਏ ਗਏ।

ਜੇਕਰ ਕਾਨੂੰਨ ਦੀ ਗੱਲ ਕੀਤੀ ਜਾਵੇ ਤਾਂ ਕਨੂੰਨ ਅਜਿਹੇ ਅਣਮਨੁੱਖੀ ਤਸ਼ੱਦਦ ਦੀ ਆਗਿਆ ਨਹੀਂ ਦਿੰਦਾ। ਜਦੋਂ ਹਿਰਾਸਤੀ ਨੂੰ ਮੈਜਿਸਟਰੇਟ ਅੱਗੇ ਪੇਸ਼ ਕੀਤਾ ਜਾਂਦਾ ਹੈ ਤਾਂ ਉਹ ਅਦਾਲਤ ਅੱਗੇ ਅਜਿਹੇ ਅੰਨ੍ਹੇ ਤਸ਼ੱਦਦ ਦਾ ਖੁਲਾਸਾ ਕਰ ਸਕਦਾ ਹੈ, ਪਰ ਪਹਿਲੀ ਗੱਲ ਤਾਂ ਅਜਿਹਾ ਹੁੰਦਾ ਨਹੀਂ ਪਰ ਜੇ ਹਿਰਾਸਤੀ ਸ਼ਿਕਾਇਤ ਕਰ ਵੀ ਦੇਵੇ ਤਾਂ ਪੁਲਸ ਝੂਠੀ ਕਹਾਣੀ ਘੜਦੀ ਹੈ ਕਿ ਅਜਿਹੇ ਜਖਮ ਹਿਰਾਸਤੀ ਦੀ ਗ੍ਰਿਫਤਾਰੀ ਸਮੇਂ ਪੁਲਿਸ ਨਾਲ ਹੋਈ ਹੱਥੋਪਾਈ ਸਮੇਂ ਹੋ ਗਏ ਹਨ ਤੇ ਇਸ ਕੰਮ ਚ ਜੇਲ੍ਹ ਡਾਕਟਰ ਨੂੰ ਵੀ ਪੁਲਸ ਵਲੋਂ ਆਪਣੇ ਪੱਖ 'ਚ ਲਿਆ ਜਾਂਦਾ ਹੈ ਤੇ ਹਿਰਾਸਤੀ ਵੱਲੋਂ ਪੁਲਿਸ ਖਿਲਾਫ ਕੀਤੀ ਅਜਿਹੀ ਸ਼ਿਕਾਇਤ ਬੇਮਾਅਨੇ ਹੋ ਜਾਂਦੀ ਹੈ। 2011 'ਚ ਸਿਰਫ ਤੇ ਸਿਰਫ ਮਹਾਰਾਸ਼ਟਰ ਵਿਚ ਹੀ 22 ਹਿਰਾਸਤੀ ਮੌਤਾਂ ਹੋਈਆਂ ਸਨ। ਸਰਕਾਰ ਦਾ "ਕੌਮੀ ਕਰਾਈਮ ਰਿਕਾਰਡ ਬਿਊਰੋ" ਅਜਿਹੀਆਂ ਮੌਤਾਂ ਨੂੰ ਕੁਦਰਤੀ ਮੌਤਾਂ ਜਾਂ ਆਤਮਹੱਤਿਆਵਾਂ ਕਰਾਰ ਦੇ ਦਿੰਦਾ ਹੈ।

**ਸਿਆਸੀ ਕੈਦੀ ਤੇ ਪੁਲੀਸ ਕੇਸ** : ਅਰੁਣ ਨੇ ਦੱਸਿਆ ਕਿ ਸਿਆਸੀ ਕੈਦੀਆਂ ਉੱਪਰ ਪੁਲਸ ਵੱਲੋਂ ਨਵੇਂ ਤੋਂ ਨਵੇਂ ਕੇਸ ਮੜ੍ਹੇ ਜਾਂਦੇ ਐ। ਜਿਨ੍ਹਾਂ 'ਚ ਜ਼ਿਆਦਾਤਰ ਝੂਠੇ ਕੇਸ ਹੁੰਦੇ ਨੇ। ਹਿਰਾਸਤੀ ਹਾਲੇ ਜੇਲ੍ਹ ਚ ਕੈਦ ਹੀ ਕੱਟ ਰਿਹਾ ਹੁੰਦਾ ਤੇ ਉਸ




ਉਪਰ ਕੇਸ ਇਸ ਤਰ੍ਹਾਂ ਮੜ੍ਹੇ ਜਾਂਦੇ ਨੇ ਕਿ ਉਸ ਨੇ ਫਲਾਣੀ ਜਗ੍ਹਾ ਫਲਾਨਾ ਅਪਰਾਧ ਕੀਤਾ ਜਿਵੇਂ ਇਰਾਦਾ ਕਤਲ, ਸਾੜ-ਫੂਕ, ਦੰਗਾ-ਫ਼ਸਾਦ। ਜਦ ਕਿ ਕੈਦੀ ਹਾਲੇ ਪਹਿਲਾਂ ਵਾਲੇ ਕੇਸ ਵਿੱਚ ਹੀ ਜੇਲ੍ਹ ਕੱਟ ਰਿਹਾ ਹੁੰਦਾ। ਇਸ ਤਰ੍ਹਾਂ ਸਿਆਸੀ ਕੈਦੀਆਂ ਉੱਪਰ ਪੰਜ ਤੋਂ ਲੈ ਕੇ ਚਾਲੀ ਪੰਜਾਹ ਕੇਸ ਪਾਏ ਜਾਂਦੇ। ਕਈ ਵਾਰ ਤਾਂ ਇਹ ਗਿਣਤੀ ਇਸ ਤੋਂ ਵੀ ਵੱਧ ਹੁੰਦੀ ਜਿਵੇਂ ਕਿ ਇਕ ਔਰਤ ਜੋ ਬਾਲਾਘਾਟ (ਮੱਧ ਪ੍ਰਦੇਸ਼) ਜੇਲ੍ਹ ਚ ਬੰਦ ਹੈ ਉਸ ਉੱਪਰ 100 ਤੋਂ ਵੱਧ ਕੇਸ ਪਾਏ ਹੋਏ ਨੇ। ਭਾਵੇਂ ਕਿ ਕਈ ਵਾਰ ਆਮ ਕੈਦੀਆਂ ਉੱਪਰ ਵੀ ਇੱਕ ਤੋਂ ਵੱਧ ਕੇਸ ਪਾਏ ਜਾਂਦੇ ਨੇ ਪਰ ਸਿਆਸੀ ਕੈਦੀਆਂ ਉੱਪਰ ਅਜਿਹੇ ਕੇਸ ਪਾਉਣ ਦਾ ਲਾਭ ਪੁਲਸ ਅਫਸਰਾਂ ਦੇ ਸਟਾਰ ਵਧਣਾ ਤੇ ਤਰੱਕੀਆਂ ਮਿਲਣਾ ਹੁੰਦਾ ਹੈ। ਮਾਓਵਾਦ, ਨਕਸਲਵਾਦ ਦੇ ਦੋਸ਼ਾਂ ਹੇਠ ਫੜੇ ਗਏ ਗਰੀਬ ਆਦਿਵਾਸੀਆਂ ਉੱਪਰ ਅਕਸਰ ਇਹ ਕੇਸ ਜ਼ਿਆਦਾ ਪਾਏ ਜਾਂਦੇ ਨੇ, ਕਿਉਂਕਿ ਗ਼ਰੀਬੀ ਕਾਰਨ ਅਜਿਹੇ ਕੈਦੀ ਕਨੂੰਨੀ ਸਹਾਇਤਾ ਨਹੀਂ ਲੈ ਸਕਦੇ ਸਨ ਤੇ ਨਾ ਹੀ ਇਨ੍ਹਾਂ ਦੇ ਗਰੀਬ ਮਾਪੇ ਇਨ੍ਹਾਂ ਤੱਕ ਪਹੁੰਚ ਕਰ ਸਕਦੇ ਐ ਕਿਉਂਕਿ ਜਿਨ੍ਹਾਂ ਜੇਲ੍ਹਾਂ ਵਿੱਚ ਇਨ੍ਹਾਂ ਨੂੰ ਰੱਖਿਆ ਜਾਂਦੈ, ਉਹ ਇਨ੍ਹਾਂ ਦੇ ਪਿੰਡਾਂ ਤੋਂ 300-400 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਸਨ ਜਿੱਥੇ ਗਰੀਬ ਮਾਪਿਆਂ ਲਈ ਪਹੁੰਚਣਾ ਬਹੁਤ ਕਠਿਨ ਕੰਮ ਐ।

**ਕੈਦੀਆਂ ਦੀ ਰਿਹਾਇਸ਼** : ਅਰੁਣ ਨੂੰ ਜੇਲ ਅੰਦਰ ਆਂਡਾ ਬੈਰਕਾਂ 'ਚ ਰੱਖਿਆ ਗਿਆ। ਆਂਡਾ ਬੈਰਕਾਂ ਚ ਬਿਨਾਂ ਖਿੜਕੀਆਂ ਦੇ ਛੋਟੇ ਕਮਰੇ ਹੁੰਦੇ ਨੇ। ਜਿਸ ਵਿੱਚ ਨਾ ਕਦੇ ਤਾਜ਼ੀ ਹਵਾ ਦਾਖਲ ਹੁੰਦੀ ਹੈ ਤੇ ਨਾ ਹੀ ਸੂਰਜ ਦੀ ਰੋਸ਼ਨੀ। ਜਿਸ ਵਿੱਚ ਮਨੁੱਖ ਨੂੰ ਇਕੱਲਾ ਰੱਖਿਆ ਜਾਂਦਾ ਹੈ ਤੇ ਇਹ ਇਕਲਾਪਾ ਮਨੁੱਖ ਨੂੰ ਤੋੜ ਸੁੱਟਦਾ ਹੈ।ਅਰੁਣ ਨੂੰ 4 ਸਾਲ 8 ਮਹੀਨੇ ਦੀ ਪੂਰੀ ਕੈਦ ਦੌਰਾਨ ਇਕੱਲੇ ਹੀ ਰੱਖਿਆ ਗਿਆ। ਆਮ ਤੌਰ ਉੱਤੇ ਰਾਜਸੀ ਕੈਦੀਆਂ (ਨਕਸਲਬਾੜੀ ਮਾਓਵਾਦੀ) ਨੂੰ ਜੇਲ੍ਹ ਅੰਦਰ ਬਣੀਆਂ ਆਮ ਬੈਰਕਾਂ ਨਾਲੋਂ ਵੱਖਰੀਆਂ ਬੈਰਕਾਂ ਚ ਹੀ ਰੱਖਿਆ ਜਾਂਦੈ। ਰਾਜਸੀ ਕੈਦੀਆਂ ਦੀ ਜ਼ਿੰਦਗੀ ਇਕਲਾਪੇ ਗ੍ਰਸੀ ਹੁੰਦੀ ਐ।

**ਆਮ ਬੈਰਕਾਂ** : ਨਾਗਪੁਰ ਜੇਲ ਦੀਆਂ ਆਮ ਬੈਰਕਾਂ ਦਾ ਵੀ ਬੁਰਾ ਹਾਲ ਹੈ ਕਿਉਂਕਿ 75 ਕੈਦੀਆਂ ਲਈ ਬਣੀ ਬੈਰਕ ਚ ਆਮ ਤੌਰ ਤੇ 200 ਕੈਦੀ ਤਾੜੇ ਹੁੰਦੇ ਨੇ।

ਜੇਕਰ ਗੱਲ ਕਰੀਏ ਜ਼ਿੰਦਗੀ ਦੀਆਂ ਮੁੱਢਲੀਆਂ ਸਹੂਲਤਾਂ ਰੋਟੀ, ਬਿਸਤਰਾ, ਨਹਾਉਣ-ਧੋਣ ਦੇ ਪ੍ਰਬੰਧ ਦੀ ਤਾਂ ਉਹ ਵੀ ਕੁਝ ਇਸੇ ਤਰ੍ਹਾਂ ਦਾ ਹੀ ਹੈ। ਗਰਮੀ ਚ ਪੱਖਿਆਂ ਤੋਂ ਸੱਖਣੀਆਂ ਜੇਲ੍ਹ ਕੋਠੜੀਆਂ, ਸਰਦੀ ਚ ਅੱਤ ਦੀ ਠੰਢ ਤੇ ਗਰਮ ਕੱਪੜਿਆਂ ਦੀ ਘਾਟ,ਮੌਨਸੂਨ ਮੌਸਮ ਚ ਚੋਂਦੀਆਂ ਹੋਈਆਂ ਛੱਤਾਂ, ਮੱਛਰਾਂ, ਕੀੜੇ-ਪਤੰਗਿਆਂ ਤੇ ਲਾਗ ਦੀਆਂ ਬਿਮਾਰੀਆਂ ਦੀ ਸਮੱਸਿਆ ਦਾ ਕੋਈ ਪੁਖਤਾ ਪ੍ਰਬੰਧ ਨਹੀਂ।

**ਜੇਲ੍ਹ ਅੰਦਰ ਰਾਜਸੀ ਕੈਦੀਆਂ ਦੀ ਸੋਚ ਦਾ ਪ੍ਰਭਾਵ ਤੇ ਪ੍ਰਸ਼ਾਸਨ ਨੂੰ ਡਰ** : ਜੇਲ੍ਹ ਅੰਦਰ ਰਾਜਸੀ ਕੈਦੀਆਂ ਜਿਵੇਂ ਕਿ ਮਾਓਵਾਦੀ, ਨਕਸਲਵਾਦੀ, ਮਨੁੱਖੀ ਅਧਿਕਾਰਾਂ ਦੇ ਕਾਰਕੁਨ ਜਾਂ ਵੱਖ ਵੱਖ ਸਮਾਜ ਸੁਧਾਰਕ ਸੰਗਠਨਾਂ ਨਾਲ ਜੁੜੇ ਲੋਕਾਂ ਨੂੰ ਬਾਕੀ ਕੈਦੀਆਂ ਨਾਲੋਂ ਅਲੱਗ ਰੱਖਿਆ ਜਾਂਦੈ। ਜਦ ਕਿ ਅਦਾਲਤ ਦਾ ਹੁਕਮ ਹੈ ਕਿ ਰਾਜਸੀ ਕੈਦੀਆਂ ਨੂੰ ਆਮ ਕੈਦੀਆਂ ਦੇ ਨਾਲ ਹੀ ਰੱਖਿਆ ਜਾਵੇ। ਪਰ ਇਸ ਦਾ ਵੱਡਾ ਕਾਰਨ ਹੈ ਵਿਚਾਰਧਾਰਕ ਲਾਗ ਦੀ ਬਿਮਾਰੀ, ਸਰਕਾਰ ਤੇ ਪ੍ਰਸ਼ਾਸਨ ਨੂੰ ਰਾਜਸੀ ਕੈਦੀਆਂ ਦੀ ਵਿਚਾਰਧਾਰਾ ਦਾ ਡਰ ਬਣਿਆ ਰਹਿੰਦਾ ਹੈ ਤੇ ਉਨ੍ਹਾਂ ਦੀ ਇਹ ਕੋਸ਼ਿਸ਼ ਰਹਿੰਦੀ ਹੈ ਕਿ ਰਾਜਸੀ ਕੈਦੀਆਂ ਦੀ ਵਿਚਾਰਧਾਰਾ ਦਾ ਪ੍ਰਭਾਵ ਆਮ ਕੈਦੀਆਂ, ਜੇਲ੍ਹ ਸਟਾਫ ਤੇ ਅਫਸਰਾਂ ਤੇ ਪੈਣ ਤੋਂ ਰੋਕਿਆ ਜਾ ਸਕੇ। ਇਸ ਕਰਕੇ ਹੀ ਰਾਜਸੀ ਕੈਦੀਆਂ ਦੀਆਂ ਬਾਹਾਂ ਉੱਪਰ ਹਰੇ ਰੰਗ ਦੀ ਪੱਟੀ ਬੰਨ੍ਹੀ ਜਾਂਦੀ ਹੈ ਤਾਂ ਕਿ ਰਾਜਸੀ ਕੈਦੀਆਂ ਦੀ ਦੂਰੋਂ ਹੀ ਪਹਿਚਾਣ ਆ ਜਾਵੇ। ਪਰ ਇਨ੍ਹਾਂ ਸਭ ਕੋਸ਼ਿਸ਼ਾਂ ਦੇ ਬਾਵਜੂਦ ਵੀ ਪ੍ਰਸ਼ਾਸਨ ਆਮ ਕੈਦੀਆਂ ਉੱਪਰ ਸਿਆਸੀ ਕੈਦੀਆਂ ਦਾ ਪ੍ਰਭਾਵ ਪੈਣ ਤੋਂ ਰੋਕ ਨਹੀਂ ਸਕਦਾ। ਸਿਆਸੀ ਕੈਦੀਆਂ ਨੂੰ ਜੇਲ੍ਹ ਅੰਦਰ ਬਹੁਤ ਜ਼ਿਆਦਾ ਸਤਿਕਾਰ ਦੀ ਨਿਗਾਹ ਨਾਲ ਦੇਖਿਆ ਜਾਂਦਾ ਹੈ।

**ਜਮਹੂਰੀ ਅਧਿਕਾਰਾਂ ਦੇ ਰਾਖੇ ਵਕੀਲ ਤੇ ਪੁਲਿਸ:** ਅਰੁਣ ਲਿਖਦੇ ਹਨ ਕਿ ਨਾਗਪੁਰ, ਗੜ੍ਹਚਿਰੌਲੀ ਦੇ ਵਕੀਲਾਂ ਦੀ ਪ੍ਰਤੀਬੱਧ ਟੀਮ ਨੇ ਆਖਿਰਕਾਰ ਮੇਰੀ ਜ਼ਮਾਨਤ ਕਰਵਾ ਲਈ ਪਰ ਪੁਲਸ ਵੱਲੋਂ ਉਨ੍ਹਾਂ ਨੂੰ ਸ਼ਰ੍ਹੇਆਮ ਵਾਰ ਵਾਰ ਧਮਕੀਆਂ ਦਿੱਤੀਆਂ ਜਾਂਦੀਆਂ ਸਨ ਤੇ ਸੂਹੀਆ ਤੰਤਰ ਉਨ੍ਹਾਂ ਤੇ ਅੱਖ ਰੱਖ ਰਿਹਾ ਸੀ। *ਸ਼ਾਇਦ ਆਜਮੀ* ਜੋ ਜਮਹੂਰੀ ਅਧਿਕਾਰਾਂ ਦੀ ਰਾਖੀ ਲਈ ਜੂਝਣ ਵਾਲਾ ਵਕੀਲ ਸੀ ( ਉਸ ਟੀਮ ਦਾ ਵੀ ਹਿੱਸਾ ਸੀ ਜਿਹੜੀ ਮੁੰਬਈ ਵਿੱਚ ਅਰੁਣ ਦੇ ਕੇਸ ਲਈ ਕਾਨੂੰਨੀ ਚਾਰਾਜੋਈ ਕਰ ਰਹੀ ਸੀ) ਨੂੰ ਅਣਪਛਾਤੇ ਬੰਦੂਕਧਾਰੀਆਂ ਵੱਲੋਂ ਉਸਦੇ ਦਫਤਰ ਵਿਚ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਸ਼ਾਹਿਦ ਸਿਆਸੀ ਕੈਦੀਆਂ ਦੇ ਹੱਕਾਂ ਦਾ ਅਣਥੱਕ ਰਖਵਾਲਾ ਸੀ ਖਾਸ ਤੌਰ 'ਤੇ ਮੁਸਲਮਾਨ ਕੈਦੀਆਂ ਦਾ ਜੋ ਅਤਿਵਾਦ ਦੇ ਦੋਸ਼ਾਂ ਅਧੀਨ ਗ੍ਰਿਫਤਾਰ ਕੀਤੇ ਜਾਂਦੇ ਸਨ, ਉਸ ਸਮੇਂ ਸ਼ਾਹਿਦ ਦੀ ਉਮਰ ਮਹਿਜ਼ 32 ਸਾਲ ਦੀ ਸੀ।

ਇਸ ਤੋਂ ਇਲਾਵਾ ਜੇਲ੍ਹ ਜ਼ਿੰਦਗੀ ਦੇ ਹੋਰ ਜਰੂਰੀ ਪੱਖ ਜਿਵੇਂ:- ਵਕੀਲਾਂ, ਪਰਿਵਾਰ ਤੇ ਮਿੱਤਰਾਂ ਨਾਲ ਮੁਲਾਕਾਤਾਂ, ਅਖਬਾਰ ਤੇ ਲਾਇਬਰੇਰੀ, ਤਰੀਕਾਂ, ਖੇਡ ਤੇ ਮਨੋਰੰਜਨ, ਡਾਕਟਰੀ ਸਹੂਲਤਾਂ, ਅਨੁਸ਼ਾਸਨ, ਕੈਦੀਆਂ ਦੀ ਜ਼ਿੰਦਗੀ, ਕੈਦੀਆਂ ਦੀ ਪੜ੍ਹਾਈ, ਸਿਆਸੀ ਕੈਦੀ ਦੀ ਜ਼ਿੰਦਗੀ, ਯੂਏਪੀਏ ਤੇ ਆਪਸਫਾ ਕਨੂੰਨ, ਜੇਲ੍ਹ ਅਧਿਕਾਰੀਆਂ ਦੀਆਂ ਬਦਲੀਆਂ, ਜੇਲ੍ਹ ਮੈਨੂਅਲ ਤੇ ਕਮਿਸਨ, ਕੈਦੀ ਸੁਧਾਰ ਤੇ ਅਮਨ ਕਨੂੰਨ, ਜੇਲ੍ਹ ਨਿਯਮਾਂਵਲੀ ਤੇ ਹੱਥਕੜੀ, ਸਾਹਿਤ ਤੇ ਬੁੱਧੀਜੀਵੀ ਸਰਕਾਰ ਲਈ ਖਤਰਾ, ਨਕਸਲਬਾੜੀਏ ਤੇ ਪੇਸ਼ਾਵਰ ਅਪਰਾਧੀ, ਰਾਜਸੀ ਕੈਦੀ ਕੌਣ, ਕੈਦੀਆਂ ਦੀ ਮਾਨਸਿਕ ਦਸ਼ਾ, ਕੈਦੀ ਤੇ ਲਿਖਾਨ, ਗਰੀਬ ਕੈਦੀ ਤੇ ਕੈਦ ਦਾ ਅਸਰ, ਜ਼ਮਾਨਤ ਲਈ ਪੈਸੇ ਦੀ ਥੋੜ ਤੇ ਗਰੀਬ ਕੈਦੀ ਨਾਲ ਧੱਕਾ ਮੁੜ ਗ੍ਰਿਫਤਾਰੀ, ਸੁਪਰੀਮ ਕੋਰਟ ਦਾ ਕਿਤਾਬਾਂ ਜਾਂ ਸਾਹਿਤ ਮਿਲਣ ਬਾਰੇ ਨੁਕਤਾ, ਸਿਆਸੀ ਕੈਦੀ ਤੇ ਕਿਤਾਬਾਂ ਪੜ੍ਹਨ ਦਾ ਰੁਝਾਨ, ਸਿਆਸੀ ਕੈਦੀ ਤੇ ਹੜਤਾਲਾਂ, ਸਿਆਸੀ ਕੈਦੀ ਦੀ ਦੇਸ਼ ਦੁਨੀਆ ਦੇ ਰਾਜਸੀ ਢਾਂਚੇ 'ਤੇ ਤਿੱਖੀ ਨਜਰ, ਖੁਸਰੇ ਤੇ ਜੇਲ੍ਹ ਜ਼ਿੰਦਗੀ, ਜੇਲ੍ਹ ਚ ਕੈਦੀਆਂ ਦਾ ਆਪਸੀ ਮਿਲਵਰਤਨ, ਮੁਕੱਦਮਿਆਂ ਦੌਰਾਨ ਜਾਣ ਬੁੱਝ ਕੇ ਦੇਰੀ, ਜੱਜਾਂ ਦੀ ਛੁੱਟੀ ਤੇ ਵਿਚਾਲੇ ਲਟਕਦੇ ਕੇਸ, ਸਿਆਸੀ ਕੈਦੀ ਤੇ ਮੁੜ ਗ੍ਰਿਫਤਾਰੀ, ਫੀਤੀਆਂ ਦੀ ਲਾਲਚੀ ਪੁਲੀਸ, ਕੈਦੀਆਂ ਦੇ ਵਿਰੋਧ ਨੂੰ ਕੁਚਲਣ ਲਈ ਜੇਲ੍ਹ ਬਦਲੀ, ਕਾਨੂੰਨੀ ਮਦਦ ਨਾ ਲੈ ਸਕਣ ਦਾ ਸੰਕਟ, ਸਿਆਸੀ ਕੈਦੀਆਂ ਦੀ ਗ੍ਰਿਫਤਾਰੀ ਚ ਲਗਾਤਾਰ ਵਾਧੇ ਦੇ ਕਾਰਨ, ਰਾਜਸੀ ਕੈਦੀਆਂ ਲਈ ਕੰਮ ਕਰਨ ਵਾਲੇ ਵਕੀਲ, ਮੀਡੀਆ ਦੀ ਭੂਮਿਕਾ ਆਦਿ ਹੋਰ ਬਹੁਤ ਜ਼ਰੂਰੀ ਪੱਖ ਹਨ ਜਿਨ੍ਹਾਂ ਉੱਪਰ ਲੇਖ ਲੰਮਾ ਹੋਣ ਕਰਕੇ ਝਾਤ ਨਹੀਂ ਪਾਈ ਜਾ ਸਕਦੀ, ਪਰ ਮੇਰੀ ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਉੱਪਰ ਦਿੱਤੇ ਸਾਰੇ ਪੱਖਾਂ ਨੂੰ ਤੇ ਹੋਰ ਜਰੂਰੀ ਨੁਕਤਿਆਂ ਨੂੰ ਸਮਝਣ ਲਈ ਇੱਕ ਵਾਰ ਅਰੁਨ ਫਰੇਰਾ ਜੀ ਦੀ ਕਿਤਾਬ 'ਪਿੰਜਰੇ ਦੇ ਰੰਗ' ਜ਼ਰੂਰ ਪੜ੍ਹੋ ਤੇ ਜਾਣੋ ਕੀ ਇਹ ਜੇਲ੍ਹਾਂ ਸੁਧਾਰ ਘਰ ਨੇ ਜਾਂ ਵਿਗਾੜ ਘਰ।

# ਕੈਨੇਡਾ ਦੇ ਆਦੀਵਾਸੀ ਕਵੀ " ਚੀਫ ਡੈਨ ਜੌਰਜ " ਦੀਆਂ ਕਵਿਤਾਵਾਂ

**ਅਨੁਵਾਦ ਡਾ: ਦਰਸ਼ਨ ਗਿੱਲ**



ਹਰੀਪਾਲ
403 714 4816

(ਚੀਫ ਡੈਨ ਜੌਰਜ ਦਾ, ਜਨਮ 24 ਜੁਲਾਈ 1899 ਨੂੰ ਆਦੀਵਾਸੀਆਂ ਦੇ ਇੱਕ ਕਬੀਲੇ ਕੋਸਟ ਸੈਲਸ ਵਿੱਚ ਹੋਇਆ। ਇਹ ਕਬੀਲਾ ਉਤਰੀ ਵੈਨਕੂਵਰ ਦੇ ਬੱਰਡ ਇਲਾਕੇ ਵਿੱਚ ਸਥਿਤ ਹੈ। ਮੁਢਲੇ ਸਾਲਾਂ ਵਿੱਚ ਡੈਨ ਜੌਰਜ ਨੇ ਸਮੁੰਦਰ ਗਾਹੇ, ਮੱਛੀਆਂ ਫੜੀਆਂ, ਬੇਰੀਆਂ ਤੋੜੀਆਂ, ਕੰਸਟਰਕਸ਼ਨ ਦਾ ਕੰਮ ਕੀਤਾ। ਵੈਨਕੂਵਰ ਦੇ ਸਮੁੰਦਰੀ ਤੱਟ ਤੇ ਮਾਝੀ ਦਾ ਕੰਮ ਕੀਤਾ। ਆਪਣੇ ਪਿਤਾ ਦੀ ਮੌਤ ਤੋਂ ਬਾਦ 1951 ਵਿੱਚ ਉਹ ਆਪਦੇ ਕਬੀਲੇ ਦਾ ਸਰਦਾਰ ਬਣਿਆ। ਆਪਦੇ ਜੀਵਨ ਕਾਲ ਵਿੱਚ ਉਸਨੇ ਸੀ. ਬੀ. ਸੀ. ਤੋਂ ਇਲਾਵਾ ਪੱਚੀ ਡਰਾਮਿਆਂ ਵਿੱਚ ਕੰਮ ਕੀਤਾ। ਹਾਲੀਵੁੱਡ ਦੀਆਂ ਫਿਲਮਾਂ 'ਕੁਆਰਟਰ ਹਾਊਸ' ਅਤੇ 'ਲਿਟਲ ਬਿੱਗ ਮੈਨ' ਵਿੱਚ ਉਸਨੇ ਆਪਦੀ ਕਲਾ ਦਾ ਲੋਹਾ ਮੰਨਵਾਇਆ। ਉਸਨੇ ਆਦੀਵਾਸੀ ਲੋਕਾਂ ਉਪਰ ਹੁੰਦੇ ਜ਼ੁਲਮ ਨੂੰ ਦੁਨੀਆਂ ਸਾਹਮਣੇ ਰੱਖਿਆ। ਉਸਦੀਆਂ ਦੋ ਕਾਵਿ ਪੁਸਤਕਾਂ 'ਮਾਈ ਹਾਰਟ ਸੋਰਜ' ਤੇ ਮਾਈ ਸਪਿਰਟ ਸੋਰਜ' ਨੇ ਉਸ ਨੂੰ ਪ੍ਰਸਿੱਧਤਾ ਦਿੱਤੀ। **ਦਰਸ਼ਨ ਗਿੱਲ** ਨੇ ਉਸਦੀ ਕਾਵਿ ਪੁਸਤਕ "ਮਾਈ ਹਾਰਟ ਸੋਰਜ" ਦਾ ਪੰਜਾਬੀ ਅਨੁਵਾਦ "ਉਕਾਬ ਦੀ ਉਡਾਣ" ਦੇ ਰੂਪ ਵਿੱਚ ਕੀਤਾ)

1
### ਮੇਰੀ ਮਾਂ

ਮੇਰੀ ਮਾਂ ਵਿੱਚ
ਏਨੀ ਦਇਆ ਸੀ
ਜੋ ਸਮੁੱਚੇ ਜੀਵਨ ਵਿੱਚ
ਸਮਾਈ ਹੈ।

ਉਹ
ਏਨੀ ਹੱਸਾਸ ਸੀ
ਕਿ
ਦੂਜਿਆਂ ਲਈ
ਸਭ ਕੁੱਝ
ਨਿਛਾਵਰ
ਕਰਨ ਦੇ
ਸਮਰੱਥ ਸੀ।

ਇਹ ਆਦਿ-ਵਾਸੀ
ਔਰਤਾਂ ਦੀ
ਰਵਾਇਤ ਹੈ ।

2
### ਕਲਮ ਦੀ ਜ਼ੁਬਾਨ

ਇੱਛਾ ਹੈ
ਮੇਰੇ ਲੋਕਾਂ ਵਿੱਚ
ਜਿਉਣ ਦੀ
ਤੇ
ਪਰਵਾਨ ਚੜ੍ਹਨ ਦੀ।

ਮੇਰੀ ਕੌਮ ਦੇ
ਯੁਵਕਾਂ 'ਚ
ਤਾਂਘ ਹੈ -
ਹੁਨਰ ਦੀ,
ਜੋ,
ਉਹਨਾਂ ਦੀ ਆਸ ਤੇ ਭਵਿੱਖ ਦਾ,
ਦਾਈਆ ਬਣੇ।

ਇਹ ਯੁਵਕ,
ਸਾਡੇ,
ਨਵੇਂ ਯੋਧੇ ਹਨ।
ਇਨ੍ਹਾਂ ਦੀ ਸਿਖਲਾਈ,
ਸਮਾਂ ਲਾਏਗੀ,
ਕਿਉਂਕਿ,
ਇਨ੍ਹਾਂ ਦਾ ਕੰਮ,
ਪੁਰਤਨ ਨਾਲੋਂ,
ਔਖੇਰਾ ਹੈ।

ਪੜ੍ਹਾਈ ਦੇ ਲੰਮੇ ਵਰ੍ਹੇ,
ਇਨ੍ਹਾਂ ਤੋਂ ਮੰਗ ਕਰਨਗੇ,
ਹੌਸਲੇ ਅਤੇ ਦ੍ਰਿੜਤਾ ਦੀ,
ਕੁਰਬਾਨੀ ਅਤੇ ਬਲੀਦਾਨ ਦੀ ,
ਸਹਿਣ-ਸ਼ਕਤੀ ਤੇ ਦਲੇਰੀ ਦੀ।

ਫਿਰ ਉਹ ਬਾਂਹਾਂ ਉਲਾਰ,
ਕਹਿਣ ਦੇ,
ਸਮਰੱਥ ਹੋਣਗੇ :
"ਸਾਨੂੰ ਨਹੀਂ ਲੋੜ,
ਤੁਹਾਡੇ ਦਾਨ ਦੀ !
ਸਾਡੀਆਂ ਬਾਂਹਾਂ 'ਚ,
ਤਾਕਤ ਹੈ, ਕਮਾਣ ਦੀ"।

ਮੈਂ
ਆਪਣੇ ਕਬੀਲੇ ਦਾ
ਸਰਦਾਰ ਹਾਂ!
ਪਰ
ਮੇਰੇ 'ਚ
ਲੜਨ ਦੀ ਸਮਰੱਥਾ ਨਹੀਂ!
ਮੈਂ ਕੇਵਲ,
ਬੋਲਾਂ ਦੇ ਆਸਰੇ,
ਲੜਨ ਜੋਗਾ,
ਰਹਿ ਗਿਆ ਹਾਂ ।

ਬੋਲੀ,
ਹੁਣ ਮੇਰਾ ਹਥਿਆਰ ਹੈ।

ਆਪਣੇ ਲੋਕਾਂ ਦਾ ਯੁੱਧ,
ਹੁਣ,
ਕਲਮ ਤੇ ਜ਼ੁਬਾਨ
ਨਾਲ਼ ਲੜਾਂਗਾ ।

3
### ਕੁਦਰਤ-ਮਾਂ

ਰੁੱਖਾਂ ਦੀ ਖ਼ੂਬਸੂਰਤੀ
ਹਵਾਂਵਾਂ ਦੀ ਸਰਲਤਾ,
ਘਾਹ ਦੀ ਮਹਿਕ,
ਮੇਰੇ ਨਾਲ਼,
ਗੱਲਾਂ ਕਰਦੀ ਹੈ।

ਪਹਾੜ ਦੀ ਚੋਟੀ,
ਅਸਮਾਨ ਦੀ ਬਿਜਲੀ,
ਸਾਗਰ ਦੀ ਆਵਾਜ਼,
ਮੇਰੇ ਨਾਲ਼,
ਸੁਰ ਰਲ਼ਾਂਉਦੀ ਹੈ।

ਤਾਰਿਆਂ ਦੀ ਧੁੰਦ,
ਸਵੇਰ ਦੀ ਤਾਜ਼ਗੀ,
ਫੁੱਲਾਂ ਦੀ ਤਰੇਲ,
ਮੇਰੇ ਨਾਲ਼,
ਬਾਤਾਂ ਪਾਉਂਦੀ ਹੈ।

ਅੱਗ ਦੀ ਸ਼ਕਤੀ,
ਮੱਛੀ ਦੀ ਖ਼ੁਸ਼ਬੋ,
ਸੂਰਜ ਦੀ ਰੌਸ਼ਨੀ,
ਮੇਰੇ,
ਅੰਗਾਂ 'ਚ ਭਰਦੀ ਹੈ।

ਜੀਵਨ ਕਦੇ ਖ਼ਤਮ ਨਹੀਂ ਹੁੰਦਾ।
ਮੇਰਾ ਦਿਲ ਅਸਮਾਨੀ ਉਡਦਾ ਹੈ।

4
### ਜੰਗਲ਼ੀ ਗੁਲਾਬ

ਜੰਗਲ਼ੀ ਗੁਲਾਬ
ਗਾਲੜ੍ਹ ਦੇ,
ਕੰਨਾਂ 'ਚ,
ਰਸ ਭਰਦਾ ਹੈ ।

ਬੱਚਾ,
ਪਿਆਰ 'ਚ,
ਹਮੇਸ਼ਾਂ
ਪਹਿਲ-ਕਦਮੀ,
ਕਰਦਾ ਹੈ ।

5
### ਰੰਗ ਤੇ ਦਿਲ

ਪਿਆਰ ਤੇ ਉਦਰੇਵਾਂ
ਆਸ ਤੇ ਖ਼ੁਸ਼ੀ
ਲਾਲਸਾ ਤੇ ਉਦਾਸੀ
ਸਭ
ਮਨੁੱਖੀ ਭਾਵਨਾਵਾਂ
ਇਹਨਾਂ ਤੇ
ਮੂਰਤੀਮਾਨ ਹਨ
ਜੋ
ਸਭ ਰੰਗਾਂ ਦੇ ਲੋਕਾਂ ਤੇ
ਹੁੰਦੀਆਂ ਹਨ।

ਪਰ
ਦਿਲ ਨੂੰ
ਕਦੀ ਵੀ
ਚਮੜੇ ਦੇ ਰੰਗ ਦੀ
ਪਹਿਚਾਣ ਨਹੀਂ ਹੁੰਦੀ ।

6
### ਧਰਤੀ - ਮਾਂ

ਸਰਦ ਮੌਸਮ ਦੀ ਠੰਡ
ਅਤੇ ਯਖ ਹਵਾਵਾਂ ਤੋਂ ਬਾਅਦ
ਜ਼ਿੰਦਗੀ
ਧਰਤੀ - ਮਾਂ ਦੀ ਗੋਦ ਵਿੱਚੋਂ
ਮੁੜ
ਧਾਰਾ ਬਣ
ਵਹਿੰਦੀ ਹੈ।

ਧਰਤੀ - ਮਾਂ
ਮੁਰਝਾਏ ਫੁੱਲ ਤੇ ਫਲ਼
ਵਗਾਹ ਮਾਰਦੀ ਹੈ
ਕਿਉਂਕਿ
ਉਹ ਫ਼ਜੂਹਨ।

ਉਨ੍ਹਾਂ ਦੀ ਥਾਂ
ਨਵੇਂ ਪੌਦੇ
ਉਗਮਦੇ ਹਨ।

7
### ਅਗਲੇਰੀ ਪੀੜ੍ਹੀ ਨੂੰ

ਆਪਣੇ ਪਿਉ ਦੀ ਸਿਆਣਪ ਤੇ ਬੋਲੀ
ਮੈਂ ਆਪਣੇ ਪੁੱਤਰਾਂ ਤੱਕ ਪੁਚਾਈ ਹੈ
ਏਸੇ ਕਾਰਨ
ਉਨ੍ਹਾਂ 'ਚ ਆਤਮ-ਵਿਸ਼ਵਾਸ਼, ਦਲੇਰੀ
ਖਿਮਾਂ ਤੇ ਸਮਝ

ਚੰਗੇਰੇ ਜੀਵਨ ਦਾ
ਪਰੇਰਨਾਂ ਸਰੋਤ ਹਨ।

ਅੱਜ
ਕੁਦਰਤ ਵਿੱਚ ਇੱਕਸੁਰਤਾ
ਅਜੇ ਵੀ ਕਾਇਮ ਹੈ !
ਬੇਸ਼ੱਕ
ਜੰਗਲ਼ ਕੱਟੇ ਜਾ ਰਹੇ ਹਨ
ਜੀਵਾਂ ਦੀ ਹੱਤਿਆ ਹੋ ਰਹੀ ਹੈ।

ਬਹੁਤ ਘੱਟ ਲੋਕਾਂ ਨੂੰ
ਪਹਾੜਾਂ ਚ ਕੂਮਰ ਦੇ
ਘੁਰਨੇ ਦਾ ਪਤਾ ਹੈ!
ਉਨ੍ਹਾਂ ਦੇ ਨੈਣ
ਬਾਜ਼ ਦੀ
ਝਪਟ ਨਹੀਂ ਪਹਿਚਾਣਦੇ
ਜਦੋਂ ਉਹ
ਗਰਮ ਹਵਾਵਾਂ ਵਿੱਚ
ਬੇਅੰਤ ਦਾਇਰੇ ਖਿੱਚਦਾ ਹੈ
ਉਡਾਣ ਭਰਦਾ ਹੈ!
ਸਾਗਰ ਦੇ ਕੰਢੇ
ਜੰਗਲ ਦੀ ਖ਼ੂਬਸੂਰਤੀ
ਤੇ ਸਾਗਰ ਤੇ ਧੁੰਦ
ਗੁਜ਼ਰਦੀਆਂ ਕਾਰਾਂ ਦੇ
ਸ਼ੀਸ਼ਿਆਂ ਤੇ ਲੁਕਦੀ ਹੈ।

ਜਦੋਂ ਅੰਤਮ ਰਿੱਛ ਦੀ ਖੱਲ
ਅੰਤਮ ਲੇਲੇ ਦਾ ਸਿਰ
ਤੁਹਾਡੇ ਸਾਹਮਣੇ ਹੋਵੇਗਾ
ਤਾਂ
ਤੁਹਾਡੀਆਂ ਐਨਕਾਂ ਦੇ
ਸ਼ੀਸ਼ਿਆਂ ਨੂੰ
ਅੱਜ ਦੀ ਝਲਕ ਦਿਸੇਗੀ।

ਨਹੀਂ ਤਾਂ
ਸਾਡੇ ਕੰਨ
ਸਾਡੇ ਸਿਰਜਣਹਾਰ ਦਾ ਗੀਤ
ਸੁਣਨ ਲਈ ਤਰਸ ਜਾਣਗੇ ।

8
### ਰੁੱਖ

ਜੋ ਮਾਨਵ
ਜੰਗਲ਼ 'ਚ ਜਿਉਂਦਾ ਹੈ
ਜੰਗਲ਼ 'ਚ ਹੀ
ਮਰਦਾ ਹੈ!

ਉਹ

ਰੁੱਖਾਂ ਦੀ
ਭੇਦ-ਭਰੀ
ਜ਼ਿੰਦਗੀ ਦਾ
ਹਰ ਤੱਥ
ਜਾਣਦਾ ਹੈ!

### ਹਾਕਮ ਨਹੀਂ ਜਾਣਦਾ..

ਸਿੰਘਾਸਣ ਤੇ ਬੈਠਾ ਹਾਕਮ
ਬਹੁਤ ਹੈਰਾਨ ਹੈ
ਬਹੁਤ ਪਰੇਸ਼ਾਨ ਹੈ
ਕਿਵੇਂ ਦੇਖੇ
ਉਸ ਦੀਆਂ ਨੀਤੀਆਂ ਵਿਰੁਧ
ਧਰਨੇ ਤੇ ਬੈਠੇ
ਇਨਕਲਾਬ ਜ਼ਿੰਦਾਬਾਦ ਦੇ
ਨਾਅਰੇ ਲਾਉਂਦੇ
ਹੱਕ ਮੰਗਦੇ
ਸੰਘਰਸ਼ੀ ਕਿਸਾਨਾਂ ਦੇ
ਵੱਡ-ਅਕਾਰ ਪਤੀਲੇ
ਏਨ੍ਹੀ ਮਾਤਰਾ 'ਚ ਰਿੱਝਦੀਆਂ
ਦਾਲਾਂ ਸ਼ਬਜੀਆਂ
ਬੇ-ਹਿਸਾਬ ਪੱਕਦੀਆਂ ਰੋਟੀਆਂ
ਜੋ ਵੀ ਆਉਂਦਾ
ਰੱਜ ਕੇ ਜਾਂਦਾ
ਨਾ ਕੋਈ ਵਿਤਕਰਾ
ਨਾ ਕੋਈ ਭੇਦ-ਭਾਵ
ਨਾ ਕੋਈ ਪੁੱਛਦਾ
ਕੌਣ ਹੈਂ ਤੂੰ
ਕਿੱਥੋਂ ਆਇਆ
ਸਭ ਦੇ ਹੱਥ ਥਾਲੀ ਫੜ੍ਹਾਉਂਦੇ
ਭੋਜਨ ਵਰਤਾਉਂਦੇ

ਇਹ ਸਭ ਕੁਝ
ਹਾਕਮ ਦੀ ਅੱਖ 'ਚ
ਰੜਕਦਾ ਹੈ
ਅੱਖਾਂ ਦੀ ਪੀੜ
ਸਾਰੇ ਸਰੀਰ 'ਚ
ਫੈਲਦੀ ਹੈ
ਹਾਕਮ ਦੇ ਮੂੰਹੋਂ
ਜ਼ਹਿਰੀ ਸ਼ਬਦ ਬਣ ਬਣ
ਨਿਕਲਦੀ ਹੇ

ਇਹ ਅੱਤ-ਵਾਦੀ ਨੇ
ਇਹ ਖਾਲਿਸਤਾਨੀ ਨੇ
ਨਕਸਲ-ਵਾਦੀ ਨੇ
ਪਰ-ਜੀਵੀ ਨੇ
ਤੇ ਪਤਾ ਨਹੀਂ
ਹੋਰ ਕਿਹੜੇ ਕਿਹੜੇ ਵਾਦੀ ਨੇ
ਕਿਹੜੇ ਕਿਹੜੇ ਜੀਵੀ ਨੇ

ਤੇ ਫਿਰ ਇਹ ਵੀ ਕਹਿੰਦਾ ਹੈ
ਪਾਕਿਸਤਾਨ ਨਾਲ ਰਲੇ ਹੋਏ ਨੇ
ਚੀਨ ਨਾਲ ਮਿਲੇ ਹੋਏ ਨੇ

ਹੁਕਮ ਚਾੜ੍ਹਦਾ ਹੈ
ਪਤਾ ਲਗਾਓ
ਇਹ ਕੌਣ ਨੇ

ਹਾਕਮ ਚਤੁਰ ਹੈ
ਸ਼ਾਤਰ ਹੈ
ਪਰ ਨਾ-ਸਮਝ ਹੈ
ਨਹੀਂ ਜਾਣਦਾ
ਇਹ ਲੋਕ ਤਾਂ
ਉਹ ਨੇ ਜੋ
ਹਲ ਜੋੜਨ ਸਮੇਂ
ਕਹਿੰਦੇ ਨੇ
ਯਾਦ ਕਰ
ਹੱਲਪਤ ਰਾਜੇ ਨੂੰ
ਹਲਾਂ ਦੇ ਹਾਲੀ ਨੂੰ
ਧਰਤੀ ਮਾਤਾ ਨੂੰ

ਸੁੱਤਾ ਜਾਗ
ਤੇਰੇ ਮੱਥੇ ਭਾਗ
ਚੱਲੇਂਗਾ , ਮੱਲੇਂਗਾ
ਕਮਾਏਂਗਾ
ਖਾਏਂਗਾ

ਤੇ ਫਿਰ ਬੀਜਣ ਵੇਲੇ
ਰੱਬ ਨੂੰ ਯਾਦ ਕਰ ਕਹਿੰਦੇ ਨੇ
ਬੰਨ੍ਹ ਘੇਰਾ
ਵਸੇਬਾ ਹੋਵੇਗਾ ਤੇਰਾ
ਰੱਬ ਦੇਊ ਰਿਜ਼ਕ ਬਥੇਰਾ
ਹਾਲੀ-ਪਾਲੀ ਦੇ ਭਾਗੀਂ
ਫਕੀਰ ਮੰਗਤੇ ਦੇ ਭਾਗੀਂ
ਸਾਧ-ਸੰਗਤ ਦੇ ਭਾਗੀਂ
ਚਿੜੀ ਜਨੌਰ ਦੇ ਭਾਗੀਂ
ਵੱਡੇ ਛੋਟੇ ਦੇ ਭਾਗੀਂ
ਹੇ ਧਰਤੀ ਮਾਤਾ
ਤੇਰਾ ਦਿੱਤਾ ਖਾਣੇ ਹਾਂ'
ਕਹਿ ਕੇ
ਬਾਬੇ ਨਾਨਕ ਦਾ
ਨਾਂ ਲੈ ਕੇ
ਸਭਨਾਂ ਦਾ ਹਿੱਸਾ
ਬੀਜ ਦਿੰਦੇ ਹਨ ।



ਸੁਰਿੰਦਰ ਗੀਤ
403 605 - 3734

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ ਕੈਲਗਰੀ : ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142, ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960


www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com


PIONEER FINANCIAL SERVICES
TRUCK LOANS
Low Interest Rates, Fast Approval
403.874.0018
PIONEER TRUCKING SOLUTIONS
- PRORATE, IFTA
- US DOT
- BUYDOWN DEDUCTIBLE
- WRITE OFF PROTECTION
Monarch
INSURANCE BROKERS
TRUCK INSURANCE
BEST INSURANCE RATES IN ALBERTA
CALL: 587-832-1208

# HOMELIFE SILVERCITY

REALTY INC.,BROKERAGE

(Independently Owned and Operated)

# #7 CANADA WIDE

## BROKERAGE WITH HOMELIFE BRAND

## 2017 GROSS COMMISSION WISE

**New Head Office**

**905-913-8500**

50 COTTRELLE BLVD., UNIT 29, BRAMPTON

**TEAM OF OVER 600 REALTORS**

# HOMELIFE SILVERCITY

REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS

*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY

**905.913.8500**

www.HomelifeSilvercityTeam.com



**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton




AMAR
Developments
-Fully serviced 1/4, 1/2 Acre lots.
-Watch For upcoming Commercial Retail
CAMBRIDGE
Cambridge Park - Phase 3
Map & Lot Pricing
Manjit Duhra : 403-690-2885
Rani Duhra : 403-612-7881
Amar Duhra : 403-470-2627
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.